ਸ੍ਰੀ ਅਕਾਲ ਜੀ ਸਹਾਇ॥

# ਪੂਰਬ ਜਨਮ ਕੇ ਮਿਲੇ ਸੰਜੋਗੀ



ਜੀਵਨ ਬਿਰਤਾਂਤ

## ਮਾਨਯਵਰ ਬਾਊ ਮਲ ਸਿੰਘ ਜੀ

(1879-1979)

ਲੇਖਕ:- ਪ੍ਰੋ. ਠਾਕੁਰ ਸਿੰਘ

# ਪੂਰਬ ਜਨਮ ਕੇ ਮਿਲੇ ਸੰਜੋਗੀ

*ਲੇਖਕ:*
**ਪ੍ਰੋ. ਠਾਕੁਰ ਸਿੰਘ**
ਸ੍ਰੀ ਅੰਮ੍ਰਿਤਸਰ

*ਪ੍ਰਕਾਸ਼ਕ :*
**ਅਖੰਡ ਕੀਰਤਨੀ ਜਥਾ** (ਰਜਿ.)
ਸ੍ਰੀ ਅੰਮ੍ਰਿਤਸਰ

# ਪੂਰਬ ਜਨਮ ਕੇ ਮਿਲੇ ਸੰਜੋਗੀ

**ਪ੍ਰੋ. ਠਾਕੁਰ ਸਿੰਘ**
ਸ੍ਰੀ ਅੰਮ੍ਰਿਤਸਰ

© ਪ੍ਰਕਾਸ਼ਕ

ਪਹਿਲੀ ਐਡੀਸ਼ਨ : ਅਕਤੂਬਰ 1982
ਦੂਜੀ ਐਡੀਸ਼ਨ : ਨਵੰਬਰ 2003
ਤੀਜੀ ਐਡੀਸ਼ਨ : ਫ਼ਰਵਰੀ 2021

ਕੀਮਤ : ਭੇਟਾ ਰਹਿਤ (ਕੇਵਲ ਡਾਕ ਖ਼ਰਚ ਹੀ ਲੱਗੇਗਾ)

*ਪ੍ਰਕਾਸ਼ਕ :*
**ਅਖੰਡ ਕੀਰਤਨੀ ਜਥਾ (ਰਜਿ.)**
Reg. No. AKJ110/78-79
ਰੰਗਲੇ ਸੱਜਣ ਮੈਮੋਰੀਅਲ ਟਰੱਸਟ,
ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ

*ਡਿਸਟ੍ਰੀਬਿਊਟਰ :*
**ਸਿੰਘ ਬ੍ਰਦਰਜ਼**
S.C.O. 223-24, ਸਿਟੀ ਸੈਂਟਰ
ਅੰਮ੍ਰਿਤਸਰ-143001
ਫ਼ੋਨ : 0183-2543965, 2550739

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਉਨ੍ਹਾਂ ਪਰਮ-ਪ੍ਰੀਤਵਾਨ ਗੁਰਸਿੱਖਾਂ ਦੇ ਚਰਨਾਂ ਵਿਚ ਜਿਨ੍ਹਾਂ ਦੇ ਹਿਰਦਿਆਂ ਵਿਚ ਗੁਰੂ-ਸ਼ਰਧਾ ਦੀ ਜੋਤ ਲਟ ਲਟ ਬਲ ਰਹੀ ਹੈ। ਜਿਹੜੇ ਗੁਰੂ-ਹੁਕਮ ਅਨੁਸਾਰ ਨਿੱਤ ਅੰਮ੍ਰਿਤ ਵੇਲੇ ਜਾਗਦੇ, ਇਸ਼ਨਾਨ ਕਰਦੇ, ਗੁਰਬਾਣੀ ਪੜ੍ਹਦੇ ਤੇ ਸਿਮਰਨ ਵਿਚ ਜੁੜਦੇ ਹਨ।

# ਤਤਕਰਾ


- ਮੁਖ-ਬੰਧ ਵਲੋਂ ਸ. ਬਿਸ਼ਨ ਸਿੰਘ ਜੀ ਸਮੁੰਦਰੀ 11
- ਭਾਗ ਪਹਿਲਾ - ਜੀਵਨ ਬਿਰਤਾਂਤ
  ਰੰਗ-ਰਤੜੇ ਬਾਊ ਮੱਲ ਸਿੰਘ ਜੀ.... 13
- ਜਨਮ ਤੇ ਬਚਪਨ 14
- ਫੌਜੀ ਨੌਕਰੀ 16
- ਅਨੰਦ ਕਾਰਜ 17
- ਅੰਮ੍ਰਿਤ ਛਕਣ ਦੇ ਸੰਜੋਗ ਬੱਝਣੇ 17
- ਭਾ. ਸਾ. ਰਣਧੀਰ ਸਿੰਘ ਜੀ ਨਾਲ ਪਹਿਲੀ ਮਿਲਣੀ 19
- ਪਰਿਵਾਰ ਦੇ ਅੰਮ੍ਰਿਤ ਛਕਣ ਦਾ ਸਰੰਜਾਮ 20
- ਅੰਬਾਲੇ ਛਾਉਣੀ ਵਿਖੇ ਅਲੌਕਿਕ ਰੰਗ 23
- ਅਪੁਨੇ ਸੇਵਕ ਕੀ ਆਪੇ ਰਾਖੈ 24
- ਸਰਲੀ ਵਿਖੇ ਅਖੰਡਪਾਠ ਸਮਾਗਮ 25
- ਨਾਗੋਕੀ ਸਰਲੀ (ਲਾਇਲਪੁਰ) ਵਿਖੇ ਸਮਾਗਮ 27
- ਪਰਿਵਾਰਕ ਜੀਵਨ-ਪਲਟਾ 28
- ਗਿ: ਹੀਰਾ ਸਿੰਘ ਦਰਦ ਨਾਲ ਮਿਲਾਪ 30
- ਪਹਿਲਾ ਵਿਸ਼ਵ-ਜੰਗ ਛਿੜਨਾ 31
- ਫਰਾਂਸ ਵਿਚ 32
- ਗੁਰਮਤਿ ਬਿਬੇਕ 34
- ਸਿਹਤ ਦੀ ਖ਼ਰਾਬੀ ਤੇ ਦੇਸ਼-ਵਾਪਸੀ 36
- ਮੁੜ ਅੰਬਾਲੇ ਡਿਊਟੀ ’ਤੇ 38
- ਇਕ ਦੋਖੀ ਦੀ ਕਰਤੂਤ ਅਤੇ ਪੈਨਸ਼ਨ 38
- ਅਨੰਦ ਕਾਰਜ ਦੇ ਗੁਰਮਤਿ ਨਿਯਮ 40
- ਗੁਰਮਤਿ ਵਿਵਾਹ 41
- ਮਾਝੇ ਵਿਚ ਗੁਰਮਤਿ ਸਮਾਗਮ 42
- ਜਾਮਾਰਾਏ ਵਿਖੇ ਸਮਾਗਮ 43
- ਤਰਸਿਕੇ ਵਿਖੇ ਸਮਾਗਮ 44
- ਮੋਹਨਪੁਰੇ ਸਮਾਗਮ 45
- ਗੁਰਦੁਆਰਾ ਸੁਧਾਰ ਲਹਿਰ 47
- ਵਰਪਾਲ ਸਮਾਗਮ 48
- ਤਰਨ ਤਾਰਨ ਸਮਾਗਮ 48
- ਖੱਖ ਪਿੰਡ ਵਿਖੇ ਸਮਾਗਮ 49
- ਬੂਲੋ ਨੰਗਲ ਸਮਾਗਮ 50
- ਅਖੰਡਪਾਠਾਂ ਦੇ ਪ੍ਰਵਾਹ ਲਈ ਧੁਨਕਾਰੀ ਹੁਕਮ 51
- ਸੂਬੇਦਾਰ ਹਰਿਬਚਨ ਸਿੰਘ ਜੀ 51
- ਸ੍ਰੀਮਾਨ ਬਾਊ ਜੀ ਦੇ ਖ਼ਿਲਾਫ਼ ਸ਼ਿਕਾਇਤ 57
- ਉਕਾੜੇ ਦੇ ਇਲਾਕੇ ਵਿਚ ਗੁਰਮਤਿ ਪਰਚਾਰ 58
- ਪੋਠੋਹਾਰ ਵਿਚ ਗੁਰਮਤਿ ਪਰਚਾਰ 58
- ਰਾਵਲਪਿੰਡੀ ਵਿਚ ਪਹਿਲੀ ਫੇਰੀ.... 59
- ਕੁੰਦਨ ਕੌਰ ਦੀ ਅਰੋਗਤਾ ਦਾ ਕੌਤਕ 59
- ਅੰਮ੍ਰਿਤ ਸੰਚਾਰ ਸਮਾਗਮ ਤੇ ਮਾਈ ਕੁੰਜੀ 63
- ਪਿੰਡੀ ਵਿਚ ਦੂਜੀ ਪਰਚਾਰ-ਫੇਰੀ 63
- ਅੰਮ੍ਰਿਤ ਦੀ ਦਾਤ ਤੇ ਕਰੜੀ ਪ੍ਰੀਖਿਆ... 64
- ਭਾਈ ਸਾਹਿਬ ਜੀ ਦੀ ਜੇਲ੍ਹ ਤੋਂ ਰਿਹਾਈ... 67
- ਚਿਰੀ-ਵਿਛੁੰਨਿਆਂ ਦਾ ਮਿਲਾਪ 68
- ਰਾਵਲਪਿੰਡੀ ਦੀ ਤੀਜੀ ਪਰਚਾਰ-ਫੇਰੀ 69
- ਰਾਵਲਪਿੰਡੀ ਵਿਖੇ ਚੌਥੀ ਪਰਚਾਰ-ਫੇਰੀ 73
- ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ 74
- ਕੈਂਬਲਪੁਰ ਸਮਾਗਮ ਤੇ ਪੰਜਾ ਸਾਹਿਬ ਦੇ ਦਰਸ਼ਨ 78
- ਬਾਊ ਜੀ ਜ਼ਖ਼ਮੀ ਹੋ ਗਏ 79
- ਕੁਮਾਰਹੱਟੀ ਦੇ ਭਾਗ ਜਾਗਣੇ 81
- ਕਸ਼ਮੀਰ-ਫੇਰੀਆਂ 83
- ਡਲਹੌਜ਼ੀ ਤੇ ਚੰਬਾ ਦੇ ਸਮਾਗਮ 88
- ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ 89
- ਧਰਮਸ਼ਾਲਾ ਦੇ ਸਤਿਸੰਗ 91
- 1947 ਤੋਂ 1961 ਤਕ ਦਾ ਸਮਾਂ 92
- ਜਲੰਧਰ ਦੇ ਸਮਾਗਮ 92

• ਸ੍ਰੀ ਅੰਮ੍ਰਿਤਸਰ ਦੇ ਸਮਾਗਮ 94
• ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ 94
• ਫੀਰੋਜ਼ਪੁਰ ਦੇ ਸਮਾਗਮ 96
• ਬਰੇਲੀ ਦੇ ਸਮਾਗਮ 97
• ਮਾਤਾ ਨਿਹਾਲ ਕੌਰ ਜੀ ਦਾ ਅਕਾਲ ਚਲਾਣਾ 99
• ਪਹਿਲਾ ਸੁਪਨ ਚਮਤਕਾਰ 100
• ਭਟਕਦੀਆਂ ਰੂਹਾਂ ਦਾ ਨਿਸਤਾਰਾ 101
• ਪੰਥਕ ਸਨਮਾਨ 103
• ਸ੍ਰੀਮਾਨ ਬਾਊ ਜੀ ਨੂੰ ਸਖ਼ਤ ਹਾਦਸਾ 104
• ਦੂਜਾ ਸੁਪਨ-ਚਮਤਕਾਰ 107
• ਧਰਮਸਾਲਾ ਵਿਚ ਦੂਜੀ ਫੇਰੀ 108
• ਅਕਾਲ ਚਲਾਣਾ 109
• ਸੰਗਤਾਂ ਵਲੋਂ ਵਿਜੋਗ ਪੀੜਾ ਦਾ ਪ੍ਰਗਟਾਅ 114
• ਦਸਵੰਧ ਸਫਲ ਕੀਤਾ 114

**ਦੂਜਾ ਭਾਗ**

• ਬਾਊ ਮਲ ਸਿੰਘ ਜੀ ਦੀ ਵੰਸ਼ ਅਤੇ ਉਨ੍ਹਾਂ ਦੇ ਨਿਕਟਵਰਤੀਆਂ ਵੱਲੋਂ ਅੱਖੀਂ ਡਿੱਠੇ ਹੱਡੀ ਵਾਪਰੇ ਬਿਰਤਾਂਤ 116
• ਬੰਸਾਵਲੀ 117
• ਸ੍ਰੀ ਬਾਊ ਜੀ ਦੀ ਸੰਤਾਨ 117
• ਬਾਊ ਮੱਲ ਸਿੰਘ ਜੀ ਦੀ ਵੰਸ਼ ਦੇ ਮੋਢੀ ਬਾਬਾ ਪਰੋਜ਼ ਜੀ 119
• ਸ੍ਰੀ ਬਾਊ ਜੀ ਦੇ ਵੱਡੇ ਭਰਾਤਾ ਭਾਈ ਵਰਿਆਮ ਸਿੰਘ ਜੀ ਵੈਰੋਵਾਲ 122
• ਗੁ: ਰਕਾਬਗੰਜ ਦੀ ਕੰਧ ਦਾ ਮੋਰਚਾ 123
• ਗੁਰੂ ਕੇ ਬਾਗ ਦਾ ਮੋਰਚਾ 123
• ਕਿਸਾਨ ਮੋਰਚੇ ਦੇ ਆਗੂ 126
• ਪੁਲਸ ਨਾਲ ਟੱਕਰ 127
• ਪਿੰਡਾਂ ਦੇ ਝਗੜੇ ਨਿਬੇੜਨੇ 129
• ਪਾਕਿਸਤਾਨ ਤੋਂ ਆ ਕੇ ਵੈਰੋਵਾਲ ਵਸਣਾ 129
• ਅੰਤਲੀ ਉਮਰ 130
• ਭਾਈ ਵਰਿਆਮ ਸਿੰਘ ਜੀ ਦੀ ਸੰਤਾਨ 131
• ਸੰਖੇਪ ਜੀਵਨੀ ਤੇ ਕੁਝ ਯਾਦਾਂ ਪ੍ਰੋ. ਠਾਕੁਰ ਸਿੰਘ ਸ੍ਰੀ ਅੰਮ੍ਰਿਤਸਰ (ਲੇਖਕ) 132
• ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਕਾਂਡ 133
• ਦਾਸ ਦੀ ਪੈਜ ਰਖੀ 134
• ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਕੁੱਝ ਯਾਦਾਂ(ਪ੍ਰੋਫੈਸਰ ਠਾਕਰ ਸਿੰਘ ਜੀ) ਪਰਉਪਕਾਰੀ ਜਗ ਵਿਚਿ ਆਏ 136
• ਜੇਲ੍ਹ ਵਾਪਸੀ ਤੇ ਪਹਿਲਾ ਮਿਲਾਪ 137
• ਸੁਖਦੇਵ ਕੌਰ ਨੂੰ ਪਾਠ-ਪ੍ਰੇਰਨਾ ਤੇ ਮੰਗਣੀ 137
• ਸ: ਬ: ਕਰਤਾਰ ਸਿੰਘ 139
• ਪ੍ਰ: ਪੂਰਨ ਸਿੰਘ ਜੀ ਦੇ ਅਕਾਲ ਚਲਾਣੇ ਸਮੇਂ ਅਰਦਾਸ 141
• ਕੁਮਾਰ ਹੱਟੀ ਤੋਂ ਪ੍ਰੇਮ-ਪਾਤੀ 142
• ਮੋਹ ਮਾਇਆ ਕੈ ਸੰਗਿ ਨ ਲੇਪੁ 145
• ਪ੍ਰੀਖਿਆ ਤੇ ਸੰਭਾਲ ਕਰਨੀ 146
• ਪਿਆਰਿਆਂ ਦੀਆਂ ਪਿਆਰ-ਯਾਦਾਂ 149
• ਮਾਨਯੋਗ ਬਾਊ ਮੱਲ ਸਿੰਘ ਜੀ ਦ੍ਰਿਬ-ਦ੍ਰਿਸ਼ਟੀ ਦੇ ਮਾਲਕ ਗੁਰੂ-ਪਿਆਰੇ 152
• ਕਲਾ-ਕ੍ਰਿਸ਼ਮਾਇਣੀ ਅਰਦਾਸ 154
• ਪੂਰਬਲੇ ਸੰਜੋਗ 156
• ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਹਿਲੇ ਦਰਸ਼ਨ- 160
• ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥ 162
• ਅੰਤਿਕਾ-I 170
• ਸ੍ਰੀ ਬਾਊ ਜੀ ਦੇ ਹੱਥ ਲਿਖਤ ਪੋਸਟ ਕਾਰਡ 170

# ਤੀਜੀ ਐਡੀਸ਼ਨ ਬਾਰੇ

ਮਾਨਯਵਰ ਬਾਊ ਮਲ ਸਿੰਘ ਜੀ ਦੇ ਜੁਲਾਈ 1979 ਵਿਚ ਚੜ੍ਹਾਈ ਕਰ ਜਾਣ ਤੋਂ ਬਾਅਦ ਸੂਰਾ ਮਾਸਿਕ ਪੱਤਰ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰੋ. ਠਾਕੁਰ ਸਿੰਘ ਜੀ (ਭਤੀਜ ਬਾਊ ਜੀ) ਲਿਖਤ ਪੁਸਤਕ "ਪੂਰਬ ਜਨਮ ਕੇ ਮਿਲੇ ਸੰਜੋਗੀ" ਦਾ ਪਹਿਲਾ ਐਡੀਸ਼ਨ ਅਕਤੂਬਰ 1982 ਵਿਚ ਛਾਪਿਆ ਗਿਆ ਸੀ। ਸੂਰਾ ਮਾਸਿਕ ਪੱਤਰ ਬੰਦ ਹੋਣ ਤੋਂ ਬਾਅਦ ਫਿਰ ਇਸ ਪੁਸਤਕ ਦਾ ਦੂਸਰਾ ਐਡੀਸ਼ਨ ਗੁਰਮਤਿ ਪ੍ਰਚਾਰ ਫਾਊਂਡੇਸ਼ਨ ਸ੍ਰੀ ਅੰਮ੍ਰਿਤਸਰ ਦੇ ਸੇਵਕਾਂ ਵੱਲੋਂ ਫਰਵਰੀ 2003 ਵਿਚ ਛਾਪਿਆ ਗਿਆ ਸੀ। ਹੁਣ ਇਹ ਪੁਸਤਕ ਕਾਫੀ ਸਮੇਂ ਤੋਂ ਉਪਲਬਧ ਨਹੀਂ ਸੀ। ਸੰਗਤਾਂ ਦੀ ਮੰਗ ਨੂੰ ਮੁੱਖ ਰੱਖ ਕੇ, ਖਾਸ ਕਰ ਵਿਦੇਸ਼ਾਂ ਵਿਚ ਬੈਠੇ ਵੀਰਾਂ ਅਤੇ ਸ੍ਰੀ ਬਾਊ ਜੀ ਦੇ ਪਰਿਵਾਰ ਵੱਲੋਂ ਜ਼ੋਰ ਪਾਉਣ ਤੇ, ਇਸ ਪੁਸਤਕ ਦਾ ਤੀਸਰਾ ਐਡੀਸ਼ਨ ਛਾਪਿਆ ਜਾ ਰਿਹਾ ਹੈ।

ਪਹਿਲੀਆਂ ਐਡੀਸ਼ਨਾਂ ਵਿਚ ਪੁਸਤਕ ਵਿਚ ਰਹਿ ਗਈਆਂ ਅਸ਼ੁੱਧੀਆਂ ਅਤੇ ਕੁਝ ਜਗ੍ਹਾ ਦਿੱਤੀਆਂ ਘਟਨਾਵਾਂ ਦੀਆਂ ਤਾਰੀਖਾਂ ਵਿਚ ਸਵੈ ਵਿਰੋਧਤਾ ਕਾਰਨ ਤਰੁੱਟੀਆਂ ਨੂੰ ਸੋਧਣ ਦੇ ਨਾਲ-ਨਾਲ, ਪੁਸਤਕ ਦੇ ਦੂਸਰੇ ਭਾਗ ਵਿਚ 'ਭਾਈ' ਸਾਹਿਬ ਜੀ ਅਤੇ ਬਾਊ ਜੀ ਦੇ ਨਿਕਟ ਵਰਤੀਆਂ ਵੱਲੋਂ ਲਿਖੇ ਸਬੰਧਿਤ ਲੇਖਾਂ ਨੂੰ ਇਕੱਠਾ ਕਰਕੇ ਅਤੇ ਉਨ੍ਹਾਂ ਨੂੰ Chronical Order ਅਨੁਸਾਰ ਕੀਤਾ ਗਿਆ ਹੈ ਤਾਂ ਕਿ ਪਾਠਕਾਂ ਨੂੰ ਪੜ੍ਹਨ ਵਿਚ ਇਕਸਾਰਤਾ ਬਣੀ ਰਹੇ। ਇਸ ਪੁਸਤਕ ਨੂੰ ਛਾਪਣ ਦੀ ਸੇਵਾ ਸ੍ਰੀ ਬਾਊ ਜੀ ਦੇ ਸਮੂਹ ਪਰਿਵਾਰ ਨੇ ਆਪਣੀ ਝੋਲੀ ਵਿਚ ਪੁਆਈ ਹੈ। ਪੁਸਤਕ ਵਿਚ ਰਹਿ ਗਈਆਂ ਉਕਾਈਆਂ ਜਾਂ ਊਣਤਾਈਆਂ ਜਿਨ੍ਹਾਂ ਦਾ ਪਾਠਕ ਧਿਆਨ ਦਿਵਾਉਣਗੇ, ਉਨ੍ਹਾਂ ਨੂੰ ਅਗਲੀ ਐਡੀਸ਼ਨ ਵਿਚ ਸੋਧ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪਾਠਕਾਂ ਵਲੋਂ ਆਏ ਉਸਾਰੂ ਸੁਝਾਵਾਂ ਨੂੰ ਵੀ ਵਿਚਾਰ ਗੋਚਰੇ ਕੀਤਾ ਜਾਵੇਗਾ।

ਉਮੀਦ ਹੈ ਕਿ ਸਮੂਹ ਗੁਰੂ ਪਿਆਰੇ ਅਤੇ ਸੰਗਤਾਂ, ਖਾਸ ਕਰ ਨੌਜਵਾਨ ਪੀੜ੍ਹੀ, ਇਸ ਪੁਸਤਕ ਨੂੰ ਪੜ੍ਹ ਕੇ, ਸ੍ਰੀ ਬਾਊ ਜੀ ਵੱਲੋਂ ਪਾਏ ਗਏ ਪੂਰਨਿਆਂ ਅਤੇ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਗੁਰਮਤੀ ਜੀਵਨ ਸੇਧਾਂ ਤੋਂ ਲਾਭ ਉਠਾਉਣਗੇ, ਜੋ ਉਨ੍ਹਾਂ ਨੂੰ ਗੁਰਮਤਿ ਦੇ ਮਾਰਗ ਦੇ ਪਾਂਧੀ ਬਣਨ ਵਿਚ ਸਹਾਇਤਾ ਕਰਨਗੀਆਂ।

ਸੰਗਤਾਂ ਦਾ ਚਰਨ ਧੂੜ ਸੇਵਕ

**ਗੁਰਦੀਪ ਸਿੰਘ**

ਸਾਬਕਾ ਚੀਫ਼ ਮੈਨੇਜਰ

ਪੰਜਾਬ ਐਂਡ ਸਿੰਧ ਬੈਂਕ

ਮੋ. 94638-27597

# ਬੇਨਤੀ

ਸਤਿਗੁਰ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਅਤੇ ਗੁਰਸਿੱਖਾਂ ਦੀ ਪ੍ਰੇਰਨਾ ਸਦਕਾ 'ਗੁਰਮਤਿ ਪ੍ਰਚਾਰ ਫਾਊਂਡੇਸ਼ਨ' ਨਾਂ ਦੀ ਸੰਸਥਾ ਹੋਂਦ ਵਿਚ ਆਈ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਨੂੰ ਪੜ੍ਹ ਕੇ ਹਜ਼ਾਰਾਂ ਹੀ ਪ੍ਰਾਣੀਆਂ ਨੂੰ ਗੁਰਮਤਿ ਦੀ ਲਾਗ ਲੱਗੀ ਹੈ। 'ਜੇਲ੍ਹ ਚਿਠੀਆਂ ਭਾਈ ਸਾਹਿਬ ਜੀ ਦੀ ਐਸੀ ਪੁਸਤਕ ਹੈ ਜਿਸਨੂੰ ਪੜ੍ਹ ਕੇ ਬਹੁਤ ਸਾਰੇ ਸਹਿਜਧਾਰੀ ਵੀਰ ਵੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਹਨ। ਭਾਈ ਸਾਹਿਬ ਜੀ ਦੀਆਂ ਅਮੋਲਕ ਪੁਸਤਕਾਂ ਦਾ ਖਜ਼ਾਨਾ ਅਤੇ ਹੋਰ ਗੁਰਮਤਿ ਸਾਹਿਤ, ਸੰਗਤਾਂ ਦੇ ਸਹਿਯੋਗ ਨਾਲ 'ਗੁਰਮਤਿ ਪ੍ਰਚਾਰ ਫਾਊਂਡੇਸ਼ਨ' ਵਲੋਂ ਅੱਧੇ ਮੁੱਲ ਤੇ ਪਹੁੰਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ।


ਇਸ ਪੁਸਤਕ ਵਿਚ ਸਿੱਖੀ ਜੀਵਨ ਦੀ ਜੋ ਰੂਪ-ਰੇਖਾ ਉਲੀਕੀ ਹੈ, ਜਿਵੇਂ ਗੁਰਸਿੱਖਾਂ ਦੇ ਜੀਵਨ ਦਾ ਵਰਣਨ ਕੀਤਾ ਹੈ ਉਸ ਨੂੰ ਪੜ੍ਹ ਕੇ ਇਕ ਸਾਧਾਰਣ ਵਿਅਕਤੀ ਜ਼ਰੂਰ ਹੀ ਸਿੱਖ ਬਣਨ ਲਈ ਉਤਾਵਲਾ ਹੋ ਜਾਵੇਗਾ। ਹਾਂ ਇਹ ਗੱਲ ਵੱਖਰੀ ਹੈ ਕਿ,

**ਚੰਦਨ ਕੇ ਨਿਕਟੇ ਬਸੇ ਬਾਂਸ ਸੁਗੰਧ ਨਾ ਹੋਏ ॥**


ਵਰਗਾ ਮਨ ਪੱਥਰ ਦੀ ਤਰ੍ਹਾਂ ਦਰਿਆ ਵਿਚ ਰਹਿ ਕੇ ਅੰਦਰੋਂ ਸੁੱਕਾ ਰਹਿ ਸਕਦਾ ਹੈ। ਵਰਨਾ ਇਹ ਕਦੇ ਨਹੀਂ ਹੋ ਸਕਦਾ ਕਿ ਇਹ ਕਿਤਾਬ ਪੜ੍ਹ ਕੇ ਕਿਸੇ ਦੇ ਅੰਦਰੋਂ ਇਕ ਹੁਲਾਰਾ ਨਾ ਆਵੇ ਤੇ ਉਹਦਾ ਮਨ ਸਿਖੀ ਜੀਵਨ ਅਪਨਾਉਣ ਤੋਂ ਬਿਨਾ ਰਹਿ ਸਕੇ।

ਅਸੀਂ ਇਹ ਹੱਥਲੀ ਪੁਸਤਕ 'ਪੂਰਬ ਜਨਮ ਕੇ ਮਿਲੇ ਸੰਜੋਗੀ' ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਇਹ ਪੁਸਤਕ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਉਨ੍ਹਾਂ ਦੇ ਨਿਕਟਵਰਤੀ ਸਾਥੀ ਬਾਊ ਮੱਲ ਸਿੰਘ ਜੀ ਦੇ ਪ੍ਰੇਮ ਮਈ ਜੀਵਨ ਤੇ ਝਾਤੀ ਪਾਉਂਦੀ ਹੈ। ਸਤਿਗੁਰੂ ਬਖਸ਼ਿਸ਼ ਕਰਨ ਜੇਕਰ ਕੋਈ ਵੀ ਪ੍ਰਾਣੀ ਇਹ ਪੁਸਤਕ ਪੜ੍ਹ ਕੇ ਗੁਰਮਤਿ ਦੇ ਗਾਡੀ ਰਾਹ 'ਤੇ ਚਲੇ ਤਾਂ ਸਾਡਾ ਇਹ ਸੇਵਾ ਦਾ ਉੱਦਮ ਸਫਲ ਹੋ ਜਾਵੇਗਾ।

ਸੰਗਤਾਂ ਦੀ ਚਰਨ ਧੂੜ ਦੇ ਜਾਚਕ
ਸਮੂੰਹ ਮੈਂਬਰ
ਗੁਰਮਤਿ ਪ੍ਰਚਾਰ ਫਾਊਂਡੇਸ਼ਨ (ਰਜਿ.)
ਸ੍ਰੀ ਅੰਮ੍ਰਿਤਸਰ



ਸ੍ਰੀਮਾਨ ਬਾਊ ਜੀ ਕੁਮਾਰ ਹੱਟੀ ਪਹਾੜੀ ਉੱਤੇ
ਇਕਾਂਤ ਵਿੱਚ ਨਾਮ ਸਿਮਰਨ ਵਿੱਚ ਲੀਨ



ਸ੍ਰੀਮਾਨ ਬਾਊ ਜੀ ਆਪਣੇ ਪਰਮ ਮਿੱਤਰ ਭਾਈ ਸੂਰਤ ਸਿੰਘ 'ਪੂਰਨ ਜੀ' ਨਾਲ



ਸ੍ਰੀਮਾਨ ਬਾਊ ਜੀ ਅੰਮ੍ਰਿਤ ਸੰਚਾਰ ਵੇਲੇ ਪੰਚਾਂ ਦੀ ਸੇਵਾ ਵਿੱਚ



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਸ੍ਰੀਮਾਨ ਬਾਊ ਜੀ ਨਵੇ ਸਜੇ ਅੰਮ੍ਰਿਤ ਅਭਿਲਾਖੀਆਂ ਨਾਲ।



ਸ੍ਰੀਮਾਨ ਬਾਊ ਜੀ ਭਾਈ ਸਾਹਿਬ ਜੀ ਨਾਲ
ਕੀਰਤਨ ਅਖਾੜੇ ਵਿੱਚ ਰੰਗ ਮਾਣਦੇ ਹੋਏ।



ਸਤੰਬਰ 1974 ਵਿੱਚ ਸ੍ਰੀਮਾਨ ਬਾਊ ਜੀ
ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ।

# ਦੋ ਸ਼ਬਦ (ਦੂਸਰੀ ਐਡੀਸ਼ਨ)

ਇਹ ਮੇਰੇ ਭਲੇ ਭਾਗ ਹਨ ਕਿ ਹਥਲੀ ਪੁਸਤਕ 'ਪੂਰਬ ਜਨਮ ਕੇ ਮਿਲੇ ਸੰਜੋਗੀ' ਦੀ ਦੂਜੀ ਐਡੀਸ਼ਨ ਦੇ ਪਰੂਫ ਪੜ੍ਹਨ, ਇਸ ਵਿਚ ਆਈਆਂ ਸਹਿਵਨ ਗਲਤੀਆਂ ਦਰੁਸਤ ਕਰਨ ਅਤੇ ਪਾਠਕਾਂ ਨੂੰ ਪੁਸਤਕ ਦੀ ਜਾਣ ਪਛਾਣ ਕਰਾਉਣ ਦਾ ਮੌਕਾ ਮਿਲ ਰਿਹਾ ਹੈ।

ਇਸ ਪੁਸਤਕ ਦੇ ਮੁਖ ਨਾਇਕ 'ਬਾਊ ਮੱਲ ਸਿੰਘ ਜੀ' ਦਾਸ ਉੱਤੇ ਖ਼ਾਸ ਮਿਹਰਬਾਨ ਸਨ, ਪਰਮ ਮਿੱਤਰਾਂ ਵਾਂਗ ਦਸਤਗੀਰੀ ਤੇ ਦਿਲਾਵਰੀ ਦੇ ਕੇ ਨਿਵਾਜਦੇ ਸਨ, ਕੇਂਦਰੀ ਸਮਾਗਮਾਂ ਵਿਚ ਵੀ ਅੰਮ੍ਰਿਤ ਸੰਚਾਰ ਵਾਲੀ ਸੇਵਾ ਦੇ ਜਥੇਦਾਰ ਹੋਣ ਦੀ ਹੈਸੀਅਤ ਵਿਚ ਪੰਜਾਂ ਵਿਚ ਸ਼ਾਮਲ ਕਰਦੇ, ਆਪਣੀ ਅਗਵਾਈ ਵਿਚ ਕਰਾਏ ਅਖੰਡ-ਪਾਠਾਂ ਵਿਚ ਪਾਠੀ ਦੀ ਸੇਵਾ ਸੌਂਪਦੇ ਅਤੇ ਦਾਸ ਦੇ ਨਿੱਜੀ ਪਰਿਵਾਰਕ ਮਾਮਲਿਆਂ ਵਿਚ ਦਿਲਚਸਪੀ ਲੈ ਕੇ ਅਗਵਾਈ ਦਿੰਦੇ ਸਨ। ਦਾਸ ਕਿਉਂਕਿ 1961 ਵਿਚ ਅੰਮ੍ਰਿਤ-ਪਾਨ ਕਰਕੇ ਜਥੇ ਵਿਚ ਸ਼ਾਮਿਲ ਹੋਇਆ, ਉਨ੍ਹਾਂ ਦੇ ਅਨੇਕਾਂ ਗਹਿਰ ਗੰਭੀਰ ਗੁਰਮਤਿ ਗੁਣਾਂ ਦੀ ਸਾਰ ਤੇ ਕਦਰ ਹੁਣ ਉਨ੍ਹਾਂ ਦੇ ਸਰੀਰਕ ਵਿਛੋੜੇ ਤੋਂ ਬਾਅਦ ਵਧੇਰੇ ਪ੍ਰਗਟ ਹੋ ਰਹੀ ਹੈ, ਖ਼ਾਸ ਕਰਕੇ ਪ੍ਰੋ. ਠਾਕੁਰ ਸਿੰਘ ਦੀ ਇਹ ਪੁਸਤਕ ਇਸ ਮਾਮਲੇ ਵਿਚ ਸਹਾਈ ਹੋ ਰਹੀ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਬਾਊ ਮੱਲ ਸਿੰਘ ਜੀ ਅੰਦਰੋਂ ਇਕ ਰੂਪ ਸਨ, ਇਕ ਜਾਨ ਸਨ। ਬਾਊ ਜੀ ਦਾ ਮੇਲ ਭਾਈ ਸਾਹਿਬ ਨਾਲ ਫੌਜੀ ਨੌਕਰੀ ਵਿਚ ਆਉਣ ਤੋਂ ਤਿੰਨ ਚਾਰ ਸਾਲ ਪਿਛੋਂ ਭਸੌੜ ਵਿਚ ਹੋਇਆ ਹੈ। ਇਹ ਮਿਲਣੀ ਕੈਸੀ ਸੀ ? ਐਸੀ ਸੀ, ਕਿ 'ਪੂਰਬ ਜਨਮ ਕੇ ਮਿਲੇ ਸੰਜੋਗੀ' ਫਿਰ ਵਿਛੜੇ ਹੀ ਨਹੀਂ।

**"ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥"**

ਪਹਿਲੀ ਮੁਲਾਕਾਤ ਵਿਚ ਹੀ ਭਾਈ ਸਾਹਿਬ ਬਾਊ ਜੀ ਨੂੰ ਕਹਿੰਦੇ ਹਨ, "ਤੂੰ ਹੁਣ ਤਕ ਕਿਥੇ ਲੁਕਿਆ ਰਿਹਾ ਹੈਂ? ਸਾਨੂੰ ਤੇਰੇ ਜਿਹਾ ਲੱਭਾ ਹੀ ਕੋਈ ਨਹੀਂ।"

ਸੱਚਮੁੱਚ ਬਾਊ ਜੀ, ਭਾਈ ਸਾਹਿਬ ਦੇ ਉਪਰੋਕਤ ਕਥਨ ਅਨੁਸਾਰ ਇਕ ਅਦੁੱਤੀ ਵਿਅਕਤੀ ਸਨ। ਫੌਜ ਵਿਚ, ਕਲਰਕ ਦੀ ਡਿਊਟੀ ਮਿਲਣ ਕਰਕੇ, ਆਪ ਜੀ ਨੂੰ 'ਬਾਬੂ ਜੀ' ਕਹਿ ਕੇ ਪੁਕਾਰਿਆ ਜਾਣ ਲੱਗਾ। ਪਰ ਭਾਈ ਸਾਹਿਬ ਇਨ੍ਹਾਂ ਨੂੰ 'ਬਾਊ ਜੀ' ਕਹਿ ਕੇ ਬੁਲਾਉਣ ਲੱਗੇ। ਸੋ, ਇਹੋ ਉਪਨਾਮ ਇਨ੍ਹਾਂ ਪ੍ਰਤੀ ਪ੍ਰਚਲਤ ਹੋ ਗਿਆ। ਜੀਵਨ ਪ੍ਰਯੰਤ ਤੇ ਜੀਵਨ ਉਪਰੰਤ ਵੀ ਇਹ ਉਪਨਾਮ ਉਨ੍ਹਾਂ ਨਾਲ ਜੁੜਿਆ ਰਹੇਗਾ। 'ਬਾਬੂ ਜੀ' ਤੋਂ 'ਬਾਊ ਜੀ' ਇਨ੍ਹਾਂ ਨੂੰ ਬਣਾਉਣ ਵਾਲੇ ਭਾਈ ਸਾਹਿਬ ਹੀ ਹਨ। ਐਸਾ ਕਿਉਂ ਕੀਤਾ ਗਿਆ? ਫਾਰਸੀ ਦੇ ਕੋਸ਼ ਵਿਚ 'ਬਾਬੂ' ਦੇ ਅਰਥ ਹਨ, ਕਲੰਦਰਾਂ ਦਾ ਮੁੱਖੀ ਜਾਂ ਸਰਦਾਰ ਅਤੇ ਕਲੰਦਰ ਦੇ ਅਰਥ ਦਿੱਤੇ ਹਨ, ਉਹ ਮੁਸਲਮਾਨ ਮਸਤ ਫ਼ਕੀਰ, ਜਿਸਦਾ ਸਿਰ ਮੂੰਹ ਤੇ ਦਾੜ੍ਹੀ ਮੁੰਨੀ ਹੁੰਦੀ ਹੈ, ਅਤੇ ਉਹ ਸ਼ਰ੍ਹਾ (ਇਸਲਾਮੀ ਰਹਿਣ ਰਹਿਣੀ) ਦੇ ਵਿਰੁੱਧ ਮਸਤ ਮਲੰਗ ਹੋ ਕੇ ਨਿਸੰਗ ਵਿਚਰਦਾ ਹੈ, ਐਸਾ ਭਾਈ ਸਿੱਖੀ ਵਿਚ ਸ਼ੁਦਾਈ ਗਰਦਾਨਿਆ

ਜਾਏਗਾ, ਸੋ ਐਸੇ ਬਾਬੂਪੁਣੇ ਤੋਂ ਪਰ੍ਹੇ ਰਹਿ ਕੇ 'ਬਾਊ' ਬਣਨਾ ਜ਼ਰੂਰੀ ਸੀ। ਭਾਈ ਸਾਹਿਬ ਨੇ ਉਨ੍ਹਾਂ ਨੂੰ "ਬਾ+ਊ" ਬਣਾ ਦਿੱਤਾ। ਫ਼ਾਰਸੀ ਵਿਚ ਹੀ 'ਬਾ' ਦੇ ਅਰਥ ਹਨ 'ਨਾਲ' ਤੇ 'ਊ' ਦੇ ਅਰਥ ਹਨ 'ਉਹ' ਜਾਂ 'ਉਸ'। ਸੋ 'ਬਾਊ' ਦੇ ਅਰਥ ਹੋਏ, ਉਸ ਨਾਲ। ਭਾਵ ਅਕਾਲ ਪੁਰਖ ਨਾਲ, ਜਿਸ ਨਾਲ ਜੁੜਨ ਲਈ ਆਨੰਦ ਸਾਹਿਬ ਦੀ ਦੂਜੀ ਪਉੜੀ ਪ੍ਰੇਰਨਾ ਦਿੰਦੀ ਹੈ :-

**"ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥"**

ਬਾਊ ਮੱਲ ਸਿੰਘ ਜੀ ਸਚਮੁੱਚ ਹੀ ਸਾਰੀ ਉਮਰ ਹਰੀ ਨਾਲ ਵਿਚਰਦੇ ਹਰੀ ਭਰੀ ਜੀਵਨੀ ਜੀ ਗਏ। ਉਹ ਦਰਗਾਹ ਦੇ ਮੱਲ ਸਨ, "ਜਿਨ੍ਹੀ ਪਛਾਤਾ ਖਸਮੁ ਸੇ ਦਰਗਾਹ ਮਲ ॥" 23 ਜੁਲਾਈ 1979 ਤੋਂ ਸੱਚੀ ਦਰਗਾਹ ਜਾਇ ਸਚਾ ਪਿੜੁ ਮਲਿ ਬੈਠੇ ਹਨ। ਉਨ੍ਹਾਂ ਦੇ ਜਾਣ ਪਿਛੋਂ ਇਸ ਹਾਲਤ ਵਿਚ ਜੀਵਨ ਨੂੰ ਚੁਕਣ ਲਈ, ਮਹਾਂਪੁਰਸ਼ਾਂ ਦੀਆਂ ਜੀਵਨੀਆਂ ਹੀ ਸਹਾਈ ਹੋ ਸਕਦੀਆਂ ਹਨ। ਪ੍ਰੋ. ਠਾਕੁਰ ਸਿੰਘ ਨੇ ਇਹ ਪੁਸਤਕ ਲਿਖ ਕੇ ਸਿਖ ਸੰਗਤਾਂ 'ਤੇ ਇਕ ਵੱਡਾ ਉਪਕਾਰ ਕੀਤਾ ਹੈ। ਭਾਈ ਸਾਹਿਬ ਜੀ ਦੀ ਆਤਮ ਕਥਾ (ਜੇਲ੍ਹ ਚਿੱਠੀਆਂ) ਅਤੇ ਇਸ ਹਥਲੀ ਪੁਸਤਕ ਦਾ ਅਧਿਐਨ, ਪਰਮਾਰਥੀ ਪਾਂਧੀ ਨੂੰ ਨਾਮ ਬਾਣੀ ਨਾਲ ਜੋੜਨ ਲਈ ਇਕ ਬਹੁਮੁੱਲਾ ਉਪਰਾਲਾ ਹਨ।

ਭਾਈ ਸਾਹਿਬ ਦੀ ਆਤਮ ਕਥਾ ਅਥਵਾ ਜੇਲ੍ਹ ਚਿੱਠੀਆਂ ਦੀਆਂ ਜਿਥੇ ਦਰਜਨ ਕੁ ਐਡੀਸ਼ਨਾਂ ਛਪ ਚੁੱਕੀਆਂ ਹਨ, ਉਥੇ ਇਸ ਪੁਸਤਕ ਦੀ ਦੂਜੀ ਐਡੀਸ਼ਨ ਹੁਣ ਇਕੀ ਕੁ ਸਾਲਾਂ ਮਗਰੋਂ ਛਪ ਰਹੀ ਹੈ। ਇਸ ਪੁਸਤਕ ਦੀ ਅਤਿਅੰਤ ਲੋੜ ਸੀ।

ਪੁਸਤਕ ਦੇ ਦੂਜੇ ਭਾਗ ਵਿਚ ਪ੍ਰੋਫੈਸਰ ਜੀ ਨੇ ਭਾ. ਸ: ਰਾਮ ਸਿੰਘ ਜੀ ਅਤੇ ਪ੍ਰਿੰ. ਇੰਦਰ ਕੌਰ ਜੀ ਵਲੋਂ ਲਿਖੇ ਲੇਖ ਸ਼ਾਮਿਲ ਕੀਤੇ ਹਨ। ਇਹ ਸਾਰੇ ਰੋਚਕਤਾ ਦੇ ਰੰਗ ਵਿਚ ਰੰਗੇ ਹਨ।

ਅੰਤਕਾ ਵਿਚ ਜ਼ਰੂਰੀ ਜਾਣਕਾਰੀ ਬਾਊ ਜੀ ਦੇ ਖਾਨਦਾਨ ਅਤੇ ਉਨ੍ਹਾਂ ਦੇ ਵੱਡੇ ਭਾਈ ਵਰਿਆਮ ਸਿੰਘ ਜੀ (ਲੇਖਕ ਦੇ ਪਿਤਾ), ਦੀ ਸੰਖੇਪ ਗੁਰਮਤਿ ਜੀਵਨੀ, ਨਿਜ ਹੱਡੀਂ ਵਰਤਿਆ ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ ਵਰਣਨ ਕੀਤਾ ਹੈ।

ਅੰਤ ਵਿਚ ਪਾਠਕਾਂ ਪਾਸੋਂ ਖਿਮਾ ਮੰਗਦਾ ਹੋਇਆ ਗੁਰਮਤਿ ਪ੍ਰਚਾਰ ਫਾਊਂਡੇਸ਼ਨ ਨੂੰ ਵਧਾਈ ਤੇ ਸਾਬਾਸ਼ ਦਿੰਦਾ ਹਾਂ, ਜੋ ਇਸ ਪੁਸਤਕ ਦੀ ਦੂਜੀ ਐਡੀਸ਼ਨ ਦੀ ਛਪਾਈ ਦੇ ਨਾਲ ਨਾਲ ਧਾਰਮਿਕ ਲਿਟ੍ਰੇਚਰ ਨੂੰ ਆਮ ਸੰਗਤਾਂ ਦੇ ਹੱਥਾਂ ਵਿਚ ਪਹੁੰਚਾਣ ਲਈ ਯਤਨਸ਼ੀਲ ਹੋ ਰਹੇ ਹਨ।

ਉਕਾਈਆਂ ਤੇ ਊਣਤਾਈਆਂ ਲਈ ਮੁਆਫ਼ੀ ਮੰਗਣਹਾਰਾ ਨਿਰਗੁਨੀਆਰ।

ਦਾਸ,
ਦਾਸ ਦਾਸਨ ਕੋ,
ਜਸਵੰਤ ਸਿੰਘ
20.2.2003

# ਮੁਖ-ਬੰਧ

ਪਰਮੇਸ਼ੂਰ ਦੇ ਪਿਆਰੇ ਗੁਰੂ ਦੇ ਸੰਵਾਰੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ-ਕਾਲ ਵਿਚ ਜਿਨ੍ਹਾਂ ਗੁਰਮੁਖ ਪਿਆਰਿਆਂ ਨੂੰ, ਉਨ੍ਹਾਂ ਦੇ ਅਖੰਡ-ਕੀਰਤਨੀ ਸਮਾਗਮਾਂ ਦਾ ਰਸ ਮਾਣਨ ਤੇ ਨਾਮ ਦੇ ਚਲੂਲੇ ਰੰਗ ਵਿਚ ਰੰਗੇ ਜਾਣ ਦਾ ਮੌਕਾ ਬਣਿਆ, ਉਹ ਉਨ੍ਹਾਂ ਦੇ ਨਾਲ ਜੁੜੀ ਆਤਮਾ, ਰੰਗ-ਰਤੜੇ ਬਾਊ ਮੱਲ ਸਿੰਘ ਜੀ ਦੇ ਨਾਂ ਤੋਂ ਭਲੀ-ਭਾਂਤ ਜਾਣੂ ਹਨ। ਹੱਥਲ਼ੀ ਪੁਸਤਕ ਉਨ੍ਹਾਂ ਦੀ ਜੀਵਨੀ ਹੈ, ਤੇ ਇਹ ਉਨ੍ਹਾਂ ਘੜੀਆਂ ਨੂੰ ਪਾਠਕਾਂ ਲਈ ਮੁੜ ਸਾਖਿਆਤ ਕਰਨ ਦਾ ਯਤਨ ਕਰਦੀ ਹੈ ਜਿਨ੍ਹਾਂ ਵਿਚ ਉਹ ਦੈਵੀ ਆਤਮਾ ਵਿਚਰਦੀ ਰਹੀ। ਇਸ ਦੇ ਲੇਖਕ ਪ੍ਰੋ: ਠਾਕੁਰ ਸਿੰਘ ਜੀ, ਉਨ੍ਹਾਂ ਦੇ ਵੱਡੇ ਭਰਾਤਾ ਸ. ਵਰਿਆਮ ਸਿੰਘ ਦੇ ਸਪੁਤ੍ਰ ਹਨ। ਉਨ੍ਹਾਂ ਨੂੰ ਬਾਊ ਜੀ ਦੇ ਅਤਿ ਨੇੜੇ ਰਹਿ ਕੇ ਵੇਖਣ ਦਾ ਮੌਕਾ ਮਿਲਿਆ, ਤੇ ਉਹ ਵੀ ਆਪ ਵੀ ਉਸੇ ਰੰਗ ਵਿਚ ਰਤੇ ਹੋਏ ਪ੍ਰਾਣੀ ਹਨ, ਜਿਸ ਵਿਚ ਬਾਊ ਜੀ ਜੀਵਨ ਪ੍ਰਯੰਤ ਵਿਚਰਦੇ ਰਹੇ। ਇਸ ਕਾਰਨ ਇਹ ਜੀਵਨੀ ਨਾ ਕੇਵਲ ਉਨ੍ਹਾਂ ਨਾਲ ਪੂਰਾ ਇਨਸਾਫ ਕਰਦੀ ਹੈ, ਸਗੋਂ ਉਸ ਜੀਵਨ ਦੇ ਮਰਮਾਂ ਦਾ ਭੇਦ ਭੀ ਖੋਲ੍ਹਦੀ ਹੈ, ਜੋ ਉਨ੍ਹਾਂ ਨੇ ਆਪ ਜੀਵਿਆ ਤੇ ਜਿਸ ਦੇ ਜੀਉਣ ਦੀ ਪ੍ਰੇਰਨਾ ਉਹ ਦੂਜਿਆਂ ਨੂੰ ਆਪਣੀ ਜ਼ਿੰਦਗੀ ਵਿਚ ਦਿੰਦੇ ਰਹੇ।

ਬਾਊ ਜੀ "ਜੀਅ ਦਾਨੁ ਦੇ ਭਗਤੀ ਲਾਇਨਿ" ਦੇ ਵਿਉਹਾਰ ਵਾਲੇ ਮਹਾਂਪੁਰਖ ਸਨ। ਉਨ੍ਹਾਂ ਦਾ ਜੀਵਨ-ਬਿਰਤਾਂਤ ਬਾਬਾ ਪਰੋਜ਼ ਦੀ ਜੀਵਨ-ਗਾਥਾ ਨਾਲ ਸ਼ੁਰੂ ਹੁੰਦਾ ਹੈ, ਜਿਨ੍ਹਾਂ ਨੇ ਛੇਵੇਂ ਸਤਿਗੁਰਾਂ ਦੇ ਵੇਲੇ ਸਿੱਖੀ ਨੂੰ ਅਪਣਾ ਕੇ ਸ਼ਹੀਦੀ ਜਾਮ ਪੀਤਾ ਤੇ ਯੁੱਧ ਵਿਚ ਸਿਰ ਕਟਾ ਕੇ ਗੁਰੂ ਕੇ ਸਿਖ ਹੋਣ ਦਾ ਸਬੂਤ ਦਿੱਤਾ। ਬਾਊ ਜੀ ਉਨ੍ਹਾਂ ਦੀ ਕੁੱਲ ਨਾਲ ਸਿੱਧੇ ਸੰਬੰਧਤ ਸਨ। ਆਪ ਕਥਨੀ ਤੇ ਕਰਨੀ ਦੇ ਪੂਰੇ ਤੇ ਸੂਛ ਜੀਵਨ ਵਾਲੇ ਪੁਰਸ਼ ਸਨ, ਇਸ ਲਈ ਆਪ ਆਪਣੇ ਇਲਾਕੇ ਅਤੇ ਸਿਖ ਸੰਗਤਾਂ ਵਿਚ ਵੱਡਾ ਮਾਣ ਰਖਦੇ ਸਨ। ਆਪ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ-ਸੰਚਾਰ ਰਾਹੀਂ ਨਵੀਂ ਜ਼ਿੰਦਗੀ ਦੇ ਕੇ ਸਿਖੀ ਰਹਿਤ ਮਰਯਾਦਾ ਵਿਚ ਪੱਕਾ ਕੀਤਾ ਤੇ ਪ੍ਰਮਾਰਥਕ ਜੀਵਨ 'ਤੇ ਤੁਰਨਯੋਗ ਬਣਾਇਆ। ਆਪ ਨੇ ਦੁਨਿਆਵੀ ਝਗੜੇ ਵੀ ਮਿਟਾਏ ਤੇ ਭੁੱਲੜਾਂ ਨੂੰ ਨਾਮ-ਅਭਿਆਸ ਅਤੇ ਨਿਰਬਾਣ ਕੀਰਤਨ ਦਾ ਰਾਹ ਦਸ ਕੇ, ਸੱਚਾ ਤੇ ਸੁੱਚਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ।

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ 1914 ਈ. ਵਿਚ ਜੇਲ੍ਹ ਜਾਣ ਉਪਰੰਤ ਸ਼ਬਦ-ਕੀਰਤਨ ਤੇ ਅੰਮ੍ਰਿਤ-ਸੰਚਾਰ ਦੀ ਪਰਪਾਟੀ ਨੂੰ ਬਾਊ ਜੀ ਨੇ ਹੀ ਚਲਦਾ ਰਖਿਆ। ਇਸੇ ਤਰ੍ਹਾਂ ਭਾਈ ਸਾਹਿਬ ਜੀ ਦੇ ਪਿਆਨਾ ਕਰ ਜਾਣ ਪਿਛੋਂ ਵੀ ਅਖੰਡ ਕੀਰਤਨੀ ਜਥਿਆਂ ਦੇ ਸੰਗਠਨ ਤੇ ਅਗਵਾਈ ਦੀ ਜ਼ਿੰਮੇਵਾਰੀ ਆਪ ਨੇ ਹੀ ਸੰਭਾਲੀ ਰੱਖੀ। ਆਪ ਦੇ ਉੱਦਮ ਨਾਲ ਰੰਗ-ਰਤੜੇ ਕੀਰਤਨੀਆਂ ਦੀਆਂ ਗੁੰਜਾਰਾਂ ਸਭ

ਪਾਸੇ ਗੂੰਜੀਆਂ ਅਤੇ ਨਾਮ ਦੇ ਖੰਡੇ ਦੀ ਕਾਟ ਨੇ ਅਨੇਕਾਂ ਪ੍ਰਾਣੀਆਂ ਦੀ ਦੁਰਮਤਿ ਕੱਟ-ਕੱਟ ਖੰਡ ਖੰਡ ਕੀਤੀ॥"

ਗੁਰਵਾਕ ਹੈ, "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥" ਲੇਖਕ, ਪ੍ਰੋ. ਠਾਕਰ ਸਿੰਘ ਨੇ ਇਹ ਪੁਸਤਕ ਲਿਖ ਕੇ ਨਿਰਸੰਦੇਹ ਇਸੇ ਹੁਕਮ ਦੀ ਪਾਲਣਾ ਕੀਤੀ ਹੈ। ਪਰ ਇਸ ਨਾਲ, ਉਸ ਨੇ ਅਸਾਂ ਪਾਠਕਾਂ ਉੱਪਰ ਵੀ ਵੱਡਾ ਪਰਉਪਕਾਰ ਕੀਤਾ ਹੈ। ਪੁਸਤਕ ਨੂੰ ਪੜ੍ਹ ਕੇ ਅਸੀਂ ਕੁਝ/ਕੁਛ ਪਲ ਘੜੀਆਂ ਆਪਣੇ ਆਪ ਨੂੰ ਬਾਊ ਜੀ ਦੀ ਸੰਗਤ ਵਿਚ ਬੈਠਾ ਤੇ ਉਨ੍ਹਾਂ ਦੀ ਚੁੰਬਕੀ ਖਿਚ ਮਾਣਦਾ ਮਹਿਸੂਸ ਕਰ ਸਕਦੇ ਹਾਂ। ਇਹ ਪੁਸਤਕ ਹਨੇਰੇ ਜੀਵਨ ਰੁਸ਼ਨਾਉਣ ਵਾਲੀ, ਸਾਈਂ ਦੇ ਲੜ ਲਾਉਣ ਵਾਲੀ ਤੇ ਦੁਖ ਦਰਿੱਦਰ ਮਿਟਾਉਣ ਵਾਲੀ ਹੈ, ਅਤੇ ਅਖੰਡ ਕੀਰਤਨੀ ਸੰਸਥਾ ਦਾ ਪ੍ਰਮਾਣੀਕ ਇਤਿਹਾਸ ਵੀ ਹੈ। ਪੁਸਤਕ ਦੀ ਭਾਸ਼ਾ ਪੰਜਾਬੀ ਬੋਲੀ ਦੇ ਨਿਘ, ਮਿਠਾਸ ਤੇ ਸੰਭਾਵਨਾਵਾਂ ਦਾ ਦਰਪਣ ਹੈ, ਇਸ ਲਈ ਅਸੀਂ ਇਸ ਨੂੰ "ਜੀ ਆਇਆਂ ਨੂੰ" ਆਖਦੇ ਹਾਂ ਤੇ ਉਸ ਉੱਦਮ ਲਈ ਲੇਖਕ ਪ੍ਰਤੀ ਆਪਣੇ ਰਿਣ ਦਾ ਪ੍ਰਗਟਾਵਾ ਕਰਦੇ ਹਾਂ।

ਸਮੁੰਦਰੀ ਹਾਊਸ,
ਗ੍ਰੀਨ ਐਵੇਨਿਊ, ਅੰਮ੍ਰਿਤਸਰ
21 ਅਕਤੂਬਰ, 1982

ਬਿਸ਼ਨ ਸਿੰਘ ਸਮੁੰਦਰੀ
ਸਾਬਕਾ ਵਾਈਸ ਚਾਂਸਲਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ

# ਭਾਗ ਪਹਿਲਾ
# ਜੀਵਨ ਬਿਰਤਾਂਤ
## ਰੰਗ-ਰਤੜੇ ਬਾਊ ਮੱਲ ਸਿੰਘ ਜੀ ਤਰਨ ਤਾਰਨ

ਅਖੰਡ ਕੀਰਤਨੀ ਜਥੇ ਦੇ ਮਹਾਨ ਸਤਿਕਾਰਯੋਗ ਤੇ ਹਰਮਨ ਪਿਆਰੇ, ਕਰਨੀ ਤੇ ਕਮਾਈ ਦੇ ਉੱਚੇ ਸੁੱਚੇ, ਗੁਰਮਤਿ ਦੀਆਂ ਨਜ਼ੀਰਾਂ ਕਾਇਮ ਕਰਨ ਵਾਲੇ ਰੰਗਲੇ ਸਜਣ ਮਾਨਯਵਰ ਬਾਊ ਮੱਲ ਸਿੰਘ ਜੀ ਦਾ ਜੀਵਨ ਅਲੌਕਿਕ ਤੇ ਅਸਚਰਜ ਘਟਨਾਵਾਂ ਨਾਲ ਭਰਪੂਰ ਹੈ। ਆਪ ਦੀ ਪਾਰਸ-ਰਸਾਇਣੀ ਛੁਹ ਨਾਲ ਹਜ਼ਾਰਾਂ ਪ੍ਰਾਣੀਆਂ ਨੂੰ ਗੁਰਮਤਿ ਦੀ ਲਾਗ ਲੱਗੀ ਅਤੇ ਬੇਅੰਤ ਪ੍ਰਾਣੀ ਆਪ ਦੀਆਂ ਅਰਦਾਸਾਂ ਸਦਕਾ ਗੁਰੂ-ਘਰੋਂ ਵਰੋਸਾਇ ਗਏ। ਅਨੇਕਾਂ ਦੇ ਪ੍ਰਮਾਰਥ ਸੁਧਰੇ ਤੇ ਅਨੇਕਾਂ ਦੇ ਸੁਆਰਥ ਪੂਰੇ ਹੋਏ। ਆਪ ਜੀ ਦੀ ਪਿਆਰ-ਗਲਵਕੜੀ ਦੀ ਮਿਲਣੀ ਸਭ ਨੂੰ ਮੋਹ ਲੈਂਦੀ ਸੀ। ਆਪ ਜੀ ਦਾ ਚੁੰਬਕੀ ਜੀਵਨ ਸਭ ਨੂੰ ਖਿਚ ਪਾਉਂਦਾ ਸੀ। "ਗੁਰਮਤਿ ਰਿਦੈ ਗਰੀਬੀ ਆਵੈ" (ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੪) ਵਾਕ ਅਨੁਸਾਰ ਅਤਿ ਦੀ ਨਾਮ-ਗਰੀਬੀ ਆਪ ਦੇ ਅੰਦਰ ਵਸਦੀ ਸੀ। ਜਦੋਂ ਕੋਈ ਗੁਰਸਿੱਖ ਆਪ ਦੇ ਘਰ ਚਲ ਕੇ ਜਾਂਦਾ ਤਾਂ ਉਸ ਤੋਂ ਵਾਰਨੇ ਬਲਿਹਾਰਨੇ ਹੁੰਦੇ ਅਤੇ ਚਰਨ ਧੋ ਕੇ ਪੀਣ ਤਕ ਜਾਂਦੇ ਸਨ। ਸੰਗਤਾਂ ਦੀ ਵਿਦਾਇਗੀ ਵੇਲੇ ਉਹ ਇਹ ਸ਼ਬਦ 'ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ।' ਪੜ੍ਹਦੇ, ਘਰ ਦੇ ਬਾਹਰ ਡੰਡਉਤ ਬੰਦਨਾ ਕਰਦੇ ਹੋਏ ਧੂੜੀ ਵਿਚ ਛਪਾਲ ਲੇਟ ਜਾਂਦੇ ਸਨ। ਸਤਿਗੁਰੂ ਦਾ ਬਖ਼ਸ਼ਿਆ ਨਾਮ ਉਨ੍ਹਾਂ ਦੇ ਰੋਮ ਰੋਮ ਵਿਚ ਵਸਦਾ ਸੀ। ਉਨ੍ਹਾਂ ਉਪਰ ਸਤਿਗੁਰਾਂ ਦੀ ਪੂਰਨ ਬਖਸ਼ਿਸ਼ ਸੀ :

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ**
**ਜੋ ਹਰਿ ਹਿਰਦੈ ਸਦਾ ਵਸਾਇ ॥੧॥੧੯॥**

*(ਸਲੋਕੁ ਮ: ੩, ਪੰਨਾ ੬੪੯)*

ਇਹ ਗੁਰਵਾਕ ਆਪ ਜੀ ਤੇ ਇੰਨ-ਬਿੰਨ ਘਟਦਾ ਸੀ। ਉਨ੍ਹਾਂ ਵਲੋਂ ਰਚਾਏ ਜਾਂਦੇ ਸਮਾਗਮਾਂ ਸਮੇਂ ਇਹੋ ਹੁਕਮਨਾਮਾ ਕਈ ਵਾਰੀ ਆਉਂਦਾ ਰਿਹਾ। ਉਨ੍ਹਾਂ ਦਾ ਇਹ ਲੋਕ ਵੀ ਸੁਹੇਲਾ ਸੀ ਤੇ ਪਰਲੋਕ ਵੀ। ਜਿਥੇ ਦੁਨਿਆਵੀ ਪਦਾਰਥਾਂ ਵਲੋਂ ਕੋਈ ਘਾਟ ਨਹੀਂ ਸੀ, ਉਥੇ ਪ੍ਰਮਾਰਥੀ ਬਖ਼ਸ਼ਿਸ਼ਾਂ ਸਿਖਰਾਂ ਛੂੰਹਦੀਆਂ ਸਨ। ਕਾਮਯਾਬੀ ਸਦਾ ਉਨ੍ਹਾਂ ਦੇ ਚਰਣ ਚੁੰਮਦੀ ਸੀ। ਆਪ ਜੀ ਨਾਮੁਮਕਿਨ ਨੂੰ ਮੁਮਕਿਨ ਬਣਾ ਦਿੰਦੇ ਸਨ। ਸੰਨ 1947 ਦੇ ਉਜਾੜੇ ਤੋਂ ਪਹਿਲਾਂ ਉਕਾੜੇ (ਪਾਕਿਸਤਾਨ) ਵਿਚ ਆਪ ਜੀ ਦੇ ਦੋ ਮੁਰੱਬੇ ਜ਼ਮੀਨ ਸੀ।

ਆਪ ਨੇ ਤਕਰੀਬਨ ਅੱਧੀ ਸਦੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ-ਸਾਥ, ਅਤੇ ਪਿੱਛੋਂ ਅਖੰਡ ਕੀਰਤਨੀ ਜਥੇ ਦੀ ਨਿਰਮਾਣ ਤੇ ਅਥੱਕ ਸੇਵਾ ਕੀਤੀ। ਹਜ਼ਾਰਾਂ ਪ੍ਰਾਣੀਆਂ ਨੂੰ ਪੰਚਮ ਦੀ ਜਥੇਦਾਰੀ ਦੀ ਸੇਵਾ ਨਿਭਾਉਂਦਿਆਂ ਹੋਇਆਂ ਅੰਮ੍ਰਿਤ ਪਾਨ ਕਰਵਾਇਆ ਅਤੇ *"ਜੀਅ ਦਾਨੁ ਦੇ ਭਗਤੀ ਲਾਇਨਿ"* (ਸੂਹੀ ਮ: ੫, ਪੰਨਾ ੭੪੯) ਦੇ ਵਾਕ ਅਨੁਸਾਰ ਸਤਿਗੁਰਾਂ ਪਾਸੋਂ ਜੀਅ-ਦਾਨ ਦਿਵਾਇਆ। ਪੰਜਾਬ ਦੇ ਕੋਨੇ ਕੋਨੇ ਵਿਚ ਅਤੇ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ-ਬੰਬੇ, ਦਿੱਲੀ, ਕਲਕੱਤਾ, ਕਾਨਪੁਰ, ਬਰੇਲੀ, ਕੋਟਾ,

ਆਗਰਾ, ਭੂਪਾਲ, ਪਟਨਾ ਸਾਹਿਬ ਤੋਂ ਇਲਾਵਾ ਪੋਠੋਹਾਰ ਰਾਵਲਪਿੰਡੀ, ਪਿਸ਼ਾਵਰ ਤੇ ਕਸ਼ਮੀਰ, ਆਦਿਕ ਥਾਵਾਂ ਤੇ ਪੁਜ ਕੇ ਬੇਅੰਤ ਚੜ੍ਹਦੀਆਂ ਕਲਾ ਵਾਲੇ ਅਨੂਠੇ ਅਖੰਡ ਪਾਠ, ਕੀਰਤਨ ਤੇ ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਸਤਿਗੁਰਾਂ ਦੇ ਵਰਤਾਏ ਕਲਾ-ਕ੍ਰਿਸ਼ਮਣੀ ਕੌਤਕਾਂ ਦੇ ਰੰਗ ਆਪ ਮਾਣਦੇ ਰਹੇ ਅਤੇ ਗੁਰਸਿੱਖ ਭੌਰਿਆਂ ਨੂੰ ਪ੍ਰੇਰ ਪ੍ਰੇਰ ਕੇ ਅੰਮ੍ਰਿਤ ਰਸ ਭੁੰਚਾਉਂਦੇ ਰਹੇ।

ਕੁਮਾਰ ਹੱਟੀ ਦੀਆਂ ਪਹਾੜੀ ਚੋਟੀਆਂ ਨੂੰ ਬੜੇ ਭਾਗ ਲਾਏ। ਨਾਮ ਦੀਆਂ ਅਤੁੱਟ ਅਭਿਆਸ ਕਮਾਈਆਂ ਕੀਤੀਆਂ। ਇਹ ਗੂੰਜਾਂ ਅੱਜ ਵੀ ਉਥੋਂ ਦੀ ਪਉਣ ਵਿਚ ਗੂੰਜਦੀਆਂ ਹਨ। ਉਥੋਂ ਦੀਆਂ ਸੀਤਲ ਤੇ ਠੰਢੀਆਂ ਮਿਠੀਆਂ ਪਵਨ-ਫੁਹਾਰਾਂ ਅੱਜ ਵੀ ਅਭਿਆਸੀ ਜਨਾਂ ਨੂੰ ਨਾਮ-ਅਭਿਆਸ-ਖੇੜੇ ਦਾ ਰੁਮਕਾ ਰੁਮਕਾਅ ਦਿੰਦੀਆਂ ਹਨ। ਆਪ ਜੀ ਕਿਹਾ ਕਰਦੇ ਸਨ ਜਿਵੇਂ ਨਹਿਰ ਦੇ ਮੋਘੇ ਵਿਚੋਂ ਜਲ ਉਛਾਲੇ ਮਾਰਦਾ ਚਲ ਪੈਂਦਾ ਹੈ, ਤਿਵੇਂ ਸਿਮਰਨ-ਅਭਿਆਸ ਦਾ ਤੋਰਾ ਜ਼ੋਰ-ਜ਼ੋਰ ਵਿਸਮਾਦੀ ਰੰਗਾਂ ਵਿਚ ਚਲਣਾ ਚਾਹੀਏ।

## ਜਨਮ ਤੇ ਬਚਪਨ

ਸੰਨ 1879 ਈਸਵੀ ਵਿਚ ਪਿੰਡ ਸਰਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਸ. ਕਾਹਨ ਸਿੰਘ ਤੇ ਮਾਤਾ ਗੁਲਾਬ ਕੌਰ ਦੇ ਗ੍ਰਹਿ ਵਿਖੇ ਆਪ ਜੀ ਦਾ ਜਨਮ ਹੋਇਆ। ਤਿੰਨ ਵੀਰਾਂ ਅਤੇ ਦੋਹਾਂ ਭੈਣਾਂ ਵਿਚੋਂ ਆਪ ਜੀ ਸਭ ਤੋਂ ਛੋਟੇ ਸਨ। ਭੈਣਾਂ ਦੋਵੇਂ ਵਿਆਹੀਆਂ ਹੋਈਆਂ ਸਨ। ਆਪ ਜੀ ਅਜੇ ਅੱਠ ਕੁ ਵਰ੍ਹਿਆਂ ਦੇ ਸਨ ਅਤੇ ਵੱਡੇ ਭਾਈ ਸ. ਵਰਿਆਮ ਸਿੰਘ ਜੀ ਸੋਲ੍ਹਾਂ ਸਾਲਾਂ ਦੇ ਸਨ, ਜਦ ਪਿਤਾ ਜੀ ਚੜ੍ਹਾਈ ਕਰ ਗਏ।

ਬਾਊ ਮੱਲ ਸਿੰਘ ਜੀ ਦੇ ਪਿਤਾ ਬਾਬਾ ਕਾਹਨ ਸਿੰਘ ਜੀ ਨੂੰ ਆਪਣੀਆਂ ਕੁਝ ਮਜਬੂਰੀਆਂ ਕਰਕੇ ਜ਼ਿੰਦਗੀ ਦੇ ਤਕਰੀਬਨ 26 ਸਾਲ ਆਪਣੀ ਵੱਡੀ ਭੈਣ (ਜਥੇਦਾਰ ਊਧਮ ਸਿੰਘ ਜੀ ਦੀ ਦਾਦੀ) ਦੇ ਪਾਸ ਪਿੰਡ ਨਾਗੋਕੇ ਗੁਜ਼ਾਰਨੇ ਪਏ ਸਨ। ਨਾਗੋਕੇ ਪਿੰਡ ਸਰਲੀ ਤੋਂ ਤਿੰਨ ਮੀਲ ਹੈ।

1873-74 ਵਿਚ ਸਿੰਘ ਸਭਾ ਲਹਿਰ ਇਲਾਕੇ ਵਿਚ ਚਲ ਪਈ ਸੀ ਤੇ ਇਨ੍ਹਾਂ ਦੇ ਮਾਤਾ ਪਿਤਾ ਨੂੰ ਗੁਰਸਿਖੀ ਦੀ ਲਗਨ ਲਗ ਗਈ ਸੀ। ਲੋਕੀ ਆਪ ਜੀ ਦੇ ਪਿਤਾ ਨੂੰ 'ਭਾਈ ਕਾਹਨ ਸਿੰਘ ਜੀ' ਕਹਿ ਕੇ ਪੁਕਾਰਦੇ ਤੇ ਸਤਿਕਾਰਦੇ ਸਨ।

ਇਸ ਸਮੇਂ ਦੀ ਇਕ ਵੈਰਾਗਮਈ ਵਾਰਤਾ ਬਾਊ ਜੀ ਆਪਣੀ ਜ਼ਬਾਨੀ ਇਸ ਤਰ੍ਹਾਂ ਸੁਣਾਇਆ ਕਰਦੇ ਸਨ ਕਿ ਜਦ ਪਿਤਾ ਜੀ ਚੜ੍ਹਾਈ ਕਰਨ ਲੱਗੇ ਤਾਂ ਕਈ ਆਂਢੀ-ਗੁਆਂਢੀ ਇਕੱਠੇ ਹੋ ਗਏ ਅਤੇ ਉਨ੍ਹਾਂ ਵਿਚੋਂ ਇਕ ਨੇ ਪਿਤਾ ਜੀ ਨੂੰ ਕਿਹਾ, "ਕਾਹਨ ਸਿੰਘਾ ! ਅਜੇ ਸਾਰਾ ਆਵਾ ਕੱਚਾ ਹੈ।" ਪਿਤਾ ਜੀ ਨੇ ਬੜੀ ਗੰਭੀਰਤਾ ਤੇ ਠਰੰਮ੍ਹੇ ਨਾਲ ਉਤਰ ਦਿੱਤਾ ਕਿ ਇਹ ਠੀਕ ਹੈ, ਪਰ ਮੇਰੇ ਪੁੱਤਰ ਕਿਸੇ ਦਾ ਉਲਾਂਭਾ ਨਹੀਂ ਲਿਆਉਣਗੇ।

ਘਰ ਦੀ ਸੰਭਾਲ ਕਰਨ ਵਾਲਾ, ਮਾਤਾ ਜੀ ਤੋਂ ਬਿਨਾਂ ਹੋਰ ਕੋਈ ਬਜ਼ੁਰਗ ਘਰ ਵਿਚ ਨਹੀਂ ਸੀ। ਘਰ ਵਿਚ ਅਤਿ ਦੀ ਗਰੀਬੀ ਵਰਤ ਗਈ। ਇਸੇ ਉਮਰੇ ਮਾਤਾ ਜੀ ਨੇ ਆਪਣੇ ਛੋਟੇ ਪੁੱਤਰ ਮੱਲ ਸਿੰਘ ਨੂੰ ਸਕੂਲੇ ਪੜ੍ਹਨੇ ਪਾ ਦਿੱਤਾ, ਜੋ ਕਿ ਬੜਾ ਹੋਣਹਾਰ ਸਾਬਤ ਹੋਇਆ।

ਇਨ੍ਹਾਂ ਦਿਨਾਂ ਵਿਚ ਗੁਰੂ-ਬੰਸ ਦੇ ਵਿਅਕਤੀਆਂ ਦੀ ਬੜੀ ਇੱਜ਼ਤ ਸੀ। ਦਿਵਾਲੀ ਅਤੇ ਵਿਸਾਖੀ ਸਮੇਂ, ਜਦੋਂ ਉਹ ਪਿੰਡਾਂ ਵਿਚ ਸਿੱਖੀ ਪਰਚਾਰ ਲਈ ਚੱਕਰ ਲਾਉਂਦੇ ਸਨ ਤਾਂ ਉਨ੍ਹਾਂ ਨੂੰ 'ਗੁਰੂ ਕੇ' ਆਖ ਕੇ ਸਤਿਕਾਰਿਆ ਜਾਂਦਾ ਸੀ।

ਮੱਲ ਸਿੰਘ ਜੀ ਤੀਜੀ ਜਮਾਤੇ ਪੜ੍ਹਦੇ ਸਨ ਕਿ ਇਨ੍ਹਾਂ ਦੇ ਪਿੰਡ ਸਰਲੀ ਵਿਖੇ ਬਟਾਲੇ ਤੋਂ ਬੇਦੀ ਬੰਸ ਦੇ ਬਾਬਾ ਜੀ ਫੇਰੀ 'ਤੇ ਆਏ, ਤਾਂ ਮਾਂ ਨੇ ਬੇਟੇ ਨੂੰ ਇਕ ਦਮੜਾ ਦਿੱਤਾ ਤੇ ਕਿਹਾ ਕਿ ਗੁਰੂ ਕਿਆਂ ਨੂੰ ਮੱਥਾ ਟੇਕ ਆਓ। ਉਹ ਗਏ ਤੇ ਦਮੜਾ ਅਗੇ ਰਖ ਕੇ ਮੱਥਾ ਟੇਕ ਆਏ। ਵਾਪਸ ਆ ਕੇ ਮਾਤਾ ਜੀ ਨੂੰ ਕਹਿਣ ਲੱਗੇ, "ਮਾਂ ਜੀ, ਗੁਰੂ ਕੇ ਝੁੰਗਲਮਾਟਾ ਕਰ ਕੇ ਚੁਪ ਬੈਠੇ ਸਨ ਤੇ ਮੈਂ ਦਮੜਾ ਅੱਗੇ ਰਖ ਕੇ ਮੱਥਾ ਟੇਕ ਆਇਆ ਹਾਂ। ਉਹ ਇਸ ਤਰ੍ਹਾਂ ਚੁਪ ਕਰ ਕੇ ਚਾਦਰ ਲੈ ਕੇ ਕਿਉਂ ਬੈਠੇ ਸਨ?" ਮਾਂ ਕਹਿਣ ਲੱਗੀ, "ਬੇਟਾ, ਉਹ ਇਕਾਂਤ ਬੈਠ ਕੇ ਭਜਨ-ਪਾਠ ਕਰਦੇ ਹਨ।" ਬੇਟੇ ਨੇ ਫਿਰ ਪੁਛਿਆ, "ਮਾਂ ਜੀ, ਭਜਨ ਕੀ ਹੁੰਦਾ ਹੈ?" ਤਾਂ ਮਾਂ ਨੇ ਸਹਿਜ-ਭਾ ਵਿਚ ਬੱਚੇ ਨੂੰ ਪਿਆਰ ਨਾਲ ਦੱਸਿਆ ਕਿ ਗੁਰਬਾਣੀ ਦਾ ਪਾਠ ਕਰਦੇ ਉਹ ਅਨੰਦ ਮਾਣਦੇ ਹਨ ਤੇ ਇਉਂ ਰੱਬ ਦੀ ਭਗਤੀ ਕਰਦੇ ਹਨ। ਬਸ ਇਹ ਗੱਲ ਆਪ ਦੇ ਮਨ ਵਿਚ ਘਰ ਕਰ ਗਈ ਅਤੇ ਅੰਤਸ਼ਕਰਣ ਦੀ ਤਖ਼ਤੀ 'ਤੇ ਅਮਿੱਟ ਲਕੀਰ ਵਾਂਗ ਉਕਰੀ ਗਈ। ਸ਼ੀਘਰ ਹੀ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਤੋਂ ਜਪੁਜੀ ਦਾ ਉਰਦੂ ਦਾ ਗੁਟਕਾ ਲੈ ਲਿਆ। ਆਪ ਨੇ ਰੋਜ਼ਾਨਾ ਨੇਮ ਨਾਲ ਸਵੇਰੇ ਘਰ ਦੇ ਸਾਹਮਣੇ ਦੀ ਢਾਬ ਵਿਚ ਇਸ਼ਨਾਨ ਕਰ ਕੇ ਘਰ ਆ ਜਾਣਾ ਅਤੇ ਜਪੁਜੀ ਦਾ ਪਾਠ ਕਰਨਾ। ਮਾਂ ਨੇ ਨਾਲੇ ਚਰਖਾ ਕੱਤਣਾ ਤੇ ਨਾਲੇ ਪਾਠ ਸੁਣਨਾ। ਇਹ ਪਾਠ, ਉਸ ਦਿਨ ਤੋਂ ਹੀ ਆਪ ਦਾ, ਸਾਰੀ ਜ਼ਿੰਦਗੀ ਦਾ ਅੰਮ੍ਰਿਤ ਵੇਲੇ ਦਾ ਨਿਤਨੇਮ ਬਣ ਗਿਆ, ਜੋ ਸਤਿਗੁਰੂ ਜੀ ਨੇ ਸਾਰੀ ਆਯੂ ਪੂਰੀ ਤਰ੍ਹਾਂ ਨਿਭਾਇਆ। ਬਾਲ-ਵਰੇਸ ਦੇ ਨਿਰਛੱਲ ਸਵੱਛ ਹਿਰਦੇ ਵਿਚ ਗੁਰਬਾਣੀ ਦਾ ਅੰਕੁਰ ਬੀਜ ਬੀਜਿਆ ਗਿਆ। ਇਸ ਅੰਕੁਰ ਨੇ ਫਲੀਭੂਤ ਹੋਣਾ ਹੀ ਸੀ। ਇਹ ਅੰਕੁਰ ਅੰਤ ਨੂੰ "ਪੂਰਬ ਜਨਮ ਕੇ ਮਿਲੇ ਸੰਜੋਗੀ" ਦੇ ਅਟੱਲ ਹੁਕਮ ਵਿਚ ਜੁਵਾ ਅਵਸਥਾ ਸਮੇਂ, ਸ੍ਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ ਨਾਲ ਧੁਰੋਂ ਲਿਖਿਆ ਸੰਜੋਗ ਮੇਲ ਹੋਣ ਉਪਰੰਤ, ਕਿਵੇਂ ਭਰਪੂਰ ਹੋ ਕੇ ਫੁਲਿਆ ਫਲਿਆ, ਇਸ ਦੀ ਸੰਖੇਪ ਕਥਾ ਅਗਲੇ ਪੰਨਿਆਂ ਵਿਚ ਅੰਕਿਤ ਹੈ। ਇਥੇ ਆਪ ਜੀ ਦੀ ਬਾਲ-ਵਰੇਸ ਦੀ ਸਿੱਖੀ ਲਗਨ ਦੀ ਇਕ ਘਟਨਾ ਦਿੱਤੀ ਜਾਂਦੀ ਹੈ :-

ਸ੍ਰੀ ਮਾਨ ਬਾਬੂ ਜੀ ਬਚਪਨ ਤੋਂ ਹੀ ਤਿੱਖੀ ਬੁਧੀ ਵਾਲੇ ਸਨ। ਇਕ ਦਿਨ ਇਨ੍ਹਾਂ ਦੀ ਮਾਤਾ ਬੇਬੇ ਗੁਲਾਬ ਕੌਰ ਜੀ ਨੇ ਆਟੇ ਦਾ ਦੀਵਾ ਬਣਾ ਕੇ ਵਿਚ ਘਿਓ ਪਾਇਆ ਤੇ ਦੇਵੀ ਦੀ ਜੋਤ ਜਗਾਈ। ਬਾਲੜੇ ਬਾਊ ਜੀ ਨੂੰ ਕਹਿਣ ਲੱਗੇ, "ਆਓ ਬੇਟਾ, ਦੇਵੀ ਨੂੰ ਮੱਥਾ ਟੇਕੋ।" ਆਪ ਨੇ ਲਾਗੇ ਪੁਜਦੇ ਹੀ ਜਗਦੀ ਜੋਤ ਨੂੰ ਫੂਕ ਮਾਰ ਕੇ ਬੁਝਾ ਦਿੱਤਾ ਅਤੇ ਆਟੇ ਦਾ ਦੀਵਾ ਵੇਹੜੇ ਬੱਧੀ ਗਊ ਦੇ ਮੂੰਹ ਵਿਚ ਦੇ ਦਿੱਤਾ। ਮਾਂ ਗੁੱਸੇ ਹੋਈ ਕਿ ਇਹ ਤੂੰ ਕੀ ਕੀਤਾ? ਆਪ ਨੇ ਕਿਹਾ, "ਇਹ ਦੇਵੀਆਂ ਸਾਡੀਆਂ ਕੁਝ ਨਹੀਂ ਲਗਦੀਆਂ। ਸਿਖ ਗੁਰਬਾਣੀ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਦੇ। ਇਸੇ ਕਰਕੇ ਮੈਂ ਆਪ ਜੀ ਨੂੰ ਰੋਜ਼ ਜਪੁਜੀ ਦਾ ਪਾਠ ਸੁਣਾਉਂਦਾ ਹਾਂ।" ਮਾਂ ਨੇ ਫਿਰ ਕੀ ਕਹਿਣਾ ਸੀ, ਦੇਵੀ ਦੀ ਜੋਤ ਤਾਂ ਗਊ ਦੇ ਢਿਡ ਵਿੱਚ ਪਹੁੰਚ ਚੁੱਕੀ ਸੀ। ਇਹ ਕਹਾਣੀ ਬਾਊ ਮੱਲ ਸਿੰਘ ਜੀ ਹਾਸੇ ਵਿਚ ਆਪ ਸੁਣਾਇਆ ਕਰਦੇ ਸਨ।

ਸ੍ਰੀ ਮਾਨ ਬਾਊ ਜੀ ਨੇ ਪੰਜਵੀਂ ਜਮਾਤ ਪਾਸ ਕੀਤੀ ਤਾਂ ਗੁਰੂ ਕੇ ਜਦ ਉਸ ਸਾਲ ਫੇਰੇ ਤੇ ਆਏ ਤਾਂ ਇਸ ਬੱਚੇ ਨੂੰ ਹੋਣਹਾਰ ਜਾਤਾ ਤੇ ਘਰ ਦੀ ਗਰੀਬੀ ਨੂੰ ਮੁਖ ਰਖ ਕੇ, ਅਗਲੀ ਪੜ੍ਹਾਈ ਜਾਰੀ ਰੱਖਣ ਲਈ ਆਪਣੇ ਪਾਸ ਬਟਾਲੇ ਭੇਜਣ ਲਈ ਪੱਕੀ ਕਰ ਗਏ। ਬਟਾਲਾ ਸਰਲੀ ਤੋਂ 30-35 ਮੀਲ ਹੈ। ਇਨ੍ਹਾਂ ਦੇ ਵੱਡੇ ਭਾਈ ਸ. ਵਰਿਆਮ ਸਿੰਘ, ਇਨ੍ਹਾਂ ਨੂੰ ਬਟਾਲੇ ਛੱਡਣ ਗਏ ਅਤੇ ਮੁੜਨ ਲਗਿਆਂ ਆਪਣੇ ਭਾਈ ਨੂੰ ਪੱਕੀ ਕੀਤੀ ਕਿ ਇਹ ਗੁਰੂ ਕਿਆਂ ਦਾ ਘਰ ਹੈ, ਸੇਵਾ ਤੋਂ ਮੇਵਾ ਅਤੇ ਟਹਿਲ ਤੋਂ ਮਹਿਲ ਮਿਲਦਾ ਹੈ, ਸੇਵਾ ਕਰੀਂ, ਉਸ ਤੋਂ ਸਭ ਕੁਝ ਮਿਲੇਗਾ।

ਗੁਰੂ ਕਿਆਂ ਦੇ ਪਰਵਾਰ ਨੇ ਬੜੇ ਪਿਆਰ ਨਾਲ 'ਜੀ ਆਇਆਂ' ਆਖਿਆ ਤੇ ਸੰਭਾਲ ਲਈ ਤਸੱਲੀ ਦਿੱਤੀ। ਪਹਿਲੇ ਦਿਨ ਤੋਂ ਹੀ ਬਾਲਕ ਮੱਲ ਸਿੰਘ ਜੀ ਸੇਵਾ ਵਿਚ ਜੁਟ ਗਏ। ਪੜ੍ਹਾਈ ਤੋਂ ਵਿਹਲੇ ਹੋ ਕੇ ਘਰ ਵਿਚ ਹਰ ਕਿਸਮ ਦੀ ਸੇਵਾ ਕਰਨੀ। ਉਨ੍ਹਾਂ ਦਿਨਾਂ ਵਿਚ ਬਾਹਰੋਂ ਖੂਹਾਂ ਤੋਂ ਪਾਣੀ ਢੋਣਾ ਹੁੰਦਾ ਸੀ। ਆਪ ਜੀ ਨੇ ਸਾਰਾ ਵਕਤ ਪਾਣੀ ਢੋਣਾ, ਭਾਂਡੇ ਮਾਂਜਣੇ ਅਤੇ ਘਰ ਵਿਚ ਜੋ ਵੀ ਸੇਵਾ ਮਿਲੇ, ਉਸ ਲਈ ਸਦਾ ਤੱਤਪਰ ਰਹਿਣਾ। ਥੋੜੇ ਸਮੇਂ ਵਿਚ ਹੀ ਗੁਰੂ ਕਿਆਂ ਨੂੰ ਤੇ ਉਨ੍ਹਾਂ ਦੇ ਪਰਵਾਰ ਨੂੰ ਅਜਿਹਾ ਪ੍ਰਸੰਨ ਕੀਤਾ ਤੇ ਉਨ੍ਹਾਂ ਵਿਚ ਅਜਿਹੇ ਰਚ ਮਿਚ ਗਏ ਕਿ ਗੁਰੂ ਕੇ ਇਨ੍ਹਾਂ ਨੂੰ ਆਪਣਾ ਚੌਥਾ ਪੁੱਤਰ ਕਹਿਣ ਲੱਗ ਪਏ। ਅੱਗੇ ਉਨ੍ਹਾਂ ਦੇ ਤਿੰਨ ਪੁੱਤਰ ਸਨ।

## ਫੌਜੀ ਨੌਕਰੀ

ਅਜੇ ਨੌਂਵੀਂ ਜਮਾਤ ਵਿਚ ਹੀ ਬਟਾਲੇ ਪੜ੍ਹਦੇ ਸਨ ਕਿ ਗੁਰੂ ਨੇਤ ਨਾਲ ਆਪ ਦੇ ਜੀਵਨ ਦਾ ਕਾਂਟਾ ਬਦਲਣ ਦੀ ਬਿਧ ਆ ਬਣੀ। ਘਰਦਿਆਂ ਨਾਲ ਸਲਾਹ ਕਰ ਕੇ ਇਕ ਰਿਸ਼ਤੇਦਾਰ ਦੇ ਵਸੀਲੇ ਨਾਲ ਕੋਇਟੇ (ਪਾਕਿਸਤਾਨ) ਜਾ ਕੇ 36 ਨੰਬਰ ਰਸਾਲੇ ਵਿਚ ਭਰਤੀ ਹੋ ਗਏ। ਉਨ੍ਹੀਂ ਦਿਨੀਂ ਰਸਾਲੇ ਦੇ ਘੋੜ-ਚੜ੍ਹੇ ਸਵਾਰਾਂ ਦੀ ਬੜੀ ਸ਼ਾਨ ਹੁੰਦੀ ਸੀ। ਕੁਝ ਸਮੇਂ ਪਿਛੋਂ ਆਪ ਜੀ ਫੌਜੀ ਵਰਦੀ ਵਿਚ ਸਜੇ ਹੋਏ ਗੱਭਰੂ, ਜੁਆਨ ਬਰੇਸ, ਸ਼ਾਨਦਾਰ ਘੋੜੇ 'ਤੇ ਸਵਾਰ, ਨਾਲ ਘੋੜੇ ਦੀ ਸੰਭਾਲ ਲਈ ਰਾਂਝਾ ਨਾਂ ਦਾ ਸਾਈਸ, ਪਿੰਡ ਨਾਗੋਕੀ ਸਰਲੀ ਜ਼ਿਲ੍ਹਾ ਲਾਇਲਪੁਰ ਵਿਚ ਪਹਿਲੀ ਰਜਾ (ਛੁੱਟੀ ਤੇ) ਆਏ। ਇਥੇ ਇਨ੍ਹਾਂ ਦੇ ਵੱਡੇ ਭਾਈ ਵਰਿਆਮ ਸਿੰਘ ਨੂੰ ਇਕ ਮੁਰੱਬਾ ਜ਼ਮੀਨ ਮਿਲ ਗਈ ਹੋਈ ਸੀ ਤੇ ਸਾਰਾ ਪਰਵਾਰ ਉਥੇ ਹੀ ਵੱਸਦਾ ਸੀ। ਸੱਤ ਮਹੀਨਿਆਂ ਦੀ ਪਹਿਲੀ ਛੁੱਟੀ ਸੀ। ਸਾਰੇ ਪਰਿਵਾਰ ਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਚਾਉ ਨਾ ਚੁਕੇ ਜਾਣ। ਛੁੱਟੀ ਕੱਟ ਕੇ ਆਪ ਜੀ ਫਿਰ ਰਸਾਲੇ ਵਿਚ ਜਾ ਹਾਜ਼ਰ ਹੋਏ।

ਓਦੋਂ ਅੰਗਰੇਜ਼ੀ ਪੜ੍ਹੇ-ਲਿਖੇ ਨੌਜਵਾਨ ਕੋਈ ਟਾਵੇਂ ਟਾਵੇਂ ਹੀ ਹੁੰਦੇ ਸਨ। ਅੰਗਰੇਜ਼ੀ ਪੜ੍ਹੇ-ਲਿਖੇ ਹੋਣ ਕਰਕੇ ਆਪ ਜੀ ਨੂੰ ਕਲਰਕ ਦੀ ਡਿਊਟੀ ਸੌਂਪ ਦਿੱਤੀ ਗਈ। ਇਸ ਕਰਕੇ ਆਪ ਜੀ "ਬਾਬੂ ਜੀ" ਦੇ ਨਾਮ ਨਾਲ ਪੁਕਾਰੇ ਜਾਣ ਲਗੇ। ਜਦੋਂ ਪਿਛੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਮੇਲ ਹੋਇਆ ਤਾਂ ਉਹ ਆਪ ਜੀ ਨੂੰ ਬਾਬੂ ਜੀ ਦੇ ਥਾਂ "ਬਾਊ ਜੀ" ਕਰ ਕੇ ਬਲਾਉਣ ਲੱਗ ਪਏ। ਨਿਤਨੇਮ ਬਾਣੀ ਦੇ ਆਪ ਪੱਕੇ ਨੇਮੀ ਪ੍ਰੇਮੀ ਬਣ ਚੁਕੇ ਸਨ ਅਤੇ ਆਪਣੀ ਫੌਜੀ ਡਿਊਟੀ ਵੀ ਪੂਰੀ ਲਗਨ ਤੇ ਦਿਆਨਤਦਾਰੀ ਨਾਲ ਨਿਭਾਉਂਦੇ

ਸਨ, ਜਿਸ ਕਰਕੇ ਰਸਾਲੇ ਵਿਚ ਆਪ ਦਾ ਬੜਾ ਆਦਰ ਸਤਿਕਾਰ ਬਣ ਗਿਆ।

## ਅਨੰਦ ਕਾਰਜ

ਤਿੰਨ ਕੁ ਸਾਲ ਪਿਛੋਂ ਆਪ ਦੇ ਰਸਾਲੇ ਦੀ ਬਦਲੀ ਕੋਇਟੇ ਤੋਂ ਅੰਬਾਲੇ ਹੋ ਗਈ। ਆਪ ਦੇ 36 ਨੰਬਰ ਰਸਾਲੇ ਦੇ ਹੈਡ ਕਲਰਕ ਸ. ਮਾਨ ਸਿੰਘ ਜੀ ਸਨ। ਆਪ ਜੀ ਦੇ ਕੰਮ-ਕਾਰ ਦੀ ਲਗਨ, ਦਿਆਨਤਦਾਰੀ ਅਤੇ ਉਚੇ ਸੁਚੇ ਇਖ਼ਲਾਕੀ ਗੁਣਾਂ ਤੋਂ ਸ. ਮਾਨ ਸਿੰਘ ਜੀ ਬੜੇ ਪ੍ਰਭਾਵਤ ਹੋਏ। ਉਨ੍ਹਾਂ ਨੇ ਕਪੂਰਥਲੇ ਸ਼ਹਿਰ ਵਿਚ ਇਕ ਚੰਗੇ ਖ਼ਾਨਦਾਨ ਵਿਚ ਆਪ ਦਾ ਰਿਸ਼ਤਾ ਕਰਵਾ ਦਿੱਤਾ। ਬੀਬੀ ਨਿਹਾਲ ਕੌਰ ਜੀ ਆਪ ਨੂੰ ਬੜੇ ਚੰਗੇ ਤੇ ਸੁਚੱਜੇ ਜੀਵਨ-ਸਾਥੀ ਮਿਲ ਗਏ।

## ਅੰਮ੍ਰਿਤ ਛਕਣ ਦੇ ਸੰਜੋਗ ਬੱਝਣੇ

ਅੰਬਾਲੇ ਛਾਉਣੀ ਵਿਖੇ ਆਪ ਦੇ ਅਧਿਆਤਮੀ ਸੰਸਕਾਰ ਤੇ ਪੂਰਬਲੇ ਅੰਕੁਰ ਸਫੁਟ ਹੋਏ। ਇਹ ਇਕ ਵਚਿਤਰ ਵਾਰਤਾ ਹੈ। ਸ੍ਰੀ ਜਪੁ ਜੀ ਸਾਹਿਬ ਦੇ ਪਾਠ-ਨਿਤਨੇਮ ਨਾਲ ਗੁਰਸਿਖੀ ਦਾ ਅੰਕੁਰ ਤਾਂ ਪਹਿਲਾਂ ਹੀ ਹਿਰਦੇ ਅੰਦਰ ਸਫੁੱਟ ਹੋ ਚੁੱਕਾ ਸੀ। ਬਟਾਲੇ ਗੁਰੂ ਕਿਆਂ ਦੀ ਸੰਗਤ ਨਾਲ ਗੁਰਮਤਿ ਦੇ ਹੋਰ ਸੰਸਕਾਰ ਅੰਦਰ ਸਿੰਚਰਦੇ ਗਏ। ਪਰ ਜਦੋਂ ਇਨ੍ਹਾਂ ਦਾ ਰਸਾਲਾ ਅੰਬਾਲੇ ਛਾਉਣੀ ਪੁਜਾ ਤਾਂ ਦਾਤਾ ਜੀ ਨੇ ਇਨ੍ਹਾਂ ਦਾ ਇਕ ਐਸੇ ਗੁਰਮੁਖ ਪਿਆਰੇ ਨਾਲ ਸੰਬੰਧ ਜੋੜ ਦਿੱਤਾ, ਜਿਸ ਨੇ ਪ੍ਰਮਾਰਥਕ ਜ਼ਿੰਦਗੀ ਵਿਚ ਇਕ ਨਵਾਂ ਮੋੜ ਲੈ ਆਂਦਾ। ਇਹ ਸਨ ਗੁਰੂ ਪਿਆਰੇ ਜਮਾਂਦਾਰ ਸ੍ਰੀ ਮਾਨ ਪਿਆਰਾ ਸਿੰਘ ਜੀ ਪਿੰਡ ਮਹਿਲੋਵਾਲ (ਸਿਆਲਕੋਟ), ਜੋ ਰਸਾਲਾ ਨੰਬਰ 8 ਅੰਬਾਲਾ ਛਾਉਣੀ ਵਿਚ ਹੀ ਐਜੂਕੇਸ਼ਨ ਅਫਸਰ ਲੱਗੇ ਹੋਏ ਸਨ। ਪਿਛੋਂ ਕਰਨਲ ਪਿਆਰਾ ਸਿੰਘ ਜੀ ਜੈਪੁਰ ਕਰਕੇ ਪ੍ਰਸਿੱਧ ਹੋਏ।

ਸ. ਮਾਨ ਸਿੰਘ ਜੀ ਹੈਡ ਕਲਰਕ, ਜੋ ਸ. ਪਿਆਰਾ ਸਿੰਘ ਦੇ ਪਹਿਲਾਂ ਤੋਂ ਹੀ ਮੇਲੀ ਗੇਲੀ ਸੀ, ਉਨ੍ਹਾਂ ਨੂੰ ਮਿਲਣ ਗਏ। ਉਹ ਸੁਭਾਵਕ ਹੀ ਸ੍ਰੀਮਾਨ ਬਾਊ ਜੀ ਨੂੰ ਆਪਣੇ ਨਾਲ ਲੈ ਗਏ। ਉਥੇ ਬਚਨ-ਬਿਲਾਸ ਕਰਦਿਆਂ ਗੁਰਮਤਿ 'ਤੇ ਵੀ ਵਿਚਾਰ-ਵਟਾਂਦਰਾ ਸ਼ੁਰੂ ਹੋ ਗਿਆ। ਬਸ ਫੇਰ ਕੀ ਸੀ, 'ਹਮ ਜਿਨਸ, ਹਮ ਪਰਵਾਜ਼' ਵਾਲੀ ਗੱਲ ਹੋਈ। ਪਹਿਲੀ ਮੁਲਾਕਾਤ ਵਿਚ ਹੀ ਇਕ ਦੂਜੇ ਦੀ ਪਛਾਣ ਹੋ ਗਈ ਅਤੇ ਪੀਡੀਆਂ ਗੰਢਾਂ ਪੈ ਗਈਆਂ। ਕਰਨਲ ਪਿਆਰਾ ਸਿੰਘ ਜੀ ਮੁਢ ਤੋਂ ਹੀ ਗੁਰਮਤਿ ਦੇ ਖੋਜੀ ਅਤੇ ਆਤਮਕ ਜੀਵਨ ਦੇ ਮੁਤਲਾਸ਼ੀ ਸਨ ਤੇ ਗੁਰਸਿੱਖਾਂ ਦੀ ਸੰਗਤ ਲੋਚਦੇ ਰਹਿੰਦੇ ਸਨ।

ਕਰਨਲ ਸਾਹਿਬ ਤੇ ਬਾਊ ਜੀ ਦਾ ਇਕ ਦੂਜੇ ਪਾਸ ਆਉਣ ਜਾਣ ਸ਼ੁਰੂ ਹੋ ਗਿਆ। ਦੋਹਾਂ ਰਸਾਲਿਆਂ ਦਾ ਆਪਸ ਵਿਚ ਥੋੜ੍ਹਾ ਹੀ ਫਾਸਲਾ ਸੀ। ਸ. ਪਿਆਰਾ ਸਿੰਘ ਜੀ ਨੇ ਦਫ਼ਤਰ ਦੇ ਕੰਮ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਸ੍ਰੀਮਾਨ ਬਾਊ ਜੀ ਨੂੰ ਆ ਮਿਲਣਾ। ਉਹ ਇਸ ਗੱਲ ਦੇ ਪੱਕੇ ਵਿਸ਼ਵਾਸੀ ਸਨ ਕਿ ਗੁਰਸਿੱਖ ਵਾਸਤੇ, ਬਹੁਤੇ ਬਚਨ-ਬਿਲਾਸ ਕਰਨ ਨਾਲੋਂ ਪਾਠ-ਸਿਮਰਨ ਕਰਨਾ ਵਧੇਰੇ ਜ਼ਰੂਰੀ ਹੈ। ਸੋ ਛੇਤੀ ਹੀ ਦੋਹਾਂ ਨੇ ਫ਼ੈਸਲਾ ਕੀਤਾ ਕਿ ਬਾਹਰ ਇਕਾਂਤ ਵਿਚ ਬੈਠ ਕੇ ਪਾਠ ਤੇ ਸਿਮਰਨ ਵਿਚ ਜੁੜ ਜਾਇਆ ਜਾਏ। ਉਨ੍ਹਾਂ ਦਿਨਾਂ ਵਿਚ

ਰਸਾਲਿਆਂ ਦੀਆਂ ਛਾਉਣੀਆਂ ਦੇ ਨਾਲ ਕਾਫ਼ੀ ਖੁਲ੍ਹੀ ਜ਼ਮੀਨ ਪਈ ਹੁੰਦੀ ਸੀ। ਪਹਿਲੇ ਦਿਨ ਇਨ੍ਹਾਂ ਨੇ ਇਕ ਇਕਾਂਤ ਜਗ੍ਹਾ 'ਤੇ ਦਰੀ ਵਿਛਾ ਲਈ। ਕਰਨਲ ਸਾਹਿਬ ਨੇ ਸੁਝਾ ਦਿੱਤਾ ਕਿ ਪਾਠ ਕਰਨ ਤੋਂ ਪਹਿਲਾਂ 'ਵਾਹਿਗੁਰੂ' ਸ਼ਬਦ ਦਾ ਅਭਿਆਸ ਕਰਨਾ ਜ਼ਰੂਰੀ ਹੈ। ਸੋ ਉਹ ਨਾਮ ਜਪਣ ਵਿਚ ਜੁਟ ਪਏ। ਪਹਿਲਾਂ ਰਸਨਾ ਨਾਲ ਹੌਲੀ ਹੌਲੀ, ਫਿਰ ਉਚੀ ਉਚੀ। ਬਾਊ ਜੀ ਨਾਲੋਂ-ਨਾਲ, ਜਿਵੇਂ ਉਹ ਕਰਦੇ ਸਨ, ਕਰੀ ਗਏ। ਪਹਿਲੇ ਰਸਨਾ ਨਾਲ ਹੌਲੀ ਹੌਲੀ, ਫਿਰ ਉਚੀ ਉਚੀ ਤੇ ਜ਼ੋਰੋ ਜ਼ੋਰ। ਸਤਿਗੁਰੂ ਜੀ ਦੀ ਐਸੀ ਕਲਾ ਵਰਤੀ ਕਿ ਬਾਊ ਜੀ 'ਤੇ ਵਿਸਮਾਦੀ ਦਸ਼ਾ ਤਾਰੀ ਹੋ ਗਈ। ਦੋਵੇਂ ਅੱਧੀ ਰਾਤ ਤੋਂ ਪਿਛੋਂ ਤੱਕ ਸਿਮਰਨ ਵਿਚ ਜੁਟੇ ਰਹੇ। ਫਿਰ ਉਠ ਕੇ ਆਪੋ ਆਪਣੇ ਟਿਕਾਣਿਆਂ 'ਤੇ ਚਲੇ ਗਏ। ਪਰ ਪਹਿਲਾਂ ਫ਼ੈਸਲਾ ਕਰ ਲਿਆ ਸੀ ਕਿ ਅਗੇ ਨੂੰ ਰੋਜ਼ ਇਹੋ ਕੁਝ ਕਰਿਆ ਕਰਨਾ ਹੈ। ਦੋਹਾਂ ਨੇ ਪਹਿਲੇ ਦਿਨ ਹੀ ਇਤਨਾ ਅਨੰਦ ਮਾਣਿਆ ਕਿ ਉਨ੍ਹਾਂ ਦੀ ਸੁਰਤੀ ਬਿਰਤੀ ਵਿਚ ਪਲਟਾ ਆ ਗਿਆ।

ਇਕ ਦਿਨ ਅੰਬਾਲੇ ਕਾਫ਼ੀ ਬਾਰਸ਼ ਹੋਈ। ਸ. ਪਿਆਰਾ ਸਿੰਘ ਜੀ ਬਾਊ ਜੀ ਦੇ ਰਸਾਲੇ ਦੇ ਗੁਰਦੁਆਰੇ ਵਿਚ ਆ ਕੇ ਬੈਠ ਗਏ ਤੇ ਬਾਊ ਜੀ ਨੂੰ ਕਵਾਟਰ ਤੋਂ ਸੱਦਾ ਭੇਜਿਆ। ਜਦੋਂ ਬਾਊ ਜੀ ਆ ਗਏ ਤਾਂ ਪਿਆਰਾ ਸਿੰਘ ਜੀ ਨੇ ਗੁਰਦੁਆਰੇ ਸਾਹਿਬ ਵਾਲਾ ਹਾਰਮੋਨੀਅਮ ਖੋਲ੍ਹ ਲਿਆ ਅਤੇ ਡਾਢੇ ਬੈਰਾਗ ਵਿਚ ਸ਼ਬਦ ਪੜ੍ਹਿਆ :

**ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥**
**ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥**

ਜਦੋਂ ਇਸ ਸ਼ਬਦ ਦੀਆਂ ਆਖ਼ਰੀ ਤੁਕਾਂ ਬਾਰ ਬਾਰ ਪੜ੍ਹੀਆਂ :

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**
**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥**

*(ਬਾਣੀ ਸਧਨੇ ਕੀ ਬਿਲਾਵਲ, ਪੰਨਾ ੮੫੮)*

ਤਾਂ ਸ੍ਰੀ ਬਾਊ ਜੀ ਦੀ ਆਤਮਾ 'ਤੇ ਐਸਾ ਡੂੰਘਾ ਅਸਰ ਹੋਇਆ ਕਿ ਆਪ ਬਿਹਬਲ ਹੋ ਗਏ। ਫਿਰ ਕੁਝ ਚਿਰ ਲਈ ਚੁਪ ਛਾਈ ਰਹੀ। ਅੰਤ ਕਰਨਲ ਸਾਹਿਬ ਬੋਲੇ, "ਭਾਈ ਸਾਹਿਬ ਜੀ, ਤੁਹਾਨੂੰ ਪਤਾ ਹੈ ਕਿ ਮੈਂ ਇਥੇ ਕਿਉਂ ਆਇਆ ਹਾਂ ਅਤੇ ਕਈ ਚਿਰ ਤੋਂ ਤੁਹਾਡੇ ਪਿਛੇ ਕਿਉਂ ਫਿਰ ਰਿਹਾ ਹਾਂ?" ਬਾਊ ਜੀ ਨੇ ਉਤਰ ਦਿੱਤਾ, "ਮੈਂ ਕੀ ਜਾਣਾ। ਪਰ ਮੇਰਾ ਮਨ ਇਸ ਵਕਤ ਇਤਨਾ ਦ੍ਰਵਿਆ ਹੈ ਕਿ ਜੋ ਹੁਕਮ ਕਰੋ, ਦਾਸ ਮੰਨਣ ਨੂੰ ਤਿਆਰ ਹੈ। ਜੇ ਕਦੀ ਖੂਹ ਵਿਚ ਛਾਲ ਮਾਰਨ ਨੂੰ ਕਹੋ ਤਾਂ ਵੀ ਉਜ਼ਰ ਨਹੀਂ ਕਰਾਂਗਾ।"

ਕਰਨਲ ਸਾਹਿਬ ਨੇ ਕਿਹਾ ਕਿ ਮੈਨੂੰ ਸਤਿਗੁਰੂ ਜੀ ਵਲੋਂ ਹੁਕਮ ਹੋਇਆ ਹੈ ਕਿ ਆਪ ਨੂੰ ਗੁਰਸਿੱਖੀ ਮਾਰਗ 'ਤੇ ਲਿਆ ਕੇ ਸਿਮਰਨ ਵਿਚ ਜੋੜਾਂ। ਇਸ ਲਈ ਗੁਰਮੁਖ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰੋ। ਪੰਜਾਂ ਪਿਆਰਿਆਂ ਵਿਚ ਸਤਿਗੁਰੂ ਆਪ ਵਸਦੇ ਹਨ ਅਤੇ ਉਨ੍ਹਾਂ ਰਾਹੀਂ ਗੁਰਮੰਤਰ ਦ੍ਰਿੜ੍ਹਾਇਆ ਹੋਇਆ ਆਤਮਾ ਨੂੰ ਚਲੂਲੇ ਰੰਗਾਂ ਵਿਚ ਲਿਆਉਂਦਾ ਹੈ। ਗੁਰਸਿਖੀ ਦਾ ਇਹੋ ਗਾਡੀ ਰਾਹ ਹੈ।

ਬਸ, ਉਥੇ ਹੀ ਅੰਮ੍ਰਿਤ ਛਕਣ ਦਾ ਫ਼ੈਸਲਾ ਹੋ ਗਿਆ। ਕੁਝ ਦਿਨਾਂ ਪਿਛੋਂ ਸ. ਪਿਆਰਾ ਸਿੰਘ ਜੀ ਬਾਊ ਜੀ ਨੂੰ ਆਪਣੇ ਪਿੰਡ ਮਹਿਲੋਵਾਲ (ਸਿਆਲਕੋਟ) ਲੈ ਗਏ। ਜੋ

ਚੰਗੇ ਤੋਂ ਚੰਗੇ ਜੀਵਨ ਵਾਲੇ ਗੁਰਸਿਖ ਮਿਲ ਸਕਦੇ ਸਨ, ਇਕੱਠੇ ਕੀਤੇ। ਅੰਮ੍ਰਿਤ ਦਾ ਬਾਟਾ ਤਿਆਰ ਹੋਇਆ ਅਤੇ ਬਾਊ ਜੀ ਸਤਿਗੁਰੂ ਜੀ ਦੀ ਬਖ਼ਸ਼ਸ਼ ਸਦਕਾ ਜਹਾਜ਼ੇ ਚੜ੍ਹ ਗਏ ਤੇ ਨਾਮ-ਰੰਗਾਂ ਵਿਚ ਰੰਗੇ ਗਏ। ਵਾਪਸ ਅੰਬਾਲੇ ਆ ਕੇ ਦੋਹਾਂ ਵੇਲਿਆਂ ਦੀ ਕਿਰਤ ਜਾਰੀ ਹੋ ਗਈ, ਅੰਮ੍ਰਿਤ ਵੇਲੇ ਆਪੋ ਆਪਣੇ ਘਰ ਅਤੇ ਸ਼ਾਮ ਨੂੰ ਇਕੱਠੇ ਬਾਹਰ ਇਕਾਂਤ ਵਿਚ ਆਸਣ ਜਮਾ ਲੈਣੇ। "ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥" (ਮ: ੪ ਗਉੜੀ ਕੀ ਵਾਰ, ਪੰਨਾ ੩੦੫) ਵਾਲੀ ਅਵਸਥਾ ਬਣ ਗਈ ਅਤੇ ਥੋੜੇ ਸਮੇਂ ਵਿਚ ਨਾਮ ਰੰਗ-ਰਤੜੀ ਦਸ਼ਾ ਵਿਚ ਵਿਚਰਨ ਲਗੇ। ਮਾਨਯੋਗ ਬਾਊ ਜੀ ਦਸਿਆ ਕਰਦੇ ਸਨ ਕਿ ਅਭਿਆਸ ਕਰਦਿਆਂ ਕਰਦਿਆਂ ਇਕੇਰਾਂ ਅਜਿਹੀ ਕਲਾ ਵਰਤੀ ਕਿ ਇਕ ਦਿਨ ਮੇਰੀ ਰੀੜ੍ਹ ਦੀ ਹੱਡੀ ਹਿਲਣ ਲਗ ਪਈ ਅਤੇ ਨਾਲ ਹੀ ਸਾਰੀਆਂ ਅੰਤੜੀਆਂ ਤੜਫਣ ਲੱਗ ਪਈਆਂ। ਜਦ ਮੈਂ ਇਹ ਅਸਚਰਜ ਖੇਡ ਭਾਈ ਪਿਆਰਾ ਸਿੰਘ ਜੀ ਨੂੰ ਦੱਸੀ ਤਾਂ ਉਹ ਹੈਰਾਨੀ ਵਿਚ ਕਹਿਣ ਲੱਗੇ, "ਹੈਂ ! ਹੱਛਾ !! ਬਸ ਹੁਣ ਤੂੰ ਅੱਜ ਤੋਂ ਮੇਰੇ ਕੋਲ ਨਾ ਆਇਆ ਕਰ, ਸਗੋਂ ਮੈਂ ਆਪ ਚਲ ਕੇ ਤੇਰੇ ਪਾਸ ਆਇਆ ਕਰਾਂਗਾ। ਤੂੰ ਮੈਥੋਂ ਕਿਤੇ ਅੱਗੇ ਲੰਘ ਗਿਆ ਹੈਂ।"

## ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਪਹਿਲੀ ਮਿਲਣੀ

ਨਾਲ ਲਗਦੇ ਹੀ ਬੀਬੀ ਨਿਹਾਲ ਕੌਰ ਅਤੇ ਬਾਕੀ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਜ਼ਰੂਰੀ ਸੀ। ਇਸ ਲਈ ਬਾਊ ਮੱਲ ਸਿੰਘ ਜੀ ਸ. ਪਿਆਰਾ ਸਿੰਘ ਜੀ ਦੀ ਸਲਾਹ ਨਾਲ, ਸਣੇ ਪਰਿਵਾਰ ਪੰਚ ਖਾਲਸਾ ਦੀਵਾਨ ਭਸੌੜ (ਸੰਗਰੂਰ) ਦੇ ਮੁਖ ਸੰਚਾਲਕ ਬਾਊ ਤੇਜਾ ਸਿੰਘ ਜੀ ਪਾਸ ਪਹੁੰਚੇ। ਓਦੋਂ ਇਹ ਅਸਥਾਨ ਤੱਤ ਖਾਲਸਈ ਪੁਨਰ-ਵਿਕਾਸ ਦਾ ਗੜ੍ਹ ਮੰਨਿਆ ਜਾਂਦਾ ਸੀ। ਇਥੇ ਪੰਥਕ ਦੀਵਾਨ ਸਜਦੇ ਰਹਿੰਦੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਭੀ ਬਾਊ ਤੇਜਾ ਸਿੰਘ ਜੀ ਦੇ ਨਾਲ ਹੀ ਮੋਢੀ ਸੰਚਾਲਕਾਂ ਵਿਚੋਂ ਸਨ। ਪਿਛੋਂ ਗੁਰਮਤਿ ਸਬੰਧੀ ਅਸੂਲੀ ਮਤਭੇਦ ਹੋ ਜਾਣ ਕਾਰਨ ਅੱਡ ਹੋ ਗਏ, ਪਰ ਤੱਤ ਗੁਰਮਤਿ ਦੀ ਅਲੋਪ ਹੁੰਦੀ ਜਾ ਰਹੀ ਕ੍ਰਾਂਤੀਕਾਰੀ ਖਾਲਸਾਈ ਰਹਿਤ-ਰਹਿਣੀ ਦਾ ਮੁੱਢ ਭਾਈ ਸਾਹਿਬ ਦੁਆਰਾ, ਪੰਚ ਖਾਲਸਾ ਦੀਵਾਨ ਭਸੌੜ ਤੋਂ ਹੀ ਬੱਝਾ ਸੀ।

ਜਿਸ ਦਿਨ ਸ੍ਰੀਮਾਨ ਬਾਊ ਜੀ ਭਸੌੜ ਪੁੱਜੇ, ਗੁਰੂ ਨੇਤ ਨਾਲ ਉਸੇ ਸ਼ਾਮ ਨੂੰ ਸ੍ਰੀਮਾਨ ਭਾਈ ਰਣਧੀਰ ਸਿੰਘ ਜੀ ਵੀ ਉਥੇ ਪੁਜੇ ਹੋਏ ਸਨ। ਰਾਤ ਨੂੰ ਇਕ ਵੱਡੇ ਕਮਰੇ ਵਿਚ ਆਰਾਮ ਕਰਨ ਲਈ ਇਕ ਨੁਕਰ ਬਾਊ ਜੀ ਪਰਿਵਾਰ ਸਣੇ ਟਿਕੇ ਹੋਏ ਸਨ ਤੇ ਦੂਜੀ ਨੁਕਰੇ ਭਾਈ ਸਾਹਿਬ ਦਾ ਆਸਣ ਸੀ। ਅੰਮ੍ਰਿਤ ਵੇਲੇ "ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥" (ਵਾਰ ਮਾਝ, ਸਲੋਕ ਮ: ੨ ਪੰਨਾ ੧੪੬) ਦੇ ਗੁਰਵਾਕ ਅਨੁਸਾਰ ਮਾਨਯੋਗ ਬਾਊ ਜੀ ਸੋਚ ਇਸ਼ਨਾਨ ਪਿਛੋਂ ਸਿਮਰਨ ਵਿਚ ਜੁੱਟ ਗਏ। ਸ੍ਰੀਮਾਨ ਭਾਈ ਸਾਹਿਬ ਨੇ ਭੀ ਇਸ਼ਨਾਨ ਸੋਧ ਲਿਆ ਸੀ। ਉਨ੍ਹਾਂ ਨੇ ਆਪਣੇ ਆਸਣ 'ਤੇ ਬੈਠਿਆਂ ਦੂਰ ਤੋਂ ਸੁਣਿਆ ਕਿ ਕੋਈ ਸਿੰਘ ਦੂਜੀ ਨੁਕਰੇ ਜ਼ੋਰੋ ਜ਼ੋਰੋ ਨਾਮ-ਅਭਿਆਸੀ ਖੰਡਾ ਖੜਕਾ ਰਹੇ ਹਨ। ਆਪ ਜੀ ਆਪਣੇ ਬਿਸਤਰੇ ਤੋਂ ਉਠੇ ਤੇ ਮਲਕੜੇ ਜਿਹੇ ਬਾਊ ਜੀ ਕੋਲ ਜਾ ਕੇ ਘੁਟ ਕੇ ਜੱਫੀ ਪਾ ਲਈ ਤੇ ਬੋਲੇ "ਪੂਰਬ ਜਨਮ ਕੇ ਮਿਲੇ ਸੰਜੋਗੀ", ਮੇਰੇ ਪਿਛਲੇ ਜਨਮ ਦੇ

ਵਿਛੜੇ ਗੁਰਮੁਖ ਪਿਆਰੇ ਅੱਜ ਆ ਮਿਲੇ ਹੋ। ਬਾਊ ਜੀ ਨੇ ਵੀ ਉਨ੍ਹਾਂ ਨੂੰ ਘੁਟ ਕੇ ਜੱਫੀ ਵਿਚ ਲੈ ਲਿਆ ਤੇ ਕਾਫੀ ਚਿਰ ਇਸੇ ਦਸ਼ਾ ਵਿਚ ਦੋਵੇਂ ਜੁਟੇ ਰਹੇ ਅਤੇ ਨਾਮ ਦਾ ਖੰਡਾ ਖ਼ੂਬ ਖੜਕਿਆ। ਫਿਰ ਉਸੇ ਆਸਣ 'ਤੇ ਬੈਠੇ ਦੋਵੇਂ ਸਿਮਰਨ ਕਰਦੇ ਰਹੇ। ਉਥੇ ਹੀ ਸਾਂਝਾ ਨਿਤਨੇਮ ਕੀਤਾ। ਫਿਰ ਭਾਈ ਸਾਹਿਬ ਬਾਊ ਜੀ ਨੂੰ ਕਹਿਣ ਲੱਗੇ, "ਤੂੰ ਹੁਣ ਤਕ ਕਿਥੇ ਲੁਕਿਆ ਰਿਹਾ ਹੈਂ? ਸਾਨੂੰ ਤੇਰੇ ਜਿਹਾ ਕੋਈ ਲੱਭਾ ਹੀ ਨਹੀਂ। ਤੂੰ ਸਾਡੇ ਨਾਲ ਹੀ ਚੱਲ।" ਭਾਈ ਸਾਹਿਬ ਨਾਲ ਬਾਊ ਜੀ ਦਾ ਇਹ ਪਹਿਲਾ ਹੀ ਮੇਲ ਸੀ, ਜੋ ਅੰਤਲੇ ਸੁਆਸਾਂ ਤਕ ਤੋੜ ਨਿਭਿਆ, ਅਤੇ ਅਗਲੀ ਦਰਗਾਹ ਵਿਚ ਵੀ ਇਹ ਮੇਲ ਅਵੱਸ਼ ਹੀ ਕਾਇਮ ਰਹੇਗਾ।

ਸ੍ਰੀਮਾਨ ਬਾਊ ਜੀ ਆਪਣੇ ਪਰਵਾਰ ਨੂੰ ਅੰਮ੍ਰਿਤ ਛਕਾਉਣ ਲਈ ਕਕਾਰ ਸਜਾ ਕੇ, ਪੂਰੀ ਤਰ੍ਹਾਂ ਤਿਆਰ ਕਰ ਕੇ, ਸਵੇਰੇ ਹੀ ਗੁਰਦੁਆਰੇ ਦੀਵਾਨ ਵਿਚ ਲੈ ਗਏ। ਬਾਊ ਤੇਜਾ ਸਿੰਘ ਜੀ ਅੰਮ੍ਰਿਤ-ਸੰਚਾਰ ਦਾ ਪ੍ਰਬੰਧ ਕਰ ਰਹੇ ਸਨ। ਦੇਗ ਆ ਗਈ। ਸ੍ਰੀਮਾਨ ਭਾਈ ਸਾਹਿਬ ਵੀ ਦੀਵਾਨ ਵਿਚ ਪੁਜ ਗਏ। ਬਾਊ ਤੇਜਾ ਸਿੰਘ ਜੀ ਨੇ ਸ੍ਰੀਮਾਨ ਭਾਈ ਸਾਹਿਬ ਨੂੰ ਬਿਨੈ ਕੀਤੀ ਕਿ ਪੰਜਾਂ ਪਿਆਰਿਆਂ ਦੀ ਸੇਵਾ ਵਿਚ ਸ਼ਾਮਿਲ ਹੋਣ। ਅੱਗੋਂ ਆਪ ਜੀ ਨੇ ਜੁਆਬ ਦਿੱਤਾ, "ਬਾਊ ਤੇਜਾ ਸਿੰਘ ! ਤੁਸੀਂ ਇਸ ਪਰਿਵਾਰ ਦੇ ਅੰਮ੍ਰਿਤ ਛਕਾਉਣ ਦਾ ਪ੍ਰਬੰਧ ਇਥੇ ਕਰਨਾ ਚਾਹੁੰਦੇ ਹੋ? ਜ਼ਰਾ ਇਸ ਬੀਬੀ ਦੇ ਪਤੀ ਵਲ ਤਾਂ ਨਜ਼ਰ ਮਾਰ ਕੇ ਵੇਖੋ ਕਿ ਕਿਤਨੀ ਗੁਰੂ ਦੀ ਬਖਸ਼ਿਸ਼ ਹੈ ਅਤੇ ਕਿਹੜੇ ਆਤਮ-ਰੰਗਾਂ ਵਿਚ ਖੇਲ ਰਹੇ ਹਨ। ਇਹ ਸਾਡੇ ਪਿਆਰੇ ਮਿੱਤਰ, ਗੁਰੂ ਪਿਆਰੇ, ਸਾਨੂੰ ਮਿਲ ਗਏ ਹਨ। ਇਨ੍ਹਾਂ ਦੀ ਜ਼ਿੰਮੇਵਾਰੀ ਸਤਿਗੁਰੂ ਜੀ ਸਾਨੂੰ ਦੇ ਰਹੇ ਹਨ। ਇਹ ਸਮਾਗਮ ਇਥੇ ਨਹੀਂ ਹੋਵੇਗਾ। ਅਸੀਂ ਇਨ੍ਹਾਂ ਨੂੰ ਨਾਰੰਗਵਾਲ ਆਪਣੇ ਨਾਲ ਲਿਜਾ ਰਹੇ ਹਾਂ ਅਤੇ ਉਚੀ ਨਾਮ-ਕਮਾਈ ਵਾਲੇ ਨਾਮ-ਰਸੀਏ ਪੰਜ ਪਿਆਰੇ ਇਕੱਤਰ ਕਰ ਕੇ ਇਸ ਪਰਿਵਾਰ ਨੂੰ ਜਹਾਜ਼ੇ ਚੜ੍ਹਾਵਾਂਗੇ। ਬਸ, ਦੇਗ ਦੀਵਾਨ ਦੀ ਸਮਾਪਤੀ 'ਤੇ ਵਰਤਾ ਦਿੱਤੀ ਗਈ।

## ਪਰਿਵਾਰ ਦੇ ਅੰਮ੍ਰਿਤ ਛਕਣ ਦਾ ਸਰੰਜਾਮ

ਬਾਊ ਜੀ ਪਰਿਵਾਰ ਸਮੇਤ ਭਾਈ ਸਾਹਿਬ ਦੇ ਸੰਗ ਸਾਥ ਨਾਰੰਗਵਾਲ ਨੂੰ ਚਲ ਪਏ। ਸਟੇਸ਼ਨ ਤਕ ਇਕ ਬੱਚਾ ਭਾਈ ਸਾਹਿਬ ਕੁੱਛੜ ਚੁੱਕੀ ਲਿਆਏ ਤੇ ਦੂਜਾ ਬਾਊ ਮੱਲ ਸਿੰਘ ਜੀ। ਗੱਡੀ ਚੜ੍ਹ ਕੇ ਨਾਰੰਗਵਾਲ ਪੁਜ ਗਏ। ਸ੍ਰੀਮਾਨ ਬਾਊ ਜੀ ਦੀ ਇਹ ਵੀ ਖਾਹਿਸ਼ ਸੀ ਕਿ ਉਨ੍ਹਾਂ ਦੇ ਰਸਾਲੇ ਦੇ ਹੈਡ ਕਲਰਕ ਸ. ਮਾਨ ਸਿੰਘ ਜੀ, ਜੋ ਬੜੇ ਗੁਰਮੁਖ ਪਿਆਰੇ ਹਨ, ਉਨ੍ਹਾਂ ਦਾ ਸਭ ਤੋਂ ਛੋਟਾ ਲੜਕਾ ਹਰਿਬਚਨ ਸਿੰਘ ਵੀ, ਬਾਊ ਜੀ ਦੇ ਪਰਿਵਾਰ ਦੇ ਨਾਲ ਹੀ ਜਹਾਜ਼ੇ ਚੜ੍ਹੇ। ਇਹ ਨੌਜੁਆਨ ਭੁਜੰਗੀ ਪ੍ਰਮਾਰਥ ਵਲੋਂ ਨਿਘਰਦੀ ਕਲਾ ਵਿਚ ਜਾ ਰਿਹਾ ਸੀ। ਇਥੇ ਇਹ ਦਸਣਾ ਭੀ ਜ਼ਰੂਰੀ ਹੈ ਕਿ ਜਿਥੇ ਸ. ਮਾਨ ਸਿੰਘ ਜੀ ਦੇ ਪਰਿਵਾਰ ਦੇ ਸਾਰੇ ਜੀਅ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਿਤਾਪ੍ਰਤੀ ਜੁੜਦੇ, ਨਿਤਨੇਮ ਕਰਦੇ ਅਤੇ ਦਰਸ਼ਨਾਂ ਤੋਂ ਬਿਨਾਂ ਅੰਨ-ਜਲ ਤਕ ਭੀ ਪਾਨ ਨਾ ਕਰਦੇ, ਉਥੇ ਇਹ ਭੁਜੰਗੀ ਉਲਟਾ ਪ੍ਰਮਾਰਥ ਨੂੰ ਟਿਚਕਰਾਂ ਕਰਦਾ ਰਹਿੰਦਾ ਸੀ। ਸ. ਮਾਨ ਸਿੰਘ ਜੀ ਨੇ ਇਸ ਨੂੰ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਇਸ ਖਿਆਲ ਨਾਲ ਪੜ੍ਹਨੇ ਪਾਇਆ ਸੀ ਕਿ ਉਥੇ ਗੁਰਸਿਖੀ ਦੇ ਵਾਯੂ ਮੰਡਲ ਵਿਚ ਇਹ ਬਦਲ ਜਾਏਗਾ। ਪਰ ਇਹ

ਉਥੋਂ ਉਲਟਾ ਨਾਸਤਕ ਬਣ ਕੇ ਨਿਕਲਿਆ। ਸ. ਮਾਨ ਸਿੰਘ ਜੀ ਆਪਣੇ ਸਾਰੇ ਪਰਿਵਾਰ ਸਮੇਤ ਨਿਤਾਪ੍ਰਤੀ ਇਹ ਅਰਦਾਸਾਂ ਕਰਦੇ, "ਹੇ ਸੱਚੇ ਪਾਤਸ਼ਾਹ, ਸਾਡੇ ਇਸ ਬੱਚੇ ਨੂੰ ਪ੍ਰਮਾਰਥ ਵਲ ਮੋੜ ਅਤੇ ਗੁਰਮਤਿ ਦਾ ਪਾਂਧੀ ਬਣਾ।" ਚੂੰਕਿ ਸ੍ਰੀਮਾਨ ਬਾਊ ਜੀ ਦਾ ਸ. ਮਾਨ ਸਿੰਘ ਜੀ ਨਾਲ ਗੁਰਸਿਖੀ ਦਾ ਬਹੁਤ ਪਿਆਰ ਸੀ ਅਤੇ ਉਨ੍ਹਾਂ ਦੇ ਘਰ ਆਉਣ ਜਾਣ ਤੇ ਗੂੜ੍ਹਾ ਮਿਲਾਪ ਸੀ, ਇਸ ਕਰਕੇ ਨੌਜੁਆਨ ਭੁਜੰਗੀ ਹਰਿਬਚਨ ਸਿੰਘ ਦਾ, ਗੁਰਮਤੀ ਜੀਵਨ ਤੋਂ ਥਿੜਕੇ ਹੋਣਾ ਬਾਊ ਜੀ ਨੂੰ ਭੀ ਰੜਕਦਾ ਰਹਿੰਦਾ ਸੀ।

ਸੋ, ਨਾਰੰਗਵਾਲ ਜਾ ਕੇ ਫ਼ੈਸਲਾ ਇਹ ਹੋਇਆ ਕਿ ਅਗਲੇ ਹਫ਼ਤੇ ਅੰਬਾਲੇ ਛਾਉਣੀ ਗੁਰਦੁਆਰੇ ਵਿਖੇ ਸ੍ਰੀ ਅਖੰਡਪਾਠ ਸਮਾਗਮ ਰਚਿਆ ਜਾਵੇ, ਜਿਸ ਦੇ ਭੋਗ ਪੈਣ 'ਤੇ ਉਥੇ ਅੰਮ੍ਰਿਤ ਸੰਚਾਰ ਸਮਾਗਮ ਹੋਵੇ।

ਮਾਨਯੋਗ ਬਾਊ ਜੀ ਪਰਿਵਾਰ ਸਮੇਤ ਆਪਣੇ ਰਸਾਲੇ ਵਿਚ ਅੰਬਾਲੇ ਪੁਜ ਗਏ। ਅਗਲੇ ਹਫ਼ਤੇ, ਫ਼ੈਸਲੇ ਮੁਤਾਬਕ ਕਰਨਲ ਪਿਆਰਾ ਸਿੰਘ ਜੀ ਅਤੇ ਹੋਰ ਗੁਰਮੁਖ ਪਿਆਰਿਆਂ ਦੇ ਸਹਿਯੋਗ ਨਾਲ ਅੰਬਾਲੇ ਛਾਉਣੀ ਬਜ਼ਾਰ ਦੇ ਗੁਰਦੁਆਰੇ ਵਿਖੇ ਸਮਾਗਮ ਦਾ ਸਾਰਾ ਪ੍ਰਬੰਧ ਕੀਤਾ ਗਿਆ। ਸ੍ਰੀ ਮਾਨ ਭਾਈ ਸਾਹਿਬ ਜੀ ਸਾਰਾ ਜਥਾ ਲੈ ਕੇ ਵਕਤ ਸਿਰ ਪੁਜ ਗਏ। ਬਾਬਾ ਰਾਮ ਸਿੰਘ ਜੀ, ਭਾਈ ਸੁਰਜਨ ਸਿੰਘ ਜੀ, ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ, ਗਿਆਨੀ ਹਰਭਜਨ ਸਿੰਘ ਜੀ ਚਮਿੰਡਾ, ਭਾਈ ਅਰਜਨ ਸਿੰਘ ਜੀ ਤੇ ਹੋਰ ਕਈ ਗੁਰਮੁਖ ਪਿਆਰੇ ਵੀ ਆ ਪੁੱਜੇ।

ਭਾਵੇਂ ਭੁਜੰਗੀ ਹਰਿਬਚਨ ਸਿੰਘ 'ਤੇ ਓਪਰਾ-ਓਪਰਾ ਨਾਸਤਕ-ਪੁਣੇ ਦਾ ਰੰਗ ਚੜ੍ਹਿਆ ਹੋਇਆ ਸੀ, ਪਰ ਇਹ ਪਵਿਤਰ ਆਤਮਾ ਕਿਸੇ ਪੂਰਬਲੀ ਕਮਾਈ ਦੀ ਮਾਲਕ ਸੀ, ਜਿਸ ਦੇ ਪਰਫੁੱਲਤ ਹੋਣ ਦਾ ਅਵਸਰ ਹੁਣ ਆਣ ਬਝਾ ਸੀ। ਇਸ ਪ੍ਰਥਾਇ ਪੁਸਤਕ 'ਰੰਗਲੇ ਸਜਣ' ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ 'ਹੀਰਾ ਹਰਿਬਚਨ ਸਿੰਘ' ਦੇ ਪ੍ਰਸੰਗ ਵਿਚ ਲਿਖਦੇ ਹਨ -

"ਸ੍ਰੀ ਅਖੰਡਪਾਠ ਆਰੰਭ ਹੋਣ ਤੋਂ ਪਹਿਲਾਂ ਅਜਿਹਾ ਕਲਾ-ਕ੍ਰਿਸ਼ਮੀ ਕੀਰਤਨ ਹੋਇਆ ਜਿਸ ਦੀ ਸਰੋਤ ਦਾ ਵਿੰਨ੍ਹਿਆ ਹੋਇਆ ਇਹ ਪੰਖਣੂ ਹੀਰਾ ਹਰਿਬਚਨ ਸਿੰਘ ਕੀਰਤਨ-ਮੰਡਲ ਤੋਂ ਬਾਹਰ ਹੀ ਚੌਂਕੜਾ ਮਾਰ ਬੈਠਾ।"

ਅਗੇ ਭਾਈ ਸਾਹਿਬ ਲਿਖਦੇ ਹਨ :

"ਬਸ, ਫਿਰ ਉਠਣ ਦੀ ਸੋਝੀ ਨਹੀਂ ਰਹੀ। ਨਿਰੰਕਾਰੀ, ਮੀਰ-ਸ਼ਿਕਾਰੀ, ਉਪਕਾਰੀ ਵੀਰ ਬਾਊ ਮੱਲ ਸਿੰਘ ਜੀ ਨੇ ਮੌਕਾ ਤਾੜ ਕੇ ਇਸ ਨੈਣ-ਮਗਨੀਲੇ ਅਤੇ ਹੋਸ਼-ਮਸਤੀਲੇ ਆਹੂ ਨੂੰ ਉਸੇ ਤਰ੍ਹਾਂ ਚੁਕ ਉਠਾ ਕੇ, ਬੈਠੇ ਬਿਠਾਏ ਨੂੰ ਅੰਦਰਵਾਰ ਕੀਰਤਨ-ਮੰਡਲ ਦੇ ਸਨਮੁਖ ਲਿਆ ਇਸਥਿਤ ਕੀਤਾ। ਨੀਰੋ ਨੀਰ ਹੋਏ ਇਸ ਨਵਲ ਵੈਰਾਗੀ ਵੀਰ ਨੂੰ ਕੀਰਤਨ-ਪ੍ਰੇਮੀ-ਜਨਾਂ ਨੇ ਪ੍ਰੇਮ-ਚਾਬਕ ਹੋਰ ਵੀ ਕੱਸ ਕੱਸ ਕੇ ਲਾਏ। ਬਸ, ਸਾਰੇ ਕੀਰਤਨ ਵਿਚ ਉਠਣੇ ਨਹੀ ਪਾਏ। ਉਠੇ ਨਹੀਂ, ਹਿਲੇ ਨਹੀਂ, ਜਮ੍ਹਕੇ ਨਹੀਂ। ਪ੍ਰਮਾਰਥ ਸੰਬੰਧੀ ਸੌ ਸੌ ਹੁਜਤਾਂ ਕਰਨ ਵਾਲੇ ਵੀਰ ਹਰਿਬਚਨ ਸਿੰਘ ਜੀ ਅੱਜ ਕਿਸੇ ਅਨੂਠੜੀ ਬੰਧਨਾ ਵਿਚ ਬੰਧੀਜੇ ਹੋਏ, ਲੱਟੂ ਹੋਏ ਬੈਠੇ ਹਨ। ਅਖੰਡ ਕੀਰਤਨ ਦਾ ਭੋਗ ਪੈ ਗਿਆ। ਨਾਲ ਲਗਦੇ ਹੀ ਅਖੰਡਪਾਠ ਆਰੰਭ ਹੋ ਗਿਆ। ਸਾਰੇ ਅਖੰਡਪਾਠ ਦੀ ਅੰਮ੍ਰਿਤ-ਵਰਖਾ ਦਿਨ ਰਾਤ ਹੁੰਦੀ ਰਹੀ।"

ਅਖੰਡਪਾਠ ਬੜੇ ਰੰਗਾਂ ਵਿਚ ਹੋਇਆ। ਉਸੇ ਵੇਲੇ ਇਹ ਮਰਯਾਦਾ ਜਥੇ ਦੀ ਹੁੰਦੀ ਸੀ ਕਿ ਸਾਰੇ ਸੱਜਣ ਜਾਂ ਤਾਂ ਆਪ ਪਾਠ ਕਰਦੇ ਸਨ ਜਾਂ ਸੁਣਦੇ ਸਨ ਜਾਂ ਲੰਗਰ ਵਿਚ ਸੇਵਾ ਕਰਦੇ ਸਨ। ਹੋਰ ਕੋਈ ਗੱਲ-ਬਾਤ ਕਰਨ ਦਾ ਸੁਆਲ ਹੀ ਨਹੀਂ ਸੀ ਪੈਦਾ ਹੁੰਦਾ। ਸਾਰਾ ਵਕਤ ਖ਼ੂਬ ਨਾਮ ਰੰਗਾਂ ਵਿਚ ਗੁਜ਼ਰਦਾ ਸੀ। ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਉਥੇ ਹੀ ਪੰਜਾਂ ਪਿਆਰਿਆਂ ਦੀ ਚੋਣ ਹੋਈ। ਅੰਮ੍ਰਿਤ-ਅਭਿਲਾਖੀ ਬੀਬੀ ਨਿਹਾਲ ਕੌਰ, ਹਰਿਬਚਨ ਸਿੰਘ ਤੇ ਹੋਰ ਸੱਜਣ ਤਿਆਰ-ਬਰ-ਤਿਆਰ ਹੋ ਕੇ ਪੁਜ ਗਏ। ਅੰਮ੍ਰਿਤ-ਬਾਟਾ ਤਿਆਰ ਹੋ ਗਿਆ। ਬੀਬੀ ਜੀ ਦੇ ਪਿਛੋਂ ਹਰਿਬਚਨ ਸਿੰਘ ਜੀ ਦੀ ਵਾਰੀ ਆਈ। ਅੰਮ੍ਰਿਤ-ਬੂੰਦਾਂ ਦੇ ਦਿਬ-ਸੰਚਾਰੀ ਛੱਟੇ ਜਦੋਂ ਨੈਣਾਂ 'ਤੇ ਪਏ, ਬਸ, ਅੰਮ੍ਰਿਤ ਛਕਣ ਸਾਰ ਹੀ ਦਿਬ-ਜੋਤੀਸ਼ ਨਿਰੰਕਾਰ ਵਾਹਿਗੁਰੂ ਦੇ ਦਿਬ-ਦੀਦਾਰੇ ਹੋ ਗਏ। ਉਚੀ ਉਚੀ ਸਿਮਰਨ ਚਲ ਰਿਹਾ ਸੀ ਤੇ ਬੇਸੁਧ ਹੋ ਗਏ। ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਬਿਆਨ ਕੀਤੀ ਦਸ਼ਾ ਸਾਖਸ਼ਾਤ ਵਾਪਰ ਰਹੀ ਸੀ-

**ਦਰਸਨ ਦੇਖਤ ਹੀ, ਸੁਧ ਕੀ ਨ ਸੁਧ ਰਹੀ**
**ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ॥**
**ਸੁਰਤਿ ਮੈ ਨ ਸੁਰਤਿ ਔ, ਧਯਾਨ ਮੈਂ ਨ ਧਯਾਨ ਰਹਯੋ**
**ਗਯਾਨ ਮੈ ਨ ਗਯਾਨ ਰਹਯੋ, ਗਤਿ ਮੈ ਨ ਗਤਿ ਹੈ॥**
**ਧੀਰਜ ਕੋ ਧੀਰਜ, ਗਰਬ ਕੋ ਗਰਬੁ ਗਯੋ**
**ਰਤਿ ਮੈ ਨ ਰਤਿ ਰਹੀ, ਪਤਿ ਰਤਿ ਪਤਿ ਹੈ॥**
**ਅਦਭੁਤ ਪਰਮਦਭੁਤ, ਬਿਸਮੈ ਬਿਸਮ**
**ਅਸਚਰਜੈ ਅਸਚਰਜ, ਅਤਿ ਅਤਿ ਹੈ॥**

*(ਭਾਈ ਗੁਰਦਾਸ ਜੀ, ਕਬਿਤ ਸਵਈਏ)*

ਉਨ੍ਹਾਂ ਨੂੰ ਮਾਨਯੋਗ ਬਾਊ ਜੀ ਨੇ ਫੜ ਕੇ ਉਸੇ ਰੰਗ ਵਿਚ ਇਕ ਪਾਸੇ ਬਿਠਾ ਦਿੱਤਾ, ਜਿਥੇ ਉਹ ਸਾਰੀ ਰਾਤ ਉਸੇ ਜਗ੍ਹਾ ਨਾਮ-ਖੰਡਾ ਖੜਕਾਉਂਦੇ ਰਹੇ। ਸ੍ਰੀਮਾਨ ਬਾਊ ਜੀ ਉਨ੍ਹਾਂ ਦੇ ਪਾਸ ਹੀ ਅਰਾਮ ਕਰ ਰਹੇ ਸਨ ਤੇ ਅੰਮ੍ਰਿਤ ਵੇਲੇ ਉਨ੍ਹਾਂ ਨੂੰ ਨਾਲ ਲੈ ਕੇ ਇਕੱਠਾ ਹੀ ਇਸ਼ਨਾਨ ਤੇ ਨਿਤਨੇਮ ਕੀਤਾ। ਇਹ ਜਨਮ ਤੋਂ ਹੀ ਬੜੀ ਪਵਿਤਰ ਆਤਮਾ ਸਨ ਤੇ ਪਿਛੋਂ ਕੀਰਤਨ-ਸਮਾਗਮਾਂ ਵਿਚ ਕਈ ਵਾਰ ਦੇਖਿਆ ਗਿਆ ਕਿ ਇਨ੍ਹਾਂ ਦੀ ਦਸਮ ਦੁਆਰ ਦੀ ਖੇਡ ਵਾਪਰਨ ਕਰਕੇ, ਇਨ੍ਹਾਂ ਦੀ ਸੁਰਤਿ ਅਨੂਠੇ ਰੰਗਾਂ ਦੇ ਖੇੜੇ ਮਾਣਦੀ ਸੀ। ਇਕ ਵਾਰ ਰਾਵਲਪਿੰਡੀ ਵਿਖੇ ਬੀਬੀ ਇੰਦਰ ਕੌਰ ਜੀ ਦੇ ਘਰ ਕੀਰਤਨ-ਸਮਾਗਮ ਸੀ। ਆਪ ਵਾਜੇ 'ਤੇ ਸ਼ਬਦ ਪੜ੍ਹਨ ਲੱਗੇ। ਅਜੇ ਇਤਨੀ ਤੁਕ ਹੀ ਪੜ੍ਹੀ :

**ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ॥**

*(ਜੈਤਸਰੀ ਮ: ੫ ਛੰਤ, ਪੰਨਾ ੭੦੩)*

ਬਸ, ਵਾਜੇ 'ਤੇ ਉਂਗਲਾਂ ਉਥੇ ਹੀ ਰਹਿ ਗਈਆਂ, ਸੁਰਤੀ ਚੜ੍ਹ ਗਈ, ਬੇਸੁਧ ਹੋ ਗਏ। ਉਥੇ ਲੇਟ ਗਏ ਤੇ ਸਾਰੀ ਰਾਤ ਉਥੇ ਹੀ ਗੁਜ਼ਰੀ। ਇਹੋ ਸਨ ਗੁਰਮੁਖ ਪਿਆਰੇ ਸੂਬੇਦਾਰ ਹਰਿਬਚਨ ਸਿੰਘ ਜੀ।

## ਅੰਬਾਲੇ ਛਾਉਣੀ ਵਿਖੇ ਅਲੌਕਿਕ ਰੰਗ

ਇਸ ਸਮਾਗਮ ਤੋਂ ਪਿਛੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬਚਨ ਕੀਤਾ ਕਿ ਬਾਊ ਜੀ ਦੇ ਰਸਾਲੇ ਦੇ ਗੁਰਦੁਆਰੇ ਵਿਚ ਸ੍ਰੀ ਅਖੰਡਪਾਠ ਰਖਿਆ ਜਾਵੇ। ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਹੋਏ ਅਤੇ ਸ੍ਰੀ ਅਖੰਡਪਾਠ ਆਰੰਭ ਹੋ ਗਏ। ਦੂਜੇ ਦਿਨ ਸ਼ਾਮ ਦੇ ਵਕਤ ਸਾਰੇ ਗੁਰਮੁਖ ਪਿਆਰੇ ਪਾਠ ਸੁਣ ਰਹੇ ਸਨ ਤੇ ਸਿਮਰਨ ਕਰ ਰਹੇ ਸਨ। ਸ੍ਰੀ ਮਾਨ ਬਾਊ ਜੀ ਭਾਈ ਸਾਹਿਬ ਜੀ ਦੇ ਪਾਸ ਬੈਠੇ ਰੰਗ ਮਾਣ ਰਹੇ ਸਨ ਕਿ ਉਹ ਇਕ-ਦਮ ਖੰਡਾ ਉਚੀ ਉਚੀ ਤੇ ਫਿਰ ਬਹੁਤ ਹੀ ਉਚੀ ਖੜਕਾਉਣ ਲਗ ਪਏ ਅਤੇ ਆਪੇ ਤੋਂ ਬਾਹਰ ਹੋ ਗਏ। ਇਸ ਬੈਰਾਗ ਦਸ਼ਾ ਵਿਚ ਨਾਮ ਦੀਆਂ ਗੂੰਜਾਂ ਨੇ, ਐਸਾ ਅਲੌਕਿਕ ਕ੍ਰਿਸ਼ਮਾ ਵਰਤਾਇਆ ਕਿ ਸੰਗਤ ਨੂੰ ਜਿਵੇਂ ਬਿਜਲੀ ਦਾ ਕਰੰਟ ਟੱਚ ਕਰ ਜਾਂਦਾ ਹੈ, ਅਤੇ ਸਾਰੀ ਸੰਗਤ ਹੀ ਉਚੀ ਉਚੀ ਜ਼ੋਰ ਜ਼ੋਰ ਨਾਲ ਸਿਮਰਨ ਕਰਨ ਲਗ ਪਈ। ਬਾਊ ਜੀ ਦੀ ਸੁਰਤੀ ਦਸਮ ਦੁਆਰ ਦੇ ਰੰਗ ਮਾਣ ਰਹੀ ਸੀ ਅਤੇ ਭਾਈ ਸਾਹਿਬ ਬੜੇ ਗਦ ਗਦ ਹੋ ਰਹੇ ਸਨ। ਬਾਊ ਜੀ ਨੂੰ ਆਪਣੀ ਗੋਦੀ ਵਿਚ ਲਿਟਾ ਲਿਆ ਤੇ ਮੁਖੋਂ ਇਹ ਕਹਿ ਰਹੇ ਸਨ ਕਿ ਸੁਹਾਗਣ ਸੁਹਾਗ ਮਾਣ ਰਹੀ ਹੈ। ਅਖੰਡਪਾਠੀ ਗੁਰਮੁਖਿ ਪਿਆਰੇ ਬੜੇ ਉਚੀ ਉਚੀ ਸੰਨ੍ਹ ਸੰਨ੍ਹ ਕੇ ਪਾਠ ਕਰ ਰਹੇ ਸਨ। ਸਾਰਾ ਮੰਡਲ ਹੀ ਐਸਾ ਬਣ ਗਿਆ, ਜਿਸ ਨੂੰ ਅਖਰਾਂ ਵਿਚ ਦਸਣਾ ਮੁਸ਼ਕਲ ਹੈ। ਬਸ, ਸਚਖੰਡ ਹੀ ਬਣ ਗਿਆ। ਸਾਰੀ ਸੰਗਤ ਬਹੁਤ ਹੀ ਵੈਰਾਗ ਵਿਚ ਅਨੰਦ ਮਾਣ ਰਹੀ ਸੀ। ਦਾਸ ਉਨ੍ਹਾਂ ਦਿਨਾਂ ਵਿਚ ਸਤਵੀਂ ਜਮਾਤੇ ਪੜ੍ਹਦਾ ਸੀ ਤੇ ਛੁੱਟੀ ਲੈ ਕੇ ਉਥੇ ਗਿਆ ਹੋਇਆ ਸੀ। ਜਦੋਂ ਇਹ ਅਚਰਜ ਕੌਤਕ ਵਰਤ ਰਿਹਾ ਸੀ ਤਾਂ ਦਾਸ ਉਥੇ ਗੁਰਦੁਆਰੇ ਵਿਚ ਹਾਜ਼ਰ ਸੀ। ਮੈਂ, ਛੋਟਾ ਹੋਣ ਕਰਕੇ ਕਦੇ ਇਹ ਨਜ਼ਾਰਾ ਦੇਖਿਆ ਨਹੀਂ ਸੀ। ਪਿਆਰੇ ਬਾਊ ਜੀ ਦੀ ਇਹ ਹਾਲਤ ਦੇਖ ਕੇ ਮੈਂ ਘਬਰਾ ਗਿਆ। ਦਾਸ (ਠਾਕੁਰ ਸਿੰਘ) ਦੇ ਬਾਊ ਜੀ ਚਾਚਾ ਜੀ ਹੋਣ ਕਰਕੇ, ਮਮਤਾ ਦਾ ਮਾਰਿਆ, ਭਜਾ ਭਜਾ ਘਰ ਪੁਜਾ ਅਤੇ ਚਾਚੀ ਜੀ ਨੂੰ ਦਸਿਆ ਕਿ ਚਾਚਾ ਜੀ ਬੇਹੋਸ਼ ਹਾਲੋਂ ਬਿਹਾਲ ਹੋਏ ਪਏ ਹਨ ਅਤੇ ਭਾਈ ਸਾਹਿਬ ਜੀ ਨੇ ਉਨ੍ਹਾਂ ਦਾ ਸਿਰ ਗੋਦੀ ਵਿਚ ਲਿਆ ਹੋਇਆ ਹੈ। ਬੀਬੀ ਜੀ ਕਹਿਣ ਲੱਗੇ, "ਕਾਕਾ, ਫ਼ਿਕਰ ਨਾ ਕਰ, ਇਨ੍ਹਾਂ ਦਾ ਇਹ ਹਾਲ ਤਾਂ ਮੈਂ ਹਰ ਰੋਜ਼ ਦੇਖਦੀ ਹਾਂ। ਪਹਿਲਾਂ ਪਹਿਲ ਮੈਂ ਵੀ ਬੜਾ ਘਬਰਾਂਦੀ ਸੀ, ਕਦੇ ਅੰਮ੍ਰਿਤ ਵੇਲੇ, ਕਦੀ ਸ਼ਾਮੀਂ ਇਸੇ ਤਰ੍ਹਾਂ ਬੇਸੁਧ ਪਏ ਹੁੰਦੇ ਸਨ। ਮੈਂ ਸਾਵਧਾਨਤਾ ਉਡੀਕ ਉਡੀਕ ਕੇ ਸੌਂ ਜਾਂਦੀ ਸੀ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਠੀਕ ਹੋ ਜਾਂਦੇ ਸਨ। ਸੋ ਇਹ ਕੋਈ ਨਵੀਂ ਗੱਲ ਨਹੀਂ। ਦਿਨ ਰਾਤ ਭਜਨ ਕਰਦੇ ਹਨ। ਮੇਰਾ ਵਾਸਤਾ ਤਾਂ ਸਿਰਫ ਦੋ ਵਕਤ ਪਰਸ਼ਾਦ ਛਕਾਉਣ ਦਾ ਹੁੰਦਾ ਹੈ। ਕਿਸੇ ਵਕਤ ਵੀ ਕਿਸੇ ਨਾਲ ਗੱਲ ਨਹੀਂ ਕਰਦੇ। ਤੂੰ ਇਥੇ ਹੀ ਮੇਰੇ ਪਾਸ ਸੌਂ ਜਾ। ਸਵੇਰੇ ਜਾ ਕੇ ਗੁਰਦੁਆਰੇ ਮਿਲ ਲਵੀਂ।"

ਅਗਲੇ ਦਿਨ ਸਵੇਰੇ ਜਦੋਂ ਮੈਂ ਗੁਰਦੁਆਰੇ ਪੁਜਾ ਤਾਂ ਮਾਨਯੋਗ ਬਾਊ ਜੀ, ਭਾਈ ਸਾਹਿਬ ਜੀ ਦੇ ਪਾਸ ਬੜੇ ਅਨੰਦ ਵਿਚ ਬੈਠੇ ਸਨ ਅਤੇ ਆਸਾ ਦੀ ਵਾਰ ਦੇ ਕੀਰਤਨ ਵਿਚ ਗੜੂੰਦ ਹੋਏ ਰੰਗ ਮਾਣ ਰਹੇ ਸਨ। ਇਸੇ ਰੰਗ-ਰਤੀ ਅਵਸਥਾ ਵਿਚ, ਉਸ ਦਿਨ ਉਨ੍ਹਾਂ ਨੂੰ ਰਸਾਲੇ ਦੀ ਪ੍ਰੇਡ 'ਤੇ ਜਾਣ ਦਾ ਖਿਆਲ ਹੀ ਭੁਲ ਗਿਆ। ਆਸਾ ਦੀ ਵਾਰ ਦੇ

ਭੋਗ ਪੈਣ 'ਤੇ ਗੁਰੂ ਕਾ ਅਤੁਟ ਲੰਗਰ ਵਰਤਿਆ। ਮੈਂ ਪਹਿਲੀ ਵੇਰ ਵੇਖਿਆ ਕਿ ਦਾਲ ਬਹੁਤ ਹੀ ਸੁਆਦਲੀ ਸੀ। ਪਰ ਸਰਬਲੋਹ ਦੀ ਗਾਗਰ ਵਿਚ ਬਣੀ ਹੋਣ ਕਰਕੇ ਰੰਗ ਕਾਲਾ ਸੀ। ਇਸ ਤੋਂ ਪਿਛੋਂ ਬਾਊ ਜੀ ਨੇ ਭਾਈ ਸਾਹਿਬ ਜੀ ਨੂੰ ਸਾਰੇ ਜਥੇ ਦੇ ਨਾਲ ਬੜੇ ਆਦਰ-ਭਾਉ ਨਾਲ ਵਿਦਾ ਕੀਤਾ।

## ਅਪੁਨੇ ਸੇਵਕ ਕੀ ਆਪੇ ਰਾਖੈ

ਜਦੋਂ ਸ੍ਰੀ ਮਾਨ ਬਾਊ ਜੀ ਜਥੇ ਨੂੰ ਵਿਦਾ ਕਰ ਕੇ ਆਪਣੇ ਕੁਆਟਰ ਵਿਚ ਪੁਜੇ ਤਾਂ ਉਨ੍ਹਾਂ ਨੂੰ ਹੁਕਮ ਮਿਲ ਗਿਆ, "ਤੁਸੀਂ ਅਜ ਰਸਾਲੇ ਦੀ ਪ੍ਰੇਡ ਤੋਂ ਗੈਰਹਾਜ਼ਰ ਰਹੇ ਹੋ। ਇਸ ਕਰਕੇ ਤੁਹਾਨੂੰ Line-arrest (ਘ੍ਰੀਆ-ਲਾਈਨ-ਕੈਦ) ਕੀਤਾ ਜਾਂਦਾ ਹੈ ਅਤੇ ਕਲ੍ਹ ਨੂੰ ਸਵੇਰੇ ਦਸ ਵਜੇ ਕਰਨਲ ਸਾਹਿਬ ਦੇ ਪੇਸ਼ੀ ਹੋਵੇਗੀ।" ਰਸਾਲੇ ਵਿਚ ਹਰੇਕ ਦਾ ਖ਼ਿਆਲ ਸੀ ਕਿ ਪ੍ਰੇਡ ਤੋਂ ਗ਼ੈਰਹਾਜ਼ਰ ਹੋਣਾ ਇਕ ਬੜਾ ਸਖ਼ਤ ਕਸੂਰ ਹੈ ਤੇ ਇਸ ਦੀ ਸਜ਼ਾ ਵੀ ਬੜੀ ਸਖ਼ਤ ਹੋਵੇਗੀ। ਘਟ ਤੋਂ ਘਟ ਵੀ, ਅਹੁਦੇਦਾਰੀ (ਲੈਸ ਨੈਕ) ਦੀ ਫੀਥੀ ਤਾਂ ਜ਼ਰੂਰ ਹੀ ਲਥ ਜਾਏਗੀ। ਬਾਊ ਜੀ ਸਾਰਾ ਦਿਨ ਘਰ ਹੀ ਰਹੇ ਅਤੇ ਨਿਤ ਦੀ ਕਿਰਿਆ ਵਾਂਗ ਪਾਠ ਸਿਮਰਨ ਵਿਚ ਜੁਟੇ ਰਹੇ।

ਅਗਲੇ ਦਿਨ ਜਦੋਂ ਇਨ੍ਹਾਂ ਨੂੰ ਕਰਨਲ ਸਾਹਿਬ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਇਨ੍ਹਾਂ ਦੇ ਟਰੁਪ-ਕੈਪਟਨ ਨੇ ਦਸਿਆ ਕਿ ਇਹ ਕਲ੍ਹ ਪ੍ਰੇਡ ਤੋਂ ਗ਼ੈਰਹਾਜ਼ਰ ਰਹੇ ਹਨ, ਜੋ ਬੜਾ ਸਖ਼ਤ ਕਸੂਰ ਹੈ। ਨਾਲ ਹੀ ਰਸਾਲੇ ਦਾ ਐਜੂਟੈਂਟ ਅਫ਼ਸਰ ਖੜ੍ਹਾ ਸੀ। ਉਸ ਨੇ ਕਰਨਲ ਸਾਹਿਬ ਨੂੰ ਆਖਿਆ ਕਿ ਇਹ ਹਰ ਸ਼ਨਿਚਰਵਾਰ ਨਾਰੰਗਵਾਲ ਜਾਂਦਾ ਹੈ ਤੇ ਸੋਮਵਾਰ ਲੇਟ ਆਉਂਦਾ ਹੈ। ਦੋਹਾਂ ਅਫ਼ਸਰਾਂ ਨੂੰ ਸੁਣ ਕੇ ਕਰਨਲ ਸਾਹਿਬ ਕਹਿਣ ਲੱਗੇ, "ਮੱਲ ਸਿੰਘ, ਯਿਹ ਕਿਆ ਬਾਤ ਹੈ?" ਬਾਊ ਜੀ ਨੇ ਉਤਰ ਦਿੱਤਾ, "ਹਜ਼ੂਰ, ਮੈਂ ਪ੍ਰੇਡ ਤੋਂ ਗ਼ੈਰਹਾਜ਼ਰ ਤਾਂ ਜ਼ਰੂਰ ਹੋ ਗਿਆ ਸਾਂ, ਪਰ ਰਸਾਲੇ ਤੋਂ ਬਾਹਰ ਨਹੀਂ ਗਿਆ।" ਕਰਨਲ ਸਾਹਿਬ ਨੇ ਫਿਰ ਕਿਹਾ, "ਮੱਲ ਸਿੰਘ, ਤੁਮ ਫ਼ਕੀਰ ਹੋ ਗਏ ਹੋ?" ਤਾਂ ਬਾਊ ਜੀ ਕਹਿਣ ਲੱਗੇ, "ਨਹੀਂ ਜੀ ! ਮੈਨੂੰ ਪਤਾ ਹੀ ਨਹੀਂ ਰਿਹਾ।" ਕਰਨਲ ਸਾਹਿਬ ਕਹਿਣ ਲੱਗੇ, "ਅੱਛਾ ਜਾਉ, ਫਿਰ ਐਸਾ ਨਹੀਂ ਕਰਨਾ।" ਉਥੇ ਖੜ੍ਹੇ ਸਾਰੇ ਫੌਜੀ ਹੈਰਾਨ ਹੋ ਗਏ। ਕਿਉਂਕਿ ਸਭ ਦਾ ਖਿਆਲ ਸੀ ਕਿ ਦੋਵੇਂ ਅਫ਼ਸਰ ਸਖ਼ਤ ਉਲਟ ਬੋਲੇ ਹਨ, ਤੇ ਸਜ਼ਾ ਸਖ਼ਤ ਹੋਵੇਗੀ।

ਜਦੋਂ ਸਾਰੇ ਉਥੋਂ ਤੁਰਨ ਲੱਗੇ ਤਾਂ ਐਜੂਟੈਂਟ ਅਫ਼ਸਰ ਕਹਿਣ ਲੱਗਾ ਕਿ May I write 'severely reprimanded' in his sheet-roll? (ਕੀ ਮੈਂ ਇਸ ਦੀ ਸ਼ੀਟ-ਰੋਲ ਵਿਚ 'ਸਖ਼ਤ ਤਾੜਨਾ ਦਿੱਤੀ ਗਈ' ਲਿਖ ਦਿਆਂ?) ਅਗੋਂ ਕਰਨਲ ਸਾਹਿਬ ਦਾ ਜੁਆਬ ਮਿਲਿਆ, No, do not spoil his sheet, he is a good man, (ਨਹੀਂ, ਇਸ ਦੀ ਸ਼ੀਟ-ਰੋਲ ਖ਼ਰਾਬ ਨਾ ਕਰੋ, ਇਹ ਇਕ ਭਲਾ ਪੁਰਸ਼ ਹੈ)।

ਫ਼ੌਜ ਦੀ ਜਨਰਲ ਪ੍ਰੇਡ ਤੋਂ ਗ਼ੈਰਹਾਜ਼ਰ ਰਹਿਣਾ ਅਤੇ ਪੇਸ਼ੀ ਸਮੇਂ ਦੋਹਾਂ ਅਫ਼ਸਰਾਂ ਦਾ ਸਖਤ ਬਿਆਨ ਵੀ ਆਪ ਦੇ ਖਿਲਾਫ ਦੇਣਾ ਕੋਈ ਮਮੂਲੀ ਘਟਨਾ ਨਹੀਂ ਸੀ, ਪਰ ਕਮਾਂਡਿੰਗ ਅਫ਼ਸਰ ਵਲੋਂ ਸਾਫ਼ ਬਰੀ ਕਰ ਦੇਣਾ, ਇਹ ਸਤਿਗੁਰਾਂ ਦਾ ਆਪਣੇ ਬਿਰਦ ਦੀ ਪਾਲਣਾ ਖ਼ਾਤਰ ਵਰਤਾਇਆ ਕ੍ਰਿਸ਼ਮਾ ਹੈ।

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥**

*(ਆਸਾ ਮ: ੫, ਪੰਨਾ ੪੧੩)*

ਬਾਊ ਮੱਲ ਸਿੰਘ ਜੀ ਦੇ ਜੀਵਨ ਦੀ ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਪਹਿਲੀ ਲੜਾਈ ਦੇ ਦਿਨਾਂ ਸਮੇਂ ਦੀ ਹੈ। ਓਦੋਂ ਇਨ੍ਹਾਂ ਦਾ ਰਸਾਲਾ ਫ਼ਰਾਂਸ ਦੇ ਮੈਦਾਨਿ-ਜੰਗ ਵਿਚ ਸੀ। ਇਕ ਦਿਨ ਮਾਨਯੋਗ ਬਾਊ ਜੀ ਨੇ ਕਿਸੇ ਸਿੰਘ ਨਮਿਤ ਰਖੇ ਜਾਣ ਵਾਲੇ ਸ੍ਰੀ ਅਖੰਡਪਾਠ ਦਾ ਆਰੰਭ ਕਰਾਉਣ ਜਾਣਾ ਸੀ। ਉਸ ਦਿਨ ਇਨ੍ਹਾਂ ਦੀ ਡਿਊਟੀ ਟੈਲੀਫ਼ੋਨ 'ਤੇ ਸੀ। ਇਨ੍ਹਾਂ ਨੇ ਕਿਸੇ ਮਿਡ-ਕਲਰਕ ਨੂੰ ਕਹਿ ਦਿੱਤਾ ਕਿ ਉਹ ਇਨ੍ਹਾਂ ਦੀ ਡਿਊਟੀ ਟੈਲ਼ੀਫ਼ੋਨ 'ਤੇ ਨਿਭਾ ਦੇਵੇ। ਆਪ ਪਾਠੀਆਂ ਵਲ ਚਲੇ ਗਏ। ਪਿਛੋਂ ਉਹ ਕਲਰਕ ਟੈਲੀਫ਼ੋਨ ਦੀ ਡਿਊਟੀ ਦੇਣਾ ਭੁਲ ਗਿਆ। ਟੈਲੀਫ਼ੋਨ ਡਿਊਟੀ 'ਤੇ ਕੋਈ ਨਾ ਹੋਣ ਕਰਕੇ ਇਨ੍ਹਾਂ ਦੀ ਗ਼ੈਰਹਾਜ਼ਰੀ ਲਗ ਗਈ। ਲੜਾਈ ਵਿਚ ਸਖ਼ਤੀ ਜ਼ਿਆਦਾ ਹੁੰਦੀ ਹੈ। ਸੋ ਇਨ੍ਹਾਂ ਦੀ ਪੇਸ਼ੀ ਹੋ ਗਈ, ਪਰ ਉਥੇ ਵੀ ਜਦੋਂ ਕਰਨਲ ਸਾਹਿਬ ਨੂੰ ਇਹ ਪਤਾ ਲੱਗਾ ਕਿ ਇਹ ਕਿਸੇ ਧਾਰਮਿਕ ਕੰਮ ਗਏ ਸਨ ਤਾਂ ਗੱਲ ਗੌਲੀ ਨਾ ਗਈ।

ਅੰਬਾਲੇ ਛਾਉਣੀ ਵਿਖੇ ਲਗਾਤਾਰ ਸਮਾਗਮਾਂ ਦੇ ਰੰਗ ਬਝਦੇ ਰਹੇ। ਇਨ੍ਹਾਂ ਸਮਾਗਮਾਂ ਦੇ ਰੰਗ ਮਾਣਦਿਆਂ ਹੋਇਆਂ ਬਾਊ ਜੀ ਦੀ ਮਸਤਾਨੀ ਜਿਹੀ ਦਸ਼ਾ ਹੋ ਗਈ। ਸੁਰਤੀ ਬਿਰਤੀ ਉਚ-ਮੰਡਲਾਂ ਵਿਚ ਰਹਿੰਦੀ ਸੀ, ਇਸ ਲਈ ਸਰੀਰ ਦੀ ਸੰਭਾਲ ਤੇ ਦਫ਼ਤਰ ਦੇ ਕੰਮ-ਕਾਰ ਵਲ ਵੀ ਪੂਰਾ ਖ਼ਿਆਲ ਰਹਿਣਾ ਮੁਸ਼ਕਿਲ ਹੋ ਗਿਆ। ਸਾਰਾ ਸਮਾਂ ਸਿਮਰਨ-ਮਸਤੀ ਵਿਚ ਹੀ ਲੰਘਦਾ ਸੀ।

ਹੁਣ ਬਾਊ ਜੀ ਨੂੰ "ਸਭੁ ਪਰਵਾਰੁ ਚੜਾਇਆ ਬੇੜੇ" (ਗਉੜੀ ਕਬੀਰ ਜੀ, ਪੰਨਾ ੩੩੭) ਅਨੁਸਾਰ ਬਾਕੀ ਸਾਰੇ ਵੀਰਾਂ ਦੇ ਪਰਿਵਾਰਾਂ ਨੂੰ ਜਹਾਜ਼ੇ ਚੜ੍ਹਾਉਣ ਦਾ ਖ਼ਿਆਲ ਆਇਆ। ਦਾਸ ਠਾਕਰ ਸਿੰਘ ਦੇ ਪਿਤਾ ਸ. ਵਰਿਆਮ ਸਿੰਘ ਜੀ ਉਨ੍ਹੀਂ ਦਿਨੀਂ ਪਿਛਲੇ ਪਿੰਡ ਸਰਲੀ (ਅੰਮ੍ਰਿਤਸਰ) ਦੀ ਜ਼ਮੀਨ ਦੀ ਸੰਭਾਲ ਕਰ ਰਹੇ ਸਨ ਅਤੇ ਬਾਕੀ ਵੀਰ ਤੇ ਉਨ੍ਹਾਂ ਦੇ ਪਰਿਵਾਰ ਪਿੰਡ ਸਰਲੀ-ਨਾਗੋਕੀ (ਲਾਇਲਪੁਰ) ਮੁਰੱਬਿਆਂ 'ਤੇ ਰਹਿੰਦੇ ਸਨ।

## ਸਰਲੀ ਵਿਖੇ ਅਖੰਡਪਾਠ ਸਮਾਗਮ

ਵੀਰ ਪਰਿਵਾਰਾਂ ਨੂੰ ਅੰਮ੍ਰਿਤ ਛਕਾਉਣ ਦੇ ਆਸ਼ੇ ਨੂੰ ਮੁਖ ਰਖ ਕੇ ਬਾਊ ਜੀ ਨੇ ਪਿਛਲੇ ਪਿੰਡ ਸਰਲੀ ਵਿਖੇ ਸ੍ਰੀ ਅਖੰਡਪਾਠ ਸਮਾਗਮ ਕਰਨ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਬੇਨਤੀ ਕੀਤੀ। ਉਨ੍ਹਾਂ ਖੁਸ਼ੀ ਨਾਲ ਪਰਵਾਨ ਕਰ ਲਈ।

ਭਾਈ ਸਾਹਿਬ ਸਾਰੇ ਜਥੇ ਸਮੇਤ ਇਕ ਦਿਨ ਪਹਿਲਾਂ ਟਾਂਗਰੇ ਸਟੇਸ਼ਨ 'ਤੇ ਆ ਉਤਰੇ। ਅਗੋਂ ਮਾਨਯੋਗ ਬਾਊ ਜੀ ਨੰਗੇ ਪੈਰੀਂ ਸਟੇਸ਼ਨ 'ਤੇ ਪਹੁੰਚੇ ਹੋਏ ਸਨ। ਜਥੇ ਨੂੰ ਦੇਖਣ ਸਾਰ ਛਪਾਲ ਧੂੜੀ ਵਿਚ ਡੰਡੋਤ-ਪਰਨੇ ਲੇਟ ਗਏ। ਬਾਊ ਜੀ ਦੀ ਦਸ਼ਾ ਬਹੁਤ ਵੈਰਾਗਮਈ ਸੀ। ਜਥੇ ਦੇ ਸਾਰੇ ਸਿੰਘ ਵੀ ਉਨ੍ਹਾਂ ਦੀ ਇਹ ਦਸ਼ਾ ਦੇਖ ਦੇਖ ਕੇ ਵੈਰਾਗਮਈ ਉਛਾਲਿਆਂ ਵਿਚ ਆ ਰਹੇ ਸਨ। ਜਦ ਬਾਊ ਜੀ ਨੂੰ ਧੂੜੀ ਵਿਚੋਂ ਉਠਾਇਆ ਗਿਆ ਤਾਂ ਇਹ ਸ਼ਬਦ ਗਾਵਿਆ :

**ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥੨॥**

*(ਸਲੋਕ ਮ: ੫, ੧੪੨੪-੨੫)*

ਟਾਂਗਰੇ ਸਟੇਸ਼ਨ 'ਤੇ ਚਾਰ ਘੰਟੇ ਖੜ੍ਹੇ-ਖੜੋਤਿਆਂ ਹੀ ਕੀਰਤਨ ਹੋਇਆ। ਬੜਾ ਅਜਬ ਰੰਗ ਬਝਾ, ਜੋ "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ " (ਸਲੋਕ ਕਬੀਰ ਜੀ, ਨੰਬਰ ੧੨੧, ਪੰਨਾ ੧੩੭੦) ਹੈ। ਇਨ੍ਹਾਂ ਵੈਰਾਗਮਈ ਰੰਗਾਂ ਵਿਚ ਕੀਰਤਨ ਕਰਦਿਆਂ ਹੀ ਸਾਰਾ ਜਥਾ ਚਾਰ ਪੰਜ ਮੀਲ ਸਟੇਸ਼ਨ ਤੋਂ ਤੁਰ ਕੇ ਸਰਲੀ ਪੁਜਾ। ਅਗੋਂ ਸਾਰਾ ਪਿੰਡ ਅਗਵਾਈ ਲਈ ਆਇਆ ਹੋਇਆ ਸੀ। ਘਰ ਪੁਜ ਕੇ ਰਾਤ ਦਸ ਵਜੇ ਤਕ ਖ਼ੂਬ ਕੀਰਤਨ ਹੋਇਆ। ਬੀਬੀ ਨਿਹਾਲ ਕੌਰ ਜੀ ਵੀ ਬੱਚਿਆਂ ਸਮੇਤ ਅੰਬਾਲੇ ਤੋਂ ਸਰਲੀ ਪੁਜੇ ਹੋਏ ਸਨ। ਉਨ੍ਹਾਂ ਨੇ ਜਥੇ ਦੀ ਤੇ ਲੰਗਰ ਦੀ ਅਤੁੱਟ ਸੇਵਾ ਕੀਤੀ। ਇਲਾਕੇ ਦੇ ਸਾਰੇ ਗੁਰਮੁਖ ਆਏ ਹੋਏ ਸਨ। ਅਖੰਡਪਾਠ ਬੜੇ ਰੰਗਾਂ ਵਿਚ ਹੋਇਆ। ਲੰਗਰ ਬਿਬੇਕ ਦਾ ਚਲ ਰਿਹਾ ਸੀ, ਜਿਸ ਵਿਚ ਤਿਆਰ-ਬਰ-ਤਿਆਰ ਸਿੰਘ ਹੀ ਸੇਵਾ ਕਰਦੇ ਸਨ। ਇਲਾਕੇ ਦੇ ਲੋਕ ਇਹ ਸਾਰਾ ਕੁਝ ਵੇਖ ਕੇ ਬੜੇ ਹੈਰਾਨ ਹੋਏ। ਉਨ੍ਹਾਂ ਲਈ ਇਹ ਇਕ ਅਨੋਖੀ ਗੱਲ ਸੀ, ਕਿਉਂਕਿ ਬਾਕੀ ਘਰਾਂ ਵਿਚ ਪਾਣੀ ਮਹਿਰੇ ਹੀ ਭਰਦੇ ਸਨ। ਦਾਸ ਖਾਲਸਾ ਕਾਲਜ ਤੋਂ ਛੁੱਟੀ ਲੈ ਕੇ ਪੁੱਜਾ ਹੋਇਆ ਸੀ। ਸਾਰੇ ਸਮਾਗਮ ਦੇ ਅਨੰਦ ਮਾਣੇ। ਇਹ ਜ਼ਿਕਰ 1913 ਈਸਵੀ ਦਾ ਹੈ। ਬੜੀਆਂ ਖੁਸ਼ੀਆਂ ਵਿਚ ਇਹ ਅਨੰਦਮਈ ਸਮਾਗਮ ਸਮਾਪਤ ਹੋਇਆ।

ਜਦੋਂ ਭਾਈ ਸਾਹਿਬ ਜੀ ਨੇ ਆਰੰਭ ਅਤੇ ਭੋਗ ਦੀ ਅਰਦਾਸ ਕਰਨ ਲਈ ਮਾਨਯੋਗ ਬਾਊ ਜੀ ਨੂੰ ਆਖਿਆ, ਤਾਂ ਅਰਦਾਸ ਵਿਚ ਉਹ ਵੈਰਾਗਮਈ ਰੰਗ ਬਝੇ, ਜੋ ਅਜ ਤਕ ਹਲੂਣਾ ਦੇ ਰਹੇ ਹਨ। ਮੈਨੂੰ ਉਹ ਅਰਦਾਸ ਅਜ ਤਕ ਭੁਲੀ ਨਹੀਂ, ਕਿਉਂ ਜੁ ਉਸ ਵਕਤ ਦੀ ਅਰਦਾਸ ਵਿਚ ਕੋਈ ਅਲੌਕਿਕ ਅਨੰਦ ਸੀ, ਜੋ ਹਮੇਸ਼ਾਂ ਸਾਰੀ ਸੰਗਤ ਉਨ੍ਹਾਂ ਦੀ ਅਰਦਾਸ ਵਿਚੋਂ ਅਨੰਦ ਮਾਣਦੀ ਸੀ।

ਅਖੰਡਪਾਠ ਦੇ ਭੋਗ ਉਪਰੰਤ ਬਾਊ ਜੀ ਨੇ ਸਾਰੇ ਪਰਿਵਾਰ ਨੂੰ ਅੰਮ੍ਰਿਤ ਛਕਾਉਣ ਦੀ ਬੇਨਤੀ ਕੀਤੀ ਤਾਂ ਪਿਤਾ ਜੀ (ਭਾਈ ਵਰਿਆਮ ਸਿੰਘ) ਬੜੇ ਖੁਸ਼ ਹੋਏ ਤੇ ਕਹਿਣ ਲੱਗੇ ਕਿ ਸਾਡੇ ਵੱਡੇ ਭਾਗ ਹੋਣਗੇ ਕਿ ਇਹੋ ਜਿਹੇ ਗੁਰੂ-ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤਿ ਮਿਲੇ। ਜਥੇ ਵਿਚ ਇਹ ਲਾਜ਼ਮੀ ਕਰਾਰ ਦਿੱਤਾ ਜਾਂਦਾ ਸੀ ਕਿ ਸਾਰੇ ਅੰਮ੍ਰਿਤਧਾਰੀ ਬਿਬੇਕ ਧਾਰਨ ਕਰਨਗੇ। ਸੋ ਉਨ੍ਹਾਂ ਮਜਬੂਰੀ ਦਸਦਿਆਂ ਕਿਹਾ ਕਿ ਸਾਰਾ ਪਰਿਵਾਰ ਲਾਇਲਪੁਰ ਦੀ ਬਾਰ ਵਿਚ ਹੈ, ਜਿਥੇ ਪਿੰਡ ਵਿਚ ਸਿਰਫ ਇਕੋ ਇਕ ਖੂਹ ਹੈ, ਜੋ ਘਰ ਤੋਂ ਬਹੁਤ ਦੂਰ ਹੈ ਅਤੇ ਜਿਸ ਦਾ ਪਾਣੀ ਘਟੋ ਘਟ ਸੋ ਫੁਟ ਡੂੰਘਾ ਹੈ। ਬਿਬੇਕ ਰੱਖਣ ਲਈ ਪਾਣੀ ਢੋਣ ਦੀ ਸੇਵਾ ਤਾਂ ਆਪ ਹੀ ਕਰਨੀ ਪਵੇਗੀ। ਸੋ ਕਿਰਪਾ ਕਰੋ ਤੇ ਆਗਿਆ ਦਿਓ ਕਿ ਮੈਂ ਉਥੇ ਜਾ ਕੇ ਬਾਕੀ ਵੀਰਾਂ ਤੇ ਪਰਿਵਾਰ ਨਾਲ ਸਲਾਹ ਕਰ ਲਵਾਂ। ਬਾਊ ਜੀ ਇਹ ਗੱਲ ਮੰਨ ਤਾਂ ਗਏ, ਪਰ ਨਾਲ ਹੀ ਇਹ ਸ਼ਰਤ ਲਾ ਦਿੱਤੀ ਕਿ ਮੇਰਾ ਪਰਿਵਾਰ ਨਾਲ ਤਾਂ ਹੀ ਮਿਲਾਪ ਹੋਵੇਗਾ ਜੇ ਸਾਰੇ ਤਿਆਰ-ਬਰ-ਤਿਆਰ ਬਿਬੇਕ ਰਖ ਕੇ ਅੰਮ੍ਰਿਤਪਾਨ ਕਰੋਗੇ। ਸਾਰੇ ਸਮਾਗਮ ਦੀ ਸਮਾਪਤੀ ਉਪਰੰਤ ਜਥੇ ਦੇ ਨਾਲ ਵਿਦਾ ਹੋ ਗਏ ਅਤੇ ਜਥੇ ਨੂੰ ਨਾਰੰਗਵਾਲ ਛੱਡ ਕੇ ਆਪ ਅੰਬਾਲੇ ਛਾਉਣੀ ਪੁਜ ਗਏ।

## ਨਾਗੋਕੀ ਸਰਲੀ (ਲਾਇਲਪੁਰ) ਵਿਖੇ ਸਮਾਗਮ

ਗੁਰੂ ਕੇ ਭਾਣੇ ਵਿਚ ਸ੍ਰੀ ਮਾਨ ਬਾਊ ਜੀ ਵਲੋਂ ਪਰਿਵਾਰ ਨਾਲ, ਅੰਮ੍ਰਿਤ ਛਕਣ ਤਕ ਨਾ-ਮਿਲਵਰਤਣ ਕਰਨ ਦੀ ਕਰੜਾਈ, ਰੰਗ ਲਿਆਈ। ਦਾਸ ਦੇ ਪਿਤਾ ਸ. ਵਰਿਆਮ ਸਿੰਘ ਜੀ ਨੇ ਬਾਰ ਵਿਚ ਆਪਣੇ ਪਿੰਡ ਨਾਗੋਕੀ-ਸਰਲੀ ਜ਼ਿਲ੍ਹਾ ਲਾਇਲਪੁਰ ਵਿਚ ਪੁਜ ਕੇ ਆਪਣੇ ਪਰਿਵਾਰ ਨਾਲ ਸਲਾਹ ਕੀਤੀ। ਕੁਝ ਸਮੇਂ ਬਾਅਦ ਸੱਚੇ ਪਾਤਸ਼ਾਹ ਨੇ ਹਿੰਮਤ ਬਖਸ਼ੀ ਤੇ ਮਨ ਤਕੜਾ ਹੋ ਗਿਆ। ਅੰਮ੍ਰਿਤ ਛਕਣ ਲਈ ਤਿਆਰ-ਬਰ-ਤਿਆਰ ਹੋ ਕੇ ਅੰਮ੍ਰਿਤ ਦੇ ਪਾਤਰ ਬਣਨ ਲਈ ਕਮਰਕਸੇ ਕਰ ਲਏ। ਪਿਤਾ ਜੀ ਨੇ ਆਪਣੇ ਛੋਟੇ ਵੀਰ ਬਾਊ ਮੱਲ ਸਿੰਘ ਜੀ ਨੂੰ ਚਿੱਠੀ ਲਿਖੀ, "ਵੀਰ ਜੀ, ਅਸੀਂ ਸਾਰਾ ਪਰਿਵਾਰ ਅੰਮ੍ਰਿਤ ਛਕਣ ਲਈ ਬਿਲਕੁਲ ਤਿਆਰ ਹਾਂ। ਮਨ ਪੱਕਾ ਹੋ ਗਿਆ ਹੈ ਤੇ ਆਪਣੀ ਏਹੜ-ਤੇਹੜ ਛਡ ਬੈਠਾ ਹੈ ਅਤੇ ਹੁਣ ਗੁਰੂ ਦੀ ਕਿਰਪਾ ਨਾਲ ਸਾਰੀ ਢਿਲ-ਮੱਠ ਮੁਕ ਗਈ ਹੈ। ਆਪ ਜੀ ਕਿਰਪਾ ਕਰੋ ਅਤੇ ਗੁਰਮੁਖ ਪਿਆਰਿਆਂ ਦੇ ਜਥੇ ਸਮੇਤ ਦਰਸ਼ਨ ਬਖਸ਼ੋ। ਜੇ ਤੁਸੀਂ ਨਾ ਆਏ ਅਤੇ ਗੁਰੂ-ਭਾਣੇ ਵਿਚ ਜੇ ਸਰੀਰ ਬਿਨਸ ਜਾਏ ਤਾਂ ਇਸ ਦੀ ਜ਼ਿੰਮੇਵਾਰੀ ਆਪ ਜੀ ਦੀ ਹੋਵੇਗੀ।"

ਪੱਤਰ ਪੁੱਜਣ 'ਤੇ ਮਾਨਯੋਗ ਬਾਊ ਜੀ ਨੇ ਭਾਈ ਸਾਹਿਬ ਪਾਸ ਨਾਰੰਗਵਾਲ ਪੁਜ ਕੇ ਬੇਨਤੀ ਕੀਤੀ ਕਿ ਦਾਸ ਦੇ ਵੀਰ-ਪਰਿਵਾਰ 'ਤੇ ਬਖਸ਼ਿਸ਼ ਕਰੋ ਅਤੇ ਬਾਰ ਵਿਚ ਪੁਜ ਕੇ ਸਮਾਗਮ ਰਚੋ ਤੇ ਪਰਵਾਰ ਨੂੰ ਜਹਾਜ਼ੇ ਚੜ੍ਹਾਓ। ਪ੍ਰੇਮ ਕੁਠੀਆਂ ਰੂਹਾਂ ਦੇ ਪ੍ਰੇਮ-ਉਛਾਲਿਆਂ ਅਗੇ ਕੌਣ ਹੁਤ ਕਰੇ? ਭਾਈ ਸਾਹਿਬ ਜੀ ਨੇ ਖੁਸ਼ੀ ਨਾਲ ਪਰਵਾਨਗੀ ਦੇ ਦਿੱਤੀ। ਸਮਾਗਮ ਦੀਆਂ ਤਰੀਕਾਂ ਮਿਥ ਲਈਆਂ ਗਈਆਂ। ਮਿਥੇ ਸਮੇਂ 'ਤੇ ਬਾਊ ਜੀ, ਸ੍ਰੀਮਾਨ ਭਾਈ ਸਾਹਿਬ ਜੀ, ਸਾਰਾ ਜਥਾ ਨਾਲ ਲੈ ਕੇ ਨਾਗੋਕੀ ਸਰਲੀ ਪੁਜ ਗਏ। ਜਥੇ ਨੇ ਪਿੰਡ ਤੋਂ ਤਕਰੀਬਨ ਅੱਧਾ ਮੀਲ ਦੂਰੀ ਤੋਂ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਅਗਲੇ ਪਾਸੇ ਵੀ ਪਿੰਡ ਦੀ ਸੰਗਤ ਕੀਰਤਨ ਕਰਦੀ ਉਡੀਕ ਰਹੀ ਸੀ। ਇਹ ਸ਼ਬਦ ਪੜ੍ਹਿਆ ਜਾ ਰਿਹਾ ਸੀ-

**ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥੩॥੧੯॥**

*(ਆਸਾ ਮ: ੪ ਛੰਤ, ਪੰਨਾ ੪੪੯)*

ਪਿੰਡ ਦੀ ਚੜ੍ਹਦੀ ਗੁੱਠੇ ਮਿਲਾਪ ਹੋਇਆ, ਜਿਥੇ ਦੋਵੇਂ ਜਥੇ ਆਮ੍ਹੋ ਸਾਹਮਣੇ ਕਿੰਨਾ ਚਿਰ ਕੀਰਤਨ ਕਰਦੇ ਰਹੇ, ਤੇ ਫਿਰ ਘਰ ਪੁਜ ਗਏ। ਇਲਾਕੇ ਵਿਚ ਇਹ ਖ਼ਬਰ ਪੁਜਣ ਨਾਲ ਸੰਗਤਾਂ ਵਿਚ ਉਤਸ਼ਾਹ ਜਾਗ ਪਿਆ। ਸਾਰੇ ਸਮਾਗਮ ਵਿਚ ਬੇਅੰਤ ਸੰਗਤਾਂ ਦਰਸ਼ਨ ਦਿੰਦੀਆਂ ਰਹੀਆਂ। ਸ੍ਰੀ ਅਖੰਡਪਾਠ ਦਾ ਇਹ ਸਮਾਗਮ ਇਲਾਕੇ ਦਾ ਇਕ ਵੱਡਾ ਦੀਵਾਨ ਹੋ ਨਿਬੜਿਆ। ਅਖੰਡਪਾਠ ਦੇ ਨਾਲ ਸਰਬ ਲੋਹੀ ਬਿਬੇਕ ਦਾ ਲੰਗਰ, ਸਮਾਗਮ ਨੂੰ ਬੜਾ ਰੰਗ ਲਾ ਰਿਹਾ ਸੀ। ਘਰ ਵਾਲੇ ਤੇ ਇਲਾਕੇ ਦੇ ਹੋਰ ਪ੍ਰੇਮੀ ਸੇਵਾ ਵਿਚ ਲੱਕ ਬੰਨ੍ਹ ਕੇ ਜੁਟੇ ਹੋਏ ਸਨ।

ਸ੍ਰੀ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਰਖਿਆ ਗਿਆ ਅਤੇ ਭੋਗ ਪਿਛੋਂ ਫਿਰ ਆਸਾ ਦੀ ਵਾਰ ਦਾ ਕੀਰਤਨ ਹੋਇਆ, ਜਿਸ ਦਾ ਭੋਗ ਦੁਪਹਿਰ ਪਿਛੋਂ ਪਿਆ ਤੇ ਅੰਮ੍ਰਿਤ-ਸੰਚਾਰ ਸ਼ੁਰੂ ਹੋ ਗਿਆ। ਪੰਜਾਂ ਪਿਆਰਿਆਂ ਵਿਚ ਸ੍ਰੀ ਮਾਨ ਭਾਈ

ਸਾਹਿਬ, ਮਾਨਯੋਗ ਬਾਊ ਜੀ, ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ ਤੇ ਭਾਈ ਸੁਰਜਨ ਸਿੰਘ ਜੀ ਅਤੇ ਇਕ ਸਿੰਘ ਹੋਰ ਸ਼ਾਮਲ ਹੋਏ। ਆਪਣੇ ਪਰਵਾਰ ਤੋਂ ਇਲਾਵਾ ਡਾਕਟਰ ਗੁਰਬਖਸ਼ ਸਿੰਘ ਜੀ ਰਾਵਲਪਿੰਡੀ ਵਾਲੇ, ਜੋ ਇਥੇ ਸਰਕਾਰੀ ਹਸਪਤਾਲ ਵਿਚ ਡਾਕਟਰ ਸਨ, ਤੇ ਉਨ੍ਹਾਂ ਦਾ ਪਰਿਵਾਰ, ਭਾਈ ਤ੍ਰਿਪਤ ਸਿੰਘ ਜੀ, ਜੋ ਪਿਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ, ਪਰਿਵਾਰ ਸਮੇਤ ਅਤੇ ਇਲਾਕੇ ਦੇ ਹੋਰ ਉਘੇ ਪਰਿਵਾਰਾਂ ਨੇ ਅੰਮ੍ਰਿਤ ਪਾਨ ਕੀਤਾ। ਸਾਰੇ ਸਮਾਗਮਾਂ ਦੇ ਭੋਗ ਪੈਣ 'ਤੇ ਜਥਾ ਬੜੀ ਨਿਰਾਲੀ ਸ਼ਾਨ ਨਾਲ ਪਿੰਡ ਤੋਂ ਬਾਹਰ ਇਕ ਮੀਲ ਤਕ ਕੀਰਤਨ ਕਰਦਾ ਹੋਇਆ ਵਿਦਾ ਹੋਇਆ। ਉਦੋਂ ਦਾ ਇਕ ਸ਼ਬਦ ਅਜੇ ਵੀ ਕੰਨਾਂ ਵਿਚ ਗੂੰਜਾਂ ਗੁੰਜਾਉਂਦਾ ਹੈ। ਸ਼ਬਦ ਸੀ:-

**ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥**
**ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥**

*(ਓਅੰਕਾਰ, ਰਾਮਕਲੀ ਮ: ੧, ਪੰਨਾ ੯੩੫)*

ਜਥੇ ਨੂੰ ਅਬਾਸਪੁਰ ਸਟੇਸ਼ਨ 'ਤੇ ਗੱਡੀ-ਸਵਾਰ ਕਰ ਕੇ, ਉਨ੍ਹਾਂ ਦੀਆਂ ਖੁਸ਼ੀਆਂ ਲੈਂਦੇ ਹੋਏ ਮਾਨਯੋਗ ਬਾਊ ਜੀ, ਪਿਤਾ ਜੀ ਤੇ ਦਾਸ ਵਾਪਸ ਪਿੰਡ ਪੁਜ ਗਏ। ਇਸ ਗੁਰਮਤਿ ਸਮਾਗਮ ਦੀ ਸਾਰੇ ਇਲਾਕੇ ਵਿਚ ਧੁੰਮ ਪੈ ਗਈ ਤੇ ਬੜੀ ਮਹਿਮਾ ਹੋਈ। ਇਹ ਸਮਾਗਮ 1914 ਈਸਵੀ ਵਿਚ ਹੋਇਆ ਸੀ।

ਡਾਕਟਰ ਗੁਰਬਖਸ਼ ਸਿੰਘ ਜੀ ਓਹੋ ਹੀ ਗੁਰਮੁਖ ਡਾਕਟਰ ਸਨ, ਜੋ ਲਾਇਲਪੁਰ ਤੋਂ ਬਦਲ ਕੇ 1928 ਵਿਚ ਰਾਵਲਪਿੰਡੀ ਸ਼ਹਿਰ ਵਿਚ ਜਾ ਲਗੇ ਸਨ। ਇਨ੍ਹਾਂ ਦੇ ਉਪਰਾਲੇ ਸਦਕਾ ਹੀ ਬਾਊ ਜੀ, ਸਣੇ ਜਥੇ ਦੇ ਰਾਵਲਪਿੰਡੀ ਪੁਜ ਕੇ ਗੁਰਮਤਿ ਸਮਾਗਮ ਕਰਦੇ ਰਹੇ। ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਤਦੋਂ ਅਜੇ ਜੇਲ੍ਹ-ਯਾਤਰਾ ਹੀ ਕਰ ਰਹੇ ਸਨ। 1930 ਵਿਚ ਜੇਲ੍ਹ ਤੋਂ ਰਿਹਾ ਹੋਣ ਪਿਛੋਂ ਰਾਵਲਪਿੰਡੀ ਦੇ ਸਮਾਗਮਾਂ ਵਿਚ ਭਾਈ ਸਾਹਿਬ ਜੀ ਜਥੇ ਨਾਲ ਸ਼ਾਮਲ ਹੁੰਦੇ ਰਹੇ।

ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਪਿਤਾ ਜੀ ਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਆਪ ਜੀ ਨੇ ਸਾਰੇ ਪਰਿਵਾਰ ਲਈ ਬਿਬੇਕ ਦਾ ਜਲ ਢੋਣ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ। ਖੂਹ 'ਚੋਂ ਜਲ ਕੱਢਣ ਲਈ ਲੱਜ, ਪੀਪਾ ਤੇ ਵਹਿੰਗੀ ਬਣਵਾ ਲਈ ਅਤੇ 14 ਸਾਲ ਸਾਰੇ ਪਰਿਵਾਰ ਲਈ ਜਲ ਢੋਣ ਦੀ ਸੇਵਾ ਕੀਤੀ। ਇਹ ਦਾਤਾ ਜੀ ਦੀ ਬਖਸ਼ਿਸ਼ ਸੀ। ਫਿਰ ਘਰ ਵਿਚ ਹੀ ਖੂਹੀ ਲਗਵਾ ਲਈ ਤੇ ਸਾਰਾ ਕੰਮ ਠੀਕ ਠਾਕ ਹੋ ਗਿਆ।

## ਪਰਿਵਾਰਕ ਜੀਵਨ-ਪਲਟਾ

ਅੰਮ੍ਰਿਤ ਦੀ ਵਡਮੁਲੀ ਦਾਤਿ ਨੇ ਪਰਵਾਰ ਦੇ ਰੋਜ਼ਾਨਾ ਜੀਵਨ ਵਿਚ ਇਕ ਨਵਾਂ ਪਲਟਾ ਲੈ ਆਂਦਾ। ਸ੍ਰੀਮਾਨ ਬਾਊ ਮੱਲ ਸਿੰਘ ਜੀ ਦੀ ਪ੍ਰੇਰਨਾ ਦਾ ਸਦਕਾ ਪਰਿਵਾਰ ਦੇ ਸਾਰੇ ਜੀਆਂ ਦੀ ਪੂਰੀ ਕੋਸ਼ਿਸ਼ ਹੁੰਦੀ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਉਚਾਰੇ ਇਸ ਸ਼ਬਦ ਨੂੰ ਦ੍ਰਿੜ ਕੀਤਾ ਜਾਏ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**

**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**
**ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ**
**ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥**

*(ਮ: ੪ ਗਉੜੀ ਕੀ ਵਾਰ, ਪੰਨਾ ੩੦੫-੦੬)*

ਅਤੇ ਇਸ ਸ਼ਬਦ ਦੇ ਅੱਖਰ ਅੱਖਰ ਦੇ ਭਾਵ ਨੂੰ ਸਮਝ ਕੇ, ਤੇ ਪੂਰਨ ਵਿਸ਼ਵਾਸ ਕਰ ਕੇ, ਇਸ ਗਾਡੀ-ਰਾਹ 'ਤੇ ਚਲਿਆ ਜਾਵੇ। ਸਿੰਘ ਸਭਾ ਦੀ ਲਹਿਰ ਕਾਫੀ ਸਮੇਂ ਪਹਿਲਾਂ ਚੱਲੀ ਹੋਣ ਕਰਕੇ, ਪਿਤਾ ਜੀ (ਭਾਈ ਸਾਹਿਬ ਵਰਿਆਮ ਸਿੰਘ) ਅੰਮ੍ਰਿਤ ਵੇਲੇ ਉਠਣ ਦੇ ਆਦੀ ਹੋ ਚੁੱਕੇ ਸਨ। ਹੁਣ ਸ੍ਰੀਮਾਨ ਬਾਊ ਜੀ ਦੇ ਉਤਸ਼ਾਹ ਨਾਲ ਤਕਰੀਬਨ ਸਾਰੇ ਪਰਿਵਾਰ ਨੂੰ ਪਿਛਲੀ ਰਾਤ ਜਾਗਣ ਦੀ ਆਦਤ ਪੈ ਗਈ।

ਮਾਨਯੋਗ ਬਾਊ ਜੀ, ਬੀਬੀ ਨਿਹਾਲ ਕੌਰ ਤੇ ਦਾਸ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ, ਬੈਠਕ ਦੇ ਸਾਹਮਣੇ ਥੜੇ 'ਤੇ, ਦਰੀ ਖੇਸ ਵਿਛਾ ਆਸਣ ਜਮਾ ਲੈਣੇ। ਦਰਮਿਆਨ ਵਿਚ ਬਾਊ ਜੀ, ਖੱਬੇ ਪਾਸੇ ਬੀਬੀ ਜੀ ਤੇ ਸੱਜੇ ਪਾਸੇ ਦਾਸ ਨੇ ਬੈਠ ਕੇ ਨਾਮ ਦਾ ਖ਼ੂਬ ਅਭਿਆਸੀ ਖੰਡਾ ਖੜਕਾਉਣਾ। ਪਹੁ-ਫੁਟਾਲੇ ਨਾਲ ਨਿਤਨੇਮ ਸ਼ੁਰੂ ਕਰ ਦੇਣਾ। ਜਪੁ ਜੀ ਸਣੇ ਸ਼ਬਦ ਹਜ਼ਾਰੇ, ਜਾਪੁ ਸਾਹਿਬ, ਸਵਈਏ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਕਰ ਕੇ ਗੁਰਦੁਆਰੇ ਪੁਜ ਜਾਣਾ। ਗ੍ਰੰਥੀ ਭਾਈ ਗੁਰਦਿੱਤ ਸਿੰਘ ਜੀ ਪਤਨੀ ਸਮੇਤ ਬਹੁਤ ਹੀ ਗੁਰਮੁਖ ਸਨ। ਉਨ੍ਹਾਂ ਨੇ ਸਾਡੇ ਜਾਣ ਤੋਂ ਪਹਿਲਾਂ ਹੀ ਸਫਾਈ ਕਰ ਕੇ ਸੱਚੇ ਪਾਤਸ਼ਾਹ ਜੀ ਦਾ ਪ੍ਰਕਾਸ਼ ਕਰ ਦੇਣਾ। ਉਥੋਂ ਸ਼ਬਦ ਸਰਵਣ ਕਰ ਕੇ, ਕਈ ਵੇਰ ਪਾਠ ਤੇ ਕਈ ਵੇਰ ਕੀਰਤਨ ਕਰ ਕੇ ਵਾਪਸ ਘਰ ਪੁੱਜਣਾ। ਕੁਝ ਛਕ-ਛਕਾ ਕਰਨ ਪਿਛੋਂ ਸਰਬ-ਲੋਹ ਦੇ ਬਰਤਨਾਂ ਦੀ ਸੁਧਾਈ ਸ਼ੁਰੂ ਹੋ ਜਾਣੀ। ਸ੍ਰੀਮਾਨ ਬਾਊ ਜੀ ਕਿਹਾ ਕਰਦੇ ਸਨ ਕਿ ਸਰਬ-ਲੋਹ-ਧਾਰਨੀ ਸੁਚੱਜਾ ਸਿਖ ਉਹ ਹੀ ਹੋ ਸਕਦਾ ਹੈ, ਜਿਸ ਦੇ ਬਰਤਨਾਂ ਦੀ ਸਫਾਈ ਤੇ ਚਮਕ ਤੋਂ ਉਸ ਦਾ ਪ੍ਰੇਮ ਉਛਲ ਉਛਲ ਪਵੇ। ਇਸ ਸਫਾਈ ਲਈ ਨਹਿਰ ਤੋਂ ਰੇਤ ਲਿਆਈ ਜਾਂਦੀ ਸੀ। ਪਿਛਲੇ ਪਹਿਰ ਬਾਊ ਜੀ ਨੇ ਦਾਸ ਨੂੰ ਨਾਲ ਲੈਣਾ, ਜਲ ਦਾ ਗਡਵਾ ਫੜਨਾ, ਮੋਢੇ 'ਤੇ ਬੜਾ ਸੁੰਦਰ ਸਫ਼ਾਜੰਗ* ਰਖਣਾ, ਅਤੇ ਬਾਹਰ ਜਾ ਕੇ ਖੁਲ੍ਹੇ ਥਾਂ

* ਉਸ ਵਕਤ ਜਥੇ ਦੇ ਸਭ ਸਿੰਘ ਬਾਹਰ ਜਾਣ ਲਗਿਆਂ ਸਫ਼ਾਜੰਗ ਆਪਣੇ ਨਾਲ ਰਖਦੇ ਸਨ।

ਕਿਸੇ ਜਲ ਦੇ ਕੰਢੇ ਆਸਣ ਜਮਾ ਲੈਣੇ। ਕਈ ਵੇਰ ਉਥੇ ਹੀ ਸੋ ਦਰੁ ਰਹਿਰਾਸ ਦਾ ਪਾਠ ਕਰ ਲੈਣਾ ਤੇ ਕਈ ਵੇਰ ਘਰ ਆ ਕੇ ਸਾਰੇ ਪਰਿਵਾਰ ਤੇ ਗੁਆਂਢੀ ਘਰਾਂ ਦੇ ਗੁਰਮੁਖ ਪ੍ਰੇਮੀ ਜਨਾਂ ਨੂੰ ਨਾਲ ਲੈ ਕੇ ਦੀਵਾਨ ਸਜਾ ਲੈਣਾ ਅਤੇ ਸੋ ਦਰੁ ਰਹਿਰਾਸ ਦੇ ਪਾਠ ਉਪਰੰਤ ਬੜੇ ਰੰਗ ਵਿਚ ਇਕੱਠਿਆਂ ਕੀਰਤਨ ਕਰਨਾ :-

**ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ ॥**

*(ਭਾਈ ਗੁਰਦਾਸ ਜੀ, ਵਾਰ ੯, ਪਉੜੀ ੧੮)*

**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥੧੦॥**

*(ਆਸਾ ਦੀ ਵਾਰ, ਪੰਨਾ ੪੬੮)*

**ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥**

*(ਸਿਰੀ ਰਾਗੁ ਮ: ੪, ਪੰਨਾ ੭੮)*

**ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥**
**ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥**

*(ਸਲੋਕ ਫਰੀਦ ਜੀ, ਪੰਨਾ ੧੩੭੮)*

ਇਤਆਦਿ ਸ਼ਬਦਾਂ ਦੇ ਕੀਰਤਨ ਵਿਚ ਬਿਹਬਲ ਹੋ ਹੋ ਜਾਣਾ। ਇਸ ਅੰਮ੍ਰਿਤ-ਸਮਾਗਮ ਤੇ ਗੁਰਮਤਿ ਰਹੁ-ਰੀਤੀ ਦੀ ਇਲਾਕੇ ਵਿਚ ਇਤਨੀ ਚਰਚਾ ਤੇ ਭਰਪੂਰ ਪ੍ਰਸੰਸਾ ਹੋਈ ਕਿ ਪਿੰਡ ਦੇ ਅਤੇ ਇਲਾਕੇ ਦੇ ਪ੍ਰੇਮੀ ਮਾਨਯੋਗ ਬਾਊ ਜੀ ਦੇ ਦਰਸ਼ਨ ਕਰਨ ਤੇ ਬਚਨ ਸੁਣਨ ਲਈ ਆਉਣ ਲਗ ਪਏ। ਕੁਝ ਦਿਨਾਂ ਪਿਛੋਂ ਉਨ੍ਹਾਂ ਬਾਊ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਲਈ ਅੰਮ੍ਰਿਤ-ਸੰਚਾਰ ਦਾ ਪ੍ਰਬੰਧ ਕੀਤਾ ਜਾਵੇ, ਜੋ ਉਨ੍ਹਾਂ ਨੇ ਪਰਵਾਨ ਕਰ ਲਈ। ਪਰ ਉਸ ਵੇਲੇ ਵੱਡੀ ਮੁਸ਼ਕਿਲ ਜਾਪੁ ਸਾਹਿਬ ਦੇ ਪਾਠੀ ਦੀ ਸੀ। ਸ੍ਰੀਮਾਨ ਬਾਊ ਜੀ ਨੇ ਸੋਚ-ਵਿਚਾਰ ਕੇ ਦਾਸ ਨੂੰ ਥਾਪੜਾ ਦਿੱਤਾ ਕਿ ਮੈਂ ਹੀ ਜਾਪੁ ਸਾਹਿਬ ਦਾ ਪਾਠ ਕੰਠ ਕਰ ਕੇ ਇਸ ਸੇਵਾ ਲਈ ਤਿਆਰ ਹੋ ਜਾਵਾਂ। ਦਾਸ ਨੇ ਹਰ ਰੋਜ਼ ਬਾਹਰ ਮੱਝਾਂ ਚਾਰਨ ਵੇਲੇ ਜਾਪੁ ਸਾਹਿਬ ਦਾ ਗੁਟਕਾ ਨਾਲ ਲੈ ਜਾਣਾ ਤੇ ਸਾਰਾ ਵਕਤ ਪਾਠ ਕਰਨ 'ਤੇ ਲਾਉਣਾ। ਘਰ ਆ ਕੇ ਕੰਠ ਹੋਇਆ ਪਾਠ ਬਾਊ ਜੀ ਨੂੰ ਸੁਣਾ ਕੇ ਉਨ੍ਹਾਂ ਦੀ ਖੁਸ਼ੀ ਲੈਣੀ। ਸਤਿਗੁਰੂ ਜੀ ਦੀ ਅਪਾਰ ਕਿਰਪਾ ਹੋਈ, ਦੋ ਹਫਤਿਆਂ ਵਿਚ ਜਾਪੁ ਸਾਹਿਬ ਦਾ ਪਾਠ ਕੰਠ ਹੋ ਗਿਆ। ਅੰਮ੍ਰਿਤ-ਸੰਚਾਰ ਦੀ ਤਰੀਕ ਨੀਯਤ ਕਰ ਲਈ ਗਈ। ਇਲਾਕੇ ਦੇ ਪ੍ਰੇਮੀ ਜਹਾਜ਼ੇ ਚੜ੍ਹਨ ਲਈ ਪੁਜ ਗਏ। ਦਾਸ ਨੂੰ ਪੰਜਾਂ ਪਿਆਰਿਆਂ ਵਿਚ ਸੇਵਾ ਵਾਸਤੇ ਚੁਣ ਲਿਆ ਗਿਆ। ਮੇਰੇ ਲਾਗੇ ਬੀਬੀ ਨਿਹਾਲ ਕੌਰ ਜੀ ਨੂੰ ਗੁਟਕਾ ਦੇ ਕੇ ਬਿਠਾਲ ਦਿੱਤਾ ਗਿਆ, ਤਾਂ ਜੁ ਮੈਂ ਜੇ ਕਿਤੇ ਭੁਲ ਜਾਵਾਂ ਤਾਂ ਉਹ ਦੱਸ ਦੇਣ। ਸਤਿਗੁਰੂ ਜੀ ਦੀ ਪ੍ਰਤੱਖ ਕਲਾ ਵਰਤੀ ਕਿ ਜਾਪੁ ਸਾਹਿਬ ਦੇ ਪਾਠ ਵੇਲੇ ਕੋਈ ਵੀ ਉਕਾਈ ਨਾ ਹੋਈ, ਜਿਸ 'ਤੇ ਸਭ ਨੇ ਖੁਸ਼ੀ ਮਨਾਈ। ਸਮਾਗਮ ਬੜੇ ਰੰਗਾਂ ਵਿਚ ਸਮਾਪਤ ਹੋਇਆ। ਇਸ ਛੋਟੀ ਉਮਰ ਵਿਚ ਦਾਸ ਨੂੰ ਜਾਪੁ ਸਾਹਿਬ ਵਰਗੀ ਕਠਿਨ ਬਾਣੀ ਦਾ ਕੰਠ ਹੋ ਜਾਣਾ, ਇਹ ਸਤਿਗੁਰੂ ਜੀ ਦੀ ਖ਼ਾਸ ਬਖ਼ਸ਼ਿਸ਼ ਹੈ।

## ਗਿ: ਹੀਰਾ ਸਿੰਘ ਦਰਦ ਨਾਲ ਮਿਲਾਪ

ਜਦ ਇਕ ਦਿਨ ਸ੍ਰੀਮਾਨ ਬਾਊ ਜੀ ਨਾਲ ਦੇ ਪਿੰਡ ਝਬਾਲ (ਲਾਇਲਪੁਰ) ਵਿਖੇ

ਭਾਈ ਜੈ ਸਿੰਘ (ਡਾਕਟਰ ਅਨੂਪ ਸਿੰਘ ਮੈਂਬਰ ਪਾਰਲੀਮੈਂਟ ਦੇ ਪਿਤਾ) ਨੂੰ ਮਿਲਣ ਗਏ ਤਾਂ ਉਥੇ ਗੁਰਦੁਆਰਾ ਸਾਹਿਬ ਵਿਖੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨਾਂ ਉਪਰੰਤ ਕੀਰਤਨ ਕੀਤਾ :

**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥੧੦॥**

*(ਆਸਾ ਦੀ ਵਾਰ, ਪੰਨਾ ੪੬੮)*

ਉਥੇ ਕੁਦਰਤ ਨਾਲ ਗਿ: ਹੀਰਾ ਸਿੰਘ ਜੀ ਦਰਦ*, ਜੋ ਉਸ ਵੇਲੇ ਉਸ ਪਿੰਡ ਦੇ ਸਕੂਲ ਵਿਚ ਟੀਚਰ ਲੱਗੇ ਹੋਏ ਸਨ, ਵੀ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਸਨ। ਕੀਰਤਨ ਦੇ ਭੋਗ ਤੋਂ ਪਿਛੋਂ ਉਹ ਬਾਊ ਜੀ ਨੂੰ ਬੜੇ ਪ੍ਰੇਮ ਨਾਲ ਮਿਲੇ ਤੇ ਦਰਸ਼ਨ ਕਰ ਕੇ ਇਤਨੇ ਪ੍ਰਭਾਵਿਤ ਹੋਏ ਕਿ ਉਥੇ ਹੀ ਬੇਨਤੀ ਕਰ ਦਿੱਤੀ ਕਿ ਮੈਂ ਪਰਵਾਰ ਸਹਿਤ ਅੰਮ੍ਰਿਤ ਛਕਣ ਲਈ ਹਾਜ਼ਰ ਹਾਂ, ਸੋ ਪ੍ਰਬੰਧ ਕੀਤਾ ਜਾਵੇ। ਬਾਊ ਜੀ ਨੇ ਆਪਣੇ ਪਿੰਡ ਵਾਪਸ ਆ ਕੇ ਅੰਮ੍ਰਿਤ-ਸੰਚਾਰ ਦਾ ਪ੍ਰਬੰਧ ਪਿੰਡ ਦੇ ਗੁਰਦੁਆਰੇ ਵਿਖੇ ਕਰ ਦਿੱਤਾ। ਗਿ: ਹੀਰਾ ਸਿੰਘ ਜੀ ਨੇ ਸਿੰਘਣੀ ਤੇ ਹੋਰ ਸਨੇਹੀਆਂ ਸਮੇਤ ਅੰਮ੍ਰਿਤ ਪਾਨ ਕੀਤਾ ਅਤੇ ਹਮੇਸ਼ਾ ਲਈ ਬਾਊ ਜੀ ਦੇ ਪੱਕੇ ਮਿੱਤਰ ਬਣ ਗਏ।

## ਪਹਿਲਾ ਵਿਸ਼ਵ-ਜੰਗ ਛਿੜਨਾ

ਸਿਮਰਨ ਤੇ ਕੀਰਤਨ ਸਮਾਗਮਾਂ ਦਾ ਪ੍ਰੋਗਰਾਮ ਬੜੇ ਅਨੰਦ ਵਿਚ ਚਲ ਰਿਹਾ ਸੀ ਕਿ ਅਚਾਨਕ ਕਾਨਪੁਰ ਤੋਂ ਰਸਾਲੇ ਦੇ ਕਰਨਲ ਦੀ ਤਾਰ ਆ ਗਈ ਕਿ ਰਸਾਲਾ ਲੜਾਈ (ਪਹਿਲੀ ਵਿਸ਼ਵ-ਜੰਗ) ਵਿਚ ਫਰਾਂਸ ਜਾ ਰਿਹਾ ਹੈ। ਇਕ-ਦਮ ਵਾਪਸ ਪੁਜ ਕੇ ਹਾਜ਼ਰ ਹੋ ਜਾਓ। ਸੋ ਓਸੇ ਵਕਤ ਤਿਆਰੇ ਸ਼ੁਰੂ ਹੋ ਗਏ। ਅਗਲੇ ਦਿਨ ਕਾਨਪੁਰ ਜਾਣ ਲਈ ਗੱਡੀ ਚੜ੍ਹਨਾ ਸੀ। ਨਿਤ ਵਾਂਗ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕੀਤਾ ਅਤੇ ਥੜੇ 'ਤੇ ਆਸਣ ਜਮਾ, ਤਿੰਨਾਂ ਨੇ ਸਿਮਰਨ ਤੇ ਨਿਤਨੇਮ ਕੀਤਾ। ਉਪਰੰਤ ਗੁਰਦੁਆਰਾ ਸਾਹਿਬ ਵਿਖੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਅਤੇ ਹੁਕਮਨਾਮਾ ਸੁਣਨ ਲਈ ਪੁੱਜੇ। ਮਾਨਯੋਗ ਬਾਊ ਜੀ ਸੱਚੇ ਪਾਤਸ਼ਾਹ ਦੀ ਤਾਬਿਆ ਬੈਠ ਗਏ। ਅੰਦਰੋਂ ਉਠੇ ਕੀਰਤਨ-ਉਛਾਲੇ ਵਿਚ ਇਹ ਸ਼ਬਦ ਗਾਵਿਆ :

**ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥**

*(ਆਸਾ ਮ: ੧ ਛੰਤ, ਪੰਨਾ ੪੩੯)*

ਫਿਰ ਸੱਚੇ ਪਾਤਸ਼ਾਹ ਦਾ ਹੁਕਮ ਲਿਆ ਤੇ ਰੁਮਾਲਾ ਪਾ ਕੇ ਅੰਤਰ-ਧਿਆਨ ਹੋ ਗਏ। ਕਾਫ਼ੀ ਚਿਰ ਪਿਛੋਂ ਨੇਤਰ ਖੋਲ੍ਹੇ ਤੇ ਬੋਲੇ, "ਨਿਹਾਲ ਕੌਰ, ਠਾਕਰ ਸਿੰਘ ਨੂੰ ਗੋਦੀ ਵਿਚ ਲੈ ਲਵੋ।" ਉਨ੍ਹਾਂ ਬਾਹਾਂ ਉਪਰ ਕੀਤੀਆਂ ਤੇ ਦਾਸ ਬੀਬੀ ਜੀ ਦੀ ਗੋਦੀ ਵਿਚ ਲੇਟ ਗਿਆ। ਫਿਰ ਤਾਬਿਆ 'ਚੋਂ ਉਠ ਕੇ ਹਜ਼ੂਰੀ ਵਿਚ ਆ ਖਲੋਤੇ ਤੇ ਅਰਦਾਸ ਕੀਤੀ, "ਸੱਚੇ ਪਾਤਸ਼ਾਹ, ਇਸ ਬੱਚੇ ਦਾ ਮੈਂ ਜਨਮ-ਦਾਤਾ ਨਹੀਂ ਹਾਂ, ਪਰ ਇਸ ਦੇ ਬਚਪਨ ਤੋਂ ਹੀ ਮੈਨੂੰ ਇਸ ਨਾਲ ਇਤਨਾ ਪਿਆਰ ਹੈ ਕਿ ਇਹ ਮੈਨੂੰ ਸਭ ਬੱਚਿਆਂ ਤੋਂ ਪਿਆਰਾ ਹੈ। ਹੇ ਸਤਿਗੁਰੂ ! ਅੱਜ ਮੈਂ ਆਪ ਦੀ ਹਜ਼ੂਰੀ ਵਿਚ ਇਸ ਨੂੰ ਆਪਣੀ ਸਿੰਘਣੀ ਨਿਹਾਲ ਕੌਰ ਦੀ

---

* ਗਿ: ਹੀਰਾ ਸਿੰਘ ਜੀ ਦਰਦ ਪੰਥ ਦੇ ਉਘੇ ਕਵੀ, ਲਿਖਾਰੀ ਤੇ ਰਸਾਲਾ 'ਫੁਲਵਾੜੀ' ਦੇ ਸੰਚਾਲਕ ਹੋਏ ਹਨ।

ਗੋਦੀ ਪਾ ਰਿਹਾ ਹਾਂ ਅਤੇ ਆਪ ਅਗੇ ਅਰਦਾਸ ਕਰ ਰਿਹਾ ਹਾਂ ਕਿ ਇਸ ਸੰਜੋਗ ਦੀ ਆਪ ਮਨਜ਼ੂਰੀ ਬਖ਼ਸ਼ੋ।" ਉਪਰੰਤ ਸਾਨੂੰ ਦੋਹਾਂ ਨੂੰ ਹੁਕਮ ਕੀਤਾ ਕਿ ਸਤਿਗੁਰੂ ਜੀ ਦੇ ਹਜ਼ੂਰ ਮੱਥਾ ਟੇਕੋ। ਅਸਾਂ ਦੋਹਾਂ ਨੇ ਮੱਥਾ ਟੇਕਿਆ। ਆਪ ਜੀ ਅਰਦਾਸ ਦਾ ਭੋਗ ਪਾ ਕੇ ਬੋਲੇ, "ਨਿਹਾਲ ਕੌਰੇ, ਮੈਂ ਅੱਜ ਜੰਗ ਨੂੰ ਜਾ ਰਿਹਾ ਹਾਂ। ਦਾਤਾ ਜੀ ਸਾਰੇ ਪਰਿਵਾਰ ਦੀ ਸੰਭਾਲ ਤੇ ਰਖਿਆ ਕਰਨਗੇ। ਦੂਜੇ ਬੱਚੇ ਛੋਟੇ ਹਨ, ਤੁਹਾਨੂੰ ਜੋ ਲੋੜ ਹੋਵੇ, ਠਾਕਰ ਸਿੰਘ ਨੂੰ ਕਹਿ ਦੇਣਾ, ਆਪ ਜੀ ਵੱਡੇ ਭਾਈ ਸਾਹਿਬ (ਵਰਿਆਮ ਸਿੰਘ ਜੀ) ਤੋਂ ਸੇਵਾ ਕਰਵਾ ਲਿਆ ਕਰੇਗਾ। ਅੰਮ੍ਰਿਤ ਵੇਲੇ ਦਾ ਨਿਤ ਦਾ ਪ੍ਰੋਗਰਾਮ ਹਮੇਸ਼ਾਂ ਪੂਰਾ ਨਿਭਾਉਣਾ।"

ਸਭ ਨੇ ਮੱਥਾ ਟੇਕਿਆ ਅਤੇ ਘਰ ਪੁਜ ਕੇ ਦਾਸ ਦੇ ਪਿਤਾ ਜੀ ਤੇ ਦਾਸ ਨੂੰ ਨਾਲ ਲੈ ਕੇ ਸਟੇਸ਼ਨ ਨੂੰ ਚਾਲੇ ਪਾ ਦਿੱਤੇ। ਬੜੀ ਚੜ੍ਹਦੀ ਕਲਾ ਵਿਚ ਸਾਥੋਂ ਵਿਦਾ ਹੋਏ। ਗੱਡੀ ਚੜ੍ਹ ਕੇ ਕਾਨਪੁਰ ਪੁਜ ਗਏ।

ਪਹਿਲੀ ਵਿਸ਼ਵਜੰਗ ਵਿਚ ਪਰਦੇਸ ਜਾਣ ਲਈ ਰਸਾਲੇ ਦੀ ਪੂਰੀ ਤਿਆਰੀ ਹੋ ਰਹੀ ਸੀ। ਦੋ ਤਿੰਨ ਦਿਨ ਪਿਛੋਂ ਹੀ ਸਾਰਾ ਰਸਾਲਾ ਰੇਲਵੇ ਰਾਹੀਂ ਬੰਬਈ ਪੁਜ ਗਿਆ। ਅੱਗੇ ਸਮੁੰਦਰੀ ਜਹਾਜ਼ ਉਡੀਕ ਵਿਚ ਖੜੇ ਸਨ। ਜਾਂਦਿਆਂ ਹੀ ਜਹਾਜ਼ ਵਿਚ ਸਵਾਰ ਹੋ ਗਏ। ਪਤਾ ਲਗਾ ਕਿ ਜਹਾਜ਼ ਵਿਚ ਰਸਾਲੇ ਲਈ ਇਕੋ ਹੀ ਲੰਗਰ-ਅਸਥਾਨ ਹੈ ਤੇ ਉਸ ਟਿਕਾਣੇ ਤੋਂ ਬਾਹਰ ਅੱਗ ਨਹੀਂ ਬਾਲੀ ਜਾ ਸਕਦੀ। ਨਾਲ ਦੇ ਮਿੱਤਰਾਂ ਨੇ ਬਾਊ ਜੀ ਨੂੰ ਸਲਾਹ ਦਿੱਤੀ ਕਿ ਤੁਸੀਂ ਵੀ ਇਸੇ ਲੰਗਰ ਵਿਚੋਂ ਪਰਸ਼ਾਦ ਛਕੋ ਤੇ ਹੁਣ ਲੜਾਈ ਵਿਚ ਜਾਣ ਕਰਕੇ, ਬਿਬੇਕ ਦੇ ਪਰਸ਼ਾਦੇ ਦਾ ਖ਼ਿਆਲ ਛੱਡ ਦਿਓ। ਸ੍ਰੀ ਮਾਨ ਬਾਊ ਜੀ ਨੇ ਬੜੇ ਦ੍ਰਿੜ੍ਹ ਵਿਸ਼ਵਾਸ ਨਾਲ ਉਤਰ ਦਿੱਤਾ ਕਿ ਜਿਸ ਕਲਗੀਧਰ ਪਿਤਾ ਨੇ ਇਹ ਬਿਬੇਕ ਬਖ਼ਸ਼ਿਆ ਹੈ, ਓਹੀ ਨਿਭਾਵੇਗਾ। ਬਾਊ ਜੀ ਰਸਾਲਦਾਰ ਮੇਜਰ ਨੂੰ ਨਾਲ ਲੈ ਕੇ ਰਸਾਲੇ ਦੇ ਕਮਾਂਡ-ਅਫ਼ਸਰ ਕਰਨਲ (ਅੰਗਰੇਜ਼ ਅਫ਼ਸਰ) ਨੂੰ ਮਿਲੇ। ਉਹ ਅਫ਼ਸਰ ਮਾਨਯੋਗ ਬਾਊ ਜੀ ਦੇ ਧਾਰਮਿਕ ਜੀਵਨ ਦੀ ਕਦਰ ਕਰਦਾ ਸੀ। ਉਸ ਨੇ ਹੁਕਮ ਕੀਤਾ, ਜਦ ਲੰਗਰ ਤਿਆਰ ਹੋ ਜਾਵੇ ਤਾਂ ਉਸ ਦੇ ਪਿਛੋਂ ਇਹ ਆਪਣਾ ਪਰਸ਼ਾਦਾ ਉਸ ਥਾਂ 'ਤੇ ਤਿਆਰ ਕਰ ਸਕਦੇ ਹਨ। ਹੋਰ ਕਿਸੇ ਮੁਸ਼ਕਿਲ ਤੋਂ ਬਿਨਾਂ ਜਹਾਜ਼ ਮਾਰਸੇਲਜ਼ (ਫ਼ਰਾਂਸ) ਵਿਚ ਜਾ ਲੱਗਾ। ਸਾਰੇ ਸਫ਼ਰ ਵਿਚ ਬਾਊ ਜੀ ਆਪਣਾ ਪਰਸ਼ਾਦਾ ਆਪ ਤਿਆਰ ਕਰਦੇ ਰਹੇ।

## ਫਰਾਂਸ ਵਿਚ

ਜਹਾਜ਼ੋਂ ਉਤਰ ਕੇ ਇਹ ਰਸਾਲੇ ਤੋਂ ਵੱਖਰੇ ਕਰ ਦਿੱਤੇ ਗਏ ਤੇ ਲੜਾਈ ਤੋਂ ਪਿਛੇ ਬੇਸ-ਲਾਈਨ ਰੂਏਨ (Ruen) ਸ਼ਹਿਰ (ਪੈਰਿਸ ਤੋਂ ਉਪਰ) ਰਸਾਲੇ ਦੇ ਦਫ਼ਤਰ ਵਿਚ ਪੁਜ ਗਏ। ਉਥੇ ਰਿਹਾਇਸ਼ ਦਾ ਪ੍ਰਬੰਧ ਤਾਂ ਠੀਕ ਸੀ, ਪਰ ਸਰਦੀ ਅਤਿ ਦੀ ਪੈ ਰਹੀ ਸੀ। ਆਪ ਜੀ ਲਈ ਸ਼ਰਾਬ, ਮਾਸ ਜਾਂ ਬਜ਼ਾਰੀ ਚੀਜ਼ ਦਾ ਸੁਆਲ ਹੀ ਨਹੀਂ ਸੀ। ਆਟਾ ਦਾਲ ਜੋ ਮਿਲਦਾ ਸੀ, ਉਹ ਠੀਕ ਨਹੀਂ ਸੀ। ਅੰਮ੍ਰਿਤ ਵੇਲੇ ਉਠ ਕੇ ਠੰਢੇ ਜਲ ਨਾਲ ਇਸ਼ਨਾਨ ਕਰਨਾ ਭਾਵੇਂ ਬੜਾ ਔਖਾ ਹੁੰਦਾ ਸੀ, ਪਰ ਆਪ ਜੀ ਇਨ੍ਹਾਂ ਕਠਨਾਈਆਂ ਵਿਚ ਰੋਜ਼ ਦੀ ਕਿਰਿਆ, ਇਸ਼ਨਾਨ, ਸਿਮਰਨ, ਨਿਤਨੇਮ ਨੂੰ ਪੂਰੀ ਲਗਨ ਤੇ ਉਤਸ਼ਾਹ ਨਾਲ ਨਿਭਾਉਂਦੇ ਰਹੇ। ਕੁਝ ਸਮੇਂ ਪਿਛੋਂ ਆਪ ਜੀ ਨੇ ਹੋਰ ਸਿਖ ਅਫ਼ਸਰਾਂ ਦੇ ਨਾਲ ਮਿਲ ਕੇ, ਉਪਰ ਜਰਨੈਲ

ਨੂੰ ਕਹਿ ਕੇ, ਹਿੰਦ ਸਰਕਾਰ ਦੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਉਥੇ ਮੰਗਵਾ ਲਈ, ਜਿਸ ਦੀ ਸੇਵਾ ਇਨ੍ਹਾਂ ਆਪਣੇ ਜ਼ਿੰਮੇ ਲੈ ਲਈ। ਦੇਸ਼ ਵਾਂਗ, ਉਥੇ ਵੀ ਹਰ ਐਤਵਾਰ ਕੀਰਤਨ ਸਮਾਗਮ ਤੇ ਸੰਗਤ ਦੇ ਦੀਵਾਨ ਸਜਣੇ ਸ਼ੁਰੂ ਹੋ ਗਏ। ਉਥੇ ਆਪ ਜੀ ਦਾ ਜੀਵਨ ਐਸੇ ਜੋਗੀ ਦਾ ਜੀਵਨ ਸੀ, ਜਿਸ ਨੂੰ ਆਪਣੇ ਦਫ਼ਤਰੀ ਕੰਮ ਤੋਂ ਛੁਟ, ਨਾਮ-ਬਾਣੀ ਦਾ ਹੀ ਆਹਰ ਸੀ ਅਤੇ ਬਾਹਰਲੀ ਦੁਨੀਆ ਨਾਲ ਕੋਈ ਲਗਾਉ ਨਹੀਂ ਸੀ।

ਇਕ ਦਿਨ ਆਪ ਬਾਹਰੋਂ ਸੈਰ ਕਰ ਕੇ ਇਕੱਲੇ ਆ ਰਹੇ ਸਨ ਕਿ ਰਸਤੇ ਵਿਚ ਦੋ ਬੈੱਲਜੀਅਮ ਯੁਵਤੀਆਂ ਮਿਲ ਪਈਆਂ। ਉਨ੍ਹਾਂ ਬਾਊ ਜੀ ਨੂੰ ਅੰਗਰੇਜ਼ੀ ਵਿਚ ਕਿਹਾ ਕਿ ਸਾਡੇ ਨਾਲ ਸੈਰ 'ਤੇ ਚਲੋ। ਆਪ ਨੇ ਕਿਹਾ ਕਿ ਮੈਂ ਤਾਂ ਸੈਰ ਕਰ ਆਇਆ ਹਾਂ। ਉਨ੍ਹਾਂ ਫਿਰ ਸੈਰ ਕਰਨ ਲਈ ਬੇਨਤੀ ਕੀਤੀ ਤਾਂ ਆਪ ਨਾਲ ਤੁਰ ਪਏ। ਥੋੜ੍ਹੀ ਦੂਰ ਜਾ ਕੇ ਉਹ ਬੈਂਚ 'ਤੇ ਬੈਠ ਗਈਆਂ ਅਤੇ ਬਾਊ ਜੀ ਨੂੰ ਵਿਚਕਾਹੇ ਬਿਠਾ ਲਿਆ ਤੇ ਉਨ੍ਹਾਂ ਵਿਚੋਂ ਇਕ ਅੰਗਰੇਜ਼ੀ ਵਿਚ ਬੋਲੀ, "Helo, Undian* Gentleman, We love you. Do you like a Belguim lady?" (ਓ ਭਾਰਤੀ ਨੌਜੁਆਨ, ਅਸੀਂ ਤੁਹਾਨੂੰ ਪਿਆਰ ਕਰਦੀਆਂ ਹਾਂ। ਕੀ ਤੁਸੀਂ ਬੈਲਜੀਅਮ ਔਰਤਾਂ ਨੂੰ ਪਸੰਦ ਕਰੋਗੇ?) ਤਾਂ ਆਪ ਜੀ ਨੇ ਉੱਤਰ ਦਿੱਤਾ, "Yes, I also love you as my daughters." (ਹਾਂ, ਮੈਂ ਭੀ ਤੁਹਾਨੂੰ ਆਪਣੀਆਂ ਬੇਟੀਆਂ ਵਾਂਗ ਪਿਆਰ ਕਰਦਾ ਹਾਂ।)"

ਸ੍ਰੀ ਬਾਊ ਜੀ ਦਾ ਇਹ ਗੌਰਵ-ਮਈ ਉਤਰ ਸੁਣਦਿਆਂ ਸਾਰ, ਉਹਨਾਂ ਦੀ, ਕਾਮ ਵਿਚ ਮਤੀਆਂ ਹੋਈਆਂ ਯੁਵਤੀਆਂ ਦੀ, ਮੰਦਵਾਸ਼ਨਾ ਵਿਨਾਸ਼ ਹੋ ਗਈ। ਇਹ ਆਪ ਦੇ ਪ੍ਰਮਾਰਥੀ ਔਜ ਦੁਆਰਾ ਘੜੇ ਉਚੇ ਸੁਚੇ ਆਚਰਨ ਦੀ ਟੂਕ ਮਾਤਰ ਇਕ ਮਿਸਾਲ ਹੈ। ਆਪ ਜੀ ਕਿਹਾ ਕਰਦੇ ਸਨ ਕਿ ਕਲਯੁਗ ਵਿਚ ਕਾਮ ਪਰਧਾਨ ਹੈ, ਨਾਮ ਦੀ ਅਤੁਟ ਕਮਾਈ ਕੀਤਿਆਂ ਹੀ ਇਸ ਤੋਂ ਬਚਿਆ ਜਾ ਸਕਦਾ ਹੈ। ਆਪ ਜੀ ਇਹ ਤੁਕਾਂ ਆਮ ਕਰਕੇ ਪੜ੍ਹਦੇ ਹੁੰਦੇ ਸਨ :

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥੧੮॥**

*(ਰਾਮਕਲੀ ਮ: ੧, ਓਅੰਕਾਰ, ਪੰਨਾ ੯੩੨)*

**ਅਤੇ- ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥੪੬॥**

*(ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੮)*

ਸ੍ਰੀ ਮਾਨ ਬਾਊ ਜੀ ਫ਼ਰਾਂਸ, ਵਿਚ ਤਿੰਨ ਸਾਲ ਦੇ ਕਰੀਬ ਰਹੇ। ਆਪਣਾ ਬਿਬੇਕ ਦਾ ਪਰਸ਼ਾਦਾ ਆਪ ਹੀ ਸਜਾਂਦੇ ਰਹੇ। ਇਸ ਸਮੇਂ ਵਿਚ, ਆਪ ਨੇ ਨਾਮ-ਬਾਣੀ, ਕੀਰਤਨ ਤੇ ਸਤਿਸੰਗ ਦੇ ਬੜੇ ਅਤੁਟ ਪਰਵਾਹ ਚਲਾਏ, ਜਿਸ ਕਰਕੇ ਫ਼ਰਾਂਸ ਵਿਚ ਵਿਚਰ ਰਹੀਆਂ ਸਿਖ ਫ਼ੌਜਾਂ ਵਿਚ ਆਪ ਦੀ ਬੜੀ ਕੀਰਤੀ ਫੈਲ ਗਈ। ਇਸ ਬਾਰੇ ਸਹਿਜ ਸੁਭਾਇ ਬਚਨ ਕਰਦਿਆਂ, ਇਕੇਰਾਂ ਬਾਊ ਜੀ ਨੇ ਦਸਿਆ ਕਿ ਰਸਾਲੇ ਵਿਚ ਆ ਕੇ ਕਈ ਸਿੰਘਾਂ ਨੇ ਪੁਛਣਾ ਕਿ ਜੀ, ਅਸੀਂ ਇਥੇ ਇਕ ਬਾਬੂ ਨੂੰ ਮਿਲਣਾ ਹੈ, ਉਹ ਬੜੇ ਸ਼ਬਦ ਪੜ੍ਹਦਾ ਹੈ। ਫਿਰ ਜਦ ਮੈਂ ਦਫ਼ਤਰੋਂ ਬਾਹਰ ਆਉਣਾ ਤਾਂ ਕਈ ਵਾਰ ਬਾਹਰ ਉਡੀਕ ਵਿਚ ਕਈ ਸੱਜਣ ਖੜੋਤੇ ਹੋਣੇ, ਜਿਨ੍ਹਾਂ ਨੇ ਬੜੇ ਪਿਆਰ-ਸਤਿਕਾਰ ਨਾਲ ਮਿਲਣਾ ਅਤੇ ਮਿਲ ਕੇ ਬੜੀ ਖ਼ੁਸ਼ੀ ਪ੍ਰਗਟ ਕਰਨੀ।

* * ਬੈਲਜੀਅਮ ਵਿਚ ਭਾਰਤੀਆਂ ਨੂੰ ਅੰਡੀਅਨ ਕਹਿੰਦੇ ਹਨ।

ਗੁਰੂ-ਘਰ ਦੀ ਸੇਵਾ ਤੇ ਸਤਿਸੰਗ ਸਮਾਗਮਾਂ ਨੂੰ, ਬਾਊ ਜੀ ਆਪਣੀ ਸਾਰੀਆਂ ਡਿਊਟੀਆਂ ਨਾਲੋਂ ਉਚਤਮ ਸਮਝਦੇ ਸਨ। ਇਥੇ ਰਹਿੰਦਿਆਂ, ਇਕ ਵੇਰ ਫ਼ੌਜ ਵਿਚ ਚੜ੍ਹਾਈ ਕਰ ਗਏ, ਕਿਸੇ ਸਿੰਘ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਆਰੰਭ ਕਰਾਉਣਾ ਸੀ ਤੇ ਇਸ ਸੰਬੰਧ ਵਿਚ ਕਿਸੇ ਦੂਜੀ ਯੂਨਿਟ ਵਿਚ ਕਿਸੇ ਪਾਠੀ ਸਿੰਘ ਨੂੰ ਸੂਚਨਾ ਦੇਣ ਜਾਣਾ ਸੀ। ਬਾਊ ਜੀ ਦੀ ਡਿਊਟੀ ਟੈਲੀਫੋਨ 'ਤੇ ਲਗੀ ਹੋਈ ਸੀ, ਜਿਸ ਨੂੰ ਛੱਡ ਕੇ ਜਾਣਾ ਬੜਾ ਔਖਾ ਸੀ। ਧਾਰਮਿਕ ਕੰਮ ਨੂੰ ਮੁਖ ਸਮਝਦਿਆਂ ਹੋਇਆਂ, ਆਪ ਜੀ ਕਿਸੇ ਦੂਜੇ ਕਲਰਕ ਨੂੰ ਇਹ ਕਹਿ ਕੇ ਪਾਠੀ ਨੂੰ ਇਤਲਾਹ ਦੇਣ ਚਲੇ ਗਏ ਕਿ ਮੇਰੀ ਥਾਂ 'ਤੇ ਟੈਲੀਫ਼ੋਨ ਅਟੈਂਡ ਕਰੇ। ਗੁਰੂ ਭਾਣੇ ਵਿਚ ਉਹ ਕਲਰਕ ਇਹ ਗੱਲ ਭੁੱਲ ਗਿਆ। ਪਿਛੋਂ ਕੋਈ ਚੈਕਿੰਗ ਅਫ਼ਸਰ ਆਇਆ ਤਾਂ ਡਿਊਟੀ 'ਤੇ ਕਿਸੇ ਨੂੰ ਨਾ ਵੇਖ ਕੇ ਰਿਪੋਰਟ ਕਰ ਦਿੱਤੀ। ਮਾਮਲਾ ਕਮਾਂਡ-ਅਫ਼ਸਰ ਕੋਲ ਚਲਾ ਗਿਆ। ਬਾਊ ਜੀ ਦੀ ਪੇਸ਼ੀ ਹੋਈ ਤਾਂ ਕਮਾਂਡ ਅਫ਼ਸਰ ਨੇ ਬਾਊ ਜੀ ਨੂੰ ਕਿਹਾ, "ਤੁਮ ਸੀਨੀਅਰ ਕਲਰਕ ਥੇ, ਤੁਮਹੇਂ ਐਸਾ ਨਹੀਂ ਕਰਨਾ ਚਾਹੀਏ ਥਾ। ਬਸ ਜਾਓ, ਆਗੇ ਕੋ ਐਸਾ ਨਾ ਕਰਨਾ।" ਇਹ ਸ੍ਰੀਮਾਨ ਬਾਊ ਜੀ ਦੇ ਧਾਰਮਿਕ ਉਚੇ ਸੁਚੇ ਜੀਵਨ ਦੀਆਂ ਹੀ ਬਰਕਤਾਂ ਸਨ ਕਿ ਅਫ਼ਸਰ ਵੀ ਆਪ ਦੀ ਕਦਰ ਤੇ ਇਜ਼ਤ ਕਰਦੇ ਸਨ। ਬਾਊ ਜੀ ਦੀ ਲਿਆਕਤ ਤੇ ਈਮਾਨਦਾਰੀ ਦਾ ਸਿੱਕਾ ਅਫ਼ਸਰਾਂ ਦੇ ਮਨ ਉਤੇ ਬੈਠਾ ਹੋਇਆ ਸੀ। ਦੂਜੇ ਧਰਮਾਂ ਦੇ ਵੀ ਫ਼ੌਜੀ ਸਾਥੀ ਆਪ ਦੇ ਧਾਰਮਿਕ ਜੀਵਨ ਕਰਕੇ ਬਾਊ ਜੀ ਨਾਲ ਪਿਆਰ ਸਤਿਕਾਰ ਨਾਲ ਪੇਸ਼ ਆਉਂਦੇ ਸਨ।

ਫ਼ਰਾਂਸ ਵਿਚ ਬਰਫ਼ਾਨੀ ਸਰਦੀ ਦੇ ਨਾਲ ਨਾਲ, ਨਰੋਈ ਤੇ ਢੁਕਵੀਂ ਖ਼ੁਰਾਕ ਦੀ ਥਾਂ ਨਾਕਸ ਖ਼ੁਰਾਕ ਮਿਲਣ ਕਰਕੇ, ਹੌਲੀ ਹੌਲੀ ਮਾਨਯੋਗ ਬਾਊ ਜੀ ਦਾ ਸਰੀਰ ਕਮਜ਼ੋਰ ਹੋਣਾ ਸ਼ੁਰੂ ਹੋ ਗਿਆ। ਤੀਜੇ ਸਾਲ ਜਦ ਡਾਕਟਰ ਨੇ ਸਰੀਰਕ ਮੁਆਇਨਾ ਕੀਤਾ ਤਾਂ ਦਸਿਆ ਕਿ ਆਪ ਜੀ ਨੂੰ ਹੁੰਦੇ ਥੋੜੇ ਥੋੜੇ ਹਲਕੇ ਬੁਖਾਰ ਦਾ ਕਾਰਨ ਖੱਬੇ ਫੇਫੜੇ ਵਿਚ ਟੀ.ਬੀ. (ਤਪਦਿਕ) ਦੀ ਬੀਮਾਰੀ ਦਾ ਉਗਵ ਪੈਣਾ ਹੈ। ਸੋ ਵੱਡੇ ਡਾਕਟਰ ਨੇ ਵਾਪਸ ਹਿੰਦੁਸਤਾਨ ਜਾ ਕੇ ਇਲਾਜ ਕਰਾਉਣ ਦੀ ਸਿਫ਼ਾਰਸ਼ ਕਰ ਦਿੱਤੀ। ਉਹ ਡਾਕਟਰ ਸਾਹਿਬ ਇਕ ਸਿੰਘ ਸਨ, ਜੋ ਇਨ੍ਹਾਂ ਦੇ ਬਿਬੇਕ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਨੇ ਬਾਊ ਜੀ ਦੇ ਨਾਲ ਇਕ ਅੰਮ੍ਰਿਤਧਾਰੀ ਸਿੰਘ ਨੂੰ ਸਹਾਇਤਾ ਲਈ ਭੇਜ ਦਿੱਤਾ।

## ਗੁਰਮਤਿ ਬਿਬੇਕ

**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥**

*(ਸਿਰੀਰਾਗੁ ਮ: ੫, ਪੰਨਾ ੫੨)*

ਸਤਿਗੁਰਾਂ ਦੇ ਸਮੂਹ ਬਚਨਾਂ ਰੂਪੀ ਹੁਕਮ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਰਸਾਉਂਦੀ ਹੈ ਅਤੇ ਇਸੇ ਰੌਸ਼ਨੀ ਵਿਚ ਰਹਿਤਨਾਮਿਆਂ ਤੋਂ ਜੋ ਸੇਧ ਮਿਲਦੀ ਹੈ ਜਾਂ ਸੀਨਾ-ਬਸੀਨਾ ਚਲੇ ਆਉਂਦੇ ਹਨ, ਉਨ੍ਹਾਂ ਸਮੂਹ ਹੁਕਮਾਂ ਨੂੰ ਮਨ, ਬਚਮ, ਕਰਮ ਕਰਕੇ ਕਮਾਉਣਾ ਗੁਰਮਤਿ ਬਿਬੇਕ ਹੈ। ਇਨ੍ਹਾਂ ਸਮੂਹ ਹੁਕਮਾਂ ਦਾ ਤਤਸਾਰ ਨਾਮ-ਸਿਮਰਨ ਦੀ ਕਮਾਈ ਕਰਨਾ ਹੈ। ਹੋਰ ਸਮੂਹ ਹੁਕਮ ਇਸ ਤਤਸਾਰ ਗੁਰਮਤਿ ਕਰਮ-ਸਿਫਤ ਸਲਾਹ-ਦੇ ਸਹਾਈ ਕਰਮ ਹਨ ਅਤੇ ਸਾਰੇ ਸੰਜਮ ਸਾਧਨ ਸੰਯੁਕਤ ਨਾਮ ਦੇ ਹੀ ਵਿਧਾਨ ਰੂਪ ਹਨ।

ਆਤਮਕ ਜੀਵਨ ਦੀ ਉਨਤੀ ਲਈ ਬਿਬੇਕ ਧਾਰਨ ਕਰਨਾ, ਪ੍ਰਮਾਰਥੀ ਜੀਵਨ ਦੇ ਮੁਤਲਾਸ਼ੀ ਸਿਖ ਲਈ ਬਹੁਤ ਹੀ ਲਾਭਦਾਇਕ ਤੇ ਜ਼ਰੂਰੀ ਹੈ। ਇਨ੍ਹਾਂ ਗੁਰਮਤਿ ਹੁਕਮਾਂ ਨੂੰ ਨਿਭਾਉਣ ਦੀ ਖਾਤਰ ਗੁਰਸਿੱਖਾਂ ਨੂੰ ਕਈ ਕਠਿਨਾਈਆਂ ਵੀ ਝੱਲਣੀਆਂ ਪੈਂਦੀਆਂ ਹਨ। ਫ਼ਰਾਂਸ ਵਿਚ ਜਿਥੇ ਬਾਊ ਜੀ ਦਾ ਰਸਾਲਾ ਸਥਿਤ ਸੀ, ਉਥੇ ਸਖ਼ਤ ਸਰਦੀ ਪੈਂਦੀ ਸੀ। ਇਸ ਬਰਫ਼ਾਨੀ ਇਲਾਕੇ ਵਿਚ ਬਰਫ਼ ਵਰਗੇ ਠੰਢੇ ਜਲ ਨਾਲ ਅੰਮ੍ਰਿਤ ਵੇਲੇ ਜਾਗ ਕੇ ਸਣ-ਕੇਸੀਂ ਇਸ਼ਨਾਨ ਕਰਨਾ ਕੋਈ ਸਧਾਰਨ ਗੱਲ ਨਹੀਂ ਸੀ, ਪ੍ਰੰਤੂ ਮਾਨਯੋਗ ਬਾਊ ਜੀ ਨਿਤਾਪ੍ਰਤੀ ਇਹ ਪਾਲਣਾ ਨੇਮ ਨਾਲ ਫ਼ਰਾਂਸ ਵਿਚ ਨਿਭਾਉਂਦੇ ਰਹੇ। ਇਸ਼ਨਾਨ ਤੋਂ ਬਾਅਦ ਬਾਊ ਜੀ ਨਾਮ-ਅਭਿਆਸ ਵਿਚ ਜੁੱਟ ਜਾਂਦੇ, ਜੋ ਪਹੁ-ਫੁਟਾਲੇ ਤਕ ਘੰਟਿਆਂ-ਬੱਧੀ ਲਗਾਤਾਰ ਜਾਰੀ ਰਹਿੰਦਾ। ਫਿਰ ਦਿਨ ਦੇ ਚੜ੍ਹਾ ਨਾਲ ਅੰਮ੍ਰਿਤਮਈ ਬਾਣੀਆਂ ਦੇ ਪਾਠ ਆਰੰਭ ਕਰ ਦਿੰਦੇ। ਨਿਤਨੇਮ ਉਪਰੰਤ ਗੁਰਦੁਆਰਾ ਅਸਥਾਨ ਤੰਬੂ ਵਿਚ ਪੁਜਦੇ। ਸਫ਼ਾਈ-ਵਿਛਾਈ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਹੁਕਮ ਲੈਂਦੇ। ਉਥੇ ਹੋਰ ਨੇਮੀ ਪ੍ਰੇਮੀ ਫ਼ੌਜੀ ਵੀ ਪੁਜ ਜਾਂਦੇ। ਹਰ ਐਤਵਾਰ ਨੂੰ ਗਹਿ ਗਡਵਾਂ ਦੀਵਾਨ ਸੱਜਦਾ ਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਰੋਜ਼ਾਨਾ ਗੁਰਦੁਆਰਾ ਸਾਹਿਬ ਦੀ ਹਜ਼ੂਰੀ ਉਪਰੰਤ ਆਪਣੇ ਅਸਥਾਨ 'ਤੇ ਪੁਜ ਕੇ ਇਸ ਹੁਕਮ ਦੀ ਪਾਲਣਾ ਕਰਦੇ ਹੋਏ :

**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥**
**ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥੧॥੧੪॥**

*(ਸਲੋਕ ਮ: ੧, ਵਾਰ ਸੂਹੀ, ਪੰਨਾ ੭੯੦)*

ਆਪਣਾ ਪਰਸ਼ਾਦਾ ਆਪ ਸਜਾਂਦੇ। ਖਾਲਸੇ ਨੂੰ ਖਾਲਸੇ ਨਾਲ ਹੀ ਅਭੇਦ ਵਰਤੋਂ-ਵਿਹਾਰ ਖਾਣ ਪਾਣ ਰੱਖਣ ਦਾ ਹੁਕਮ ਹੈ, ਬੇ-ਅੰਮ੍ਰਿਤੀਆਂ ਬੇ-ਦੀਨਾਂ ਨਾਲ ਨਹੀਂ। ਖਾਲਸੇ ਦੀ ਰੋਟੀ-ਬੇਟੀ ਦੀ ਸਾਂਝ ਖਾਲਸੇ ਨਾਲ ਹੀ ਹੋ ਸਕਦੀ ਹੈ। ਇਸੇ ਕਰਕੇ ਸ੍ਰੀਮਾਨ ਬਾਊ ਜੀ ਬੇਅੰਮ੍ਰਿਤੀਆਂ ਦਾ ਤਿਆਰ ਕੀਤਾ ਹੋਇਆ ਪ੍ਰਸ਼ਾਦਾ ਨਹੀਂ ਛਕਦੇ ਸਨ ਅਤੇ ਆਪਣਾ ਲੰਗਰ ਆਪ ਹੀ ਤਿਆਰ ਕਰਦੇ ਸਨ। ਇਸ ਤੋਂ ਉਪਰੰਤ, ਫਿਰ ਦਿਨ ਭਰ ਸਰਕਾਰੀ ਡਿਊਟੀ ਦਿੰਦੇ। ਦਫ਼ਤਰ ਦਾ ਕਾਰ ਵਿਹਾਰ ਵੀ ਪੂਰੀ ਤਨ-ਦੇਹੀ ਨਾਲ ਨਿਭਾਉਂਦੇ ਹੋਏ ਨਾਮ-ਸਿਮਰਨ ਜਾਰੀ ਰਖਦੇ। ਸ਼ਾਮ ਨੂੰ ਫਿਰ ਗੁਰਦੁਆਰੇ ਸਾਹਿਬ ਸੋਦਰੁ ਦਾ ਦੀਵਾਨ ਸਜਦਾ।

ਅਜਿਹੀ ਕਠਨ ਤਪੱਸਿਆ ਨਿਭਾਉਂਦਿਆਂ ਸਰੀਰ ਨੂੰ ਸੁਅਸਥ ਰਖਣ ਲਈ ਨਰੋਈ ਖ਼ੁਰਾਕ ਦੀ ਲੋੜ ਹੁੰਦੀ ਹੈ। ਇਸ ਪ੍ਰਥਾਇ ਗੁਰਬਾਣੀ ਦਾ ਸਪਸ਼ਟ ਹੁਕਮ ਹੈ-

**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥੧੪॥**

*(ਮ: ੫, ਬਿਹਾਗੜੇ ਕੀ ਵਾਰ, ਪੰਨਾ ੫੫੪)*

ਪ੍ਰਭੂ-ਸਿਮਰਨ ਵਿਚ ਨਿਮਗਨ ਰਹਿਣ ਲਈ ਸਰੀਰ ਦੀ ਸੰਭਾਲ ਤੇ ਚੰਗੀ ਪਾਲਣਾ ਪੋਸਣਾ ਕਰਨੀ ਅਤਿ ਲੋੜੀਂਦੀ ਹੈ। ਸੋ ਬਾਊ ਜੀ ਨਾਮ-ਸਿਮਰਨ ਦੀ ਤਪ-ਤਪੱਸਿਆ ਤਾਂ ਪੂਰਨ ਤੌਰ 'ਤੇ ਕਰਦੇ ਹੀ ਸਨ, ਪਰ ਫ਼ੌਜੀ ਰਾਸ਼ਨ ਚੰਗਾ ਨਾ ਮਿਲਣ ਕਰਕੇ ਉਨ੍ਹਾਂ ਦੇ ਸਰੀਰ ਨੂੰ ਨਰੋਈ ਤੇ ਯੋਗ ਖ਼ੁਰਾਕ ਨਾ ਮਿਲ ਸਕੀ। ਨਤੀਜਾ ਇਹ ਹੋਇਆ ਕਿ ਸਹਿਜੇ ਸਹਿਜੇ ਸਰੀਰ ਕਮਜ਼ੋਰ ਹੋਣ ਲਗ ਪਿਆ, ਜੋ ਕੁਝ ਸਮੇਂ ਬਾਅਦ ਹਲਕਾ ਹਲਕਾ ਬੁਖਾਰ ਰਹਿ ਕੇ ਬੀਮਾਰੀ ਦਾ ਰੂਪ ਧਾਰਨ ਕਰ ਲਿਆ।

ਸ੍ਰੀਮਾਨ ਬਾਊ ਜੀ ਵਾਂਗ ਹੀ ਬਿਬੇਕ ਰਹਿਤ-ਰਹਿਣੀ ਨਿਭਾਉਂਦਿਆਂ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਭੀ ਜੇਲ੍ਹਾਂ ਵਿਚ ਅਤਿ ਦਰਜੇ ਦੀਆਂ ਕਠਿਨਾਈਆਂ ਤੇ ਜੇਲ੍ਹ-ਸਖ਼ਤੀਆਂ ਝੱਲਣੀਆਂ ਪਈਆਂ। ਕਈ ਹਫ਼ਤਿਆਂ ਦੇ ਕੜਾਕੇ ਸਹਿਣੇ ਪਏ ਅਤੇ ਮੁਲਤਾਨ ਵਰਗੀ ਜੇਲ੍ਹ ਵਿਚ, ਜਿਥੇ ਅਤਿ ਦਰਜੇ ਦੀ ਗਰਮੀ ਪੈਂਦੀ ਹੈ, ਚਾਲੀ ਦਿਨ ਦੀ ਭੁਖ-ਹੜਤਾਲ ਬਿਬੇਕ ਨਿਭਾਉਣ ਖ਼ਾਤਰ ਹੀ ਕਰਨੀ ਪਈ। ਜੇਠ-ਹਾੜ੍ਹ ਦੀ ਕੜਕਦੀ ਧੁਪ ਵਿਚ ਜੇਲ੍ਹ-ਅਧਿਕਾਰੀਆਂ ਨੇ ਸਵੇਰੇ ਅੱਠ ਵਜੇ ਲਟਕਾ ਦੇਣਾ, ਹਥਕੜੀ ਨਾਲ ਹੱਥ ਉਪਰ ਬੰਨ੍ਹ ਦੇਣੇ ਅਤੇ ਹੇਠ ਬੇੜੀਆਂ ਨਾਲ ਪੈਰ ਬੰਨ੍ਹ ਦੇਣੇ। ਦੁਪਹਿਰ ਵੇਲੇ ਇਹ ਲੋਹੇ ਦੀਆਂ ਡੰਡਾ-ਬੇੜੀਆਂ ਤੇ ਹੱਥਕੜੀਆਂ ਧੁੱਪ ਨਾਲ ਤਪ ਕੇ ਅੱਗ ਵਾਂਗ ਹੋ ਜਾਣੀਆਂ, ਨੱਕ ਤੋਂ ਨਕਸੀਰਾਂ ਛੁਟ ਪੈਣੀਆਂ, ਸ਼ਾਮ ਨੂੰ ਕਿਤੇ ਸਤ ਵਜੇ ਜਾ ਕੇ ਟਿਕਟਿਕੀ ਤੋਂ ਉਖੇੜ ਕੇ ਕੋਠੀ ਵਿਚ ਸੁੱਟ ਜਾਣਾ। ਕੇਵਲ ਨਾਮ ਦੇ ਆਸਰੇ ਹੀ ਸਰੀਰ ਕਾਇਮ ਰਿਹਾ, ਨਹੀਂ ਤਾਂ ਇੰਨੇ ਭਿਆਨਕ ਤਸੀਹਿਆਂ ਦੇ ਨਾਲ, ਅੰਨ-ਜਲ ਤੋਂ ਬਿਨਾਂ, ਸਰੀਰ ਕਾਇਮ ਰਹਿ ਹੀ ਨਹੀਂ ਸੀ ਸਕਦਾ। ਬਿਬੇਕ ਨਿਭਾਉਣ ਖ਼ਾਤਰ ਹੀ ਸ੍ਰੀਮਾਨ ਭਾਈ ਸਾਹਿਬ ਜੀ ਨੂੰ ਹੋਰ ਜੇਲ੍ਹਾਂ ਵਿਚ ਵੀ ਸਖ਼ਤੀਆਂ ਸਹਿਣੀਆਂ ਪਈਆਂ। ਨਾਗਪੁਰ ਜੇਲ ਵਿਚ ਫ਼ੋਰਸ-ਫ਼ੀਡਿੰਗ (ਜਬਰੀ ਖ਼ੁਰਾਕ) ਕਰਦਿਆਂ ਆਪ ਜੀ ਦੇ ਦੰਦ ਭੰਨੇ ਗਏ, ਮੂੰਹ ਵਿਚ ਲਕੜ ਦੀ ਲਗਾਮ ਦੇ ਕੇ ਜਬਾੜੇ ਪਾੜੇ ਗਏ। ਮਾਰ-ਕੁੱਟ ਤੇ ਬੋਲ-ਕੁਬੋਲਾਂ ਨਾਲ ਸਖ਼ਤੀਆਂ ਦੀ ਹੱਦ ਕਰ ਦਿੱਤੀ। ਪਰ ਭਾਈ ਸਾਹਿਬ ਆਪਣੇ ਗੁਰਮਤਿ ਬਿਬੇਕ-ਰਹਿਣੀ ਦੇ ਅਸੂਲ 'ਤੇ ਦ੍ਰਿੜ੍ਹ ਤੇ ਅਡੋਲ ਰਹੇ ਅਤੇ ਗੁਰੂ ਭਾਣੇ ਵਿਚ ਸਭ ਕੁਝ ਸਿਰ 'ਤੇ ਝੱਲਿਆ।

ਸੱਚੇ ਪਾਤਸ਼ਾਹ ਦੇ ਦਰਬਾਰ ਵਿਚੋਂ, ਇਨ੍ਹਾਂ ਦੋਹਾਂ ਗੁਰੂ ਦੇ ਅਨਿੰਨ ਸੇਵਕਾਂ-ਭਾਈ ਸਾਹਿਬ ਰਣਧੀਰ ਸਿੰਘ ਤੇ ਸ੍ਰੀਮਾਨ ਬਾਊ ਮੱਲ ਸਿੰਘ ਜੀ ਨੂੰ ਨਾਮ-ਸਿਮਰਨ ਦੀ ਕਮਾਈ ਦੀ ਦ੍ਰਿੜ੍ਹਤਾ ਬਖ਼ਸ਼ਿਸ਼ ਹੋਈ ਤੇ ਨਾਲ ਹੀ ਉਸੇ ਦਰ ਤੋਂ ਬਿਬੇਕ ਧਾਰਨ ਕਰਨ ਦਾ ਵਿਸ਼ਵਾਸ ਮਿਲਿਆ।

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥**

**ਤੇ- ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥**

*(ਸੁਖਮਨੀ ਸਾਹਿਬ, ਪੰਨਾ ੨੮੬)*

ਦੇ ਬਿਰਦ ਅਨੁਸਾਰ ਸਤਿਗੁਰੂ ਜੀ ਨੇ ਇਨ੍ਹਾਂ ਦੋਹਾਂ ਗੁਰਮੁਖ ਹਸਤੀਆਂ ਨੂੰ ਇੰਨੀਆਂ ਔਕੜਾਂ ਔਖਿਆਈਆਂ ਵਿਚ ਵੀ ਚੜ੍ਹਦੀਆਂ ਕਲਾਂ ਵਿਚ ਰੱਖਿਆ ਅਤੇ ਆਪ ਸਹਾਈ ਹੋਏ।

## ਸਿਹਤ ਦੀ ਖ਼ਰਾਬੀ ਤੇ ਦੇਸ਼-ਵਾਪਸੀ

ਫ਼ਰਾਂਸ ਤੋਂ ਵਾਪਸ ਆਉਂਦਿਆਂ ਕੋਈ ਖ਼ਾਸ ਤਕਲੀਫ਼ ਨਾ ਹੋਈ, ਸਿਰਫ਼ ਇਕ ਵੇਰ ਲਾਲ ਸਾਗਰ (Red Sea) ਵਿਚ ਜਦੋਂ ਜਹਾਜ਼ ਬਹੁਤ ਡੋਲ ਰਿਹਾ ਸੀ ਤੇ ਗਰਮੀ ਸਖ਼ਤ ਪੈ ਰਹੀ ਸੀ ਤਾਂ ਦਿਲ ਬੈਠਣ ਲੱਗਾ। ਡਾਕਟਰ ਨੂੰ ਸੱਦ ਭੇਜਿਆ। ਪਰ ਸਤਿਗੁਰੂ ਜੀ ਦੀ ਐਸੀ ਬਖ਼ਸ਼ਿਸ਼ ਹੋਈ ਕਿ ਜਦੋਂ ਸਾਹਮਣੇ ਪਹਾੜ ਦੀ ਟੀਸੀ 'ਤੇ ਵੇਖਦੇ ਹਨ ਤਾਂ ਸਤਿਗੁਰੂ ਜੀ ਦਰਸ਼ਨ ਦੇ ਰਹੇ ਹਨ ਅਤੇ ਹੱਥ ਦੇ ਇਸ਼ਾਰੇ ਨਾਲ ਹੌਂਸਲਾ ਦੇ ਰਹੇ ਹਨ। ਇਹ ਇਕ ਸੁਪਨੰਤਰ ਚਮਤਕਾਰ ਸੀ। ਅੱਖ ਉਘੜੀ ਤਾਂ ਸਾਹਮਣੇ ਡਾਕਟਰ ਖੜਾ ਸੀ ਤੇ ਨਬਜ਼ ਦੇਖ

ਰਿਹਾ ਸੀ। ਬਾਊ ਜੀ ਕਹਿਣ ਲਗੇ, ਸਾਡੇ ਸਤਿਗੁਰੂ ਜੀ ਸਾਡੀ ਸੰਭਾਲ ਕਰ ਰਹੇ ਹਨ, ਤੁਸੀਂ ਬੇਫ਼ਿਕਰੀ ਨਾਲ ਜਾ ਸਕਦੇ ਹੋ। ਬਸ, ਫਿਰ ਸਿਮਰਨ ਵਿਚ ਜੁਟ ਗਏ। ਰੈਡ-ਸੀ ਲੰਘ ਕੇ ਸਾਰਾ ਸਫ਼ਰ ਜਹਾਜ਼ ਅਤੇ ਗੱਡੀ ਦਾ ਠੀਕ ਹੋਇਆ। ਲਖਨਊ ਪਹੁੰਚ ਕੇ ਮਿਲਟਰੀ ਹਸਪਤਾਲ ਤੋਂ ਦਵਾਈ ਲੈ, ਛੁੱਟੀ 'ਤੇ ਘਰ ਨਾਗੋਕੀ ਸਰਲੀ (ਲਾਇਲਪੁਰ) ਪੁਜ ਗਏ।

ਇਥੇ ਇਹ ਗੱਲ ਦਸਣੀ ਜ਼ਰੂਰੀ ਹੈ ਕਿ ਲਖਨਊ ਜਦੋਂ ਡਾਕਟਰ ਨੇ ਆਪ ਦਾ ਚੰਗੀ ਤਰ੍ਹਾਂ ਸਰੀਰਕ ਮੁਆਇਨਾ ਕੀਤਾ ਤਾਂ ਉਨ੍ਹਾਂ ਨੇ ਆਪ ਜੀ ਵਾਸਤੇ ਇਕ ਹਵਾਲਦਾਰ ਦੀ ਡਿਊਟੀ ਲਾਈ ਕਿ ਇਨ੍ਹਾਂ ਨੂੰ ਲੰਮੇ ਸਾਹ ਲੈਣ ਦੇ ਨਾਲ ਨਾਲ ਉਪਰ ਨੂੰ ਟਪਾਇਆ ਕਰੇ। ਬਾਊ ਜੀ ਨੇ ਡਾਕਟਰ ਨੂੰ ਪੁਛਿਆ ਕਿ ਇਹ ਕਾਹਦੇ ਲਈ ਹੈ? ਡਾਕਟਰ ਨੇ ਕਿਹਾ ਕਿ ਇਸ ਨਾਲ Breathing exercise (ਸਵਾਸ-ਕਿਰਿਆ ਦੀ ਵਰਜ਼ਿਸ਼) ਹੁੰਦੀ ਹੈ, ਜਿਹੜੀ ਕਿ ਫੇਫੜਿਆਂ ਦੀ ਇਸ ਬੀਮਾਰੀ ਲਈ ਬਹੁਤ ਜ਼ਰੂਰੀ ਹੈ। ਤਾਂ ਬਾਊ ਜੀ ਕਹਿਣ ਲੱਗੇ ਕਿ ਮੈਂ ਪਤੈ, ਕੀ ਕਰਦਾ ਹੁੰਦਾ ਹਾਂ ਅਤੇ ਨਾਲ ਨਾਲ ਜ਼ੋਰੋ-ਜ਼ੋਰ ਸਾਸ-ਗਿਰਾਸੀ ਅਭਿਆਸ ਕਰ ਕੇ ਦਸਿਆ। ਡਾਕਟਰ ਬੜਾ ਖੁਸ਼ ਹੋਇਆ ਤੇ ਹੈਰਾਨੀ ਨਾਲ ਕਹਿਣ ਲੱਗਾ, "ਹੈਂ ! ਕੀ ਸਚੀ ਮੁਚੀਂ ਤੁਸੀਂ ਏਦਾਂ ਕਰਦੇ ਹੁੰਦੇ ਹੋ ! ਤਾਂ ਫਿਰ ਤੁਹਾਡੀ ਬਿਮਾਰੀ ਦਾ ਇਲਾਜ ਵੀ ਇਹੋ ਹੀ ਇਕੋ ਇਕ ਹੈ।"

ਫ਼ਰਾਂਸ ਤੋਂ ਚਲ ਕੇ ਭਾਰਤ ਵਿਚ ਪਿੰਡ ਪੁਜਣ ਤਕ ਹਮੇਸ਼ਾਂ ਇਕ ਤਿਆਰ-ਬਰ-ਤਿਆਰ ਫ਼ੌਜੀ ਸਿੰਘ ਇਨ੍ਹਾਂ ਦੇ ਨਾਲ ਸੇਵਾ 'ਤੇ ਰਿਹਾ ਅਤੇ ਅਖ਼ੀਰ ਵਾਲਾ ਸਿਪਾਹੀ ਪੂਰਨ ਸਿੰਘ ਸੀ, ਜੋ ਆਪਣੇ ਮੋਢਿਆਂ 'ਤੇ ਚੁਕ ਇਨ੍ਹਾਂ ਨੂੰ ਆਪਣੇ ਘਰ ਛੱਡ ਕੇ ਗਿਆ।

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**

*(ਆਸਾ ਮ: ੫, ਪੰਨਾ ੪੦੩)*

ਟੀ. ਬੀ. ਦੀ ਬਿਮਾਰੀ ਹੋਣ ਕਰਕੇ ਤੁਰਨ ਫਿਰਨ ਦੀ ਡਾਕਟਰਾਂ ਵਲੋਂ ਆਗਿਆ ਹੀ ਨਹੀਂ ਸੀ। ਬਾਊ ਜੀ ਦਾ ਸਰੀਰ ਇੰਨਾ ਕਮਜ਼ੋਰ ਹੋ ਚੁੱਕਾ ਸੀ ਕਿ ਬੜੀ ਸੰਭਾਲ ਨਾਲ ਫੜ ਕੇ ਬਿਠਾਉਣਾ ਪੈਂਦਾ ਸੀ ਅਤੇ ਪਿਛੇ ਸਰਹਾਣੇ ਦਾ ਸਹਾਰਾ ਦੇਣਾ ਪੈਂਦਾ ਸੀ।

ਬਾਊ ਜੀ ਦਾ ਨਾਮ-ਬਾਣੀ ਦੀ ਪਾਰਸ-ਕਲਾ ਤੇ ਅਲੌਕਿਕ ਸ਼ਕਤੀ ਬਾਰੇ ਦ੍ਰਿੜ੍ਹ ਵਿਸ਼ਵਾਸ ਸੀ ਅਤੇ ਇਸ ਵੇਲੇ ਤਕ ਉਹ ਆਪਣੀ ਜੀਵਨੀ ਵਿਚ ਅਨੇਕਾਂ ਚਮਤਕਾਰ ਵੇਖ ਚੁਕੇ ਸਨ। ਪਿੰਡ ਪੁੱਜਣ 'ਤੇ ਆਪਣੇ ਵੱਡੇ ਭਾਈ ਸਾਹਿਬ ਵਰਿਆਮ ਸਿੰਘ ਜੀ ਨੂੰ ਕਹਿ ਦਿੱਤਾ ਕਿ ਮੈਂ ਕੋਈ ਡਾਕਟਰੀ ਦਵਾਈ ਨਹੀਂ ਲਵਾਂਗਾ। ਮੇਰਾ ਇਲਾਜ ਨਾਮ-ਸਿਮਰਨ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਹੀ ਹੈ, ਜੋ ਮੈਨੂੰ ਹਰ ਵਕਤ ਸੁਣਾਈ ਜਾਵੋ। ਬਾਹਰ ਧੁੱਪ ਵਿਚ ਮੇਰਾ ਮੰਜਾ ਕਰ ਦਿਉ ਅਤੇ ਦੁੱਧ ਛਕਣ ਨੂੰ ਖੁਲ੍ਹਾ ਡੁਲ੍ਹਾ ਮਿਲ ਜਾਇਆ ਕਰੇ। ਇਹ ਅਮਲ ਉਸੇ ਦਿਨ ਤੋਂ ਸ਼ੁਰੂ ਹੋ ਗਿਆ।

ਤਿੰਨ ਸਾਲ ਦੀ ਮਜਬੂਰਨ ਗ਼ੈਰ-ਹਾਜ਼ਰੀ ਪਿਛੋਂ ਆਪਣੇ ਪਿਆਰੇ ਪਰਵਾਰ, ਜੋ ਸੇਵਾ ਕਰਨ ਲਈ ਹਮੇਸ਼ਾਂ ਤਤਪਰ ਸੀ, ਦੇ ਨਿੱਘੇ ਵਾਤਾਵਰਨ ਵਿਚ ਇਸ ਅਗੰਮੀ ਦਵਾਈ "ਅਉਖਧੁ ਤੇਰੋ ਨਾਮੁ ਦਇਆਲ" (ਧਨਾਸਰੀ ਮ: ੫॥ ਰਹਾਉ॥੧੮॥ ਪੰਨਾ ੬੭੫) ਨਾਲ ਸ੍ਰੀਮਾਨ ਬਾਊ ਜੀ ਦਾ ਸਰੀਰ ਦਿਨਾਂ ਵਿਚ ਹੀ ਰਾਜ਼ੀ ਹੋਣਾ ਸ਼ੁਰੂ ਹੋ ਗਿਆ। ਹੌਲੀ ਹੌਲੀ ਬੁਖਾਰ ਘਟਣ ਲੱਗ ਪਿਆ। "ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ।

(ਮ: ੪, ਗਉੜੀ ਕੀ ਵਾਰ, ਪੰਨਾ ੩੦੫-੦੬) ਦੀ ਅਉਖਧੀ ਅਤੇ ਸੁਖਮਨੀ ਸਾਹਿਬ ਦੇ ਪਾਠ ਦੀ ਪਾਰਸ-ਕਲਾ ਨਾਲ, ਸਤਿਗੁਰੂ ਦੀ ਅਪਾਰ ਕਿਰਪਾ ਸਦਕਾ ਪਹਿਲੇ ਮਹੀਨੇ ਹੀ ਬੁਖਾਰ ਟੁੱਟ ਗਿਆ। ਸਭ ਪਰਵਾਰ ਨੇ ਖ਼ੁਸ਼ੀਆਂ ਮਨਾਈਆਂ, ਕਿਉਂਕਿ ਇਹ ਸਰੀਰ ਦੇ ਸੁਸਥ ਹੋਣ ਦੀ ਪੱਕੀ ਨਿਸ਼ਾਨੀ ਸੀ। ਦੂਜੇ ਮਹੀਨੇ ਦੇ ਅਖ਼ੀਰ ਤਕ ਮੰਜੇ ਤੋਂ ਉਠ ਕੇ ਹੌਲੇ ਹੌਲੇ ਕਦਮ ਪੁੱਟਣ ਲਗ ਪਏ ਤੇ ਤੀਜੇ ਮਹੀਨੇ ਦੇ ਅਖ਼ੀਰ ਤਕ ਘਰੋਂ ਬਾਹਰ ਤੁਰਨ ਫਿਰਨ ਲਗ ਪਏ। ਸਹਿਜੇ ਸਹਿਜੇ ਇਹ ਖ਼ਤਰਨਾਕ ਬਿਮਾਰੀ ਖਹਿੜਾ ਛੱਡ ਗਈ। ਸਰੀਰ ਨਰੋਆ ਹੋ ਗਿਆ। ਓਧਰੋਂ ਛੁੱਟੀ ਖ਼ਤਮ ਹੋ ਗਈ ਤੇ ਸਾਰੇ ਪਰਿਵਾਰ ਨੇ ਪਿੰਡ ਦੇ ਗੁਰਦੁਆਰੇ ਜਾ ਕੇ ਸ੍ਰੀਮਾਨ ਬਾਊ ਜੀ ਦੇ ਨਾਲ ਸ਼ੁਕਰਾਨੇ ਦੀ ਅਰਦਾਸ ਕੀਤੀ, ਖ਼ੁਸ਼ੀਆਂ ਮਨਾਈਆਂ ਤੇ ਪਿਆਰ ਭਰੀਆਂ ਸਧਰਾਂ ਨਾਲ ਅੰਬਾਲੇ ਛਾਉਣੀ ਜਾਣ ਲਈ ਵਿਦਾ ਕੀਤਾ।

## ਮੁੜ ਅੰਬਾਲੇ ਡਿਊਟੀ 'ਤੇ

ਅੰਬਾਲੇ ਪੁੱਜਦੇ ਸਾਰ ਡੀਪੋ ਵਿਚ ਹਾਜ਼ਰੀ ਦੀ ਰਿਪੋਰਟ ਕਰ ਦਿੱਤੀ, ਕਿਉਂਕਿ ਇਨ੍ਹਾਂ ਦੀ ਆਪਣੀ ਯੂਨਿਟ-36 ਨੰਬਰ ਰਸਾਲਾ ਅਜੇ ਫ਼ਰਾਂਸ ਤੋਂ ਵਾਪਸ ਨਹੀਂ ਪੁੱਜਾ ਸੀ। ਡਾਕਟਰਾਂ ਦੇ ਬੋਰਡ ਵਲੋਂ ਆਪ ਜੀ ਦਾ ਸਰੀਰਕ ਮੁਆਇਨਾ ਹੋਇਆ। ਉਨ੍ਹਾਂ 'Fit for duty' (ਡਿਊਟੀ ਲਈ ਫ਼ਿਟ ਹੈ) ਦਾ ਹੁਕਮ ਲਿਖ ਦਿੱਤਾ ਤੇ ਨਾਲ ਇਹ ਵੀ ਲਿਖਿਆ ਕਿ ਖੱਬੇ ਫੇਫੜੇ ਵਿਚ ਅਜੇ ਬੀਮਾਰੀ ਦੀ ਨਿਸ਼ਾਨੀ ਹੈ, ਪਰ ਕਿਸੇ ਰੱਬੀ ਇਲਾਜ ਨਾਲ ਉਸ ਉਪਰ ਐਸੀ ਝਿੱਲੀ ਕੁਦਰਤ ਨੇ ਬਣਾ ਦਿੱਤੀ ਹੈ ਕਿ ਹੇਠਾਂ ਦੱਬੀ ਗਈ ਹੈ ਤੇ ਅੱਗੇ ਵੱਧ ਨਹੀਂ ਸਕਦੀ। ਬਾਕੀ ਦਾ ਫੇਫੜਾ ਠੀਕ ਕੰਮ ਕਰ ਰਿਹਾ ਹੈ।

ਆਪਣੀ ਡਿਊਟੀ ਦਾ ਚਾਰਜ ਲੈ ਕੇ ਕੰਮ ਸ਼ੁਰੂ ਕਰ ਦਿੱਤਾ। ਕੁਝ ਚਿਰ ਪਿਛੋਂ ਆਪ ਜੀ ਦਾ ਰਸਾਲਾ ਫ਼ਰਾਂਸ ਤੋਂ ਵਾਪਸ ਇਥੇ ਪੁਜ ਗਿਆ। ਜਦ ਆਪ ਜੀ ਆਪਣੇ ਰਸਾਲੇ ਦੇ ਕਰਨਲ ਸਾਹਿਬ ਨੂੰ ਮਿਲੇ ਤਾਂ ਉਹ ਦੇਖ ਕੇ ਬੜਾ ਪ੍ਰਸੰਨ ਹੋਇਆ ਤੇ ਨਾਲ ਹੀ ਹੁਕਮ ਦਿੱਤਾ ਕਿ ਰਸਾਲੇ ਦੇ ਡਿਪੋ ਦਾ ਹਿਸਾਬ-ਕਿਤਾਬ ਬਿਲਕੁਲ ਨਾ-ਤਸੱਲੀ ਬਖ਼ਸ਼ ਹੈ। ਇਸ ਨੂੰ ਚੰਗੀ ਤਰ੍ਹਾਂ ਚੈੱਕ ਕਰ ਕੇ ਠੀਕ ਕਰੋ, ਤਾਂ ਜੁ ਆਡਿਟ ਕਰਵਾਇਆ ਜਾ ਸਕੇ। ਸ੍ਰੀਮਾਨ ਬਾਊ ਜੀ ਨੇ ਤਕਰੀਬਨ ਦੋ ਮਹੀਨੇ ਵਿਚ ਸਾਰਾ ਹਿਸਾਬ ਠੀਕ ਕਰ ਕੇ ਜਦ ਕਰਨਲ ਸਾਹਿਬ ਦੇ ਪੇਸ਼ ਕੀਤਾ ਤਾਂ ਉਹ ਬਹੁਤ ਖ਼ੁਸ਼ ਹੋਇਆ ਅਤੇ ਪ੍ਰਸੰਨ ਹੋ ਕੇ ਪੰਜ ਸੌ ਰੁਪਏ ਇਨਾਮ ਦਿੱਤਾ। ਨਾਲ ਹੀ ਉਪਰ ਇਹ ਸਿਫਾਰਸ਼ ਕਰ ਦਿੱਤੀ ਕਿ ਰਸਾਲੇ ਦਾ ਅਕਾਊਂਟੈਂਟ, ਜੋ ਬੜਾ ਲਾਇਕ ਤੇ ਈਮਾਨਦਾਰ ਹੈ, ਵਾਪਸ ਡਿਊਟੀ 'ਤੇ ਆ ਗਿਆ ਹੈ, ਉਸ ਨੇ ਪਿਛਲੇ ਤਿੰਨ ਸਾਲਾਂ ਦਾ ਗੰਧਲਾ ਹੋਇਆ ਪਿਆ ਹਿਸਾਬ ਬਿਲਕੁਲ ਸਾਫ਼ ਤੇ ਠੀਕ ਕਰ ਦਿੱਤਾ ਹੈ। ਮੈਂ ਉਸ ਨੂੰ ਪੰਜ ਸੌ ਰੁਪਏ ਇਨਾਮ ਦਿੱਤਾ ਹੈ ਤੇ ਆਪ ਅਗੇ ਸਿਫ਼ਾਰਸ਼ ਕਰਦਾ ਹਾਂ ਕਿ ਜਦੋਂ ਵਕਤ ਆਵੇ, ਇਸ ਨੂੰ ਤਰੱਕੀ ਦਿੱਤੀ ਜਾਵੇ। ਇਹ ਖ਼ਬਰ ਦਫ਼ਤਰ ਦੇ ਹੋਰ ਕਲਰਕਾਂ ਤਕ ਵੀ ਪੁੱਜ ਗਈ।

## ਇਕ ਦੋਖੀ ਦੀ ਕਰਤੂਤ ਅਤੇ ਪੈਨਸ਼ਨ

ਉਨ੍ਹਾਂ ਕਲਰਕਾਂ ਵਿਚ ਇਨ੍ਹਾਂ ਦਾ ਇਕ ਦੋਖੀ, ਜੋ ਇਨ੍ਹਾਂ ਤੋਂ Junior (ਹੇਠਲੇ

ਦਰਜੇ 'ਤੇ) ਸੀ ਉਹ ਬੜਾ ਚਲਾਕ ਸੀ, ਉਸ ਨੇ ਬੜੀ ਖੁਣਸ ਖਾਧੀ। ਉਹ ਦਿਲ ਵਿਚ ਹੀ ਬਾਊ ਜੀ ਦੇ ਬਰਖ਼ਿਲਾਫ਼ ਲਗਾ ਗੋਂਦਾਂ ਗੁੰਦਣ। ਉਸ ਨੂੰ ਹੋਰ ਤਾਂ ਕੁਝ ਨਾ ਲੱਭਾ, ਪਰ ਚੂੰਕਿ ਸ੍ਰੀਮਾਨ ਬਾਊ ਜੀ ਨਿਰੋਲ ਗੁਰਸਿਖੀ ਵਿਚਾਰਧਾਰਾ ਦੇ ਸਨ, ਇਸ ਲਈ ਉਸ ਨੇ 35 ਨੰਬਰ ਰਸਾਲੇ ਦੇ ਹੈੱਡ ਕਲਰਕ ਦੇ ਰਾਹੀਂ ਪੰਜਾਬ ਸੀ. ਆਈ. ਡੀ. ਪਾਸ ਚੁਗਲੀ ਕੀਤੀ ਕਿ ਬਾਊ ਮੱਲ ਸਿੰਘ ਕਟੜ ਅਕਾਲੀ ਹੈ। ਨਤੀਜੇ ਵਜੋਂ ਪੰਜਾਬ ਸਰਕਾਰ ਵਲੋਂ ਲਿਖਿਆ ਪੱਤਰ ਕਰਨਲ ਨੂੰ ਪੁੱਜ ਗਿਆ ਕਿ ਤੁਹਾਡੇ ਰਸਾਲੇ ਵਿਚ ਇਕ ਦਫ਼ੇਦਾਰ ਮੱਲ ਸਿੰਘ ਹੈ, ਜੋ ਕਟੜ ਅਕਾਲੀ ਹੈ ਤੇ ਵੱਡੀ ਜੰਗ ਤੋਂ ਪਹਿਲਾਂ, ਇਸ ਦਾ ਸਰਕਾਰ ਦੇ ਇਕ ਖ਼ਤਰਨਾਕ ਬਾਗ਼ੀ (ਭਾਈ) ਰਣਧੀਰ ਸਿੰਘ ਨਾਰੰਗਵਾਲ (ਲੁਧਿਆਣਾ) ਨਾਲ ਮੇਲ-ਜੋਲ ਤੇ ਮਿਤਰਾਨਾ ਸੀ। ਇਸ ਨੂੰ ਭੀ ਉਸ ਦੇ ਨਾਲ ਹੀ ਕੈਦ ਹੋਣੀ ਸੀ, ਪਰ ਚੂੰਕਿ ਇਹ ਜੰਗ ਛਿੜਨ ਕਰਕੇ ਫ਼ਰਾਂਸ ਚਲਾ ਗਿਆ ਸੀ, ਇਸ ਦਾ ਮੁਕੱਦਮਾ ਸਰਕਾਰ ਨੇ ਬੰਦ ਕਰ ਦਿੱਤਾ ਸੀ। ਹੁਣ ਇਹ ਵਾਪਸ ਆ ਗਿਆ ਹੈ। ਇਸ ਨੂੰ ਨੌਕਰੀ ਤੋਂ ਬਰ-ਤਰਫ਼ ਕਰ ਦਿੱਤਾ ਜਾਵੇ, ਨਹੀਂ ਤਾਂ ਇਸ ਪੁਰ ਮੁਕੱਦਮਾ ਚਲੇਗਾ।

ਸਰਕਾਰ ਦੀ ਇਹ ਚਿੱਠੀ ਪੜ੍ਹ ਕੇ ਕਰਨਲ ਨੇ ਬੜਾ ਅਫ਼ਸੋਸ ਕੀਤਾ ਕਿ ਜਿਸ ਨੂੰ ਮੈਂ ਇਨਾਮ ਦਿੱਤਾ ਅਤੇ ਤਰੱਕੀ ਦੀ ਸਿਫ਼ਾਰਸ਼ ਕੀਤੀ ਹੈ, ਉਸ ਬਾਰੇ ਸਰਕਾਰ ਵਲੋਂ ਕਰੜੇ ਦੂਸ਼ਣਾਂ ਦੀ ਰਿਪੋਰਟ ਪੁਜੀ ਹੈ। ਸੋ ਮੈਂ ਮਜਬੂਰ ਤੇ ਬੇਵਸ ਹੋ ਗਿਆ ਹਾਂ। ਉਸ ਨੇ ਆਪਣੇ ਦਫ਼ਤਰ ਵਿਚ ਵਿਚਾਰ ਕੀਤੀ ਕਿ (ਬਾਊ) ਮੱਲ ਸਿੰਘ ਦੀ ਨੌਕਰੀ ਵੀ ਤਕਰੀਬਨ ਪੂਰੀ ਹੋ ਚੁੱਕੀ ਹੈ, ਇਸ ਲਈ ਉਸ ਨੂੰ ਇਕ ਮੁਰੱਬਾ ਜ਼ਮੀਨ ਇਨਾਮ ਦੇ ਤੌਰ 'ਤੇ, ਅਤੇ ਪੂਰੀ ਪੈਨਸ਼ਨ ਦੇ ਕੇ ਬਾ-ਇੱਜ਼ਤ ਰਿਟਾਇਰ ਕੀਤਾ ਜਾਵੇ। ਜਦੋਂ ਇਹ ਖ਼ਬਰ ਰਸਾਲੇ ਵਿਚ ਪੁਜੀ ਤਾਂ ਰਸਾਲੇ ਦੇ ਦੋ ਮੁਸਲਮਾਨ ਰਸਾਲਦਾਰ, ਜੋ ਪਠਾਣ ਸਨ, ਕਰਨਲ ਦੇ ਪੇਸ਼ ਹੋਏ ਤੇ ਕਹਿਣ ਲੱਗੇ, "ਬਾਊ ਮੱਲ ਸਿੰਘ ਬਾਰੇ ਜੋ ਰਿਪੋਰਟ ਆਪ ਪਾਸ ਪੁਜੀ ਹੈ, ਉਹ ਸਰਾਸਰ ਝੂਠੀ ਹੈ। ਅਸੀਂ ਦੋਵੇਂ ਕੁਰਾਨ ਦੀ ਕਸਮ ਖਾ ਕੇ ਕਹਿੰਦੇ ਹਾਂ ਕਿ ਬਾਊ ਮੱਲ ਸਿੰਘ ਪੁਲੀਟੀਕਲ ਆਦਮੀ ਨਹੀਂ ਹੈ, ਉਹ ਧਰਮੀ ਤੇ ਖ਼ੁਦਾ-ਪ੍ਰਸਤ ਆਦਮੀ ਹੈ, ਖ਼ੁਦਾ ਦੀ ਬੰਦਗੀ ਕਰਨ ਵਾਲਾ ਫ਼ਕੀਰ ਹੈ। ਰਿਸਾਲੇ ਦੇ ਸਾਰੇ ਸਵਾਰ ਕੀ ਸਿਖ ਤੇ ਕੀ ਮੁਸਲਮਾਨ, ਉਸ ਦੀ ਬਹੁਤ ਇੱਜ਼ਤ ਕਰਦੇ ਹਨ। ਤੁਸੀਂ ਇਹ ਕੀ ਕਰਨ ਲੱਗੇ ਹੋ? ਸਾਡੇ ਰਿਸਾਲੇ ਵਿਚ ਇਕੋ ਇਕ ਆਹਲਾ ਬੰਦਾ ਹੈ, ਤੁਸੀਂ ਉਸ ਨੂੰ ਕੱਢਣ ਲਗੇ ਹੋ?" ਤਾਂ ਕਰਨਲ ਸਾਹਿਬ ਨੇ ਠਰ੍ਹੰਮੇ ਨਾਲ ਜਵਾਬ ਦਿੱਤਾ ਕਿ ਮੇਰਾ ਵੀ ਬਾਊ ਮੱਲ ਸਿੰਘ ਬਾਬਤ ਹੱਛਾ ਖ਼ਿਆਲ ਹੈ, ਪਰ ਮੈਂ ਕੀ ਕਰਾਂ, ਉਪਰੋਂ ਆਏ ਇਸ ਹੁਕਮ ਨੂੰ ਮੋੜਨਾ ਵੀ ਮੁਸ਼ਕਿਲ ਹੈ। ਮੈਂ ਸੋਚ ਕੇ ਫ਼ੈਸਲਾ ਕੀਤਾ ਹੈ। ਚੰਗੇ ਕੰਮ ਬਦਲੇ ਇਸ ਨੂੰ ਇਕ ਮੁਰੱਬਾ ਜ਼ਮੀਨ ਇਨਾਮ ਦੇ ਰਿਹਾ ਹਾਂ ਅਤੇ ਪੂਰੀ ਪੈਨਸ਼ਨ ਦੇ ਕੇ ਸਾਰੇ ਰਿਸਾਲੇ ਵਲੋਂ ਪੂਰੇ ਸਤਿਕਾਰ ਤੇ ਪਿਆਰ ਨਾਲ ਤੋਰਾਂਗਾ।

ਜੰਗ ਤੋਂ ਵਾਪਸ ਆ ਕੇ ਦੋ ਸਾਲ ਚੰਗੀ ਨੌਕਰੀ ਕਰ ਕੇ ਜਦੋਂ ਤਰੱਕੀ ਦਾ ਵਕਤ ਆਇਆ ਤਾਂ ਦਾਤਾ ਜੀ ਦੇ ਹੁਕਮ ਵਿਚ, ਦੋਖੀਆਂ ਵਲੋਂ ਚੁਗਲੀ ਹੋ ਜਾਣ ਕਰਕੇ, 1920 ਵਿਚ ਪੈਨਸ਼ਨ 'ਤੇ ਘਰ ਆ ਗਏ। ਸਾਰੇ ਪਰਿਵਾਰ ਨੇ ਬੜੀ ਖੁਸ਼ੀ ਮਨਾਈ ਕਿ ਮੁਰੱਬਾ ਜ਼ਮੀਨ ਦਾ ਮਿਲ ਗਿਆ ਹੈ। ਘਰ ਆ ਕੇ ਕੁਝ ਸਮੇਂ ਪਿਛੋਂ ਇਹ ਮੁਰੱਬਾ, ਆਪ ਜੀ

ਨੂੰ ਜ਼ਿਲ੍ਹਾ ਮਿੰਟਗੁਮਰੀ ਵਿਚ ਉਕਾੜੇ ਲਾਗੇ ਚਕ ਨੰਬਰ 52/2-ਐਲ ਵਿਚ ਅਲਾਟ ਹੋ ਗਿਆ ਸੀ।

## ਅਨੰਦ ਕਾਰਜ ਦੇ ਗੁਰਮਤਿ ਨਿਯਮ

ਘਰ ਪੈਨਸ਼ਨ ਆ ਕੇ, ਸ੍ਰੀਮਾਨ ਬਾਊ ਜੀ ਨੇ ਆਪਣੀ ਵੱਡੀ ਬੀਬੀ ਸੰਤ ਕੌਰ ਦੇ ਅਨੰਦ ਕਾਰਜ ਕਰਨ ਦੀ ਵਿਚਾਰ ਕੀਤੀ। ਇਸੇ ਮੰਤਵ ਨਾਲ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰ ਕੇ, ਬੀਬੀ ਦੇ ਸਹੁਰੇ ਭਾਈ ਰਣਧੀਰ ਸਿੰਘ ਨੂੰ ਪਿੰਡ ਖੱਖ ਬੁਲਾ ਭੇਜਿਆ। ਉਨ੍ਹਾਂ ਨਾਲ ਵਿਚਾਰ-ਵਟਾਂਦਰੇ ਪਿਛੋਂ ਅਨੰਦ ਕਾਰਜ ਦੀਆਂ ਤਰੀਕਾਂ ਨੀਯਤ ਕਰ ਲਈਆਂ ਅਤੇ ਨਾਲ ਹੀ ਇਸ ਅਨੰਦ ਕਾਰਜ ਸਬੰਧੀ ਗੁਰਮਤਿ ਨਿਯਮ, ਜੋ ਬਾਊ ਜੀ ਨੇ ਪਹਿਲੇ ਤਿਆਰ ਕੀਤੇ ਹੋਏ ਸਨ, ਪੜ੍ਹ ਕੇ ਸੁਣਾ ਦਿੱਤੇ ਕਿ ਇਨ੍ਹਾਂ 'ਤੇ ਅਮਲ ਕਰਨਾ ਹੈ। ਕੁੜਮ ਵਲੋਂ ਖੁਸ਼ੀ ਖੁਸ਼ੀ ਪੂਰੀ ਸਹਿਮਤੀ ਲੈ ਕੇ, ਗੱਡੀ ਚੜ੍ਹ ਕੇ ਲਾਇਲਪੁਰ ਤੋਂ ਨਾਗੋਕੀ ਸਰਲੀ ਘਰ ਪੁਜ ਗਏ।

ਅਨੰਦ ਕਾਰਜ ਦੇ ਨਿਯਮ ਹੇਠ ਲਿਖੇ ਅਨੁਸਾਰ ਸਨ :

1. ਬਰਾਤ ਦੀ ਗਿਣਤੀ ਘਟ ਤੋਂ ਘਟ ਤੇ ਪੰਚ ਪਰਵਾਨੀ ਹੋਵੇ ਤਾਂ ਸਭ ਤੋਂ ਚੰਗਾ।
2. ਸਾਰੇ ਜਾਂਞੀ ਜਿਥੋਂ ਤਕ ਹੋ ਸਕੇ, ਅੰਮ੍ਰਿਤਧਾਰੀ ਗੁਰਸਿਖ ਹੋਣ।
3. ਵਾਜੇ ਗਾਜੇ, ਘੋੜੀ ਵਰੀ ਆਦਿ ਕਿਸੇ ਦਿਖਾਵੇ ਦੀ ਲੋੜ ਨਹੀਂ।
4. ਆਤਸ਼ਬਾਜ਼ੀ ਅਤੇ ਸੋਟ* ਦੀ ਲੋੜ ਨਹੀਂ।
5. ਲਾੜੇ ਨੂੰ ਸੇਹਰੇ ਬੰਨ੍ਹਣ ਦੀ ਲੋੜ ਨਹੀਂ।
6. ਜੰਞ ਦਾ ਸੁਆਗਤ ਸ਼ਬਦ-ਕੀਰਤਨ ਨਾਲ ਕੀਤਾ ਜਾਏ। ਇਸ ਕੀਰਤਨ ਵਿਚ ਜਾਂਞੀ ਭੀ ਸ਼ਾਮਿਲ ਹੋਣ।
7. ਅਰਦਾਸ ਪਿਛੋਂ ਦੋਹਾਂ ਧਿਰਾਂ ਦਾ ਮਿਲਾਪ ਹੋਵੇ।
8. ਅਨੰਦ ਕਾਰਜ ਦਾ ਪ੍ਰਬੰਧ ਘਰ ਵਿਖੇ ਜਾਂ ਗੁਰਦੁਆਰਾ ਸਾਹਿਬ ਹੋਵੇ।
9. ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਵੇ। ਕੀਰਤਨ ਵਿਚ ਲੜਕਾ ਤੇ ਲੜਕੀ ਵੀ ਸ਼ਾਮਿਲ ਹੋਣ ਤੇ ਅਨੰਦ ਕਾਰਜ ਸਮੇਂ ਸੰਗਤ ਵਿਚੋਂ ਉਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਹਜ਼ੂਰੀ ਵਿਚ ਸਜ ਜਾਣ।
10. ਬੀਬੀ ਅਨੰਦ ਕਾਰਜ ਸਮੇਂ ਖੁਲ੍ਹੇ ਮੂੰਹ (ਬਿਨਾਂ ਘੁੰਡ ਕੱਢੇ) ਬੈਠੇ।
11. ਅਨੰਦ ਕਾਰਜ ਦੀ ਅਰੰਭਤਾ ਦੀ ਅਰਦਾਸ ਕਰ ਕੇ ਭੁਜੰਗੀ ਤੇ ਭੁਜੰਗਣ ਨੂੰ ਗੁਰਮਤਿ ਗ੍ਰਿਹਸਤੀ ਜੀਵਨ ਦੇ, ਗੁਰਬਾਣੀ ਅਨੁਸਾਰ ਅਸੂਲ ਸਮਝਾਏ ਜਾਣ। ਦੋਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕ ਕੇ ਪਰਵਾਨਗੀ ਲੈਣ ਤੇ ਲਾਵਾਂ ਦਾ ਪਾਠ ਹੋਵੇ। ਹਰੇਕ ਲਾਂਵ ਨਾਲ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ ਕਰੇ।
12. ਲਾਵਾਂ ਮਗਰੋਂ ਅਨੰਦ ਸਾਹਿਬ (6 ਪਉੜੀਆਂ) ਦੇ ਪਾਠ ਕੀਰਤਨ ਪਿਛੋਂ ਜੋੜੀ ਨੂੰ ਗੁਰਮਤਿ ਸੁਖੀ ਗ੍ਰਿਹਸਤ ਜੀਵਨ ਦੀ ਅਸੀਸ ਦੇਣ ਲਈ ਫਿਰ ਅਰਦਾਸ ਸਮੂਹ

---

* *ਜੰਞ ਦੇ ਢੁਕਾਅ ਵੇਲੇ ਲਾੜੇ ਦੇ ਉਪਰ ਦੀ ਤੇ ਵਿਆਹ ਦੇ ਪਿਛੋਂ ਡੋਲੇ ਉਪਰ ਦੀ ਮੁਠੀ ਭਰ ਭਰ ਪੈਸੇ ਸੁਟਣੇ।

ਸੰਗਤ ਵਲੋਂ ਕੀਤੀ ਜਾਵੇ ਤੇ ਦੀਵਾਨ ਦੀ ਸਮਾਪਤੀ ਕੀਤੀ ਜਾਵੇ।

13. ਦਾਜ ਦੇਣ ਲੈਣ ਤੇ ਖਟ ਦਿਖਾਲਣ ਦੀ ਰਸਮ ਨਹੀਂ ਕਰਨੀ, ਕੇਵਲ ਸਧਾਰਨ ਵਰਤੋਂ ਵਾਲੇ ਲੁੜੀਂਦੇ ਕਪੜੇ ਹੀ ਇਕ ਦੋ ਜੋੜੇ ਦਿੱਤੇ ਜਾਣ।

## ਗੁਰਮਤਿ ਵਿਵਾਹ

ਬੀਬੀ ਸੰਤ ਕੌਰ ਦੇ ਅਨੰਦ ਕਾਰਜ ਦੀ ਲੁੜੀਂਦੀ ਤਿਆਰੀ ਸ਼ੁਰੂ ਹੋ ਗਈ। ਪਿਆਰਾਨਿ-ਪਿਆਰ ਕਰਨਲ ਪਿਆਰਾ ਸਿੰਘ ਜੀ, ਜੋ ਸ੍ਰੀ ਮਾਨ ਬਾਊ ਜੀ ਦੇ ਗੂੜ੍ਹੇ ਮਿੱਤਰ ਸਨ, ਭੀ ਪੁਜ ਗਏ। ਦਾਸ (ਲੇਖਕ) ਭੀ ਖਾਲਸਾ ਕਾਲਜ ਤੋਂ ਛੁੱਟੀ ਲੈ ਕੇ ਆ ਗਿਆ। ਨੀਯਤ ਤਰੀਕ 'ਤੇ ਬਰਾਤ ਪਿੰਡ ਵਿਚ ਪੁਜ ਗਈ, ਜਿਸ ਵਿਚ ਭੁਜੰਗੀ ਭਗਤ ਸਿੰਘ, ਉਨ੍ਹਾਂ ਦੇ ਪਿਤਾ ਭਾਈ ਰਣਧੀਰ ਸਿੰਘ, ਭੁਜੰਗੀ ਦੇ ਮਾਤਾ ਜੀ ਤੇ ਉਨ੍ਹਾਂ ਦੇ ਵੱਡੇ ਭਾਈ ਦੀ ਬੱਚੀ ਕੇਵਲ ਚਾਰ ਹੀ ਪ੍ਰਾਣੀ ਆਏ। ਬਰਾਤ ਦਾ ਗੁਰਦੁਆਰੇ ਦੇ ਪਾਸ ਕੀਰਤਨ ਕਰਦਿਆਂ ਸੁਆਗਤ ਕੀਤਾ ਗਿਆ। ਮਿਲਣੀ ਦੀ ਅਰਦਾਸ ਪਿਛੋਂ ਸਾਰੇ ਘਰ ਪੁਜ ਗਏ। ਬਰਾਤ ਦਾ ਬਿਸਰਾਮ, ਘਰ-ਬੈਠਕ ਵਿਚ ਹੀ ਕੀਤਾ ਗਿਆ। ਅਗਲੇ ਦਿਨ ਅੰਮ੍ਰਿਤ ਵੇਲੇ ਦੀਵਾਨ ਸਜ ਗਿਆ। ਆਸਾ ਦੀ ਵਾਰ ਦਾ ਕੀਰਤਨ ਹੋਇਆ, ਜਿਸ ਵਿਚ ਬਰਾਤੀਆਂ ਨੇ ਪੂਰਾ ਹਿੱਸਾ ਲਿਆ। ਵਾਰ ਦੇ ਭੋਗ ਤੋਂ ਉਪਰੰਤ ਭੁਜੰਗੀ ਤੇ ਬੀਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨੀਯਤ ਥਾਂ 'ਤੇ ਬੈਠ ਗਏ। ਜਦੋਂ ਮਾਨਯੋਗ ਬਾਊ ਜੀ ਅਨੰਦ ਕਾਰਜ ਦੇ ਆਰੰਭ ਦੀ ਅਰਦਾਸ ਕਰਨ ਲਈ ਉਠੇ ਤਾਂ ਪਹਿਲਾਂ ਬੀਬੀ ਪਾਸ ਪੁਜ ਕੇ, ਉਸ ਦੇ ਮੂੰਹ ਉਪਰ ਲਿਆ ਕਪੜਾ ਹੋਰ ਚੁਕ ਦਿੱਤਾ ਤੇ ਕਹਿਣ ਲੱਗੇ ਕਿ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੂੰਹ 'ਤੇ ਕੋਈ ਕਪੜਾ ਨਹੀਂ ਕਰਨਾ। ਫਿਰ ਅਰਦਾਸ ਕਰ ਕੇ ਜੋੜੀ ਨੂੰ ਗੁਰਮਤਿ ਸਿਖਿਆ ਉਨ੍ਹਾਂ ਨੇ ਆਪ ਦਿੱਤੀ ਅਤੇ ਮੱਥਾ ਟਿਕਵਾ ਕੇ ਮਨਜ਼ੂਰੀ ਲਈ। ਫਿਰ ਲਾਵਾਂ ਆਰੰਭ ਹੋਈਆਂ। ਫੇਰੇ ਹੋਏ ਅਤੇ ਅਨੰਦ ਸਾਹਿਬ ਦੇ ਪਾਠ ਪਿਛੋਂ ਦੀਵਾਨ ਵਿਚ ਹਾਜ਼ਰ ਸਾਰੀ ਸੰਗਤ ਵਲੋਂ ਅਰਦਾਸ ਹੋਈ ਅਤੇ ਦੀਵਾਨ ਦੀ ਸਮਾਪਤੀ ਹੋਈ।

ਇਸ ਗੁਰਮਤਿ ਅਨੰਦ ਕਾਰਜ ਦੇ ਦੀਵਾਨ ਦੀ ਖ਼ਾਸ ਵਰਨਣ ਯੋਗ ਗੱਲ ਇਹ ਵੀ ਹੈ ਕਿ ਇਸ ਕਾਰਜ ਨੂੰ, ਜੋ ਆਮ ਲੁਕਾਈ ਲਈ ਇਕ ਨਵੀਂ ਰੀਤ ਸੀ, ਵੇਖਣ ਵਾਸਤੇ ਇਲਾਕੇ ਦੇ ਪਤਵੰਤੇ ਸੱਜਣ ਤੇ ਗੁਰਮੁਖ ਪਿਆਰੇ ਬੜੇ ਹੁੰਮ-ਹੁਮਾ ਕੇ ਪੁੱਜੇ ਹੋਏ ਸਨ। ਨਾਲ ਦੇ ਪਿੰਡ ਚੱਕ ਨੰਬਰ 81 ਝੰਗ ਬਰਾਂਚ ਦੇ ਖਾਲਸਾ ਹਾਈ ਸਕੂਲ ਦੇ ਹੈੱਡਮਾਸਟਰ, ਆਪਣੇ ਸਾਥੀ ਮਾਸਟਰਾਂ ਅਤੇ ਲਗਭਗ ਪੰਜਾਹ ਸੱਠ ਸਿਆਣੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਆਏ, ਇਹ ਦਿਖਾਉਣ ਲਈ ਕਿ ਗੁਰਮਤਿ ਅਨੰਦ ਕਾਰਜ ਇਸ ਤਰ੍ਹਾਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਵਾਨ ਵਿਚ ਭਾਰੀ ਇਕੱਠ ਹੋ ਗਿਆ ਅਤੇ ਖ਼ੂਬ ਰੌਣਕਾਂ ਲਗ ਗਈਆਂ। ਉਲੀਕੇ ਪ੍ਰੋਗਰਾਮ ਅਨੁਸਾਰ ਗੁਰਮਤਿ ਦੇ ਸਾਰੇ ਨਿਯਮ ਪੂਰੇ ਕਰਦੇ ਹੋਏ ਅਨੰਦ ਕਾਰਜ ਸਮਾਗਮ ਬੜੀਆਂ ਖੁਸ਼ੀਆਂ ਵਿਚ ਸਮਾਪਤ ਹੋਇਆ। ਸ਼ਾਮ ਨੂੰ ਬਰਾਤ ਨੂੰ ਬੀਬੀ ਸਮੇਤ ਵਿਦਾ ਕੀਤਾ। ਇਹ ਅਨੰਦ ਕਾਰਜ ਪਿੰਡ ਨਾਗੋਕੀ ਸਰਲੀ ਚੱਕ ਨੰਬਰ 71-ਝੰਗ ਬਰਾਂਚ ਜ਼ਿਲ੍ਹਾ ਲਾਇਲਪੁਰ ਵਿਚ 1920 ਵਿਚ ਹੋਇਆ, ਜਿਸ ਦੀ ਗੁਰਮਤਿ ਨਜ਼ੀਰ ਦੀਆਂ ਸਾਰੇ ਇਲਾਕੇ ਵਿਚ ਧੁੰਮਾਂ ਪੈ ਗਈਆਂ।

ਉਪਰੋਕਤ ਨਿਯਮਾਂ ਅਨੁਸਾਰ ਹੀ ਬੀਬੀ ਸੰਤ ਕੌਰ ਤੋਂ ਪਿਛੋਂ ਬੀਬੀ ਨਰਿੰਦਰ ਕੌਰ ਦਾ ਅਨੰਦ ਕਾਰਜ ਹੋਇਆ। ਫਿਰ ਜਦੋਂ 1938 ਵਿਚ ਛੋਟੀ ਬੀਬੀ ਗਿਆਨ ਕੌਰ ਦੇ ਅਨੰਦ ਕਾਰਜ ਦਾ ਵੇਲਾ ਆਇਆ ਤਾਂ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਭੀ, ਜੋ 1930 ਵਿਚ ਜੇਲ੍ਹ-ਯਾਤਰਾ ਤੋਂ ਰਿਹਾਅ ਹੋ ਕੇ ਘਰ ਆ ਗਏ ਹੋਏ ਸਨ, ਇਸ ਅਨੰਦ ਕਾਰਜ ਵਿਚ ਸ਼ਾਮਿਲ ਹੋਏ। ਭਾਈ ਸਾਹਿਬ ਅਨੰਦ ਕਾਰਜ ਦੇ ਇਹ ਨਿਯਮ ਵੇਖ ਕੇ ਬੜੇ ਪ੍ਰਸੰਨ ਹੋਏ। ਉਨ੍ਹਾਂ ਕਿਹਾ ਕਿ ਅਗੋਂ ਅਨੰਦ ਕਾਰਜਾਂ ਲਈ ਇਹ ਨਿਯਮ ਪੱਕੇ ਤੌਰ 'ਤੇ ਪਰਵਾਨ ਕਰ ਲਏ ਜਾਣ।

## ਮਾਝੇ ਵਿਚ ਗੁਰਮਤਿ ਸਮਾਗਮ

ਬੀਬੀ ਸੰਤ ਕੌਰ ਦੇ ਅਨੰਦ ਕਾਰਜ 'ਤੇ ਪੁੱਜੇ ਇਲਾਕੇ ਦੇ ਪਤਵੰਤੇ ਸੱਜਣਾਂ ਵਿਚੋਂ ਇਕ ਉਘੇ ਧਨਾਢ ਸਰਦਾਰ ਰਛਪਾਲ ਸਿੰਘ ਜੀ ਪਿੰਡ 'ਸਾਹਿਬ ਦਾ ਚੱਕ' (ਲਾਇਲਪੁਰ), ਜਿਥੇ ਇਨ੍ਹਾਂ ਦੀ 15 ਮੁਰੱਬੇ ਜ਼ਮੀਨ ਸੀ, ਭੀ ਪੁੱਜੇ ਹੋਏ ਸਨ। ਸ੍ਰੀਮਾਨ ਬਾਊ ਮੱਲ ਜੀ ਦੇ ਵੱਡੇ ਭਾਈ ਵਰਿਆਮ ਸਿੰਘ ਜੀ ਦੀ, ਜੋ ਇਸ ਇਲਾਕੇ ਦੇ ਅਕਾਲੀ ਜਥੇ ਦੇ ਜਥੇਦਾਰ ਸਨ, ਇਨ੍ਹਾਂ ਨਾਲ ਬੜੀ ਮਿੱਤਰਤਾ ਸੀ। ਸ. ਰਛਪਾਲ ਸਿੰਘ ਜੀ ਨੇ ਅਨੰਦ ਕਾਰਜ ਦੀ ਸਾਰੀ ਗੁਰਮਤਿ ਰਹੁ-ਰੀਤ ਅੱਖੀਂ ਵੇਖੀ ਅਤੇ ਇਸ ਤੋਂ ਬਹੁਤ ਪ੍ਰਭਾਵਿਤ ਹੋਏ।

ਜਦੋਂ ਬਰਾਤ ਤੁਰ ਗਈ ਤੇ ਬਾਅਦ ਵਿਚ ਮਾਨਯੋਗ ਬਾਊ ਜੀ ਨਾਲ ਬਚਨ-ਬਿਲਾਸ ਕਰਦਿਆਂ, ਉਨ੍ਹਾਂ ਦਸਿਆ ਕਿ ਸਰੀਰ, ਬੀਮਾਰੀ ਕਾਰਨ ਕੁਝ ਢਿੱਲਾ ਢਿੱਲਾ ਰਹਿੰਦਾ ਹੈ। ਤੁਸੀਂ ਆਪਣਾ ਵਿਚਾਰ ਦਸੋ ਕਿ ਕੀ ਕੀਤਾ ਜਾਏ ? ਬਾਊ ਜੀ ਕਹਿਣ ਲਗੇ ਕਿ ਮੈਨੂੰ ਤਾਂ ਇਕੋ ਹੀ ਨੁਸਖਾ ਪਤਾ ਹੈ, ਉਹ ਹੈ- "ਸਰਬ ਰੋਗ ਕਾ ਅਉਖਦੁ ਨਾਮੁ" (ਸੁਖਮਨੀ ਸਾਹਿਬ, ਪੰਨਾ ੨੭੪) ਇਹ ਹੀ ਨੁਸਖਾ ਆਪਣੇ 'ਤੇ ਵਰਤ ਕੇ ਆਪ ਰਾਜ਼ੀ ਹੋਇਆ ਹਾਂ ਅਤੇ ਇਹੋ ਹੀ ਦਵਾਈ ਵਰਤਣ ਲਈ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ। ਪਰ ਇਸ ਦੀ ਵੱਡੀ ਸ਼ਰਤ ਇਹ ਹੈ ਕਿ ਪਹਿਲਾਂ ਅੰਮ੍ਰਿਤ ਛਕ ਕੇ ਗੁਰਮਤਿ ਰਹਿਤ-ਰਹਿਣੀ ਵਿਚ ਤਿਆਰ-ਬਰ-ਤਿਆਰ ਹੋਵੋ, ਸਿਮਰਨ ਕਰੋ, ਤਾਂ ਹੀ ਦਵਾਈ ਅਸਰ ਕਰੇਗੀ ਤੇ ਸਰੀਰ ਅਰੋਗ ਹੋ ਜਾਏਗਾ।

ਸਃ ਰਛਪਾਲ ਸਿੰਘ ਦਾ ਮਨ ਪਹਿਲਾਂ ਹੀ ਅਨੰਦ ਸਮਾਗਮ ਵੇਖ ਕੇ ਬੜਾ ਪਸੀਜਿਆ ਹੋਇਆ ਸੀ। ਉਨ੍ਹਾਂ ਨੇ ਬੇਨਤੀ ਕੀਤੀ ਕਿ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕਰਨ ਦੀ ਕਿਰਪਾ ਕਰੋ। ਮੇਰੀ ਖਾਹਿਸ਼ ਹੈ ਕਿ ਸਾਰੇ ਪਰਿਵਾਰ ਨੂੰ ਹੀ ਜਹਾਜ਼ੇ ਚੜ੍ਹਾਇਆ ਜਾਵੇ ਤਾਂ ਬਹੁਤ ਚੰਗਾ ਹੋਵੇਗਾ। ਬਾਕੀ ਸਾਰਾ ਪਰਿਵਾਰ ਪਿਛਲੇ ਪਿੰਡ ਜਾਮਾਰਾਏ (ਅੰਮ੍ਰਿਤਸਰ) ਰਹਿੰਦਾ ਹੈ। ਤੇ ਇਹ ਸਾਰਾ ਸਮਾਗਮ ਉਥੇ ਹੀ ਕੀਤਾ ਜਾਏ। ਬਾਊ ਜੀ ਨੇ ਖੁਸ਼ੀ ਨਾਲ ਮਨਜ਼ੂਰੀ ਦੇ ਦਿੱਤੀ ਅਤੇ ਉਸੇ ਵਕਤ ਹੀ ਸਮਾਗਮ ਦੀਆਂ ਤਰੀਕਾਂ ਨੀਯਤ ਕਰ ਦਿੱਤੀਆਂ।

ਸ੍ਰੀਮਾਨ ਬਾਊ ਮੱਲ ਸਿੰਘ ਜੀ ਨੂੰ ਪੈਨਸ਼ਨ ਦੇ ਨਾਲ ਮਿਲਿਆ ਮੁਰੱਬਾ ਜ਼ਿਲ੍ਹਾ ਮਿੰਟਗੁਮਰੀ ਵਿਚ ਉਕੜੇ ਲਾਗੇ ਚੱਕ ਨੰਬਰ 52/2-ਐਲ ਵਿਖੇ ਅਲਾਟ ਹੋਇਆ ਸੀ, ਜਿਥੇ ਆਪ ਦੇ ਵੱਡੇ ਭਾਈ ਵਰਿਆਮ ਸਿੰਘ ਜੀ ਨੇ ਪਿੰਡ ਦੇ ਵਿਚਕਾਰ ਇਕ ਸੁੰਦਰ

ਮਕਾਨ ਬਣਵਾ ਦਿੱਤਾ। ਬਾਊ ਜੀ, ਬੀਬੀ ਦੇ ਵਿਆਹ ਪਿਛੋਂ, ਸਾਰੇ ਪਰਵਾਰ ਸਮੇਤ ਆਪਣੇ ਮੁਰੱਬੇ 'ਤੇ ਚੱਕ ਨੰਬਰ 52/2-ਐਲ ਵਿਚ ਪੁੱਜ ਗਏ। ਘਰ ਦੇ ਰਹਿਣ-ਬਹਿਣ ਦਾ ਪ੍ਰਬੰਧ ਠੀਕ ਕਰ ਕੇ ਆਪ ਜੀ ਨੇ ਜਾਮਾਰਾਏ ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਸੰਚਾਰ ਸਮਾਗਮ ਵਲ ਧਿਆਨ ਦਿੱਤਾ।

## ਜਾਮਾਰਾਏ ਵਿਖੇ ਸਮਾਗਮ

ਇਸ ਵੇਲੇ ਤਕ ਸ੍ਰੀਮਾਨ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਰੰਗਲੇ ਸਜਣ ਭਾਈ ਅਤਰ ਸਿੰਘ ਜੀ ਚਕਵਾਲ, ਗਿਆਨੀ ਦਲੀਪ ਸਿੰਘ ਜੀ ਫੂਲਾਂਵਾਲ, ਗਿਆਨੀ ਹਰਭਜਨ ਸਿੰਘ ਜੀ ਚਮਿੰਡਾ, ਭਾਈ ਸੁਰਜਨ ਸਿੰਘ ਜੀ ਗੁਜਰਵਾਲ ਆਪਣੀ ਪੰਜ ਪੰਜ ਸਾਲ ਜੇਲ੍ਹ-ਯਾਤਰਾ ਕਰ ਕੇ ਘਰ ਪੁਜ ਚੁਕੇ ਸਨ। ਸ੍ਰੀਮਾਨ ਬਾਊ ਜੀ ਨੇ ਸਾਰਿਆਂ ਸੱਜਣਾਂ ਨੂੰ ਜਾਮਾਰਾਏ ਵਿਖੇ ਸਮਾਗਮ 'ਤੇ ਪੁੱਜਣ ਲਈ ਬੇਨਤੀ ਕੀਤੀ, ਜੋ ਉਨ੍ਹਾਂ ਨੇ ਖ਼ੁਸ਼ੀ ਨਾਲ ਪ੍ਰਵਾਨ ਕਰ ਲਈ। ਕਰਨਲ ਪਿਆਰਾ ਸਿੰਘ ਜੀ ਨੇ ਵੀ ਪੁਜਣ ਦੀ ਪਰਵਾਨਗੀ ਭੇਜ ਦਿੱਤੀ। ਦਾਸ (ਲੇਖਕ) ਤਾਂ ਅੱਗੇ ਹੀ ਉਡੀਕ ਕਰ ਰਿਹਾ ਸੀ। ਨਾਲ ਹੀ ਭਾਈ ਹਰੀ ਸਿੰਘ ਜੀ ਸ਼ੇਰਗਿਲ, ਜੋ ਬੀ.ਐੱਸ-ਸੀ. ਪਾਸ ਕਰ ਚੁੱਕੇ ਸਨ ਅਤੇ ਉਨ੍ਹਾਂ ਦੇ ਪਿਤਾ ਭਾਈ ਉਜਾਗਰ ਸਿੰਘ ਜੀ, ਜੋ ਉਸ ਵੇਲੇ ਖਡੂਰ ਸਾਹਿਬ ਵਿਚ ਮੈਨੇਜਰ ਦੀ ਸੇਵਾ ਕਰ ਰਹੇ ਸਨ, ਵੀ ਆ ਗਏ। ਸਾਰੇ ਸੱਜਣ ਮਿਥੀ ਤਰੀਕ 'ਤੇ ਪੁੱਜ ਗਏ। ਸ. ਰਛਪਾਲ ਸਿੰਘ ਦੇ ਛੋਟੇ ਵੀਰ ਹਜ਼ਾਰਾ ਸਿੰਘ ਤੇ ਸ. ਬਹਾਦਰ ਕਰਤਾਰ ਸਿੰਘ ਜੀ ਸੈਸ਼ਨ ਜੱਜ ਭੀ, ਜੋ ਇਸ ਇਲਾਕੇ ਦੇ ਉਘੇ ਜ਼ਿੰਮੇਵਾਰ ਸੱਜਣ ਸਨ, ਵੀ ਉੱਥੇ ਹਾਜ਼ਿਰ ਸਨ। ਸਮਾਗਮ ਅਰੰਭ ਹੋਣ ਤੋਂ ਪਹਿਲਾਂ ਹੀ ਇਲਾਕੇ ਵਿਚ ਬੜਾ ਪ੍ਰਚਾਰ ਹੋਇਆ ਕਿ ਜਾਮਾਰਾਈਏ ਸਰਦਾਰਾਂ ਦੇ ਘਰ ਗੁਰਮਤਿ ਸਮਾਗਮ ਹੋ ਰਿਹਾ ਹੈ। ਸੋ ਇਲਾਕੇ ਦੇ ਗੁਰਮੁਖ ਸੱਜਣ ਹੁੰਮ-ਹੁਮਾ ਕੇ ਸਮਾਗਮ ਵਿਚ ਪੁਜੇ।

ਮਰਯਾਦਾ ਅਨੁਸਾਰ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਹੋ ਗਿਆ। ਸ. ਰਛਪਾਲ ਸਿੰਘ ਤੇ ਬਾਕੀ ਸਾਰੇ ਪਰਿਵਾਰ ਨੂੰ ਤਾਕੀਦ ਕੀਤੀ ਗਈ ਕਿ ਸਾਰਾ ਵਕਤ ਜਾਂ ਪਾਠ ਸੁਣਨਾ ਹੈ ਜਾਂ ਸੇਵਾ ਕਰਨੀ ਹੈ। ਉਸ ਵਕਤ ਕੀਰਤਨ ਦੀ ਸੇਵਾ ਭਾਈ ਅਤਰ ਸਿੰਘ ਜੀ ਅਤੇ ਦਾਸ (ਲੇਖਕ) ਹੀ ਕਰਦੇ ਸਨ। ਸ੍ਰੀ ਅਖੰਡਪਾਠ ਦੇ ਭੋਗ ਪਿਛੋਂ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋ ਗਿਆ, ਜਿਸ ਦਾ ਭੋਗ ਦੁਪਹਿਰੇ 12 ਵਜੇ ਦੇ ਕਰੀਬ ਪਿਆ। ਸਤਿਗੁਰੂ ਦੀ ਅਪਾਰ ਕਿਰਪਾ ਬਖਸ਼ਿਸ਼ ਹੋਈ ਕਿ ਕੀਰਤਨ ਵਿਚ ਉਹ ਰੰਗ ਬੱਝਾ, ਜੋ ਕਿ ਭਾਈ ਸਾਹਿਬ ਜੀ ਦੀ ਜੇਲ੍ਹ-ਯਾਤਰਾ ਤੋਂ ਪਹਿਲਾਂ ਕੀਰਤਨ -ਮੰਡਲਾਂ ਵਿਚ ਬਝਦਾ ਸੀ। ਭਾਈ ਸਾਹਿਬ ਜੀ ਜੋ ਖਾਸ ਸ਼ਬਦ ਬੜੇ ਬੈਰਾਗ-ਰੰਗਾਂ ਵਿਚ ਗਾਵਿਆ ਕਰਦੇ ਸਨ, ਉਨ੍ਹਾਂ ਸ਼ਬਦਾਂ ਦਾ ਕੀਰਤਨ ਉਸੇ ਲੈਅ ਵਿਚ ਹੋਇਆ। ਸੰਗਤ 'ਤੇ ਬੜਾ ਗੂੜ੍ਹਾ ਅਸਰ ਹੋਇਆ। ਦੀਵਾਨ ਦੀ ਸਮਾਪਤੀ ਪਿਛੋਂ ਅੰਮ੍ਰਿਤ-ਸੰਚਾਰ ਸਮਾਗਮ ਸ਼ੁਰੂ ਹੋ ਗਿਆ। ਇਸ ਸਾਰੇ ਪਰਿਵਾਰ ਦੇ ਨਾਲ ਹੀ ਇਲਾਕੇ ਦੀਆਂ ਆਈਆਂ ਸੰਗਤਾਂ ਵਿਚੋਂ ਬਹੁਤ ਸਾਰੇ ਸੱਜਣ ਅੰਮ੍ਰਿਤ-ਸੰਚਾਰ ਸਮਾਗਮ ਵਿਚ ਪੇਸ਼ ਹੋ ਕੇ ਜਹਾਜ਼ੇ ਚੜ੍ਹ ਗਏ। ਅੰਮ੍ਰਿਤ-ਸਮਾਗਮ ਦੀ ਸਮਾਪਤੀ ਦੀ ਅਰਦਾਸ ਸਮੇਂ ਸ. ਰਛਪਾਲ ਸਿੰਘ ਜੀ ਦੀ ਦੇਹ-ਅਰੋਗਤਾ ਦੀ ਅਰਦਾਸ ਹੋਈ ਅਤੇ ਨਾਲ ਹੀ ਉਨ੍ਹਾਂ ਨੂੰ ਦਸਿਆ ਗਿਆ ਕਿ ਚੂੰਕਿ ਬਿਮਾਰੀ

ਪੁਰਾਣੀ ਹੈ, ਜਿਸ ਦਾ ਇਲਾਜ ਡਾਕਟਰਾਂ ਤੋਂ ਵੀ ਨਹੀਂ ਹੋ ਸਕਿਆ, ਇਸ ਲਈ ਤੁਹਾਡੇ ਲਈ ਹਰ ਰੋਜ਼ ਸਿਮਰਨ ਤੇ ਨਿਤਨੇਮ ਦੇ ਨਾਲ ਹੀ ਇਕ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਜ਼ਰੂਰੀ ਹੈ।

ਸਾਰੇ ਸਮਾਗਮ ਦੀ ਸਮਾਪਤੀ ਪਿਛੋਂ ਜਥਾ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਲਈ ਤਿਆਰ ਹੋ ਗਿਆ। ਸਾਰਾ ਪਰਿਵਾਰ ਜਥੇ ਨੂੰ ਵਿਦਾ ਕਰਨ ਲਈ ਨਹਿਰ ਦੇ ਪੁਲ ਤਕ ਆਇਆ। ਸ. ਰਛਪਾਲ ਸਿੰਘ ਬੜੇ ਪਿਆਰ ਭਰੇ ਵੈਰਾਗ ਵਿਚ ਆ ਗਏ ਅਤੇ ਅਥਰੂ-ਭਰੀਆਂ ਅੱਖਾਂ ਨਾਲ ਕਹਿਣ ਲਗੇ, "ਇਸ ਸਮਾਗਮ ਵਿਚ ਗੁਰਬਾਣੀ ਦੇ ਪਾਠ ਸੁਣਨ ਨਾਲ ਅਤੇ ਗੁਰੂ-ਪਿਆਰਿਆਂ ਦੀ ਸੰਗਤ ਵਿਚ ਜਿਤਨਾ ਅਨੰਦ ਮਾਣਿਆ ਹੈ, ਉਹ ਲਫ਼ਜ਼ਾਂ ਵਿਚ ਦਸਣਾ ਮੁਸ਼ਕਿਲ ਹੈ। ਸਮਾਗਮ ਦੀ ਅਰੰਭਤਾ ਤੋਂ ਹੀ ਸਰੀਰ ਅਰੋਗ ਹੋ ਰਿਹਾ ਹੈ ਤੇ ਮਨ ਵਿਚ ਇਹ ਵਿਸ਼ਵਾਸ ਪੱਕਾ ਹੋ ਰਿਹਾ ਹੈ ਕਿ ਸਤਿਗੁਰੂ ਜੀ ਦਾ "ਅਉਖਧੁ ਤੇਰੋ ਨਾਮੁ ਦਇਆਲ" ਨੁਸਖ਼ਾ ਪੂਰਾ ਆਰਾਮ ਛੇਤੀ ਦੇਵੇਗਾ। ਬਿਮਾਰੀ ਬਹੁਤ ਪੁਰਾਣੀ ਹੈ, ਪਰ ਕੁਝ ਥੋੜਾ ਵਕਤ ਹੋਰ ਲਗੇਗਾ। ਅਗਲੇ ਹਫ਼ਤੇ ਮੈਂ ਵੀ ਸ੍ਰੀ ਅੰਮ੍ਰਿਤਸਰ ਸਚਖੰਡ ਦੇ ਦਰਸ਼ਨ ਕਰਨ ਲਈ ਪੁਜ ਰਿਹਾ ਹਾਂ। ਉਮੀਦ ਹੈ, ਉਥੇ ਆਪ ਨੂੰ ਪੂਰੀ ਅਰੋਗਤਾ ਦੀ ਖ਼ੁਸ਼ਖ਼ਬਰੀ ਸੁਣਾ ਸਕਾਂਗਾ।"

## ਤਰਸਿਕੇ ਵਿਖੇ ਸਮਾਗਮ

ਇਨ੍ਹਾਂ ਦਿਨਾਂ ਵਿਚ ਦਾਸ (ਠਾਕਰ ਸਿੰਘ) ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ.ਪਾਸ ਕਰ ਲਈ ਸੀ ਅਤੇ ਖ਼ਾਲਸਾ ਸਕੂਲ ਤਰਸਿਕਾ ਅੰਮ੍ਰਿਤਸਰ ਵਿਖੇ ਹੈਡ-ਮਾਸਟਰ ਲਗ ਗਿਆ ਸਾਂ। ਮੇਰੀ ਰਿਹਾਇਸ਼ ਦਾ ਪ੍ਰਬੰਧ ਸਕੂਲ ਦੇ ਮੈਨੇਜਰ ਸ: ਮੂਲਾ ਸਿੰਘ ਜੀ ਨੇ ਆਪਣੇ ਘਰ ਦੇ ਚੁਬਾਰੇ ਵਿਚ ਹੀ ਕਰ ਦਿੱਤਾ ਸੀ। ਇਨ੍ਹਾਂ ਦਾ ਗੁਰਮਤਿ ਵਲ ਕਾਫ਼ੀ ਝੁਕਾਅ ਸੀ। ਇਨ੍ਹਾਂ ਦੀਆਂ ਦੋ ਬੀਬੀਆਂ ਪੰਚਖੰਡ ਭਸੌੜ ਪੜ੍ਹਦੀਆਂ ਸਨ, ਜੋ ਦਸਤਾਰ ਸੰਯੁਕਤ ਪੰਜ ਕਕਾਰੀ ਰਹਿਤ-ਰਹਿਣੀ ਵਿਚ ਪਰਪੱਕ ਸਨ। ਜਾਮਾਰਾਏ ਦੇ ਗੁਰਮਤਿ ਸਮਾਗਮ ਵਿਚ ਸ: ਮੂਲਾ ਸਿੰਘ ਜੀ ਵੀ ਪੁਜੇ ਹੋਏ ਸਨ। ਉਹ ਉਥੇ ਸਾਰਾ ਵਕਤ ਪਾਠ ਸੁਣਨ ਜਾਂ ਸੇਵਾ ਵਿਚ ਜੁਟੇ ਰਹੇ। ਅੰਮ੍ਰਿਤ ਸੰਚਾਰ ਦੀ ਸਾਰੀ ਮਰਿਯਾਦਾ ਦੇਖ ਕੇ ਗਦ ਗਦ ਹੋ ਗਏ ਅਤੇ ਉਥੋਂ ਤੁਰਨ ਲਗਿਆਂ ਸ੍ਰੀ ਮਾਨ ਬਾਊ ਜੀ ਨੂੰ ਬੇਨਤੀ ਕੀਤੀ ਕਿ ਇਹੋ ਜਿਹਾ ਗੁਰਮਤਿ ਸਮਾਗਮ ਦਾਸ ਦੇ ਪਿੰਡ ਤਰਸਿਕੇ ਵਿਖੇ ਵੀ ਕਰਨ ਦੀ ਕਿਰਪਾ ਕਰੋ। ਬਾਊ ਜੀ ਨੇ ਇਹ ਸ਼ਰਤ ਲਗਾਉਂਦਿਆਂ ਖੁਸ਼ੀ ਨਾਲ ਪਰਵਾਨਗੀ ਦਿੱਤੀ ਕਿ ਅੰਮ੍ਰਿਤ ਛਕਣ ਲਈ ਪ੍ਰੇਰਨਾ ਕਰ ਕੇ ਫ਼ੌਜਾਂ ਤਿਆਰ ਕਰੋ, ਸਮਾਗਮ ਜ਼ਰੂਰ ਹੋਵੇਗਾ। ਸਮਾਗਮ ਦੀਆਂ ਤਰੀਕਾਂ ਦਾ ਫ਼ੈਸਲਾ ਹੋ ਗਿਆ।

ਨੀਯਤ ਤਰੀਕ 'ਤੇ ਜਥੇ ਨੂੰ ਲਿਆਉਣ ਲਈ ਦਾਸ ਟਾਂਗਰੇ ਸਟੇਸ਼ਨ 'ਤੇ ਪੁਜ ਗਿਆ। ਜਥੇ ਦੇ ਸਾਰੇ ਗੁਰੂ-ਪਿਆਰੇ ਸਟੇਸ਼ਨ 'ਤੇ ਆਣ ਉਤਰੇ ਅਤੇ ਤਰਸਿਕੇ ਪੁਜਣ ਲਈ ਕਮਰਕਸੇ ਕਰ ਲਏ। ਜਥੇ ਨੇ ਪਿੰਡ ਦੇ ਲਾਗੇ ਪੁਜ ਕੇ ਕੀਰਤਨ ਆਰੰਭ ਦਿੱਤਾ। ਅਗੋਂ ਪਿੰਡ ਦੀ ਸੰਗਤ ਵੀ ਕੀਰਤਨ ਕਰਦੀ ਆ ਗਈ ਅਤੇ ਕੀਰਤਨ-ਰੰਗਾਂ ਵਿਚ ਜਥੇ ਦਾ ਸੁਆਗਤ ਕੀਤਾ ਗਿਆ। ਪਿੰਡ ਦਾ ਗੁਰਦੁਆਰਾ ਬੜੀ ਸੁੰਦਰ ਤੇ ਖੁਲ੍ਹੀ ਥਾਂ 'ਤੇ ਸੀ।

ਸਾਰੀ ਸੰਗਤ ਕੀਰਤਨ ਕਰਦੀ ਗੁਰਦੁਆਰਾ ਸਾਹਿਬ ਪੁੱਜੀ। ਸਾਰਾ ਸਮਾਗਮ ਇਥੇ ਹੀ ਰਚਿਆ ਗਿਆ।

ਅਗਲੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਆਰੰਭ ਹੋ ਗਿਆ। ਲੰਗਰ ਦਾ ਪ੍ਰਬੰਧ ਸ. ਮੂਲਾ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੀਆਂ ਦੋਵੇਂ ਬੀਬੀਆਂ ਪੰਚਖੰਡ ਭਸੌੜ ਤੋਂ ਛੁੱਟੀ ਲੈ ਕੇ ਆ ਗਈਆਂ ਅਤੇ ਲੰਗਰ ਦੀ ਸੇਵਾ ਉਨ੍ਹਾਂ ਨੇ ਸੰਭਾਲ ਲਈ।

ਸ. ਮੂਲਾ ਸਿੰਘ ਜੀ ਖ਼ਾਲਸਾ ਸਕੂਲ ਦੇ ਮੈਨੇਜਰ ਹੋਣ ਕਰਕੇ, ਆਲੇ-ਦੁਆਲੇ ਵਿਚ ਮੰਨੇ ਪ੍ਰਮੰਨੇ ਸਨ, ਇਸ ਕਰਕੇ ਤਿੰਨੇ ਦਿਨ ਸੰਗਤਾਂ ਦੀ ਕਾਫ਼ੀ ਹਾਜ਼ਰੀ ਰਹੀ। ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਖ਼ੂਬ ਰੰਗਾਂ ਵਿਚ ਹੋਇਆ।

ਫਿਰ ਅੰਮ੍ਰਿਤ ਛਕਣ ਲਈ ਬਾਬਾ ਨਰੈਣ ਸਿੰਘ ਤੇ ਭਾਈ ਗੁਰਦਿੱਤ ਸਿੰਘ (ਸ. ਮੂਲਾ ਸਿੰਘ ਜੀ ਦੇ ਛੋਟੇ ਭਾਈ), ਇਲਾਕੇ ਦੇ ਪਿੰਡਾਂ ਤੋਂ ਹੋਰ ਅੰਮ੍ਰਿਤ-ਅਭਿਲਾਖੀ ਤਿਆਰ ਹੋ ਗਏ। ਪੁਛ-ਪੜਤਾਲ ਪਿਛੋਂ ਸਾਰਿਆਂ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ ਅਗਲੇ ਦਿਨ ਅੰਮ੍ਰਿਤ ਵੇਲੇ ਸਾਰੇ ਸਮਾਗਮ ਦੀ ਸਮਾਪਤੀ ਹੋਈ। ਦੂਜੇ ਦਿਨ ਅੰਮ੍ਰਿਤ ਵੇਲੇ ਦਾ ਨਿਤਨੇਮ ਕਰ ਕੇ ਜਥੇ ਨੇ ਪ੍ਰਸ਼ਾਦਾ ਛਕਿਆ ਅਤੇ ਕੀਰਤਨ ਕਰਦਿਆਂ ਸੰਗਤ ਤੋਂ ਵਿਦਾਇਗੀ ਲੈ ਟਾਂਗਰੇ ਸਟੇਸ਼ਨ 'ਤੇ ਪੁੱਜ ਕੇ, ਗੱਡੀ 'ਤੇ ਸਵਾਰ ਹੋ ਗਿਆ।

ਇਸ ਸਮਾਗਮ ਦੇ ਪ੍ਰਭਾਵ ਦੀ ਦੱਸਣ ਵਾਲੀ ਗੱਲ ਇਹ ਹੈ ਕਿ ਇਸ ਪਰਿਵਾਰ ਦਾ, ਮਾਨਯੋਗ ਬਾਊ ਜੀ ਨਾਲ ਇਤਨਾ ਪੀਡਾ ਪਿਆਰ ਪੈ ਗਿਆ ਕਿ ਬਾਬਾ ਨਰੈਣ ਸਿੰਘ ਜੀ ਨੇ ਪਹਿਲਾਂ ਆਪਣੀ ਦੋਹਤਰੀ ਦਾ ਅਨੰਦ ਕਾਰਜ ਸ੍ਰੀ ਮਾਨ ਬਾਊ ਜੀ ਦੇ ਭੁਜੰਗੀ ਕਰਨਲ ਕੁਲਵੰਤ ਸਿੰਘ ਨਾਲ ਕਰ ਦਿੱਤਾ ਅਤੇ ਬਾਅਦ ਵਿਚ ਬਾਬਾ ਜੀ ਦੇ ਸਪੁੱਤਰ ਨੇ ਆਪਣੀ ਲੜਕੀ ਦਾ ਅਨੰਦ ਕਾਰਜ ਬਾਊ ਜੀ ਦੇ ਛੋਟੇ ਲੜਕੇ ਜੁਗਿੰਦਰ ਸਿੰਘ ਨਾਲ ਕਰ ਦਿੱਤਾ।

## ਮੋਹਨਪੁਰੇ ਸਮਾਗਮ

ਸ. ਅਮਰ ਸਿੰਘ ਜੀ ਮੋਹਨਪੁਰੇ ਵਾਲੇ ਇਲਾਕੇ ਦੇ ਉਘੇ ਅਕਾਲੀ ਸਿੰਘ ਸਨ ਅਤੇ ਪੰਥ ਪ੍ਰਸਿੱਧ ਆਗੂ ਸ. ਤੇਜਾ ਸਿੰਘ ਸਮੁੰਦਰੀ ਦੇ ਨਿਕਟਵਰਤੀ ਮਿੱਤਰ ਪਿਆਰੇ ਸਨ। ਇਨ੍ਹਾਂ ਦੇ ਨਾਨਕੇ ਦਾਸਰੇ (ਠਾਕਰ ਸਿੰਘ) ਦੇ ਪਿੰਡ ਸਰਲੀ ਵਿਖੇ ਹੋਣ ਕਰਕੇ, ਇਹ ਮੇਰੇ ਪਿਤਾ ਜੀ ਦੇ ਛੋਟੀ ਉਮਰ ਤੋਂ ਮਿੱਤਰ ਸਨ। ਜਦੋਂ ਉਨ੍ਹਾਂ ਨੇ ਜਾਮਾਰਾਏ ਵਾਲੇ ਗੁਰਮਤਿ ਸਮਾਗਮ ਦੀ ਮਹਿਮਾ ਵੇਖੀ-ਸੁਣੀ ਤਾਂ ਬਹੁਤ ਪ੍ਰਭਾਵਤ ਹੋਏ। ਜਾਮਾਰਾਏ ਵਾਲੇ ਸ. ਰਛਪਾਲ ਸਿੰਘ ਦੇ ਪਰਿਵਾਰ ਨਾਲ ਇਨ੍ਹਾਂ ਦਾ ਗੂੜ੍ਹਾ ਮੇਲ-ਮਿਲਾਪ ਸੀ।

ਸ. ਅਮਰ ਸਿੰਘ ਜੀ ਨੇ ਦਾਸ ਦੇ ਪਿਤਾ ਸ. ਵਰਿਆਮ ਸਿੰਘ ਜੀ ਨੂੰ ਪੱਤਰ ਲਿਖਿਆ ਕਿ ਵੱਡੇ ਕਾਕੇ ਦਾ ਅਨੰਦ ਕਾਰਜ ਆਉਂਦੇ ਮਹੀਨੇ ਹੋਣਾ ਨੀਯਤ ਹੋਇਆ ਹੈ। ਆਪ ਜੀ ਦੇ ਛੋਟੇ ਵੀਰ ਪੈਨਸ਼ਨ ਆ ਗਏ ਹੋਏ ਹਨ, ਉਨ੍ਹਾਂ ਨੂੰ ਮੇਰੇ ਵਲੋਂ ਬੇਨਤੀ ਕਰੋ ਕਿ ਮੋਹਨਪੁਰੇ ਅਨੰਦ ਕਾਰਜ ਤੋਂ ਪਹਿਲਾਂ ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਜਾਵੇ, ਜਿਸ ਵਿਚ ਸਾਰੇ ਪਰਿਵਾਰ ਨੂੰ ਅੰਮ੍ਰਿਤ ਦੀ ਦਾਤ ਮਿਲੇ। ਫਿਰ ਤੁਸਾਂ 'ਤੇ ਬਾਊ ਮੱਲ ਸਿੰਘ ਜੀ ਨੇ ਬਰਾਤ ਵਿਚ ਸ਼ਾਮਲ ਹੋਣ ਦੀ ਕਿਰਪਾ ਕਰਨੀ ਅਤੇ ਇਸ ਬਰਾਤ ਵਿਚ ਸਰਦਾਰ

ਸਮੁੰਦਰੀ ਅਤੇ ਜਾਮਾਰਾਈਏ ਸਰਦਾਰ ਰਛਪਾਲ ਸਿੰਘ, ਹਜ਼ਾਰਾ ਸਿੰਘ, ਕਰਤਾਰ ਸਿੰਘ (ਸੈਸ਼ਨ ਜੱਜ) ਅਤੇ ਸ. ਸੋਹਣ ਸਿੰਘ ਜੀ ਪਿੰਡ ਪਥੋਕੇ ਵਾਲੇ ਵੀ ਸ਼ਾਮਲ ਹੋ ਰਹੇ ਹਨ।

ਪਿਤਾ ਜੀ ਨੇ ਇਹ ਪੱਤਰ ਸ੍ਰੀ ਮਾਨ ਬਾਊ ਜੀ ਨੂੰ ਪੜ੍ਹਾਇਆ ਤਾਂ ਉਨ੍ਹਾਂ ਨੇ ਅਨੰਦ ਕਾਰਜ ਤੋਂ ਪਹਿਲਾਂ ਸਮਾਗਮ ਦੀਆਂ ਤਰੀਕਾਂ ਨੀਯਤ ਕਰ ਦਿੱਤੀਆਂ। ਨੀਯਤ ਸਮੇਂ 'ਤੇ ਜਾਮਾਰਾਏ ਸਮਾਗਮ ਵਾਲਾ ਸਾਰਾ ਜਥਾ ਮੋਹਨਪੁਰੇ ਪੁਜ ਗਿਆ। ਮਰਿਯਾਦਾ ਅਨੁਸਾਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਹੋ ਗਿਆ। ਜਾਮਾਰਾਈਏ ਸਰਦਾਰਾਂ ਦਾ ਸਾਰਾ ਪਰਿਵਾਰ ਪਹਿਲੇ ਦਿਨ ਹੀ ਪੁਜ ਗਿਆ ਅਤੇ ਲੰਗਰ ਦੀ ਸੇਵਾ ਲਈ ਤਤਪਰ ਹੋ ਗਿਆ। ਕੜਾਹ ਪ੍ਰਸ਼ਾਦ ਦੀ ਸੇਵਾ ਬਾਬਾ ਉਜਾਗਰ ਸਿੰਘ ਜੀ ਨੇ ਬੜੀ ਸ਼ਰਧਾ ਭਾਵਨਾ ਤੇ ਪੂਰੀ ਮਰਿਯਾਦਾ ਨਾਲ ਨਿਭਾਈ। ਅਨੰਦ ਸਾਹਿਬ ਦੇ ਪੂਰੇ ਪਾਠ ਦੇ ਪ੍ਰਵਾਹ ਦੇ ਨਾਲ ਨਾਲ ਪੂਰੀ ਤਰ੍ਹਾਂ ਪਵਿੱਤਰਤਾ ਰੱਖ ਕੇ ਦੇਗ ਸਜਾਈ। ਇਸ ਦੇਗ ਨੂੰ ਛਕ ਕੇ ਸਾਰੀ ਸੰਗਤ ਨੇ ਅਲੌਕਿਕ ਸੁਆਦ ਮਾਣਿਆ। ਨਾਮ-ਅਭਿਆਸ ਦੇ ਸਾਸ ਗਿਰਾਸੀ ਵੇਗ ਵਿਚ ਬਾਣੀ ਪੜ੍ਹਦਿਆਂ ਪੂਰਨ ਗੁਰਮਤਿ ਮਰਿਯਾਦਾ ਤੇ ਪਵਿੱਤਰਤਾ ਸਹਿਤ ਜੋ ਦੇਗ਼ ਤਿਆਰ ਕੀਤੀ ਜਾਂਦੀ ਹੈ, ਉਸ ਵਿਚ ਅੰਮ੍ਰਿਤ-ਰਸ ਪੈਦਾ ਹੋ ਜਾਂਦਾ ਹੈ ਤੇ ਛਕਣ ਵਾਲਿਆਂ 'ਤੇ ਅੰਮ੍ਰਿਤ-ਕਲਾ ਵਰਤਦੀ ਹੈ।

ਲੰਗਰ ਤਿਆਰ ਕਰਦੀਆਂ ਬੀਬੀਆਂ ਗੁਰਬਾਣੀ ਦਾ ਪਾਠ ਜਾਂ ਗੁਰ-ਮੰਤਰ ਦਾ ਜਾਪ ਕਰਦੀਆਂ ਸਨ, ਇਸੇ ਕਰਕੇ ਸਾਰੇ ਵਾਤਾਵਰਨ ਵਿਚ ਸਤ-ਸੰਤੋਖ ਵਰਤ ਰਿਹਾ ਸੀ। ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ। ਪੂਰਾ ਭੋਗ ਦੁਪਹਿਰ ਨੂੰ ਪਿਆ। ਫਿਰ ਅੰਮ੍ਰਿਤ-ਸੰਚਾਰ ਸਮਾਗਮ ਸ਼ੁਰੂ ਹੋਇਆ। ਇਸ ਪਰਿਵਾਰ ਦੇ ਨਾਲ ਹੀ ਇਲਾਕੇ ਦੇ ਵੀ ਕਈ ਅਭਿਲਾਖੀ ਸਜਣ, ਜਿਨ੍ਹਾਂ ਦੇ ਪੂਰਬ ਕਰੰਮੀ ਅੰਕੁਰ ਪ੍ਰਗਟ ਹੋ ਪਏ ਸਨ, ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਨ ਲਈ ਪੁਜ ਗਏ। ਸਾਰਾ ਸਮਾਗਮ ਕਾਫ਼ੀ ਰਾਤ ਗਈ 'ਤੇ ਸਮਾਪਤ ਹੋਇਆ। ਅਗਲੇ ਦਿਨ ਬਰਾਤ ਦੀ ਤਿਆਰੀ ਅਰੰਭ ਹੋਈ। ਸ. ਅਮਰ ਸਿੰਘ ਨੇ ਸ੍ਰੀਮਾਨ ਬਾਊ ਜੀ ਤੋਂ ਅਨੰਦ ਕਾਰਜ ਬਾਰੇ ਸਾਰੇ ਗੁਰਮਤਿ ਨਿਯਮ ਸੁਣ ਕੇ ਪਰਵਾਨ ਕਰ ਲਏ। ਸਾਰੇ ਮਿੱਤਰ ਪਿਆਰੇ ਸਮੁੰਦਰੀ ਜੀ ਸਮੇਤ ਬਰਾਤ ਵਿਚ ਸ਼ਾਮਲ ਹੋਏ। ਬਰਾਤ ਘੋੜੀਆਂ ਉਪਰ ਜਾ ਰਹੀ ਸੀ। ਨਾ ਵਾਜਾ ਗਾਜਾ, ਨਾ ਆਤਸ਼ਬਾਜ਼ੀ, ਕੋਈ ਮਨਮਤ ਨਹੀਂ ਸੀ। ਪੂਰਨ ਗੁਰਮਤੀ ਠਾਠ-ਬਾਠ ਸੀ। ਬਰਾਤ ਪਿੰਡ ਚਕ-ਮੈਹਰ ਪੁਜੀ ਤਾਂ ਅਗੋਂ ਪਿੰਡ ਦੇ ਪਤਵੰਤਿਆਂ ਨੇ ਸ਼ਬਦ-ਕੀਰਤਨ ਦੁਆਰਾ ਬਰਾਤੀਆਂ ਦਾ ਸੁਆਗਤ ਕੀਤਾ ਅਤੇ ਅਰਦਾਸ ਪਿਛੋਂ ਨਿਵਾਸ-ਅਸਥਾਨ 'ਤੇ ਪੁਜ ਗਏ। ਪਰਸ਼ਾਦੇ ਦਾ ਪ੍ਰਬੰਧ ਪਿੰਡ ਦੀ ਇਕ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਬੀਬੀ ਦੇ ਗ੍ਰਿਹਿ ਵਿਖੇ ਸੀ।

ਅਨੰਦ ਕਾਰਜ ਸਮੇਂ ਮਾਨਯੋਗ ਬਾਊ ਜੀ ਨੇ ਜੋੜੀ ਨੂੰ ਗੁਰਮਤਿ ਸਿਖਿਆ ਦਿੱਤੀ ਤੇ ਲਾਵਾਂ ਹੋ ਕੇ ਅਰਦਾਸ ਹੋਈ। ਹੁਣ ਵਾਂਗ ਨਾ ਸਿਹਰਾ ਸਿਖਿਆ ਪੜ੍ਹੀ ਗਈ, ਨਾ ਕੋਈ ਸਿਰ-ਵਾਰਨੇ ਹੋਏ, ਅਤੇ ਨਾ ਹੋਰ ਕੋਈ ਮਨਮਤ ਹੋਈ। ਸਾਰਾ ਸਮਾਗਮ ਬੜੇ ਅਨੰਦ ਵਿਚ ਪੂਰਨ ਗੁਰਮਤਿ ਸਹਿਤ ਸਮਾਪਤ ਹੋਇਆ ਅਤੇ ਸ਼ਾਮ ਨੂੰ ਵਾਪਸ ਮੋਹਨਪੁਰੇ ਪੁਜ ਗਏ। ਅਗਲੇ ਦਿਨ ਸਵੇਰੇ ਜਥੇ ਦੇ ਗੁਰੂ ਪਿਆਰੇ ਸ੍ਰੀ ਅੰਮ੍ਰਿਤਸਰ ਜੀ ਲਈ ਤਿਆਰ ਹੋ ਗਏ ਤਾਂ

ਸ: ਤੇਜਾ ਸਿੰਘ ਜੀ ਸਮੁੰਦਰੀ ਸ੍ਰੀ ਮਾਨ ਬਾਊ ਜੀ ਦੀ ਰਹਿਣੀ-ਬਹਿਣੀ, ਕੀਰਤਨ, ਪਾਠ, ਸਿਮਰਨ ਤੇ ਗੁਰਮਤਿ ਰਹੁ-ਰੀਤ ਤੋਂ ਬਹੁਤ ਪ੍ਰਭਾਵਤ ਹੋਏ। ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਚੁਕੀ ਸੀ। ਉਨ੍ਹਾਂ ਨੇ ਸ੍ਰੀ ਮਾਨ ਬਾਊ ਜੀ ਨੂੰ ਬੇਨਤੀ ਕੀਤੀ ਕਿ ਹੁਣ ਇਸ ਲਹਿਰ ਵਿਚ ਸਾਡੇ ਨਾਲ ਸ਼ਾਮਿਲ ਹੋਵੋ ਤੇ ਸੇਵਾ ਵਿਚ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ।

## ਗੁਰਦੁਆਰਾ ਸੁਧਾਰ ਲਹਿਰ

ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਸਿਖ ਕੌਮ ਨੂੰ ਹਲੂਣ ਕੇ ਰਖ ਦਿੱਤਾ। ਕੌਮ ਜਾਗ ਉਠੀ। ਗੁਰਦੁਆਰਿਆਂ ਦਾ ਪ੍ਰਬੰਧ ਪੁਜਾਰੀਆਂ ਤੋਂ ਛੁਡਾਉਣ ਲਈ ਕੌਮ ਤਤਪਰ ਹੋ ਗਈ। ਇਸ ਸੁਧਾਰ ਲਹਿਰ ਵਿਚ ਸਮੁੰਦਰੀ ਜੀ ਦੇ ਨਾਲ ਜਾਮਾਰਾਏ ਅਤੇ ਮੋਹਨਪੁਰੇ ਦੇ ਗੁਰਮੁਖ ਪਰਵਾਰ ਵੀ ਪੂਰੀ ਹਿੱਸਾ ਪਾ ਰਹੇ ਸਨ। ਸ: ਹਜ਼ਾਰਾ ਸਿੰਘ ਜੀ ਜਾਮਾਰਾਏ ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਦੇ ਮੈਨੇਜਰ ਥਾਪੇ ਗਏ। ਇਨ੍ਹਾਂ ਦੀ ਰਿਹਾਇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖਬੇ ਪਾਸੇ, ਪਰਕਰਮਾ ਦੇ ਨਾਲ ਲਗਦੇ ਪਹਿਲੇ ਬੁੰਗੇ ਵਿਚ ਹੁੰਦੀ ਸੀ, ਜੋ ਹੁਣ ਗਿਰਾਇਆ ਜਾ ਚੁਕਿਆ ਹੈ। ਸ: ਹਜ਼ਾਰਾ ਸਿੰਘ ਜੀ ਨੇ, ਬਾਊ ਜੀ ਨੂੰ ਸ੍ਰੀ ਅੰਮ੍ਰਿਤਸਰ ਜੀ ਆਉਂਦੇ-ਜਾਂਦੇ ਸਮੇਂ ਇਥੇ ਠਹਿਰਨ ਲਈ ਬੇਨਤੀ ਕਰ ਰਖੀ ਸੀ। ਸ: ਹਜ਼ਾਰਾ ਸਿੰਘ ਜੀ ਦੇ ਛੋਟੇ ਭਾਈ ਸ: ਹਰਬੰਸ ਸਿੰਘ ਜੀ ਤਰਨ ਤਾਰਨ ਸਾਹਿਬ ਵਿਖੇ ਗੁੰਡਾ ਅਨਸਰ ਦੀ ਸੋਧ-ਸੁਧਾਈ ਕਰਨ ਵਾਲੇ ਜਥੇ ਦੇ ਜਥੇਦਾਰ ਥਾਪੇ ਗਏ। ਗੁਰਦੁਆਰਾ ਸਾਹਿਬ ਅਤੇ ਪਰਕਰਮਾ ਵਿਚ ਬਦਮਾਸ਼ ਤੇ ਦਾੜ੍ਹੀ-ਕਟੇ, ਜੋ ਸ਼ਰਾਰਤਾਂ ਕਰਨ ਆਉਂਦੇ ਸਨ, ਉਨ੍ਹਾਂ ਨੂੰ ਸੋਧਣ ਅਤੇ ਚਾਹਟਾ ਛਕਾਉਣ ਦਾ ਪਰਬੰਧ ਇਸ ਜਥੇ ਦੇ ਸਪੁਰਦ ਸੀ। ਸ: ਹਰਬੰਸ ਸਿੰਘ ਜੀ ਦਸਦੇ ਸਨ ਕਿ ਬਦਮਾਸ਼ਾਂ ਤੇ ਬੁਰੀਆਂ ਕਰਤੂਤਾਂ ਵਾਲੇ ਇਨ੍ਹਾਂ ਗੁੰਡਿਆਂ ਨਾਲ ਵਾਸਤਾ ਪੈਣਾ ਬੜਾ ਖ਼ਤਰਨਾਕ ਹੁੰਦਾ ਹੈ, ਇਸ ਲਈ ਇਸ ਸੋਧ ਸੁਧਾਈ ਵਾਲੇ ਜਥੇ ਵਿਚ ਨੌਜੁਆਨ ਅਤੇ ਗੁਰਸਿਖੀ ਜਜ਼ਬੇ ਵਾਲੇ ਸਿੰਘ ਹੀ ਲਏ ਜਾਂਦੇ ਸਨ। ਬਦਮਾਸ਼ਾਂ ਨੂੰ ਕਾਬੂ ਕਰ ਕੇ ਇਕ ਬੰਦ ਕਮਰੇ ਵਿਚ ਲਿਜਾ ਕੇ ਅਜਿਹੀ ਕੁੱਟ-ਮਾਰ ਕੀਤੀ ਜਾਂਦੀ ਸੀ ਕਿ ਉਹ ਕੰਨਾਂ ਨੂੰ ਹੱਥ ਲਾ ਕੇ ਮਾਫ਼ੀਆਂ ਮੰਗਦੇ ਅਤੇ ਮੁੜ ਕਦੇ ਪਰਕਰਮਾ ਵਿਚ ਨਾ ਆਉਣ ਦਾ ਇਕਰਾਰ ਕਰ ਕੇ ਉਥੋਂ ਜਾਨ ਛੁਡਾਉਂਦੇ ਸਨ। ਇਸ ਜਥੇ ਦਾ ਨਾਮ 'ਮਾਝਾ ਖਾਲਸਾ ਦੀਵਾਨ' ਵਜਦਾ ਸੀ। ਇਸ ਦੀਵਾਨ ਦੇ ਜਥੇਦਾਰ ਭਾਈ ਸਾਹਿਬ ਤੇਜਾ ਸਿੰਘ ਜੀ ਭੁੱਚਰ ਸਨ। ਇਨ੍ਹਾਂ ਦੇ ਮਸ਼ਹੂਰ ਪਰਚਾਰਕ ਤੇ ਕਾਰਜ-ਕਰਤਾ ਗਿਆਨੀ ਲਾਲ ਸਿੰਘ ਜੀ ਸੁਭਾਵਕ ਹੀ ਬਾਊ ਜੀ ਨੂੰ ਸ੍ਰੀ ਅੰਮ੍ਰਿਤਸਰ ਮਿਲ ਪਏ। ਗਿਆਨੀ ਜੀ ਨੇ ਸ੍ਰੀ ਮਾਨ ਬਾਊ ਜੀ ਬਾਰੇ ਪਹਿਲਾਂ ਸੁਣਿਆ ਹੋਇਆ ਸੀ ਕਿ ਆਪ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਥੇ ਦੇ ਵਡੇ ਰੁਕਨ ਹਨ ਅਤੇ ਗੁਰਸਿਖੀ ਰਹਿਤ ਬਹਿਤ ਵਿਚ ਬਿਬੇਕ ਦੇ ਧਾਰਨੀ ਹਨ। ਭਾਈ ਸਾਹਿਬ ਜੀ ਦੇ ਜਥੇ ਵਾਂਗ ਮਾਝਾ ਖਾਲਸਾ ਦੀਵਾਨ ਵਾਲੇ ਵੀ ਅੰਮ੍ਰਿਤ ਛਕਾਉਣ ਸਮੇਂ ਬੀਬੀਆਂ ਲਈ ਕੇਸਕੀ ਦੀ ਰਹਿਤ ਜ਼ਰੂਰੀ ਦ੍ਰਿੜ੍ਹ ਕਰਾਉਂਦੇ ਸਨ, ਭਾਵੇਂ ਉਹ ਬਿਬੇਕ ਦਾ ਇਤਨਾ ਖ਼ਿਆਲ ਨਹੀਂ ਸੀ ਕਰਦੇ। ਗਿਆਨੀ ਜੀ ਨੇ ਸ੍ਰੀਮਾਨ ਬਾਊ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਪਿੰਡ ਵਰਪਾਲ ਵਿਖੇ ਸ੍ਰੀ ਅਖੰਡਪਾਠ 'ਤੇ ਅੰਮ੍ਰਿਤ-ਸੰਚਾਰ ਦਾ ਸਮਾਗਮ ਰਖਿਆ ਜਾਵੇ।

## ਵਰਪਾਲ ਸਮਾਗਮ

ਮਾਨਯੋਗ ਬਾਊ ਜੀ ਨੇ ਵਰਪਾਲ ਵਿਖੇ ਸਮਾਗਮ ਕਰਨ ਲਈ ਗਿ: ਲਾਲ ਸਿੰਘ ਜੀ ਨੂੰ ਤਰੀਕਾਂ ਦੇ ਦਿੱਤੀਆਂ, ਅਤੇ ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ ਤੇ ਭਾਈ ਸੁਰਜਨ ਸਿੰਘ ਜੀ ਨੂੰ ਵਰਪਾਲ ਪੁਜਣ ਲਈ ਬੇਨਤੀਆਂ ਕਰ ਭੇਜੀਆਂ। ਬਾਬਾ ਉਜਾਗਰ ਸਿੰਘ ਜੀ, ਉਨ੍ਹਾਂ ਦੇ ਸਪੁੱਤਰ ਵੀਰ ਹਰੀ ਸਿੰਘ ਜੀ ਅਤੇ ਦਾਸ ਤਾਂ ਉਨ੍ਹਾਂ ਦੇ ਪਾਸ ਹੀ ਹਾਜ਼ਰ ਸੀ। ਸੋ ਜਥੇ ਨੇ ਉਥੇ ਪੁਜ ਕੇ ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ ਤਿਆਰੇ ਕਰ ਕੇ, ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਸ੍ਰੀ ਅਖੰਡਪਾਠ ਅਰੰਭ ਹੋ ਗਿਆ। ਭੋਗ ਪਿਛੋਂ ਫਿਰ ਆਸਾ ਦੀ ਵਾਰ ਦੇ ਕੀਰਤਨ ਵਿਚ ਸੰਗਤਾਂ ਨੇ ਜੁੜ ਕੇ ਅਨੰਦ ਮਾਣਿਆ। ਸਮਾਪਤੀ ਸਮੇਂ ਗਿਆਨੀ ਲਾਲ ਸਿੰਘ ਜੀ ਨੇ, ਜੋ ਬੜੇ ਖੋਜੀ ਤੇ ਗੁਣੀ ਗਿਆਨੀ ਪੁਰਸ਼ ਸਨ, ਮਾਝੇ ਦੇ ਜਥੇ ਦੇ ਸਭ ਸਿੰਘਾਂ ਨੂੰ ਵੀ ਬਿਬੇਕ ਧਾਰਨ ਦੀ ਪ੍ਰੇਰਨਾ ਕੀਤੀ। ਦੀਵਾਨ ਦੀ ਸਮਾਪਤੀ ਉਪਰੰਤ ਸਭ ਅੰਮ੍ਰਿਤ-ਅਭਿਲਾਖੀਆਂ ਨੇ ਦਾਤਾ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਨ੍ਹਾਂ ਦਿਨਾਂ ਵਿਚ ਇਸ ਮਾਝੇ ਦੇ ਜਥੇ ਦੀ ਬੜੀ ਚੜ੍ਹਤ ਸੀ ਤੇ ਇਹੋ ਜਥਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਕਰਦਾ ਸੀ। ਅੰਮ੍ਰਿਤ ਛਕਾਉਣ ਵੇਲੇ ਇਹ ਸਭ ਨੂੰ ਗਾਤਰੇ ਕਿਰਪਾਨ ਧਾਰਨ ਕਰੀ ਰੱਖਣ ਅਤੇ ਬੀਬੀਆਂ ਨੂੰ ਸੀਸ 'ਤੇ ਕੇਸਕੀ ਸਜਾਈ ਰੱਖਣੀ ਜ਼ਰੂਰੀ ਦਸਦੇ ਸਨ। ਬਾਅਦ ਵਿਚ ਕਾਨੂੰਨੀ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਜਾਣ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਵੀ ਬਦਲ ਗਿਆ ਅਤੇ ਇਨ੍ਹਾਂ ਰਹਿਤਾਂ ਵਿਚ ਹੌਲੀ ਹੌਲੀ ਢਿਲਿਆਈ ਆਉਂਦੀ ਗਈ ਅਤੇ ਅੰਤ ਨੂੰ ਬੀਬੀਆਂ ਦੀ ਕੇਸਕੀ ਸਜਾਉਣ ਦੀ ਮਰਿਯਾਦਾ ਦਾ ਭੋਗ ਹੀ ਪਾ ਦਿੱਤਾ ਗਿਆ।

ਪਿੰਡ ਵਰਪਾਲ ਦੇ ਸਮਾਗਮ ਨਾਲ ਜਥੇ ਦੀ, ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਅਤੇ ਸ੍ਰੀਮਾਨ ਬਾਊ ਮੱਲ ਸਿੰਘ ਜੀ ਦੀ ਸੋਭਾ ਸਾਰੇ ਮਾਝੇ ਵਿਚ ਫੈਲ ਗਈ। ਇਸ ਦੇ ਨਾਲ ਹੀ ਸ. ਊਧਮ ਸਿੰਘ ਨਾਗੋਕੇ ਵੀ ਆ ਮਿਲੇ, ਜੋ ਬਾਊ ਜੀ ਦੀ ਭੂਆ ਦੇ ਪੋਤਰੇ ਸਨ। ਇਸ ਨਾਗੋਕੇ ਪਿੰਡ ਵਿਚ ਬਾਊ ਜੀ ਦੇ ਪਿਤਾ ਕਾਹਨ ਸਿੰਘ ਜੀ 26 ਸਾਲ ਆਪਣੀ ਭੈਣ ਦੀ ਸੰਭਾਲ ਲਈ ਰਹੇ ਸਨ। ਸ. ਊਧਮ ਸਿੰਘ ਜੀ ਦੇ ਨਾਲ ਜਥੇਦਾਰ ਮੋਹਨ ਸਿੰਘ ਨਾਗੋਕੇ ਤੇ ਸ. ਈਸ਼ਰ ਸਿੰਘ ਮਝੈਲ ਵੀ ਆਉਣ ਜਾਣ ਲਗ ਪਏ। ਭਾਵੇਂ ਬਾਊ ਜੀ ਕਿਸੇ ਜਥੇ ਜਾਂ ਕਮੇਟੀ ਦੇ ਮੈਂਬਰ ਨਹੀਂ ਸਨ, ਪਰ ਸਮੁੰਦਰੀ ਜੀ ਅਤੇ ਨਾਗੋਕੇ ਦੇ ਨੇੜੇ ਹੋਣ ਕਰਕੇ, ਸਭ ਕੁਝ ਬਾਊ ਜੀ ਦੀ ਸਲਾਹ ਨਾਲ ਹੀ ਹੁੰਦਾ ਸੀ।

## ਤਰਨ ਤਾਰਨ ਸਮਾਗਮ

ਇਨ੍ਹਾਂ ਦਿਨਾਂ ਵਿਚ ਸ. ਰਛਪਾਲ ਸਿੰਘ ਜੀ ਦੇ ਚਾਚਾ ਸ. ਭਾਨ ਸਿੰਘ ਦੇ ਇਕੋ ਇਕ ਲੜਕੇ ਸ. ਅਜਾਇਬ ਸਿੰਘ, ਮੋਹਰਕੇ ਤਾਪ ਨਾਲ ਸਖ਼ਤ ਬੀਮਾਰ ਹੋ ਗਏ। ਜ਼ਿਆਦਾ ਤਕਲੀਫ ਕਰਕੇ ਉਨ੍ਹਾਂ ਨੂੰ ਸ੍ਰੀ ਤਰਨ ਤਾਰਨ ਭਾਈ ਮੋਹਨ ਸਿੰਘ ਜੀ ਵੈਦ ਦੇ ਇਲਾਜ ਲਈ ਲਿਆਂਦਾ ਗਿਆ।

ਇਥੇ ਉਨ੍ਹਾਂ ਨੇ ਆਪਣੀ ਹਵੇਲੀ ਵਿਚ ਰਹਿਣ ਦਾ ਪ੍ਰਬੰਧ ਕੀਤਾ। ਕਾਫ਼ੀ ਦਿਨ ਬੀਤ ਗਏ, ਪਰ ਬੁਖ਼ਾਰ ਨਾ ਉਤਰਿਆ। ਅਖੀਰ ਨੂੰ ਸ. ਰਛਪਾਲ ਸਿੰਘ ਜੀ ਬਾਊ ਜੀ ਪਾਸ ਪੁਜੇ ਤੇ ਬੇਨਤੀ ਕੀਤੀ ਕਿ ਆਪਣਾ ਗੁਰਮਤੀ ਨੁਸਖ਼ਾ "ਸਰਬ ਰੋਗ ਕਾ ਅਉਖਦੁ ਨਾਮੁ" (ਗਉੜੀ ਮ: ੫, ਅਸ਼: ੯, ਪਉੜੀ ੫, ਪੰਨਾ ੨੭੪) ਵਰਤ ਕੇ, ਸੱਚੇ ਪਾਤਸ਼ਾਹ ਦੀ ਦਰਗਾਹ ਵਿਚ ਅਰਦਾਸ ਕਰੋ, ਜੁ ਅਜਾਇਬ ਸਿੰਘ ਰਾਜ਼ੀ ਹੋ ਜਾਵੇ। ਉਸੇ ਵਕਤ ਤਿਆਰ ਹੋ ਗਏ ਅਤੇ ਸ੍ਰੀ ਤਰਨ ਤਾਰਨ ਪੁਜ ਕੇ, ਅਗਲੇ ਦਿਨ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਸਰਦਾਰ ਸਾਹਿਬ ਦੀ ਅਰੋਗਤਾ ਲਈ ਅਰਦਾਸ ਕੀਤੀ ਤੇ ਸ੍ਰੀ ਅਖੰਡਪਾਠ ਅਰੰਭ ਹੋ ਗਿਆ। ਵਕਤ ਥੋੜ੍ਹਾ ਸੀ, ਇਸ ਲਈ ਜਥੇ ਦੇ ਸਿੰਘਾਂ ਨੂੰ ਦੂਰੋਂ ਨੇੜਿਓਂ ਸੱਦਿਆ ਨਾ ਗਿਆ ਅਤੇ ਲੋਕਲ ਹੀ ਪ੍ਰਬੰਧ ਕਰ ਲਿਆ ਗਿਆ। ਗਿਆਨੀ ਜਗਜੀਤ ਸਿੰਘ ਜੀ ਤਖ਼ਤੂ ਚਕ ਤੋਂ ਅਤੇ ਹੋਰ ਪਾਠੀ ਤੇ ਰਾਗੀ, ਮਾਸਟਰ ਈਸ਼ਰ ਸਿੰਘ ਜੀ ਮੈਨੇਜਰ 'ਖਾਲਸਾ ਕੀਰਤਨ ਵਿਦਿਆਲਾ' ਸ੍ਰੀ ਤਰਨ ਤਾਰਨ ਤੋਂ ਲੈ ਲਏ। ਸਾਰੇ ਪਰਿਵਾਰ ਨੂੰ ਤੇ ਸਾਰੀ ਸੰਗਤ ਨੂੰ ਬੇਨਤੀ ਕੀਤੀ ਗਈ ਕਿ ਕੋਈ ਹੋਰ ਗੱਲ-ਬਾਤ ਨਾ ਕੀਤੀ ਜਾਏ, ਪਾਠ ਸੁਣਨਾ ਹੈ ਜਾਂ ਕਰਨਾ ਹੈ ਜਾਂ ਫਿਰ ਗੁਰ-ਮੰਤਰ ਦਾ ਜਾਪ ਕਰਨਾ ਹੈ। ਭੋਗ ਵਾਲੇ ਦਿਨ ਮਾਸਟਰ ਈਸ਼ਰ ਸਿੰਘ ਜੀ ਆਪਣੇ ਨਾਲ ਵਿਦਿਆਲੇ ਦਾ ਕੀਰਤਨੀ ਜਥਾ ਵੀ ਲੈ ਆਏ ਸਨ। ਬੜਾ ਸੁੰਦਰ ਕੀਰਤਨ ਹੋਇਆ ਅਤੇ ਕੀਰਤਨ ਵਿਚ ਅਰੋਗਤਾ ਲਈ ਸ਼ਬਦ ਪੜ੍ਹੇ ਗਏ। ਸ੍ਰੀਮਾਨ ਬਾਊ ਜੀ ਨੇ ਭੋਗ ਸਮੇਂ ਬੜੇ ਬੈਰਾਗ ਵਿਚ ਅਰਦਾਸ ਕੀਤੀ। ਸੱਚੇ ਪਾਤਸ਼ਾਹ ਦੀ ਅਜਿਹੀ ਬਖ਼ਸ਼ਿਸ਼ ਹੋਈ ਕਿ ਉਸੇ ਹਫ਼ਤੇ ਬੁਖ਼ਾਰ ਟੁਟ ਗਿਆ ਤੇ ਸ. ਅਜਾਇਬ ਸਿੰਘ ਜੀ ਠੀਕ ਹੋ ਕੇ ਘਰ ਚਲੇ ਗਏ।

ਅਜੇ ਪਿੰਡ ਗਏ ਨੂੰ ਛੇ ਮਹੀਨੇ ਹੀ ਹੋਏ ਸਨ ਕਿ ਉਨ੍ਹਾਂ ਦੇ ਇਕੋ ਇਕ ਨੌਜੁਆਨ ਭੁਜੰਗੀ ਨੂੰ ਵੀ ਫਿਰ ਓਹੋ ਮੋਹਰਕਾ ਬੁਖ਼ਾਰ ਹੋ ਗਿਆ। ਬੜਾ ਇਲਾਜ ਕੀਤਾ, ਪਰ ਕੋਈ ਪੇਸ਼ ਨਾ ਚੱਲੀ ਅਤੇ ਉਹ ਦਾਤਾ ਜੀ ਦੇ ਹੁਕਮ ਵਿਚ ਚੜ੍ਹਾਈ ਕਰ ਗਿਆ। ਸਾਰਾ ਪਰਿਵਾਰ ਬੜਾ ਉਦਾਸ ਹੋ ਗਿਆ। ਘਰ ਵਿਚ ਹੋਰ ਕੋਈ ਬੱਚਾ ਨਾ ਹੋਣ ਕਰਕੇ ਘਰ ਸੁੰਞਾ ਹੋ ਗਿਆ। ਸ. ਅਜਾਇਬ ਸਿੰਘ ਤੇ ਉਨ੍ਹਾਂ ਦੀ ਪਤਨੀ ਬੀਬੀ ਪ੍ਰੀਤਮ ਕੌਰ ਫਿਰ ਬਾਊ ਜੀ ਪਾਸ ਗਏ ਅਤੇ ਬੜੀ ਅਧੀਨਗੀ ਤੇ ਨਿਮਰਤਾ ਵਿਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਦੇ ਦਰ 'ਤੇ ਹੋਰ ਬੱਚੇ ਲਈ ਅਰਦਾਸ ਕਰੋ। ਬਾਊ ਜੀ ਨੇ ਕਿਹਾ ਕਿ ਸਤਿਗੁਰੂ ਸਦਾ ਬਖ਼ਸ਼ਿੰਦ ਹਨ। ਸ੍ਰੀ ਅਖੰਡਪਾਠ ਸਮਾਗਮ ਕਰਵਾਓ, ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਜੋਦੜੀ ਕਰਾਂਗੇ। ਇਸੇ ਤਰ੍ਹਾਂ ਹੀ ਹੋਇਆ ਅਤੇ ਅਰਦਾਸ ਕੀਤੀ। ਪੂਰੇ ਇਕ ਸਾਲ ਪਿਛੋਂ ਬੱਚੇ ਦੀ ਬਖ਼ਸ਼ਿਸ਼ ਹੋਈ। ਤਿੰਨ ਸਾਲ ਪਿਛੋਂ ਦੂਸਰਾ ਬੱਚਾ ਪੈਦਾ ਹੋਇਆ। ਇਹ ਦੋਵੇਂ ਖ਼ੂਬਸੂਰਤ ਬੱਚੇ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਪੜ੍ਹ ਕੇ ਫ਼ੌਜ ਵਿਚ ਭਰਤੀ ਹੋ ਗਏ। ਉਨ੍ਹਾਂ ਵਿਚੋਂ ਵੱਡਾ ਕਰਨਲ ਹੈ ਤੇ ਦੂਜਾ ਮੇਜਰ ਦੀ ਡਿਊਟੀ ਦਿੰਦਾ ਰਿਹਾ ਹੈ।

## ਖੱਖ ਪਿੰਡ ਵਿਖੇ ਸਮਾਗਮ

ਇਨ੍ਹਾਂ ਦਿਨਾਂ ਵਿਚ ਸ੍ਰੀਮਾਨ ਬਾਊ ਜੀ ਅਜੇ ਸ੍ਰੀ ਅੰਮ੍ਰਿਤਸਰ ਜੀ ਹੀ ਸਨ ਕਿ ਆਪ ਦੀ ਵੱਡੀ ਬੀਬੀ ਸੰਤ ਕੌਰ ਦੇ ਸਹੁਰਾ ਸਾਹਿਬ, ਭਾਈ ਰਣਧੀਰ ਸਿੰਘ ਜੀ ਬਾਊ ਜੀ ਪਾਸ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਅੰਮ੍ਰਿਤ ਛਕਣ ਦੇ ਅਭਿਲਾਖੀ ਸਿੰਘ, ਪਿੰਡ ਖੱਖ ਵਿਖੇ

ਸਮਾਗਮ ਕਰਨ ਲਈ ਬੇਨਤੀ ਕਰਦੇ ਹਨ। ਇਸ ਪਿੰਡ ਦਾ ਇਕ ਖਾਲਸਾ, ਭਾਈ ਭਗਤ ਸਿੰਘ ਪਹਿਲਾਂ ਤਰਸਿਕੇ ਸਮਾਗਮ ਵਿਚ ਪੁੱਜਾ ਹੋਇਆ ਸੀ, ਉਸ ਨੇ ਵੀ ਆਪ ਜੀ ਪਾਸ ਬੇਨਤੀ ਕੀਤੀ ਸੀ। ਇਹ ਭਾਈ ਭਗਤ ਸਿੰਘ ਬੀ.ਏ.ਬੀ.ਟੀ. ਹੋਣ ਕਰਕੇ ਬਾਅਦ ਵਿਚ ਤਰਸਿਕੇ ਹੈੱਡਮਾਸਟਰ ਲੱਗ ਗਿਆ ਸੀ। ਸੋ ਪਿੰਡ ਖੱਖ ਵਿਖੇ ਭਾਈ ਰਣਧੀਰ ਸਿੰਘ ਜੀ ਦੇ ਗ੍ਰਹਿ ਵਿਖੇ ਸਮਾਗਮ ਹੋਇਆ। ਸ੍ਰੀ ਅਖੰਡਪਾਠ ਤੇ ਕੀਰਤਨ ਤੋਂ ਪਿਛੋਂ ਅੰਮ੍ਰਿਤ-ਸੰਚਾਰ ਹੋਇਆ, ਜਿਸ ਵਿਚ ਤਕਰੀਬਨ ਪੰਦਰਾਂ-ਵੀਹ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

## ਬੂਲੋ ਨੰਗਲ ਸਮਾਗਮ

ਸ੍ਰੀਮਾਨ ਬਾਊ ਜੀ ਦੇ ਵੱਡੇ ਸਾਂਢੂ ਸ. ਰਤਨ ਸਿੰਘ ਜੀ (ਬੀਬੀ ਨਿਹਾਲ ਕੌਰ ਦੀ ਵੱਡੀ ਭੈਣ ਦੇ ਪਤੀ) ਸ੍ਰੀ ਅੰਮ੍ਰਿਤਸਰ ਵਿਖੇ, ਬਾਊ ਜੀ ਨੂੰ ਮਿਲਣ ਆਏ ਤਾਂ ਬੇਨਤੀ ਕੀਤੀ ਕਿ ਹੁਣ ਤਾਂ ਆਪ ਜੀ ਪੈਨਸ਼ਨ 'ਤੇ ਆ ਗਏ ਹੋ, ਸਾਨੂੰ ਸਾਡੇ ਪਿੰਡ ਬੂਲੋ ਨੰਗਲ ਦਰਸ਼ਨ ਦੇਣ ਦੀ ਕਿਰਪਾ ਕਰੋ। ਬਾਊ ਜੀ ਕਹਿਣ ਲੱਗੇ, "ਸਾਡੀ ਮੁਸ਼ਕਿਲ ਦਾ ਹੱਲ ਢੂੰਡ ਦੇਵੋ, ਅਸੀਂ ਆਉਣ ਲਈ ਤਿਆਰ ਹਾਂ।" ਉਨ੍ਹਾਂ ਪੁਛਿਆ, "ਉਹ ਕੀ?" ਤਾਂ ਕਹਿਣ ਲਗੇ ਕਿ ਅਸੀਂ ਤਾਂ ਬਿਬੇਕ ਦਾ ਪਰਸ਼ਾਦ ਛਕਦੇ ਹਾਂ। ਜੇ ਇਹ ਛਕਾ ਸਕਦੇ ਹੋ ਤਾਂ ਅਸੀਂ ਆ ਜਾਵਾਂਗੇ। ਸ. ਰਤਨ ਸਿੰਘ ਜੀ ਨੇ ਉਥੇ ਹੀ ਬੇਨਤੀ ਕਰ ਦਿੱਤੀ ਕਿ ਆਪ ਜੀ ਸ੍ਰੀ ਅਖੰਡਪਾਠ ਸਮਾਗਮ 'ਤੇ ਅੰਮ੍ਰਿਤ-ਸੰਚਾਰ ਦਾ ਪ੍ਰਬੰਧ ਕਰਨ ਦੀ ਕਿਰਪਾ ਕਰੋ, ਅਸੀਂ ਤਾਂ ਅੱਗੇ ਹੀ ਆਪ ਨੂੰ ਉਡੀਕ ਰਹੇ ਸਾਂ। ਅੱਜ ਹੀ ਸਮਾਗਮ ਦੀ ਤਰੀਕ ਮਿਥ ਲਵੋ। ਸੋ ਉਸੇ ਵਕਤ ਦਿਨ ਨੀਯਤ ਕਰ ਲਿਆ। ਬਾਊ ਜੀ ਕੀਰਤਨੀਏ ਅਤੇ ਪਾਠੀ ਸਿੰਘਾਂ ਦੇ ਨਾਲ ਪਿੰਡ ਬੂਲੋ ਨੰਗਲ ਪੁਜ ਗਏ।

ਇਨ੍ਹਾਂ ਸੱਜਣਾਂ ਵਿਚ ਬਾਊ ਜੀ ਦਾ ਇਕ ਪੁਰਾਣਾ ਗੁਰਮੁਖ ਮੇਲੀ, ਭਾਈ ਅਰੂੜ ਸਿੰਘ ਅਲੋਵਾਲ ਵਾਲਾ ਵੀ ਪੁਜਾ ਹੋਇਆ ਸੀ। ਸ੍ਰੀ ਅਖੰਡਪਾਠ ਤੇ ਕੀਰਤਨ ਦੇ ਭੋਗ ਪੈਣ ਪਿਛੋਂ, ਜਦੋਂ ਅੰਮ੍ਰਿਤ-ਸੰਚਾਰ ਲਈ ਪੰਜਾਂ ਪਿਆਰਿਆਂ ਦੀ ਚੋਣ ਹੋਈ ਤਾਂ ਉਸ ਦਾ ਨਾਮ ਨਾ ਆਇਆ। ਉਹ ਕੁਝ ਨਿਰਾਸ ਜਿਹਾ ਹੋ ਗਿਆ। ਬਾਊ ਜੀ ਉਸ ਨੂੰ ਕਹਿਣ ਲੱਗੇ ਕਿ ਪਹਿਲੇ ਆਪ ਦਾ ਜੀਵਨ ਬਹੁਤ ਅੱਛਾ ਸੀ ਤੇ ਅਸੀਂ ਸਾਰੇ ਆਪ ਨੂੰ ਪਿਆਰ ਕਰਦੇ ਸਾਂ, ਪਰ ਹੁਣ ਤੁਸੀਂ ਗੁਰਮਤਿ-ਅਸੂਲਾਂ 'ਤੇ ਪੂਰੇ ਨਹੀਂ ਉਤਰ ਰਹੇ। ਸੋ ਮਜਬੂਰੀ ਹੈ। ਉਸ ਨੇ ਪੁਛਿਆ ਕਿ ਕੀ ਘਾਟ ਹੈ? ਤਾਂ ਬਾਊ ਜੀ ਕਹਿਣ ਲੱਗੇ ਕਿ ਇਥੇ ਅੰਮ੍ਰਿਤ ਸਮਾਗਮ ਵਿਚ ਪੰਜਾਂ ਪਿਆਰਿਆਂ ਦੇ ਪੇਸ਼ ਹੋ ਜਾਓ, ਸੋਧ-ਸੁਧਾਈ ਹੋ ਜਾਵੇਗੀ। ਉਹ ਪੰਜਾਂ ਦੇ ਪੇਸ਼ ਹੋ ਗਿਆ। ਉਸ ਨੂੰ ਉਸ ਦੀ ਭੁਲ ਦੱਸੀ ਗਈ, ਜੋ ਉਹ ਮੰਨ ਗਿਆ। ਤਨਖ਼ਾਹ ਲਗਾ ਕੇ ਉਸ ਨੂੰ ਬਾਹਰ ਕੱਢ ਦਿੱਤਾ ਗਿਆ ਤੇ ਫਿਰ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਦੀ ਬਖ਼ਸ਼ਿਸ਼ ਹੋਈ। ਇਸ ਸਮਾਗਮ ਪਿਛੋਂ ਬਾਊ ਜੀ ਨੇ ਆਪਣੇ ਸਾਂਢੂ ਦੇ ਘਰ ਬੈਠ ਕੇ ਬੀਬੀ ਨਿਹਾਲ ਕੌਰ ਦੀ ਵੱਡੀ ਭੈਣ ਦੇ ਹੱਥੋਂ ਲੰਗਰ ਪ੍ਰਸ਼ਾਦ ਛਕਿਆ ਅਤੇ ਫਿਰ ਉਥੋਂ ਵਿਦਾਇਗੀ ਲਈ।

## ਅਖੰਡਪਾਠਾਂ ਦੇ ਪ੍ਰਵਾਹ ਲਈ ਧੁਨਕਾਰੀ ਹੁਕਮ

ਭਾਈ ਸਾਹਿਬ ਰਣਧੀਰ ਸਿੰਘ ਜੀ ਜਦੋਂ ਐਬਟਾਬਾਦ ਤੋਂ ਪਿੰਡ ਨਾਰੰਗਵਾਲ ਨੂੰ ਵਾਪਸ ਤੁਰਨ ਲਗੇ ਤਾਂ ਰਸਤੇ ਵਿਚ ਹਰੀਪੁਰ ਰਹਿੰਦੀ ਮਾਈ ਗੁਲਾਬ ਕੌਰ ਜੀ ਨੇ ਅਸੀਸਾਂਮਈ ਦਿੰਦੇ ਬਚਨ ਕੀਤਾ ਸੀ ਕਿ "ਅਖੰਡਪਾਠਾਂ ਦੇ ਪ੍ਰਵਾਹ ਹੁਣ ਬਹੁਤ ਚਲਣਗੇ, ਜਾਓ ਰੱਜ ਰੱਜ ਕੇ ਅੰਮ੍ਰਿਤ ਭੁੰਚੋ ਤੇ ਰਲ ਮਿਲ ਕੇ ਪਿਉ ਦਾਦੇ ਦੇ ਅਤੁਟ ਖ਼ਜ਼ਾਨੇ ਵਿਚੋਂ ਖਾਵਹੁ ਤੇ ਖਰਚੋ।" ਸਾਰਾ ਜੀਵਨ ਉਨ੍ਹਾਂ ਨੇ ਇਸ ਬਖ਼ਸ਼ੀ ਦਾਤ ਦਾ ਅਨੰਦ ਮਾਣਿਆ। ਸਿਰਫ਼ ਜੇਲ੍ਹ-ਯਾਤਰਾ ਦੀ ਮਜਬੂਰਨ ਗ਼ੈਰ-ਹਾਜ਼ਰੀ ਵਿਚ, ਭਾਈ ਸਾਹਿਬ ਜੀ ਇਨ੍ਹਾਂ ਸਮਾਗਮਾਂ ਵਿਚ ਸਰੀਰ ਕਰਕੇ ਹਾਜ਼ਰੀਆਂ ਨਾ ਭਰ ਸਕੇ। ਪਰ ਆਪ ਜੀ ਦੇ "ਪੂਰਬ ਜਨਮ ਕੇ ਮਿਲੇ ਸੰਜੋਗੀ" ਸ੍ਰੀਮਾਨ ਬਾਊ ਮੱਲ ਸਿੰਘ ਜੀ ਨੇ ਇਸ ਅਸੀਸ ਅਨੁਸਾਰ, ਇਹ ਸੇਵਾ ਸੰਭਾਲ ਕੇ ਦਾਤਾ ਜੀ ਦੀਆਂ ਖੁਸ਼ੀਆਂ ਮਾਣੀਆਂ ਅਤੇ ਪੰਥ ਦੀ ਸੇਵਾ ਵਿਚ ਹਿੱਸਾ ਪਾਇਆ।

## ਸਭ ਤੋਂ ਪਿਆਰੇ ਮਿੱਤਰ ਸੂਬੇਦਾਰ ਹਰਿਬਚਨ ਸਿੰਘ ਜੀ

ਸ੍ਰੀਮਾਨ ਬਾਊ ਮੱਲ ਸਿੰਘ ਜੀ ਦੇ ਸਭ ਤੋਂ ਪਿਆਰੇ ਗੁਰਮੁਖ ਮਿੱਤਰ ਸੂਬੇਦਾਰ ਹਰਿਬਚਨ ਸਿੰਘ ਜੀ ਸਨ। ਇਨ੍ਹਾਂ ਨੂੰ ਬਾਊ ਜੀ ਦੇ ਪਿੰਡ ਚੱਕ 52/2 ਐਲ (ਉਕਾੜਾ) ਵਿਖੇ ਹੀ ਦੋ ਮੁਰੱਬੇ ਜ਼ਮੀਨ ਮਿਲ ਗਈ ਸੀ ਅਤੇ ਇਨ੍ਹਾਂ ਦੇ ਮਕਾਨ ਦੀ ਪਿੱਠ ਬਾਊ ਜੀ ਦੇ ਮਕਾਨ ਨਾਲ ਲਗਦੀ ਸੀ। ਸ੍ਰੀਮਾਨ ਬਾਊ ਜੀ ਦੇ 36 ਨੰਬਰ ਰਸਾਲੇ ਦੇ ਹੈੱਡ-ਕਲਰਕ ਸਰਦਾਰ ਮਾਨ ਸਿੰਘ ਜੀ ਦੇ ਆਪ ਸਪੁੱਤਰ ਸਨ। ਇਨ੍ਹਾਂ ਦੇ ਘਰ ਆਉਣ ਜਾਣ ਹੋਣ ਕਰਕੇ, ਛੋਟੀ ਉਮਰ ਤੋਂ ਹੀ ਆਪ ਦਾ ਪਿਆਰ ਮਾਨਯੋਗ ਬਾਊ ਜੀ ਨਾਲ ਐਸਾ ਪੱਕਾ ਹੋ ਗਿਆ, ਜੋ ਸਾਰੀ ਉਮਰ ਇਕ-ਰਸ ਰਿਹਾ ਤੇ ਤੋੜ ਤਕ ਨਿਭਿਆ।

ਜਦੋਂ 1912 ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਬਾਊ ਜੀ ਨੂੰ ਪਰਿਵਾਰ ਸਮੇਤ ਅੰਮ੍ਰਿਤ-ਸੰਚਾਰ ਲਈ ਪੰਚ ਖੰਡ ਭਸੌੜ ਤੋਂ ਨਾਰੰਗਵਾਲ ਲੈ ਆਏ ਤਾਂ ਇਨ੍ਹਾਂ ਗੁਰਮੁਖ ਪਿਆਰਿਆਂ ਦੀ ਪ੍ਰਬਲ ਖਿਚ ਕਰਕੇ ਹੀ ਅੰਮ੍ਰਿਤ-ਸੰਚਾਰ ਤੇ ਸ੍ਰੀ ਅਖੰਡਪਾਠ ਦਾ ਸਾਰਾ ਪ੍ਰੋਗਰਾਮ ਅੰਬਾਲੇ ਛਾਉਣੀ ਰਖਿਆ ਗਿਆ ਸੀ।

ਇਸ ਅੰਮ੍ਰਿਤ-ਸੰਚਾਰ ਸਮਾਗਮ ਤੋਂ ਪਿਛੋਂ, ਦਾਤਾ ਜੀ ਦੀ ਬਖ਼ਸ਼ਿਸ਼ ਸਦਕਾ ਆਪ ਦਾ ਸ੍ਰੀਮਾਨ ਬਾਊ ਜੀ ਨਾਲ ਹਰ ਰੋਜ਼ ਮਿਲਣਾ, ਅੰਮ੍ਰਿਤ ਵੇਲੇ ਦੀ ਸੰਭਾਲ ਤੇ ਸ਼ਾਮ ਦੇ ਪਾਠ, ਨਿਤ ਦਾ ਪੱਕਾ ਜੀਵਨ ਬਣ ਗਿਆ, ਜੋ ਅਖ਼ੀਰਲੇ ਸੁਆਸਾਂ ਤਕ ਨਿਭਿਆ।

ਕੁਝ ਦੇਰ ਪਿਛੋਂ ਆਪ 66 ਨੰਬਰ ਰੈੱਜਮੈਂਟ ਵਿਚ ਕਲਰਕ ਲਗ ਗਏ ਅਤੇ ਆਪਣੀ ਲਿਆਕਤ ਕਰਕੇ ਛੇਤੀ ਹੀ ਹੈੱਡ-ਕਲਰਕ ਬਣ ਗਏ। ਸਾਹਿਬ ਦਾ ਹੁਕਮ, ਆਪ ਪਹਿਲੀ ਵੱਡੀ ਜੰਗ ਵਿਚ ਬਸਰੇ ਭੇਜੇ ਗਏ, ਜਿਥੇ ਹੋਰ ਫ਼ੌਜਾਂ ਸਣੇ ਕੋਤਲਮਾਰਾ ਮੋਰਚੇ ਵਿਚ ਛੇ ਮਹੀਨੇ ਘੇਰੇ ਵਿਚ ਰਹਿਣ ਪਿਛੋਂ, ਤੁਰਕੀ ਨੇ ਕੈਦੀ ਬਣਾ ਲਿਆ। ਬੜੀਆਂ ਮੁਸ਼ਕਿਲਾਂ ਦੇ ਹੁੰਦਿਆਂ ਵੀ ਆਪ ਦੇ ਖਾਣ ਪੀਣ ਦਾ ਪ੍ਰਬੰਧ ਬਿਲਕੁਲ ਠੀਕ ਰਿਹਾ। ਆਪ ਦਾ ਸਰੀਰ ਹੋਰ ਫ਼ੌਜੀਆਂ ਵਾਂਗ ਬਹੁਤਾ ਬਲਵਾਨ ਨਹੀਂ ਸੀ। ਕੈਦ ਵਿਚ ਪੰਜ ਸਤ ਦਿਨਾਂ ਦੇ ਸਫ਼ਰ

ਪਿਛੋਂ, ਇਤਨੇ ਕਮਜ਼ੋਰ ਹੋ ਗਏ ਕਿ ਰਸਤੇ ਵਿਚ ਚਲਦੇ ਚਲਦੇ ਡਿਗ ਪਏ, ਤੇ ਬੇਹੋਸ਼ ਹੋ ਗਏ। ਤੁਰਕੀ ਵਾਲੇ ਉਪਰਲੇ ਅਫ਼ਸਰਾਂ ਨੇ ਆਪ ਨੂੰ ਉਥੇ ਹੀ ਸੁਟ ਦਿੱਤਾ। ਉਹ ਤਾਂ ਇਨ੍ਹਾਂ ਨੂੰ ਆਪਣੇ ਵਲੋਂ ਖਤਮ ਜਾਣ ਕੇ ਸੁੱਟ ਗਏ ਸਨ, ਪਰ ਦਾਤਾ ਜੀ ਨੇ ਆਪਣੇ ਸੇਵਕ ਦੀ ਰਖਿਆ ਕਰਨੀ ਸੀ। ਤਕਰੀਬਨ ਇਕ ਮੀਲ ਅਗੇ ਜਾਣ 'ਤੇ ਸਾਰੇ ਕਾਫ਼ਲੇ ਨੇ ਹਾਲਟ ਕਰ ਦਿੱਤਾ। ਇਨ੍ਹਾਂ ਦੇ ਪਿਆਰੇ ਮਿੱਤਰ, ਉਸੇ ਪਲਟਨ ਦੇ ਭਾਈ ਸਾਹਿਬ ਮਸਤਾਨ ਸਿੰਘ ਨੇ, (ਜੋ ਬਾਅਦ ਵਿਚ ਇਸ ਨਿਰਬਾਣ ਕੀਰਤਨੀ ਜਥੇ ਦੇ ਨਾਲ ਰਲ ਕੇ ਰਾਵਲਪਿੰਡੀ-ਫੇਰੀਆਂ ਵਿਚ ਕੀਰਤਨ ਕਰਦੇ ਹੁੰਦੇ ਸਨ) ਆਪਣੇ ਕਰਨਲ ਸਾਹਿਬ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਹਰਿਬਚਨ ਸਿੰਘ ਜੀ ਨੂੰ ਲਿਆਉਣ ਦੀ ਇਜਾਜ਼ਤ ਲੈ ਦੇਵੋ, ਜੋ ਸਹਿਜੇ ਹੀ ਮਿਲ ਗਈ। ਭਾਈ ਸਾਹਿਬ ਦੇ ਉਦਮ ਨਾਲ ਬੇਹੋਸ਼ ਪਏ, ਵੀਰ ਹਰਿਬਚਨ ਸਿੰਘ ਜੀ ਨੂੰ ਚੁੱਕ ਕੇ ਲਿਆਂਦਾ ਗਿਆ। ਦਵਾਈ ਦਿੱਤੀ ਗਈ। ਹੋਸ਼ ਆਉਣ 'ਤੇ ਇਸ਼ਨਾਨ ਕਰਵਾ ਦਿੱਤਾ ਤਾਂ ਆਪ ਬੋਲੇ, "ਜਿਸ ਵਾਹਿਗੁਰੂ ਜੀ ਨੇ ਇਹ ਨਵਾਂ ਜਨਮ ਬਖਸ਼ਿਆ ਹੈ, ਉਸ ਦਾ ਸਿਮਰਨ ਕਰੋ ਤੇ ਸੋਦਰ ਦਾ ਪਾਠ ਸੁਣਾਓ।"

ਇਸ ਤੋਂ ਪਿਛੋਂ ਕੈਦ ਦੇ ਸਮੇਂ, ਉਚੀ ਲਿਆਕਤ ਕਰਕੇ ਆਪ ਜੀ Interpretor (ਦੁਭਾਸ਼ੀਏ) ਨੀਯਤ ਕੀਤੇ ਗਏ ਅਤੇ ਸਾਰਾ ਵਕਤ ਚੰਗਾ ਕਟ ਕੇ ਜੰਗ ਖਤਮ ਹੋਣ ਤੇ ਵਾਪਸ ਦੇਸ਼ ਪੁੱਜੇ ਅਤੇ ਕੋਹਾਟ ਛਾਉਣੀ ਭੇਜੇ ਗਏ।

ਸੂਬੇਦਾਰ ਹਰਿਬਚਨ ਸਿੰਘ ਜੀ ਦਇਆਵਾਨ ਤੇ ਉਦਾਰ-ਚਿਤ ਸਨ। ਬਾਊ ਜੀ ਦੇ ਪਿਆਰ ਸਦਕਾ ਦਾਸ ਨੂੰ ਵੀ ਬੜਾ ਪਿਆਰ ਕਰਦੇ ਸਨ। ਇਕ ਵੇਰ ਆਪਣੇ ਪਿੰਡ ਛੁੱਟੀ 'ਤੇ ਆਏ ਤਾਂ ਗੁਰੂ ਕੇ ਬਾਗ ਦਾ ਮੋਰਚਾ ਲੱਗਾ ਹੋਇਆ ਸੀ ਅਤੇ ਸ੍ਰੀਮਾਨ ਬਾਊ ਮੱਲ ਸਿੰਘ ਜੀ ਸ੍ਰੀ ਅੰਮ੍ਰਿਤਸਰ ਗਏ ਹੋਏ ਸਨ। ਦੋਹਾਂ ਨੇ ਸਲਾਹ ਬਣਾਈ ਕਿ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਲਈ ਤਿਆਰੇ ਕੀਤੇ ਜਾਣ। ਟੁਰਨ ਲੱਗੇ ਤਾਂ ਆਪ ਜੀ ਕਹਿਣ ਲੱਗੇ ਕਿ ਆਪਾਂ ਦੋਵੇਂ ਹਿਸਾਬ ਸਾਂਝਾ ਕਰ ਲਈਏ। ਉਨ੍ਹਾਂ ਪਾਸ 105 ਦਮੜੇ ਸਨ ਤੇ ਦਾਸ ਪਾਸ 21 ਦਮੜੇ। ਦਾਸ ਖ਼ਜ਼ਾਨਚੀ ਬਣ ਗਿਆ। ਅਸਾਂ ਸ੍ਰੀ ਅੰਮ੍ਰਿਤਸਰ ਪੁਜ ਕੇ ਸਚਖੰਡ ਦੇ ਦਰਸ਼ਨ-ਇਸ਼ਨਾਨ ਕੀਤੇ। ਦੋ ਦਿਨ ਕੀਰਤਨ ਦਾ ਅਨੰਦ ਮਾਣਦੇ ਰਹੇ। ਜਦ ਵਾਪਸ ਤੁਰਨ ਲੱਗੇ ਤਾਂ ਹੁਕਮ ਕੀਤਾ ਕਿ ਕਿਰਾਏ ਵਾਸਤੇ ਪੰਜ ਪੰਜ ਰੁਪਏ ਰਖ ਲਵੋ ਤੇ ਬਾਕੀ ਸਤਿਗੁਰੂ ਜੀ ਦੀ ਗੋਲਕ ਵਿਚ ਪਾ ਦੇਵੋ। ਇਹ ਮਾਇਆ ਸਤਿਗੁਰੂ ਜੀ ਬਖ਼ਸ਼ਦੇ ਹਨ, ਸੋ ਵਾਧੂ ਉਨ੍ਹਾਂ ਦੀ ਭੇਟ ਕਰ ਦੇਵੋ। ਇਉਂ ਕਰ ਕੇ ਵਾਪਸ ਚਾਲੇ ਪਾ ਦਿੱਤੇ।

ਇਕੇਰਾਂ ਉਕਾੜੇ, ਭਾਈ ਅਤਰ ਸਿੰਘ ਜੀ, ਸ੍ਰੀਮਾਨ ਬਾਊ ਜੀ ਨੂੰ ਨਿਤਨੇਮ ਸੁਣਾ ਰਹੇ ਸਨ। ਸਰਦੀ ਦੀ ਰੁਤ ਸੀ। ਘਰੋਂ ਇਸ਼ਨਾਨ ਕਰ ਕੇ ਨਿਤਨੇਮ ਸੁਣਨ ਆਏ। ਪਾਠ ਦਾ ਭੋਗ ਪੈਣ 'ਤੇ ਜਦ ਘਰ ਜਾਣ ਲਗੇ ਤਾਂ ਆਪਣੇ ਉਪਰ ਵਾਲਾ ਸੋਹਣਾ ਨਵਾਂ ਕੰਬਲ ਲਾਹ ਕੇ ਭਾਈ ਅਤਰ ਸਿੰਘ ਜੀ ਉਪਰ ਦੇ ਕੇ ਕਹਿਣ ਲੱਗੇ, "ਇਨ੍ਹਾਂ ਦਾ ਕੰਬਲ ਪਤਲਾ ਹੈ, ਸੋ ਇਹ ਇਨ੍ਹਾਂ ਪਿਆਰਿਆਂ ਦੀ ਭੇਟਾ ਕਰਦਾ ਹਾਂ।"

ਆਪ ਜੀ ਬੜੇ ਜ਼ਿੰਦਾ-ਦਿਲ ਤੇ ਹਸਮੁਖ ਸਨ। ਉਨ੍ਹਾਂ ਦੀ ਇਕ ਸ਼ੁਗਲ ਦੀ ਕਹਾਣੀ ਯਾਦ ਆ ਗਈ। ਉਨ੍ਹਾਂ ਦਿਨਾਂ ਵਿਚ ਵੀਰ ਹਰੀ ਸਿੰਘ ਜੀ ਵੀ ਉਥੇ ਹੀ ਸਨ। ਸ਼ਾਮ ਨੂੰ ਬਾਹਰ ਤੁਰਨ-ਫਿਰਨ ਲਈ ਮੁਰੱਬੇ ਵਲ ਚਲੇ ਗਏ। ਰਸਤੇ ਵਿਚ ਇਕ ਪਾਣੀ ਵਾਲਾ ਖਾਲ

ਆ ਗਿਆ। ਟੱਪ ਕੇ ਅਗੇ ਲੰਘਣਾ ਸੀ। ਅਸੀਂ ਦੋਵੇਂ ਤਾਂ ਟੱਪ ਕੇ ਲੰਘ ਗਏ, ਪਰ ਉਹ ਭਾਰੇ ਸਰੀਰ ਵਾਲੇ ਸਨ। ਜਦੋਂ ਟੱਪਣ ਲਗੇ ਤਾਂ ਖਾਲ ਵਿਚ ਸਣੇ ਜੋੜੇ ਤੇ ਪਜਾਮੇ ਡਿਗ ਪਏ। ਜਦ ਅਗਲੇ ਕੰਢੇ ਚੜ੍ਹਨ ਦੀ ਕੋਸ਼ਿਸ਼ ਕਰਨ ਤਾਂ ਫਿਰ ਪਾਣੀ ਵਿਚ ਹੀ ਤਿਲਕ ਪੈਣ। ਤਿੰਨ ਚਾਰ ਵਾਰ ਤਿਲਕੇ ਤਾਂ ਕਹਿਣ ਲਗੇ, "ਅਸਾਂ ਕੋਤਲਮਾਰੇ ਦੇ ਮੋਰਚੇ ਨੂੰ ਕੁਝ ਨਾ ਸਮਝਿਆ, ਇਹ ਖਾਲ ਕਿਹੜੇ ਬਾਗ਼ ਦੀ ਮੂਲੀ ਹੈ।" ਬੜਾ ਹਸਾਇਆ ਅਤੇ ਆਪ ਵੀ ਹੱਸੀ ਜਾਣ। ਅਗਲੇ ਦਿਨ ਫਿਰ ਨਵਾਂ ਸੂਟ ਕੱਢ ਕੇ ਸੈਰ 'ਤੇ ਗਏ ਤਾਂ ਅਸਾਂ ਹੋਰ ਚੌੜਾ ਖਾਲ ਦੇਖਿਆ। ਆਪ ਕਹਿਣ ਲਗੇ, "ਮੈਂ ਕਿਹੜਾ ਤੁਹਾਥੋਂ ਘਟ ਹਾਂ, ਜੇ ਕਲ੍ਹ ਨਹੀਂ ਟਪਿਆ ਤਾਂ ਅੱਜ ਜ਼ਰੂਰ ਟਪ ਲਵਾਂਗੇ।" ਜਦੋਂ ਅਸੀਂ ਦੋਵੇਂ ਫਿਰ ਟਪ ਗਏ ਤਾਂ ਪਜਾਮਾ ਟੰਗ ਕੇ, ਥੋੜ੍ਹੇ ਜਿਹੇ ਪਿਛੋਂ ਭੱਜ ਕੇ ਆਏ ਤੇ ਘੜੰਮ ਕਰ ਕੇ ਸਣੇ ਬੂਟ ਪਜਾਮੇ ਦੇ ਖਾਲ ਵਿਚ ਡਿਗ ਪਏ। ਆਪ ਹਸਦੇ ਹਸਦੇ ਬਾਹਰ ਆ ਗਏ। ਅਸਾਂ ਰੋਜ਼ ਹੀ ਕਿਸੇ ਨਾ ਕਿਸੇ ਸ਼ੁਗਲ ਲਈ ਤਿਆਰ ਹੋਣਾ ਅਤੇ ਉਹ ਹਮੇਸ਼ਾਂ ਹਿੱਸਾ ਲੈਣ ਲਈ ਤਿਆਰ ਰਹਿੰਦੇ ਸਨ।

ਪਲਟਨ ਵਿਚ ਵੀ ਆਪ ਜੀ ਦੇ ਪਿਆਰੇ ਮਿੱਤਰ ਭਾਈ ਮਸਤਾਨ ਸਿੰਘ ਜੀ ਵਰਗੇ ਕੀਰਤਨ ਕਰਨ ਵਾਲੇ ਸਨ ਅਤੇ ਫ਼ੌਜ ਤੋਂ ਆ ਕੇ ਵੀ ਆਪਣੇ ਅਤੀ ਪਿਆਰੇ ਰੰਗ-ਰਤੜੇ ਸਜਣ, ਸ੍ਰੀਮਾਨ ਬਾਊ ਜੀ ਦੀ ਸੰਗਤ ਕਰਕੇ ਨਾਮ ਬਾਣੀ ਤੇ ਕੀਰਤਨ ਦਾ ਰੰਗ ਮਾਣਦਿਆਂ ਹੋਇਆਂ ਧਰਮੀ ਜੀਵਨ ਬਤੀਤ ਕਰਦੇ ਰਹੇ। ਆਪ ਜੀ ਕੀਰਤਨ ਅਤੇ ਸਤਿਸੰਗ ਨੂੰ ਹਮੇਸ਼ਾਂ ਤਰਸਦੇ ਸਨ। ਜਦੋਂ ਵੀ ਜਥਾ ਰਾਵਲਪਿੰਡੀ ਜਾਂਦਾ ਤਾਂ ਉਹ ਜ਼ਰੂਰ ਹਾਜ਼ਰੀ ਭਰਦੇ ਹੁੰਦੇ ਸਨ।

ਸੰਨ 1929 ਵਿਚ ਜਦੋਂ ਮਾਨਯੋਗ ਬਾਊ ਜੀ ਜਥੇ ਸਮੇਤ ਰਾਵਲਪਿੰਡੀ ਗਏ ਤਾਂ ਆਪ ਭੀ ਪਲਟਨ ਤੋਂ ਛੁੱਟੀ ਲੈ ਕੇ ਉਥੇ ਪੁਜ ਗਏ। ਉਸ ਵੇਲੇ ਜਥਾ ਬੀਬੀ ਇੰਦਰ ਕੌਰ ਦੇ ਨਾਨੀ ਜੀ ਦੀ ਸ਼ਹਿਰ ਵਾਲੀ ਹਵੇਲੀ ਵਿਚ ਠਹਿਰਿਆ ਹੋਇਆ ਸੀ। ਬਾਊ ਜੀ ਉਥੇ ਗੁਰਮਤਿ ਦੇ ਬਚਨ ਬਿਲਾਸ ਕਰ ਰਹੇ ਸਨ ਕਿ ਸੂਬੇਦਾਰ ਸਾਹਿਬ ਨੂੰ ਦੇਖ ਕੇ ਗਦ-ਗਦ ਹੋ ਗਏ। ਬੜੇ ਵਜਦ ਵਿਚ ਆ ਕੇ ਆਪ ਜੀ ਬੋਲੇ-

**ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥**

*(ਸਲੋਕ ਮ:੪, ਪੰਨਾ ੧੪੨੪)*

ਦਾਤਾ ਜੀ ਦੀ ਬਖ਼ਸ਼ਿਸ਼ ਹੋਈ। ਕੀਰਤਨ-ਅਖਾੜਾ ਸਜ ਗਿਆ। ਇਹੋ ਜਿਹਾ ਮੰਡਲ ਬਣਿਆ ਕਿ ਸਾਰੇ ਹੀ ਆਤਮ-ਰੰਗਾਂ ਵਿਚ ਝੂਮ ਰਹੇ ਸਨ। ਸੂਬੇਦਾਰ ਸਾਹਿਬ ਨੂੰ ਸਤਿਗੁਰੂ ਜੀ ਨੇ ਪਵਿੱਤਰ ਆਤਮਾ ਦੇ ਨਾਲ, ਉੱਚੇ ਮੰਡਲਾਂ ਵਾਲੀ ਸੁਰਤੀ ਵੀ ਬਖ਼ਸ਼ੀ ਹੋਈ ਸੀ, ਉਥੇ ਹੀ ਵਿਸਮਾਦੀ ਅਵਸਥਾ ਵਿਚ ਮੂਰਛਤ ਹੋ ਗਏ, ਜ਼ੋਰੋ ਜ਼ੋਰ ਸਿਮਰਨ ਚਲ ਰਿਹਾ ਸੀ ਅਤੇ ਸੁਰਤੀ ਆਤਮਕ ਰੰਗਾਂ ਵਿਚ ਅਨੂਠੇ ਰੰਗ ਮਾਣ ਰਹੀ ਸੀ। ਉਨ੍ਹਾਂ ਨੂੰ ਚਲੂਲੇ ਰੰਗਾਂ ਵਿਚ ਦੇਖ ਕੇ ਬਾਕੀ ਸੰਗਤ ਵੀ ਵਿਸਮਾਦ ਹੋ ਰਹੀ ਸੀ। ਉਸ ਸ਼ਾਮ ਸਾਰੀ ਸੰਗਤ ਨੇ ਉਹ ਰੰਗ ਮਾਣਿਆ, ਜੋ ਅਕਥਨੀਯ ਸੀ ਅਤੇ ਭੁਲਾਇਆਂ ਵੀ ਭੁਲ ਨਹੀਂ ਸਕਦਾ। ਇਨ੍ਹਾਂ ਦੀ ਉੱਚੀ ਸੁਚੀ ਆਤਮਕ ਵਿਵਸਥਾ ਕਰਕੇ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਇਨ੍ਹਾਂ ਨੂੰ 'ਦੁਲੇਸ਼ਵਰ ਜੀ' ਕਰ ਕੇ ਸਦਦੇ ਹੁੰਦੇ ਸਨ।

ਫਿਰ ਜਦੋਂ ਸੰਨ 1930 ਵਿਚ ਜਥਾ ਰਾਵਲਪਿੰਡੀ ਵਿਖੇ ਆਇਆ ਤਾਂ ਸੂਬੇਦਾਰ

ਸਾਹਿਬ ਕੋਹਾਟ ਤੋਂ ਛੁੱਟੀ ਲੈ ਕੇ ਪੁੱਜ ਗਏ। ਉਸ ਦਿਨ ਕੀਰਤਨ ਬੀਬੀ ਇੰਦਰ ਕੌਰ ਦੇ ਘਰ ਹੀ ਹੋ ਰਿਹਾ ਸੀ ਅਤੇ ਬੜਾ ਅਨੰਦ ਬਝਾ ਹੋਇਆ ਸੀ। ਇੰਨੇ ਨੂੰ ਸ੍ਰੀਮਾਨ ਬਾਊ ਜੀ ਨੇ ਸੂਬੇਦਾਰ ਸਾਹਿਬ ਨੂੰ ਇਸ਼ਾਰਾ ਕੀਤਾ ਕਿ ਸ਼ਬਦ ਸ਼ੁਰੂ ਕਰੋ। ਆਪ ਜੀ ਵਾਜੇ ਅਗੇ ਬੈਠ ਗਏ। ਕੀਰਤਨ ਅਰੰਭ ਕਰਦਿਆਂ ਹੀ ਸੁਰਤੀ ਉਚ ਮੰਡਲਾਂ ਵਿਚ ਚਲੀ ਗਈ ਅਤੇ ਵਿਸਮਾਦੀ ਰੰਗਾਂ ਵਿਚ ਹਾਲੋਂ ਬੇਹਾਲ ਹੋ ਗਏ। ਨਾਮ ਦਾ ਖੰਡਾ ਖੜਕਣ ਲਗ ਪਿਆ ਤੇ ਸਾਰੀ ਸੰਗਤ ਸੁੰਨ-ਮੁੰਨ ਹੋਈ ਝੂਮ ਰਹੀ ਸੀ। ਕੁਝ ਚਿਰ ਪਿਛੋਂ ਬਾਕੀ ਸੰਗਤ ਤਾਂ ਹੌਲੇ ਹੌਲੇ ਚਲੀ ਗਈ, ਪਰ ਆਪ ਬਾਊ ਜੀ ਨਾਲ ਬਿਰਾਜ ਕੇ ਖੰਡਾ ਖੜਕਾ ਰਹੇ ਸਨ। ਇਸ ਤਰ੍ਹਾਂ ਕਾਫ਼ੀ ਰਾਤ ਬੀਤ ਗਈ। ਫਿਰ ਬੀਬੀ ਇੰਦਰ ਕੌਰ ਨੇ ਦੋਹਾਂ ਰੰਗ-ਰਤੜੇ ਗੁਰਮੁਖਾਂ ਨੂੰ ਹੱਥ ਜੋੜ ਬੇਨਤੀ ਕੀਤੀ ਤਾਂ ਦੋਵੇਂ ਉਠੇ ਅਤੇ ਪ੍ਰਸ਼ਾਦ ਪਾਣੀ ਛਕ ਕੇ ਬਿਸਰਾਮ ਲਈ ਬਿਸਤਰਿਆਂ ਵਿਚ ਜਾ ਬਿਰਾਜੇ।

1930 ਵਿਚ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਜੇਲ੍ਹ-ਯਾਤਰਾ ਤੋਂ ਆ ਗਏ ਸਨ। 1931 ਦੇ ਸਾਲ ਹੋਰ ਵੀ ਵਧਵੀਂ ਚੜ੍ਹਵੀਂ ਸ਼ਾਨ ਵਿਚ ਜਥਾ ਰਾਵਲਪਿੰਡੀ ਪੁੱਜਾ। ਖ਼ੂਬ ਕੀਰਤਨ ਦੇ ਅਖਾੜੇ ਲਗੇ। ਇਕ ਦਿਨ ਅੰਮ੍ਰਿਤ ਵੇਲੇ ਕੀਰਤਨ ਕਰਨ ਲਈ ਜਥਾ ਭਾਈ ਸ਼ਰਧਾ ਸਿੰਘ (ਸਹੁਰਾ ਸ.ਬ. ਬਾਬਾ ਜੋਧ ਸਿੰਘ ਜੀ) ਦੇ ਘਰ ਜਾ ਰਿਹਾ ਸੀ, ਤਾਂ ਉਸ ਵੇਲੇ ਸੂਬੇਦਾਰ ਸਾਹਿਬ ਕੋਹਾਟ ਤੋਂ ਗੱਡੀ ਰਾਹੀਂ ਪੁਜ ਗਏ। ਸਭਨਾਂ ਨੇ ਬੜੀ ਖੁਸ਼ੀ ਮਨਾਈ। ਬਾਊ ਜੀ ਅਤੇ ਸ੍ਰੀਮਾਨ ਭਾਈ ਸਾਹਿਬ ਜੀ ਤਾਂ ਉਨ੍ਹਾਂ ਨੂੰ ਆਪੋ ਆਪਣੀ ਗਲਵਕੜੀ ਵਿਚ ਲਈ ਜਾਣ। ਖ਼ਾਸ ਕਰਕੇ ਭਾਈ ਸਾਹਿਬ ਜੀ ਨੇ ਤਾਂ ਚਿਰੀ ਵਿਛੁੰਨੇ ਵੀਰ 'ਹੀਰਾ ਹਰਿਬਚਨ ਸਿੰਘ' ਨੂੰ ਮਿਲ ਕੇ ਬਹੁਤ ਹੀ ਅਨੰਦ ਮਾਣਿਆ। ਉਸੇ ਗਲਵਕੜੀ ਵਿਚ ਬਾਊ ਜੀ ਨੇ ਵੇਖਿਆ ਕਿ ਸੂਬੇਦਾਰ ਸਾਹਿਬ ਦਾ ਸਰੀਰ ਗਰਮ ਹੈ ਅਤੇ ਉਨ੍ਹਾਂ ਨੂੰ ਕਾਫ਼ੀ ਬੁਖਾਰ ਹੋਇਆ ਹੈ। ਬਾਊ ਜੀ ਨੇ ਡਾਕਟਰ ਗੁਰਬਖਸ਼ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਨੂੰ ਦਵਾਈ ਦੇ ਕੇ, ਅਰਾਮ ਕਰਨ ਲਈ ਘਰ ਲਿਟਾ ਦੇਣ। ਟਾਂਗੇ ਆਏ ਹੋਏ ਸਨ, ਸੋ ਜਥਾ ਟੁਰ ਪਿਆ।

ਸੂਬੇਦਾਰ ਸਾਹਿਬ ਉਸੇ ਵੇਲੇ ਦਾਸ ਪਾਸ ਆ ਗਏ ਤੇ ਕਹਿਣ ਲੱਗੇ, "ਮੈਂ ਇਥੇ ਗੁਰ-ਸੰਗਤ ਦੇ ਦਰਸ਼ਨ ਕਰਨ ਤੇ ਕੀਰਤਨ ਦੇ ਲਾਹੇ ਲੈਣ ਲਈ ਪੁਜਾ ਹਾਂ, ਮੈਂ ਘਰ ਵਿਚ ਰਹਿ ਕੇ ਦਵਾਈ ਨਹੀਂ ਕਰਨੀ ਅਤੇ ਨਾ ਹੀ ਘਰ ਵਿਖੇ ਅਰਾਮ ਕਰਨਾ ਹੈ। ਜਥੇ ਨੂੰ ਟੁਰਨ ਦੇਵੋ ਤੇ ਹੋਰ ਟਾਂਗਾ ਹੁਣੇ ਹੀ ਮੰਗਵਾ ਲਵੋ। ਆਪਾਂ ਵੀ ਪਿਛੇ ਪਿਛੇ ਉਥੇ ਪੁਜ ਜਾਣਾ ਹੈ। ਸੋ ਹੋਰ ਕਿਸੇ ਨੂੰ ਦੱਸੇ ਬਗੈਰ, ਅਸੀਂ ਦੋਵੇਂ ਜਥੇ ਪਾਸ ਓਸ ਘਰ ਪੁਜ ਗਏ। ਜਦ ਜਥਾ ਬੈਠ ਗਿਆ ਤਾਂ ਸ੍ਰੀ ਮਾਨ ਭਾਈ ਸਾਹਿਬ ਨੇ ਨਾਲ ਦਾ ਵਾਜਾ ਦਾਸ ਦੇ ਅਗੇ ਕਰ ਦਿੱਤਾ ਅਤੇ ਜਿਸ ਤਰ੍ਹਾਂ ਅਗੇ ਕਹਿੰਦੇ ਹੁੰਦੇ ਸਨ, "ਸ਼ਬਦ ਲਾਵੋ"। ਹੁਕਮ ਅਨੁਸਾਰ ਸ਼ਬਦ ਸ਼ੁਰੂ ਹੋਇਆ:

**ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥**

*(ਗੂਜਰੀ ਕੀ ਵਾਰ ਮ: ੫, ਪਉੜੀ ੯, ਪੰਨਾ ੫੨੦)*

ਭਾਈ ਸਾਹਿਬ ਸ਼ਬਦ ਅਰੰਭ ਹੁੰਦੇ ਸਾਰ ਰੰਗ ਵਿਚ ਆ ਗਏ, ਸ਼ਬਦ ਨੂੰ ਚੁਕ ਕੇ ਪੰਚਮ ਵਿਚ ਲੈ ਗਏ। ਬਸ ਫਿਰ ਕੀ ਸੀ, ਸੰਗਤ ਲਈ ਅਜਿਹਾ ਮੰਡਲ ਬਣ ਗਿਆ ਕਿ ਪ੍ਰੇਮ-ਰਸ ਵਿਚ ਮਦਹੋਸ਼ ਹੋਏ, ਕਿਸੇ ਹੋਰ ਹੀ ਅਰਸ਼ੀ ਦੁਨੀਆਂ ਵਿਚ ਵਸ ਰਹੇ ਸਾਂ। ਸ਼ਬਦ

ਦੀ ਇਕ ਇਕ ਤੁਕ ਹਿਰਦੇ ਨੂੰ ਟੁੰਬਦੀ ਜਾਂਦੀ ਸੀ। ਸ਼ਬਦ ਦੀਆਂ ਤੁਕਾਂ ਦਾ ਮੁੜ ਮੁੜ ਉਚਾਰਨ ਹੁੰਦਾ, ਤੇ ਇਸ ਤਰ੍ਹਾਂ ਕਿੰਨਾ ਹੀ ਸਮਾਂ ਸਾਰੀ ਸੰਗਤ ਨੇ ਖ਼ੂਬ ਅਨੰਦ-ਰਸ ਮਾਣਿਆ। ਸੂਬੇਦਾਰ ਸਾਹਿਬ ਮੇਰੇ ਪਾਸ ਹੀ ਪਿਛੇ ਬੈਠੇ ਹੋਏ ਸਨ, ਹੱਥ ਵਿਚ ਹੱਥ ਪਾ ਕੇ ਕਹਿਣ ਲੱਗੇ, "ਆਪ ਦੇਖ ਲਵੋ, ਮੈਨੂੰ ਦਵਾਈ ਮਿਲ ਗਈ ਹੈ, ਇਲਾਜ ਹੋ ਗਿਆ ਹੈ, ਅਉਖਧ ਰਾਸ ਆ ਗਿਆ ਹੈ, ਪਸੀਨੇ ਨਾਲ ਕਮੀਜ਼ ਭਿਜ ਗਈ ਹੈ ਤੇ ਬੁਖ਼ਾਰ ਬਿਲਕੁਲ ਉਤਰ ਗਿਆ ਹੈ।"

ਕੀਰਤਨ ਦਾ ਭੋਗ ਗਿਆਰਾਂ ਵਜੇ ਦੇ ਕਰੀਬ ਪਿਆ। ਜਾਂ ਦੀਵਾਨ ਵਿਚੋਂ ਉਠੇ ਤਾਂ ਸ੍ਰੀ ਮਾਨ ਬਾਊ ਜੀ ਸੂਬੇਦਾਰ ਸਾਹਿਬ ਨੂੰ ਵੇਖ ਕੇ ਬੜੀ ਹੈਰਾਨੀ ਵਿਚ ਬੋਲੇ, "ਤੁਹਾਨੂੰ ਤਾਂ ਬੇਨਤੀ ਕੀਤੀ ਸੀ ਕਿ ਡਾਕਟਰ ਸਾਹਿਬ ਪਾਸੋਂ ਦਵਾਈ ਲਵੋ ਤੇ ਅਰਾਮ ਕਰੋ।" ਆਪ ਨੇ ਹੱਸ ਕੇ ਉਤਰ ਦਿੱਤਾ, "ਆਪ ਦਾ ਹੁਕਮ ਹੀ ਪੂਰਾ ਕੀਤਾ ਹੈ, ਮੇਰੇ ਡਾਕਟਰ ਤਾਂ ਆਪ ਗੁਰਮੁਖ ਪਿਆਰੇ ਸਤਿਸੰਗੀ ਹੀ ਹੋ, ਜਿਨ੍ਹਾਂ ਨੇ ਗੁਰਬਾਣੀ ਦਾ ਕੀਰਤਨ ਸ੍ਰਵਣੀ ਸੁਣਾ ਕੇ ਉਹ ਇਲਾਜ ਕੀਤਾ, ਜੋ :

**ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥੧॥੧੩॥**

*(ਟੋਡੀ ਮਹਲਾ ੫, ਪੰਨਾ ੭੧੪)*

ਹੈ। ਇਸ ਨਾਲ ਉਹ ਆਤਮਕ ਸੁਖ ਅਨੰਦ ਮਾਣਿਆ ਹੈ, ਜੋ ਕਹਿਣ ਕਥਨ ਤੋਂ ਬਾਹਰਾ ਹੈ। ਇਹ ਸਰੀਰਕ ਤਾਪ ਤਾਂ ਕੀ ਚੀਜ਼ ਹੈ, ਆਪ ਦੇਖ ਲਵੋ, ਪਹਿਲੇ ਸ਼ਬਦ 'ਤੇ ਹੀ ਪਸੀਨਾ ਆ ਗਿਆ ਸੀ ਤੇ ਤਾਪ ਉਤਰ ਗਿਆ ਸੀ। ਇਸ ਸਤਿਸੰਗਤ ਦੇ ਕੀਰਤਨ ਨੂੰ ਤਰਸਦਾ ਹੋਇਆ ਤਾਂ ਇਥੇ ਹਾਜ਼ਰ ਹੋਇਆ ਸਾਂ, ਸੋ ਸਤਿਗੁਰੂ ਜੀ ਨੇ ਸਭ ਬਖ਼ਸ਼ਿਸ਼ਾਂ ਕਰ ਦਿੱਤੀਆਂ ਹਨ ਅਤੇ ਬੁਖ਼ਾਰ ਵੀ ਉਤਾਰ ਦਿੱਤਾ ਹੈ।" ਸ੍ਰੀਮਾਨ ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਫਿਰ ਗਲਵਕੜੀ ਵਿਚ ਲੈ ਲਿਆ। ਕਈ ਸਾਲਾਂ ਦੇ ਲੰਮੇ ਵਿਛੋੜੇ ਪਿਛੋਂ ਮਿਲੇ ਸਨ, ਰਸ ਰਸ ਪਿਆਰ ਕੀਤਾ। ਇਸ ਤੋਂ ਬਾਅਦ ਜਥਾ ਪ੍ਰਸ਼ਾਦ ਛਕ ਕੇ ਬਿਸਰਾਮ-ਅਸਥਾਨ 'ਤੇ ਵਾਪਸ ਪੁਜ ਗਿਆ।

ਸੂਬੇਦਾਰ ਸਾਹਿਬ ਅਜੇ ਫ਼ੌਜ ਵਿਚ ਸਰਵਿਸ ਕਰੀ ਜਾ ਰਹੇ ਸਨ ਜਦੋਂ ਆਪ ਜੀ ਨੂੰ ਹਾਰਟ ਅਟੈਕ (Heart Attack) ਹੋ ਗਿਆ ਜਿਸ ਕਰਕੇ ਆਪ ਜੀ ਨੂੰ ਸਿਹਤ ਖਰਾਬੀ ਦੇ ਆਧਾਰ ਤੇ ਪੂਰੀ ਪੈਨਸ਼ਨ ਦੇ ਨਾਲ ਹੀ ਦੋ ਮੁਰੱਬੇ ਜ਼ਮੀਨ ਮਿਲ ਗਈ। ਜ਼ਮੀਨ ਮਿੰਟਗੁਮਰੀ ਦੀ ਬਾਰ ਵਿਚ ਉਕਾੜੇ ਲਾਗੇ ਹੀ ਮਿਲ ਗਈ। ਆਪ ਪਿੰਡ ਵਿਚ ਆ ਕੇ ਅਰਾਮ ਦੀ ਜ਼ਿੰਦਗੀ ਬਤੀਤ ਕਰਨ ਲਗੇ ਅਤੇ ਮਾਨਯੋਗ ਬਾਊ ਮੱਲ ਸਿੰਘ ਜੀ ਦੀ ਸੰਗਤ ਮਾਨਣ ਲਗ ਪਏ। ਆਪ ਜੀ ਦੇ ਦਿਲ ਦੇ ਵਿਚ ਬਾਊ ਜੀ ਲਈ ਇਤਨਾ ਪਿਆਰ ਤੇ ਸਤਿਕਾਰ ਸੀ ਕਿ ਹਮੇਸ਼ਾਂ ਉਨ੍ਹਾਂ ਦੇ ਪਿਛੇ ਟੁਰਦੇ ਸਨ। ਜਦੋਂ 1938 ਵਿਚ ਸ੍ਰੀ ਬਾਊ ਜੀ ਨੂੰ ਘੋੜੀ ਤੋਂ ਡਿਗ ਕੇ ਸਿਰ ਵਿਚ ਸਖ਼ਤ ਜ਼ਖ਼ਮ ਹੋਇਆ ਸੀ ਤਾਂ ਉਨ੍ਹਾਂ ਦੀ ਸੰਭਾਲ ਅਤੇ ਡਾਕਟਰੀ ਪ੍ਰਬੰਧ ਆਪ ਨੇ ਹੀ ਕਰਵਾਇਆ ਸੀ।

ਪੈਨਸ਼ਨ ਮਿਲਣ ਪਿਛੋਂ ਸੂਬੇਦਾਰ ਸਾਹਿਬ ਕੁਝ ਚਿਰ ਲਈ ਦਾਸ ਪਾਸ ਲੁਧਿਆਣੇ ਆ ਗਏ। ਥੋੜ੍ਹੀ ਬਹੁਤ ਦਵਾਈ ਵੀ ਕਰਦੇ ਸਨ, ਪਰ ਉਨ੍ਹਾਂ ਦਾ ਬਹੁਤਾ ਵਿਸ਼ਵਾਸ ਗੁਰਬਾਣੀ ਪਾਠ ਤੇ ਕੀਰਤਨ ਉਪਰ ਸੀ ਅਤੇ ਉਨ੍ਹਾਂ ਲਈ ਇਹੋ ਹੀ ਸਭ ਤੋਂ ਵੱਡਾ ਇਲਾਜ ਸੀ।

ਉਨ੍ਹਾਂ ਨੂੰ ਰਾਵਲਪਿੰਡੀ ਤੋਂ ਬੀਬੀ ਇੰਦਰ ਕੌਰ ਦਾ ਪੱਤਰ ਪੁੱਜਾ ਕਿ ਉਨ੍ਹਾਂ ਦੇ ਮਾਸੀ ਜੀ ਮਰੀ ਪਹਾੜ ਤੇ ਸੋਹਣੀ ਕੋਠੀ ਵਿਚ ਠਹਿਰੇ ਹੋਏ ਹਨ, ਤੁਸੀਂ ਦੋਵੇਂ ਗਰਮੀ ਤੋਂ ਬਚਣ ਤੇ ਅਰਾਮ ਕਰਨ ਲਈ ਉਥੇ ਜਾ ਸਕਦੇ ਹੋ। ਸੋ ਅਸੀਂ ਪਿੰਡੀ ਪੁਜ ਗਏ ਅਤੇ ਡਾਕਟਰ ਪ੍ਰਗਟ ਸਿੰਘ ਜੀ ਤੋਂ ਮਰੀ ਪਹਾੜ 'ਤੇ ਜਾਣ ਲਈ ਸਲਾਹ ਮੰਗੀ। ਉਹ ਕਹਿਣ ਲੱਗੇ ਕਿ ਗਰਮੀ ਦੇ ਲਿਹਾਜ਼ ਨਾਲ ਤਾਂ ਠੀਕ ਹੈ, ਪਰ Heart Patient (ਦਿਲ ਦੇ ਬੀਮਾਰ) ਵਾਸਤੇ ਪਹਾੜ ਕੋਈ ਬਹੁਤ ਅੱਛਾ ਨਹੀਂ ਹੁੰਦਾ। ਪਰ ਜੇ ਜਾਣਾ ਚਾਹੁੰਦੇ ਹੋ ਤਾਂ ਸਫਰ ਵੀ ਅਰਾਮ ਨਾਲ ਕਰਨਾ ਤੇ ਉਥੇ ਵੀ ਅਰਾਮ ਹੀ ਕਰਨਾ। ਕੀਰਤਨ ਸੁਣ ਲੈਣਾ, ਪਰ ਆਪ ਨਾਲ ਨਾ ਕਰਨਾ, ਇਸ ਨਾਲ ਤੇ ਖੇਚਲ ਹੋਵੇਗੀ। ਤਾਂ ਆਪ ਜੀ ਚੁੱਪ ਕਰ ਰਹੇ। ਮਰੀ ਪੁਜੇ ਤਾਂ ਠਹਿਰਨ ਦਾ, ਅੰਮ੍ਰਿਤ ਵੇਲੇ ਦੇ ਇਸ਼ਨਾਨ ਪਾਣੀ ਦਾ ਸਾਰਾ ਇੰਤਜ਼ਾਮ ਠੀਕ ਸੀ, ਨਿਤਨੇਮ ਪਿਛੋਂ ਮਾਸੀ ਜੀ ਨੇ ਸੱਚੇ ਪਾਤਸ਼ਾਹ ਜੀ ਦਾ ਪ੍ਰਕਾਸ਼ ਕਰਨਾ ਤੇ ਸ਼ਬਦ ਸੁਣਾਉਣਾ। ਉਥੇ ਵਾਜਾ ਮੌਜੂਦ ਸੀ। ਜਦ ਦਾਸ ਕੀਰਤਨ ਕਰਨ ਲੱਗਾ ਤਾਂ ਸੂਬੇਦਾਰ ਸਾਹਿਬ ਕਹਿਣ ਲੱਗੇ, "ਡਾਕਟਰ ਸਾਹਿਬ ਨੇ ਤਾਂ ਸਲਾਹ ਦਿੱਤੀ ਸੀ ਕਿ ਕੀਰਤਨ ਸੁਣ ਸਕਦੇ ਹੋ, ਪਰ ਕਰ ਨਹੀਂ ਸਕਦੇ।" ਪਰ ਕੀਰਤਨ ਤਾਂ ਮੇਰੇ ਆਤਮਾ ਦੀ ਖ਼ੁਰਾਕ ਹੈ ਅਤੇ ਮੇਰੇ ਸਰੀਰ ਦਾ ਇਲਾਜ ਹੈ, ਇਸ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ। ਇਸ ਲਈ ਕੀਰਤਨ ਨਾ ਕਰਨ ਦੀ ਸਲਾਹ ਤੇ ਅਮਲ ਕਿਵੇਂ ਕੀਤਾ ਜਾ ਸਕਦਾ ਹੈ !" ਫਿਰ ਹੱਸ ਕੇ ਕਹਿਣ ਲੱਗੇ, "ਉਨ੍ਹਾਂ ਨੇ ਕਿਹੜਾ ਕੀਰਤਨ ਕਰਦਿਆਂ ਨੂੰ ਦੇਖਣਾ ਹੈ। ਸੋ ਕੀਰਤਨ ਕਰਾਂਗੇ ਤੇ ਅਨੰਦ ਲਵਾਂਗੇ।" ਜਿੰਨਾ ਚਿਰ ਉਥੇ ਠਹਿਰੇ, ਕੀਰਤਨ ਦੇ ਖ਼ੂਬ ਅਨੰਦ ਮਾਣੇ।

ਭਾਈ ਸਾਹਿਬ ਰਣਧੀਰ ਸਿੰਘ ਜੀ 'ਰੰਗਲੇ ਸਜਣ' ਪੁਸਤਕ ਵਿਚ ਸੂਬੇਦਾਰ ਹਰਿਬਚਨ ਸਿੰਘ ਜੀ ਬਾਰੇ ਲਿਖਦੇ ਹਨ :

"ਉਨ੍ਹਾਂ ਦੀਆਂ ਆਤਮ ਮੌਜੀ ਘਟਨਾਵਾਂ ਦਾ ਪਵਿੱਤਰ ਜ਼ਿਕਰ ਉਨ੍ਹਾਂ ਦੇ ਨਿਕਟਵਰਤੀ ਆਤਮ-ਦਰਸੀ ਗੁਰਮੁਖ ਵੀਰ ਬਾਊ ਮੱਲ ਸਿੰਘ ਜੀ ਹੀ ਕਰ ਸਕਦੇ ਹਨ। ਉਨ੍ਹਾਂ ਦੇ ਗੁਰਮਤਿ ਗੁਣਾਂ ਦੇ ਵਸਫ਼ ਕੀ ਕੀ ਲਿਖੀਏ, ਲਿਖੇ ਨਹੀਂ ਜਾਂਦੇ, ਬੜੇ ਬਿਅੰਤ ਹਨ। ਗੁਰਸਿਖੀ ਕਮਾਉਣਹਾਰੇ ਗੁਰਸਿਖਾਂ ਦਾ ਉਹ ਪੂਰਨ ਨਮੂਨਾ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਈਆਂ ਵਿਚ ਜਦ ਅਸੀਂ ਕਰਨੀ ਕਮਾਲ ਵਾਲੇ ਗੁਰਸਿਖਾਂ ਦੀ ਮਹਿਮਾ-ਮਈ ਝਾਕੀ ਮਾਤ੍ਰ ਸਾਖੀ ਪੜ੍ਹਦੇ ਹਾਂ ਤਾਂ ਸਾਡੇ ਸਨਮੁਖ ਅਸਾਡੇ ਦੂਲੇ ਵੀਰ ਭਾਈ ਹਰਿਭਜਨ ਸਿੰਘ ਦਾ ਜੀਵਨ ਹੂ-ਬਹੂ ਆ ਖਲੋਂਦਾ ਹੈ।"

ਭਾਈ ਸਾਹਿਬ ਪੁਸਤਕ ਵਿਚ ਇਸ ਲੇਖ ਦੇ ਅੰਤ ਵਿਚ ਲਿਖਦੇ ਹਨ :

"ਆਪ ਜੀ ਇਸ ਸੰਸਾਰ ਤੋਂ ਚਲਾਣਾ ਤਾਂ ਕਰ ਗਏ, ਪਰ ਸਾਨੂੰ ਕਦੇ ਪ੍ਰਤੀਤ ਨਹੀਂ ਹੋਇਆ ਕਿ ਅਸਾਥੋਂ ਨਿਖੜ ਗਏ ਹਨ। ਜਲ ਕਮਲ ਵਤ, ਗ੍ਰਿਹਸਤ ਵਿਚ ਅਲੇਪ ਰਹਿੰਦੇ ਹੋਏ ਅਤੇ ਮਾਇਆ ਅਤੇ ਕੁਟੰਬ ਵਲੋਂ ਨਿਰਮੋਹ ਹੁੰਦੇ ਹੋਏ, ਸਰੀਰਕ ਦੁਖਾਂ ਕਸ਼ਟਾਂ ਦੀ ਪਰਵਾਹ ਨਾ ਕਰਦੇ ਹੋਏ, ਤਨਕ ਮਾਤਰ ਦੇ ਫੋਰੇ ਵਿਚ ਹੀ ਸਰੀਰ ਨੂੰ ਤਿਆਗ ਕੇ ਗੁਰਪੁਰੀ ਨੂੰ ਪਧਾਰ ਗਏ। ਪਰ ਉਨ੍ਹਾਂ ਦੀ ਆਤਮਾ ਹਰ ਦਮ ਤੇ ਹਰ ਛਿਨ ਉਨ੍ਹਾਂ ਸੇਤੀ ਇਕ-ਮਿਕ ਹੋਏ ਗੁਰਮੁਖ ਪਿਆਰਿਆਂ ਵਿਚ ਉਸੇ ਤਰ੍ਹਾਂ ਹਾਜ਼ਰ ਨਾਜ਼ਰ ਵਿਚਰਦੀ ਰਹਿੰਦੀ ਹੈ, ਮਾਨੋ ਉਹ ਕਦੇ ਵਿਛੜੇ ਹੀ ਨਹੀਂ।"

## ਸ੍ਰੀਮਾਨ ਬਾਊ ਜੀ ਦੇ ਖ਼ਿਲਾਫ਼ ਸ਼ਿਕਾਇਤ

1920 ਵਿਚ ਜਦੋਂ ਮਾਨਯੋਗ ਬਾਊ ਜੀ ਫ਼ੌਜੀ ਨੌਕਰੀ ਤੋਂ ਰਿਟਾਇਰ ਹੋ ਕੇ ਘਰ ਪੈਨਸ਼ਨ 'ਤੇ ਆ ਗਏ ਤਾਂ ਆਉਂਦਿਆਂ ਹੀ ਅਖੰਡਪਾਠਾਂ, ਕੀਰਤਨ-ਅਖਾੜਿਆਂ ਤੇ ਅੰਮ੍ਰਿਤ-ਸੰਚਾਰ ਦੇ ਮੰਡਲ ਅਰੰਭ ਹੋ ਗਏ। ਇਸ ਤਰ੍ਹਾਂ ਗੁਰਮਤਿ ਪਰਚਾਰ ਜ਼ੋਰ-ਸ਼ੋਰ ਨਾਲ ਅਰੰਭ ਹੋ ਗਿਆ, ਜਿਸ ਕਰਕੇ ਮਾਝੇ ਦੇ ਸਾਰੇ ਇਲਾਕੇ ਵਿਚ ਆਪ ਦਾ ਸਤਿਕਾਰ ਵਧ ਗਿਆ। ਇਲਾਕੇ ਦੇ ਪਤਵੰਤੇ ਸਰਦਾਰਾਂ ਦੇ ਪਰਵਾਰ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਚੁਕੇ ਸਨ। ਇਸ ਗੁਰਮਤਿ-ਪਰਚਾਰ ਲਹਿਰ ਦੇ ਚਲਣ ਨਾਲ ਗੁਰਦੁਆਰਾ ਸੁਧਾਰ ਲਹਿਰ ਦੇ ਆਗੂ ਤੇ ਵੱਡੇ ਵੱਡੇ ਅਕਾਲੀ ਨੇਤਾ ਆਪ ਜੀ ਨੂੰ ਆਪਣਾ ਜਥੇਦਾਰ ਹੀ ਸਮਝਣ ਲਗ ਪਏ। ਉਘੇ ਅਕਾਲੀ ਨੇਤਾ ਜਥੇਦਾਰ ਊਧਮ ਸਿੰਘ ਨਾਗੋਕੇ ਆਪ ਜੀ ਦਾ ਪਿਤਾ ਸਮਾਨ ਸਤਿਕਾਰ ਕਰਦੇ ਸਨ। ਪੰਥ ਦੇ ਸਾਰੇ ਉਘੇ ਜਥੇਦਾਰ-ਈਸ਼ਰ ਸਿੰਘ ਮਝੈਲ, ਮੋਹਨ ਸਿੰਘ ਨਾਗੋਕੇ, ਤੇਜਾ ਸਿੰਘ ਅਕਰਪੁਰੀ, ਹਜ਼ਾਰਾ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਆਦਿ ਗੁਰਦੁਆਰਾ ਸੁਧਾਰ ਲਹਿਰ ਵਿਚ ਹਮੇਸ਼ਾਂ ਬਾਊ ਜੀ ਦੀ ਸਲਾਹ ਲੈਂਦੇ ਸਨ। ਫਿਰ ਗੁਰੂ ਕੇ ਬਾਗ ਦਾ ਮੋਰਚਾ ਲਗ ਗਿਆ, ਜਿਸ ਕਰਕੇ ਸ੍ਰੀਮਾਨ ਬਾਊ ਜੀ ਉਕਾੜੇ ਰਹਿੰਦੇ ਹੋਏ ਵੀ ਆਪਣਾ ਸਾਰਾ ਵਕਤ ਸ੍ਰੀ ਅੰਮ੍ਰਿਤਸਰ ਦੀਆਂ ਘਟਨਾਵਾਂ ਵਲ ਖ਼ਰਚ ਕਰਨ ਲਗ ਪਏ। ਇਸ ਸਮੇਂ ਕਿਸੇ ਨਿੰਦਕ ਈਰਖਾਲੂ ਨੇ ਡਿਪਟੀ ਕਮਿਸ਼ਨਰ ਮਿੰਟਗੁਮਰੀ ਪਾਸ ਲਿਖਤੀ ਸ਼ਿਕਾਇਤ ਕਰ ਦਿੱਤੀ ਕਿ ਬਾਊ ਮੱਲ ਸਿੰਘ ਅਕਾਲੀਆਂ ਦੇ ਨਾਲ ਮਿਲ ਕੇ ਸਰਕਾਰ ਦੇ ਖ਼ਿਲਾਫ਼ ਕੰਮ ਕਰ ਰਿਹਾ ਹੈ ਅਤੇ ਇਹ ਭਾਈ ਰਣਧੀਰ ਸਿੰਘ ਬਾਗ਼ੀ, ਜੋ ਉਮਰ ਕੈਦੀ ਹੈ, ਦਾ ਵੱਡਾ ਮਿੱਤਰ ਹੈ। ਇਸ ਲਈ ਬਗ਼ਾਵਤ ਦੇ ਦੋਸ਼ ਵਿਚ ਇਨ੍ਹਾਂ ਦਾ ਮੁਰੱਬਾ, ਜੋ ਨੇਕ-ਚਲਣੀ ਤੇ ਸਰਕਾਰ ਦੇ ਵਫ਼ਾਦਾਰ ਰਹਿਣ ਲਈ ਮਿਲਿਆ ਹੋਇਆ ਹੈ, ਜ਼ਬਤ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਇਹ ਦਰਖ਼ਾਸਤ ਤਸੀਲਦਾਰ ਉਕਾੜੇ ਪਾਸ ਤਫ਼ਤੀਸ਼ ਲਈ ਭੇਜ ਦਿੱਤੀ। ਤਸੀਲਦਾਰ ਚੱਕ ਨੰਬਰ 52 ਵਿਖੇ ਆਪਣੇ ਦੌਰੇ 'ਤੇ ਆਇਆ ਤਾਂ ਨੰਬਰਦਾਰਾਂ ਸਮੇਤ ਸਾਰਾ ਪਿੰਡ ਇਕੱਠਾ ਕੀਤਾ। ਮਾਨਯੋਗ ਬਾਊ ਜੀ ਨੂੰ ਵੀ ਬੁਲਾ ਭੇਜਿਆ। ਦਰਖ਼ਾਸਤ ਸਾਹਮਣੇ ਰਖ ਕੇ ਪੜ੍ਹੀ ਅਤੇ ਨੰਬਰਦਾਰਾਂ ਨੂੰ ਇਸ ਸੰਬੰਧੀ ਪੁਛਿਆ। ਸ੍ਰੀਮਾਨ ਬਾਊ ਜੀ ਜਾਂ ਕਿਸੇ ਹੋਰ ਦੇ ਕਹੇ ਕਹਾਏ ਤੋਂ ਬਿਨਾਂ ਹੀ ਕੈਪਟਨ ਹੀਰਾ ਸਿੰਘ ਜੀ ਨੰਬਰਦਾਰ ਬੋਲੇ, "ਤਸੀਲਦਾਰ ਸਾਹਿਬ, ਤੁਸੀਂ ਇਲਾਕੇ ਦੇ ਮਾਲਕ ਹੋ ਤੇ ਸਾਨੂੰ ਬਾਊ ਮੱਲ ਸਿੰਘ ਜੀ ਬਾਰੇ ਪੁਛਦੇ ਹੋ? ਪਹਿਲੀ ਗੱਲ ਤਾਂ ਇਹ ਹੈ ਕਿ ਇਹ ਮੁਰੱਬੇ ਜੋ ਸਾਨੂੰ ਮਿਲੇ ਹਨ, ਇਹ ਸਾਨੂੰ ਸਿਰ ਵੇਚ ਕੇ ਬਹਾਦਰੀ ਦੇ ਇਵਜ਼, ਦੇਸ-ਸੇਵਾ ਵਜੋਂ ਮਿਲੇ ਹਨ। ਬਾਊ ਮੱਲ ਸਿੰਘ ਜੀ ਤਿੰਨ ਸਾਲ ਫ਼ਰਾਂਸ ਵਿਚ ਨੌਕਰੀ ਕਰ ਕੇ, ਇਕ ਨਾਮੁਰਾਦ ਬਿਮਾਰੀ ਲੈ ਕੇ ਵਾਪਸ ਦੇਸ ਆਏ ਸਨ। ਜੇ ਅੱਜ ਇਹ ਜ਼ਿੰਦਾ ਹਨ ਤਾਂ ਇਹ ਇਨ੍ਹਾਂ ਦੇ ਚੰਗੇ ਨਸੀਬ ਹਨ। ਫ਼ੌਜ ਵਾਲੇ ਡਾਕਟਰ ਤਾਂ ਸਮਝਦੇ ਸਨ ਕਿ ਇਹ ਟੀ.ਬੀ. ਦੇ ਨਾਮੁਰਾਦ ਰੋਗ ਤੋਂ ਰਾਜ਼ੀ ਹੋ ਹੀ ਨਹੀਂ ਸਕਦੇ। ਸੋ ਇਨ੍ਹਾਂ ਨੂੰ ਇਸ ਮੁਰੱਬੇ ਵਾਸਤੇ ਬੜੀ ਕੀਮਤ ਤਾਰਨੀ ਪਈ ਹੈ। ਤੇ ਤੁਸੀਂ ਇਸ ਦੀ ਜ਼ਬਤੀ ਵਾਸਤੇ ਪੁਛਦੇ ਹੋ। ਇਹ ਨਹੀਂ ਹੋ ਸਕਦਾ। ਇਹ ਧਾਰਮਿਕ ਗੁਰਦੁਆਰਾ

ਸੁਧਾਰ ਲਹਿਰ ਵਿਚ ਹਿੱਸਾ ਲੈ ਰਹੇ ਹਨ। ਅਸੀਂ ਵੀ ਇਨ੍ਹਾਂ ਦੇ ਸਮਰਥਕ ਹਾਂ। ਅਸੀਂ ਕੋਈ ਧਰਮ ਤਾਂ ਨਹੀਂ ਵੇਚਿਆ ਹੋਇਆ ! ਸਾਡਾ ਧਰਮ ਸਾਨੂੰ ਪਿਆਰਾ ਹੈ। ਜੋ ਮਾਨਯੋਗ ਬਾਊ ਜੀ ਕਰ ਰਹੇ ਹਨ, ਇਹ ਸਭ ਠੀਕ ਹੈ।" ਨਾਲ ਹੀ ਰਸਾਲਦਾਰ ਮੇਜਰ ਸੁੰਦਰ ਸਿੰਘ ਦੂਜੇ ਨੰਬਰਦਾਰ ਨੇ ਕਹਿ ਦਿੱਤਾ ਕਿ ਜੇ ਇਹ ਅਕਾਲੀ ਹਨ ਤਾਂ ਅਸੀਂ ਭੀ ਇਨ੍ਹਾਂ ਦੇ ਪਿਛੇ ਅਕਾਲੀ ਹਾਂ। ਤਸੀਲਦਾਰ ਸਮਝ ਗਿਆ ਕਿ ਇਹ ਸ਼ਿਕਾਇਤ ਕਰਨ ਵਾਲਾ ਕੋਈ ਬੁਰਾ ਆਦਮੀ ਹੈ। ਤਸੀਲਦਾਰ ਸ੍ਰੀਮਾਨ ਬਾਊ ਜੀ ਨੂੰ ਬੜੇ ਸਤਿਕਾਰ ਨਾਲ ਪੇਸ਼ ਆਇਆ। ਦਰਖ਼ਾਸਤ ਖ਼ਾਰਜ ਕਰ ਦਿੱਤੀ ਅਤੇ ਸ੍ਰੀ ਬਾਊ ਜੀ ਦੀ ਜੈ ਜੈਕਾਰ ਹੋ ਗਈ।

## ਉਕਾੜੇ ਦੇ ਇਲਾਕੇ ਵਿਚ ਗੁਰਮਤਿ ਪਰਚਾਰ

ਪਿੰਡ ਤਰਸਿਕੇ ਦੇ ਬਾਬਾ ਨਰੈਣ ਸਿੰਘ ਤੇ ਮੂਲਾ ਸਿੰਘ ਜੀ ਨਾਲ ਬਾਊ ਮੱਲ ਸਿੰਘ ਜੀ ਦੀ ਜਿਥੇ ਗੁਰਸਿਖੀ ਦੀ ਸਾਂਝ ਬਣ ਚੁਕੀ ਸੀ, ਉਥੇ ਆਪਸ ਵਿਚ ਰਿਸ਼ਤੇ-ਨਾਤੇ ਵੀ ਹੋ ਗਏ ਸਨ। ਹੁਣ ਬਾਬਾ ਮੂਲਾ ਸਿੰਘ ਦੀ ਸਪੁੱਤਰੀ ਬੀਬੀ ਉਤਮ ਕੌਰ ਨੇ ਆਪਣੀ ਬੱਚੀ ਤਾਰਾ ਕੌਰ ਦਾ ਅਨੰਦ ਕਾਰਜ ਵੀਰ ਹਰੀ ਸਿੰਘ ਸ਼ੇਰਗਿੱਲ ਨਾਲ ਕਰ ਦਿੱਤਾ। ਬੀਬੀ ਉਤਮ ਕੌਰ ਦੇ ਪਤੀ ਰਸਾਲਦਾਰ ਕਿਰਪਾਲ ਸਿੰਘ ਜੀ ਨੂੰ ਫ਼ੌਜੀ ਨੌਕਰੀ ਬਦਲੇ ਦੋ ਮੁਰੱਬੇ ਜ਼ਮੀਨ ਚੱਕ ਨੰਬਰ 48 ਉਕਾੜੇ ਲਾਗੇ ਮਿਲ ਗਈ ਸੀ। ਇਸ ਨਵੇਂ ਸੰਬੰਧ ਸਦਕਾ ਸ੍ਰੀਮਾਨ ਬਾਊ ਜੀ ਨਾਲ ਹੋਰ ਨੇੜਤਾ ਹੋ ਗਈ। ਉਨ੍ਹਾਂ ਨੇ ਬੇਨਤੀ ਕੀਤੀ ਕਿ 48 ਚੱਕ ਵਿਖੇ ਸ੍ਰੀ ਅਖੰਡਪਾਠ ਸਮਾਗਮ ਰਚੋ ਅਤੇ ਨਾਲ ਹੀ ਸਾਰੇ ਪਰਿਵਾਰ ਤੇ ਇਲਾਕੇ ਦੇ ਹੋਰ ਅਭਿਲਾਖੀ ਸੱਜਣਾਂ ਨੂੰ ਅੰਮ੍ਰਿਤ ਛਕਾਉਣ ਦੀ ਬਖ਼ਸ਼ਿਸ਼ ਕਰੋ। ਸੋ ਉਥੇ ਸਮਾਗਮ ਦਾ ਪ੍ਰਬੰਧ ਕੀਤਾ ਗਿਆ ਅਤੇ ਕਈ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਬੀਬੀ ਉਤਮ ਕੌਰ ਦਾ ਜਥੇ ਨਾਲ ਬਹੁਤ ਹਿਤ ਵਧ ਜਾਣ ਕਰਕੇ ਅਗਲੇ ਸਾਲ ਫਿਰ ਉਥੇ ਅਖੰਡਪਾਠ ਤੇ ਅੰਮ੍ਰਿਤ-ਸੰਚਾਰ ਕੀਤਾ ਗਿਆ।

ਉਕਾੜੇ ਸ਼ਹਿਰ ਰਸਾਲਦਾਰ ਇੰਦਰ ਸਿੰਘ ਦੇ ਗ੍ਰਹਿ ਵਿਖੇ ਰਨਾਲੇ ਖ਼ੁਰਦ, ਰਸਾਲਦਾਰ ਜਗਤ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਗ੍ਰਹਿ ਵਿਖੇ, ਵੀਰ ਸਜਣ ਸਿੰਘ ਜੀ, ਭਾਈ ਸਾਹਿਬ ਜੀ ਦੇ ਭਤੀਜੇ ਦੇ ਗ੍ਰਹਿ ਮਿੰਟਗੁਮਰੀ ਵਿਖੇ, ਯੂਸਫ਼ ਵਾਲਾ ਅਤੇ ਹੋਰ ਕਈ ਥਾਵਾਂ 'ਤੇ ਆਪਣੇ ਮੇਲੀ ਗੁਰਮੁਖ ਪਿਆਰਿਆਂ ਦੇ ਸੰਗ ਸਾਥ ਅਖੰਡਪਾਠ ਤੇ ਕੀਰਤਨ ਅਖਾੜੇ ਸਜਦੇ ਰਹੇ। ਇਸ ਤਰ੍ਹਾਂ ਗੰਜੀ-ਬਾਰ ਦੇ ਇਲਾਕੇ ਵਿਚ ਖ਼ੂਬ ਗੁਰਮਤਿ ਪਰਚਾਰ ਦੀ ਲਹਿਰ ਫੈਲੀ।

## ਪੋਠੋਹਾਰ ਵਿਚ ਗੁਰਮਤਿ ਪਰਚਾਰ

ਡਾਕਟਰ ਗੁਰਬਖ਼ਸ਼ ਸਿੰਘ ਜੀ, ਜਿਨ੍ਹਾਂ ਨੇ ਪਰਵਾਰ ਸਹਿਤ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਬਾਊ ਮੱਲ ਸਿੰਘ ਜੀ ਦੇ ਜਥੇ ਪਾਸੋਂ ਨਾਗੋਕੀ ਸਰਲੀ (ਲਾਇਲਪੁਰ) ਵਿਖੇ 1914 ਵਿਖੇ ਅੰਮ੍ਰਿਤ ਪਾਨ ਕੀਤਾ ਸੀ, ਪਹਿਲਾਂ ਇਹ ਸਰਕਾਰੀ ਹਸਪਤਾਲ ਸਰਹਾਲਾ ਅਤੇ ਫਿਰ ਠੀਕਰੀ ਵਾਲਾ ਹਸਪਤਾਲ ਵਿਚ ਵੀ ਡਿਊਟੀ ਕਰਦੇ ਰਹੇ ਸਨ। ਉਥੇ ਭਾਈ ਵਰਿਆਮ ਸਿੰਘ ਜੀ ਤੇ ਬਾਊ ਮੱਲ ਸਿੰਘ ਜੀ ਦੀ ਸੰਗਤ ਸਦਕਾ ਇਸ ਨਵ-ਜੋਬਨੀ

ਪਰਵਾਰ ਨੂੰ ਨਾਮ ਅਭਿਆਸ ਦੀ, ਕੀਰਤਨ-ਰੰਗਾਂ ਦੀ ਤੇ ਖਾਲਸਈ ਰਹਿਤ-ਰਹਿਣੀ ਵਿਚ ਦ੍ਰਿੜ੍ਹਤਾ ਦੀ ਪਾਰਸੀ ਛੁਹ ਪ੍ਰਾਪਤ ਹੋ ਚੁਕੀ ਸੀ। ਇਸ ਤਰ੍ਹਾਂ ਕਾਫ਼ੀ ਸਮਾਂ ਬੀਤ ਗਿਆ ਤੇ ਫਿਰ ਆਪ ਦੀ ਬਦਲੀ ਰਾਵਲਪਿੰਡੀ ਸ਼ਹਿਰ ਵਿਖੇ ਹੋ ਗਈ। ਉਥੇ ਪੁਜ ਕੇ ਆਪ ਜੀ ਨੇ ਆਪਣੇ ਮਨ-ਮੇਲੀਆਂ ਤੇ ਗੁਰੂ ਪਿਆਰੀਆਂ ਸੰਗਤਾਂ ਨਾਲ ਸਾਂਝ ਬਣਾਈ ਅਤੇ ਉਨ੍ਹਾਂ ਨੇ ਸ੍ਰੀਮਾਨ ਬਾਊ ਜੀ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਖਾਲਸਈ ਕਰਣੀਆਂ, ਘਾਲ ਕਮਾਈਆਂ ਤੇ ਜੇਲ੍ਹ ਯਾਤਰਾ ਦੇ ਰੌਚਕ ਬਿਰਤਾਂਤ ਸੁਣਾ ਸੁਣਾ ਕੇ ਇਨ੍ਹਾਂ ਲਈ ਬਹੁਤ ਸ਼ਰਧਾ ਭਾਵਨੀ ਪੈਦਾ ਕਰ ਦਿੱਤੀ।

ਯਾਦ ਰਹੇ ਕਿ ਰਾਵਲ ਪਿੰਡੀ ਪੱਛਮੀ ਪੰਜਾਬ ਵਿਚ ਸਿੱਖ ਵਿਦਵਾਨਾਂ ਤੇ ਧਨਾਢ ਸਿੱਖ ਦਾਨੀਆਂ ਦਾ ਇਕ ਮਹਾਨ ਗੜ੍ਹ ਸੀ। ਸਰਦਾਰ ਬਹਾਦਰ ਬੂਟਾ ਸਿੰਘ (ਬੀਬੀ ਇੰਦਰ ਕੌਰ ਜੀ ਦੇ ਨਾਨਾ ਜੀ), ਮਾਸਟਰ ਤਾਰਾ ਸਿੰਘ, ਉਨ੍ਹਾਂ ਦੇ ਛੋਟੇ ਭਾਈ ਪ੍ਰਿੰਸੀਪਲ ਨਿਰੰਜਨ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਗਿ: ਹੀਰਾ ਸਿੰਘ ਦਰਦ, ਨਾਮੀ ਕਵੀ ਸ: ਵਿਧਾਤਾ ਸਿੰਘ ਤੀਰ, ਭਗਤ ਜਸਵੰਤ ਸਿੰਘ, ਜੋ ਡਾਕਟਰ ਗੁਰਬਖਸ਼ ਸਿੰਘ ਦੇ ਦਾਮਾਦ ਸਨ, ਇਤਿਆਦਿਕ ਪਿੰਡੀ ਦੇ ਇਲਾਕੇ ਦੀ ਹੀ ਉਪਜ ਸਨ। ਦਿਮਾਗ਼ੀ ਤੌਰ 'ਤੇ ਇਸ ਤਰ੍ਹਾਂ ਦੇ ਜਰਖ਼ੇਜ਼ ਸਿੱਖ ਸਮਾਜ ਵਿਚ ਅਤੇ ਸੂਰਮਤਾਈ ਵਿਚ ਜ਼ਰਖ਼ੇਜ਼ ਪੰਜਾਬ ਦੇ ਪੇਂਡੂ ਭਾਈਚਾਰੇ ਅੰਦਰ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਅਮੋਲਕ ਦੇਣ ਕ੍ਰਾਂਤੀਕਾਰੀ ਤਥਾ ਖਾਲਸਈ ਜੀਵਨ-ਚਰਿੱਤਰ ਦੇ ਪੁਨਰ-ਨਿਰਮਾਣ ਦਾ ਬੀਜ ਬੀਜਣਾ, ਇਕ ਮਹਾਨ ਉਚਤਮ ਮਹੱਤਵ ਤੇ ਗੌਰਵਤਾ ਵਾਲੀ ਗੱਲ ਸੀ।

ਡਾ. ਗੁਰਬਖਸ਼ ਸਿੰਘ ਜੀ ਦੀ ਤਿਆਰ ਕੀਤੀ ਹੋਈ ਸਤਿਸੰਗ ਪਨੀਰੀ ਦੇ ਫਲਸਰੂਪ ਕਈਆਂ ਸਤਿਸੰਗੀਆਂ ਨੂੰ ਆਤਮਕ ਰੰਗ ਮਾਨਣ ਦੀ ਤੜਪ ਪੈਦਾ ਹੋ ਗਈ। ਪਹਿਲੀ ਵਾਰੀ ਜੁਲਾਈ-ਅਗਸਤ 1929 ਦੀਆਂ ਕਾਲਜ ਦੀਆਂ ਛੁੱਟੀਆਂ ਵਿਚ ਰਾਵਲਪਿੰਡੀ ਦੀ ਸੰਗਤ ਵਲੋਂ ਡਾਕਟਰ ਸਾਹਿਬ ਦੀ ਰਾਹੀਂ ਸ੍ਰੀਮਾਨ ਬਾਊ ਮੱਲ ਸਿੰਘ ਜੀ ਨੂੰ ਜਥੇ ਸਮੇਤ ਉਥੇ ਪੁਜਣ ਦਾ ਸੱਦਾ-ਪੱਤਰ ਪੁਜਾ। ਅਤੇ ਇਸ ਸੱਦਾ-ਪੱਤਰ ਪਿਛੋਂ ਹਰ ਸਾਲ ਹੀ ਇਨ੍ਹਾਂ ਗਰਮੀ ਦੇ ਦਿਨਾਂ ਵਿਚ ਆਪ ਜੀ ਪੁਜਦੇ ਰਹੇ।

ਮਾਨਯੋਗ ਬਾਊ ਮੱਲ ਸਿੰਘ ਜੀ ਨੇ ਪੋਠੋਹਾਰ ਦੇ ਇਲਾਕਿਆਂ ਵਿਚ ਰਾਵਲਪਿੰਡੀ ਕੈਂਬਲਪੁਰ, ਸ੍ਰੀ ਪੰਜਾ ਸਾਹਿਬ, ਜੇਹਲਮ, ਰੁਹਤਾਸ ਅਤੇ ਫ਼ਰੰਟੀਅਰ ਵਿਚ ਪਿਸ਼ਾਵਰ, ਮਰਦਾਨ (ਮਿਹਾਰ) ਆਦਿ ਥਾਵਾਂ ਵਿਚ ਜਥੇ ਸਮੇਤ ਪੁਜ ਕੇ ਨਾਮ ਬਾਣੀ, ਕੀਰਤਨ ਤੇ ਅੰਮ੍ਰਿਤ-ਸੰਚਾਰ ਦੁਆਰਾ ਰੱਬੀ ਦਾਤਾਂ ਦਾ ਛੱਟਾ ਦਿੰਦੇ ਹੋਏ ਵਿਚਰਦੇ ਰਹੇ। ਇਨ੍ਹਾਂ ਇਲਾਕਿਆਂ ਵਿਚ ਸ੍ਰੀ ਬਾਊ ਜੀ ਵਲੋਂ ਸਿੱਖੀ ਪਰਚਾਰ ਦੀ ਚਲਾਈ ਹੋਈ ਰੌ ਵਿਚ ਐਸੇ ਰੰਗ ਬੱਝੇ ਕਿ ਪਿਛੋਂ 1930 ਵਿਚ ਭਾਈ ਸਾਹਿਬ ਜੀ ਵੀ ਜੇਲ੍ਹ-ਯਾਤਰਾ ਤੋਂ ਰਿਹਾ ਹੋ ਕੇ ਆਪਣਾ ਕਾਫੀ ਸਮਾਂ ਇਧਰ ਹੀ ਬਿਤਾਂਦੇ ਰਹੇ।

## ਰਾਵਲਪਿੰਡੀ ਵਿਚ ਪਹਿਲੀ ਫੇਰੀ ਅਤੇ ਬੀਬੀ ਕੁੰਦਨ ਕੌਰ ਦੀ ਅਰੋਗਤਾ ਦਾ ਕੌਤਕ

ਸੰਨ 1929 ਵਿਚ ਪਹਿਲੀ ਵਾਰ ਸ੍ਰੀਮਾਨ ਬਾਊ ਜੀ ਨੂੰ ਆਪਣੇ ਪਿੰਡ 52/2 ਐਲ

(ਉਕਾੜਾ) ਵਿਖੇ, ਜਥੇ ਸਮੇਤ ਰਾਵਲਪਿੰਡੀ ਪੁਜਣ ਲਈ ਪ੍ਰੇਰਨਾ ਕੀਤੀ ਗਈ। ਜਦੋਂ ਬਾਊ ਜੀ ਤੇ ਜਥਾ ਪਿੰਡੀ ਪੁਜਾ ਤਾਂ ਅਗੇ ਜਾਂਦਿਆਂ ਨੂੰ ਡਾਕਟਰ ਗੁਰਬਖਸ਼ ਸਿੰਘ ਜੀ ਦੀ ਜੁਆਨ ਬੱਚੀ ਕੁੰਦਨ ਕੌਰ ਟੀ.ਬੀ. ਨਾਲ ਸਖ਼ਤ ਬੀਮਾਰ ਪਈ ਸੀ। ਡਾਕਟਰੀ ਰਾਏ ਅਨੁਸਾਰ ਬੀਬੀ ਨੂੰ ਪਿੰਡੀ ਲਾਗੇ ਮਰੀ ਪਹਾੜ 'ਤੇ ਸਾਂਵਲੀ ਚਸ਼ਮੇ ਲਾਗੇ ਰਖਿਆ ਹੋਇਆ ਸੀ, ਕਿਉਂਕਿ ਇਸ ਚਸ਼ਮੇ ਦੇ ਪਾਣੀ ਅਤੇ ਇਸ ਅਸਥਾਨ ਦੇ ਵਾਯੂ-ਮੰਡਲ ਨੂੰ, ਲਾਹੌਰ ਦੇ ਵੱਡੇ ਡਾਕਟਰ ਵੀ ਇਸ ਨਾਮੁਰਾਦ ਬੀਮਾਰੀ ਲਈ ਸਿਹਤ ਅਫਜ਼ਾ ਤੇ ਗੁਣਕਾਰੀ ਗਿਣਦੇ ਸਨ। ਪਰ ਡਾ. ਗੁਰਬਖਸ਼ ਸਿੰਘ ਜੀ ਦਾ "ਸਰਬ ਰੋਗ ਕਾ ਅਉਖਦੁ ਨਾਮੁ" (ਗਉੜੀ ਮ: ੫, ਅਸ਼: ੯, ਪਉੜੀ ੫, ਪੰਨਾ ੨੭੪) ਦੇ ਗੁਰ-ਹੁਕਮ 'ਤੇ ਅਟੱਲ ਵਿਸ਼ਵਾਸ ਸੀ। ਉਨ੍ਹਾਂ ਦੇ ਬੇਨਤੀ ਕਰਨ 'ਤੇ ਜਥਾ ਦੋ-ਤਿੰਨ ਦਿਨ ਰਾਵਲਪਿੰਡੀ ਕੀਰਤਨ ਕਰ ਕੇ ਸਾਂਵਲੀ ਪੁਜ ਗਿਆ।

ਉਹ ਸੁੰਦਰ ਜਗ੍ਹਾ ਅਤਿਅੰਤ ਸਾਫ਼ ਸੁਥਰੀ, ਚੀਲਾਂ ਦੇ ਜੰਗਲ ਵਿਚ ਘਿਰੀ ਹੋਈ ਸੀ। ਟੀ.ਬੀ. ਦੀ ਬੀਮਾਰੀ ਲਈ ਚਸ਼ਮੇ ਦੇ ਪਾਣੀ ਨਾਲੋਂ ਵੀ ਜ਼ਿਆਦਾ ਗੁਣਕਾਰੀ, ਚੀਲਾਂ ਦੀ ਸਾਫ਼ ਤੇ ਸੁਗੰਧਤ ਹਵਾ ਗਿਣੀ ਜਾਂਦੀ ਹੈ। ਇਹ ਚਸ਼ਮਾ ਪੱਕੀ ਸੜਕ ਤੋਂ ਦੂਰ ਨਹੀਂ ਸੀ। ਉਚਾਈ ਵੀ ਕੋਈ ਬਹੁਤੀ ਨਹੀਂ ਸੀ। ਚਸ਼ਮੇ ਦੇ ਪਾਸ ਸਿਰਫ਼ ਦੋ ਕਮਰੇ, ਰਸੋਈ ਤੇ ਗੁਸਲਖਾਨਾ ਸੀ, ਜਿਨ੍ਹਾਂ ਨੂੰ ਸਫ਼ੈਦੀ ਹੋਈ ਹੋਈ ਸੀ। ਚਸ਼ਮੇ ਲਾਗੇ ਥੋੜੀ ਜਿਹੀ ਥਾਂ ਦਰੱਖ਼ਤਾਂ ਤੋਂ ਖਾਲੀ ਸੀ, ਜਿਵੇਂ ਕੁਦਰਤ ਨੇ ਹੀ ਸੋਦਰ ਦੇ ਕੀਰਤਨ ਪਾਠ-ਦੀਵਾਨ ਵਾਸਤੇ ਨੀਯਤ ਕਰ ਰਖੀ ਹੋਵੇ। ਬਾਕੀ ਸਾਰੀ ਜਗ੍ਹਾ ਵਿਚ ਚੀਲਾਂ ਦੀਆਂ ਚੋਟੀਆਂ ਅਸਮਾਨ ਨੂੰ ਛੂੰਹਦੀਆਂ ਸਨ। ਸਾਰੀ ਧਰਤੀ ਬੜੀ ਸਾਫ਼-ਸੁਥਰੀ ਸੀ ਤੇ ਚੀਲਾਂ ਦੇ ਪੱਤੇ ਡਿੱਗ ਡਿੱਗ ਕੇ ਸੋਹਣਾ ਮੋਟਾ ਗੱਦਾ ਬਣਿਆ ਹੋਇਆ ਸੀ, ਜਿਸ ਕਰਕੇ ਸ਼ਾਮ ਨੂੰ ਸੋਦਰ ਦੇ ਦੀਵਾਨ ਸਮੇਂ ਦਰੀ ਆਦਿ ਵਿਛਾਣ ਦੀ ਲੋੜ ਨਹੀਂ ਸੀ ਪੈਂਦੀ। ਇਹ ਰਮਣੀਕ ਥਾਂ ਪਹਾੜ ਦੀ ਵੈਲੀ (ਵਾਦੀ) ਵਿਚ ਸੀ, ਜੋ ਕਿ ਚੌਂਹੀਂ ਪਾਸੀਂ ਪਹਾੜ ਦੀਆਂ ਛੋਟੀਆਂ ਛੋਟੀਆਂ ਚੋਟੀਆਂ ਨਾਲ ਘਿਰੀ ਹੋਈ ਸੀ। ਚੌਦ੍ਹਵੀਂ ਦੀ ਰਾਤੇ, ਸਾਫ਼ ਸੁਥਰੇ ਅਸਮਾਨ ਵਿਚ, ਰੁਮਕਦੀ ਹਵਾ ਵਿਚ ਛੋਟੀਆਂ ਬਦਲੀਆਂ ਮੰਡਲਾ ਰਹੀਆਂ ਹੋਣ ਤਾਂ ਉਸ ਨਵ-ਜੋਬਨ ਬਹਾਰ ਵਿਚ ਚੀਲਾਂ ਦੇ ਦਰੱਖ਼ਤਾਂ ਵਿਚ ਚੰਦ ਦੀ ਚਾਨਣੀ, ਛਣ ਛਣ ਕੇ ਐਸੀ ਸੁੰਦਰਤਾ ਨਾਲ ਧਰਤੀ 'ਤੇ ਚਾਂਦੀ ਵਿਛਾ ਰਹੀ ਹੁੰਦੀ ਕਿ ਉਸ ਨੂੰ ਅਖਰਾਂ ਵਿਚ ਬਿਆਨ ਕਰਨਾ ਔਖਾ ਹੈ। ਇਸ ਅਲੌਕਿਕ ਕੁਦਰਤੀ ਨਜ਼ਾਰੇ ਦੀ ਸੁਹੱਪਣ ਅਜਬ ਤੇ ਅਕੱਥਨੀਯ ਸੀ। ਚੌਗਿਰਦੇ ਦੀ ਲਹਿ ਲਹਿ ਕਰਦੀ ਹਰਿਆਵਲ ਅੱਖਾਂ ਥਾਣੀਂ ਹਿਰਦੇ ਵਿਚ ਧਸਦੀ ਜਾਂਦੀ ਸੀ, ਜੋ ਮਨ ਤਨ ਠਾਰ ਰਹੀ ਸੀ।

ਜਦੋਂ ਪਹਿਲੀ ਸ਼ਾਮ ਉਸ ਅਸਥਾਨ 'ਤੇ ਸੋਦਰ ਦਾ ਦੀਵਾਨ ਸਜਿਆ ਤੇ ਕੀਰਤਨ ਦੀਆਂ ਧੁਨੀਆਂ ਪਹਾੜ ਦੀਆਂ ਚੋਟੀਆਂ ਨਾਲ ਟਕਰਾ ਕੇ ਗੂੰਜੀਆਂ ਤਾਂ ਸਮੂਹ ਪਿਆਰਿਆਂ ਨੇ ਇਤਨਾ ਅਨੰਦ ਮਾਣਿਆ ਕਿ ਜਿਸ ਦਾ ਜ਼ਿੰਦਗੀ ਵਿਚ ਅਗੇ ਕਦੇ ਵੀ ਤਜਰਬਾ ਨਹੀਂ ਸੀ ਹੋਇਆ।

ਇਸ ਅਸਥਾਨ ਦੀ ਅਚਰਜ ਸੁੰਦਰਤਾ ਦੀ ਖਿੱਚ ਦਾ ਇਕ ਕੌਤਕ ਇਥੇ ਹੀ ਵਰਨਣ ਕਰਨਾ ਯੋਗ ਹੈ। ਜਦੋਂ ਇਥੇ ਦੂਸਰਾ ਅਖੰਡਪਾਠ ਰਖਿਆ ਗਿਆ ਅਤੇ ਅਗਲੇ

ਅੰਮ੍ਰਿਤ ਵੇਲੇ ਮਧ ਦਾ ਅਰਦਾਸਾ ਹੋਇਆ ਤੇ ਕੜਾਹ ਪ੍ਰਸ਼ਾਦ ਸੰਗਤ ਵਿਚ ਵਰਤਾਇਆ ਗਿਆ ਤਾਂ ਦਾਸ ਦੇ ਅੰਦਰ ਐਸਾ ਤਰੰਗ ਉਠਿਆ ਕਿ ਵਾਜਾ ਚੁਕ ਕੇ ਇਕ ਲਾਗਲੀ ਪਹਾੜੀ ਅਤੇ ਸੋਹਣੀ ਉਚੀ ਜਗ੍ਹਾ ਤੇ, ਜੋ ਉਸ ਚਸ਼ਮੇ ਤੋਂ ਨਜ਼ਰ ਆਉਂਦੀ ਸੀ, ਜਾ ਬੈਠਾ। ਅੰਦਰੋਂ ਸ਼ਬਦ ਦੀ ਤਰੰਗ ਉਠੀ ਤੇ ਇਹ ਗਾਵਿਆ ਗਿਆ :

**ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥**

*(ਮਾਝ ਮਹਲਾ ੫, ਪੰਨਾ ੯੬)*

ਉਸ ਸੁੰਞੀ ਪਰ ਸੁਹਾਵਣੀ ਇਕਾਂਤ ਵਿਚ ਸਵੇਰ ਦੇ ਵਕਤ ਜਦੋਂ ਸ਼ਬਦ ਦੀ ਗੂੰਜ ਕਈ ਪਹਾੜੀ ਚੋਟੀਆਂ ਨਾਲ ਟਕਰਾ ਕੇ ਵਾਪਸ ਮੁੜੀ ਤਾਂ ਗੁਰਬਾਣੀ ਦੀ ਪਾਰਸ ਕਲਾ ਦਾ ਅਜਿਹਾ ਕੀਰਤਨ ਰਸ ਬੱਝਾ, ਜਿਸ ਨੂੰ ਮਨ ਹੀ ਮਹਿਸੂਸ ਕਰ ਸਕਦਾ ਸੀ, ਦਸਣਾ ਮੁਸ਼ਕਲ ਹੈ। ਸ਼ਬਦ ਵੀ ਵੈਰਾਗ ਭਰਿਆ ਸੀ। ਸੱਚੇ ਪਾਤਸ਼ਾਹ ਦੀ ਐਸੀ ਖੇਡ ਵਰਤੀ ਕਿ ਜਿਸ ਜਿਸ ਗੁਰਮੁਖ ਪਿਆਰੇ ਦੇ ਕੰਨੀਂ ਇਹ ਕੀਰਤਨ-ਗੂੰਜਾਂ ਪਈਆਂ, ਉਹ ਬਿਹਬਲਤਾ ਭਰੀ ਖਿਚ ਵਿਚ ਖਿਚੀਂਦਾ ਉਥੇ ਪੁਜ ਕੇ ਜੁੜਦਾ ਗਿਆ। ਸਾਰੇ ਗੁਰਮੁਖ ਪਿਆਰੇ ਪੁਜ ਗਏ। ਸ੍ਰੀ ਮਾਨ ਬਾਊ ਜੀ ਵੀ ਪੁਜ ਗਏ। ਕੇਵਲ ਭਾਈ ਅਤਰ ਸਿੰਘ ਜੀ ਪਿਛੇ ਰਹਿ ਗਏ, ਜੋ ਪਾਠ ਕਰ ਰਹੇ ਸਨ ਜਾਂ ਇਕ ਬੀਬੀ ਜੀ, ਜੋ ਸੇਵਾ 'ਤੇ ਹਾਜ਼ਰ ਸਨ। ਸਾਰਾ ਮੰਡਲ ਹੀ ਗੁਰਬਾਣੀ-ਰਸ-ਮਹਿਕਾਂ ਨਾਲ ਮਹਿਕ ਉਠਿਆ। ਤਕਰੀਬਨ ਇਕ ਘੰਟੇ ਪਿਛੋਂ ਮਾਨਯੋਗ ਬਾਊ ਜੀ ਨੇ ਹੁਕਮ ਕੀਤਾ ਕਿ ਭੋਗ ਪੈ ਜਾਵੇ, ਕਿਉਂਕਿ ਪਾਠੀ ਸਿੰਘ ਦੇ ਬਦਲੀ ਕਰਨ ਦਾ ਸਮਾਂ ਹੋ ਗਿਆ ਸੀ।

ਜਿਵੇਂ ਕਿ ਪਿਛੇ ਦਸਿਆ ਗਿਆ ਹੈ ਕਿ ਜਿਸ ਦਿਨ ਜਥਾ ਉਥੇ ਪੁਜਾ ਤਾਂ ਸ਼ਾਮ ਦਾ ਦੀਵਾਨ ਉਥੇ ਚਸ਼ਮੇ ਦੇ ਪਾਸ ਹੀ ਸਜਾਇਆ ਗਿਆ। ਅਗਲੀ ਸਵੇਰ ਸੰਗਤ ਨੇ ਇਸ਼ਨਾਨ ਤੇ ਨਿਤਨੇਮ ਪਿਛੋਂ ਕਮਰੇ ਵਿਚ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਕਰ ਕੇ ਦੀਵਾਨ ਸਜਾਇਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਬਾਊ ਜੀ ਨੇ ਬੜੇ ਵੈਰਾਗ ਵਿਚ ਬੀਬੀ ਕੁੰਦਨ ਕੌਰ ਦੀ ਦੇਹ-ਅਰੋਗਤਾ ਦੀ ਅਰਦਾਸ ਕੀਤੀ ਸੀ। ਸ੍ਰੀ ਅਖੰਡਪਾਠ ਆਰੰਭ ਹੋ ਗਿਆ ਅਤੇ ਬੀਬੀ ਜੀ ਦਾ ਭੂਮ-ਆਸਣ ਉਸੇ ਕਮਰੇ ਵਿਚ ਕਰ ਕੇ ਤਾਕੀਦ ਕੀਤੀ ਗਈ ਕਿ ਕੰਨਾਂ ਨਾਲ ਸ੍ਰੀ ਅਖੰਡਪਾਠ ਸ੍ਰਵਣ ਕਰਨਾ ਹੈ ਤੇ ਰਸਨਾ ਨਾਲ ਗੁਰ-ਮੰਤਰ ਦਾ ਜਾਪ ਕਰਨਾ ਹੈ। ਬਾਕੀ ਸੰਗਤ ਵੀ ਸਾਰਾ ਵਕਤ ਇਸੇ ਤਰ੍ਹਾਂ ਜੁਟ ਗਈ। ਸ਼ਾਮ ਨੂੰ ਸੋਦਰ ਦਾ ਦੀਵਾਨ ਚਸ਼ਮੇ ਲਾਗੇ ਹੀ ਸਜਦਾ ਰਿਹਾ। ਖਾਸ ਗੱਲ ਜੋ ਇਸ ਸਮਾਗਮ ਵਿਚ ਵੇਖੀ ਗਈ, ਉਹ ਇਹ ਸੀ ਕਿ ਇਸ ਇਕਾਂਤ ਥਾਂ ਵਿਚ ਗੁਰਬਾਣੀ-ਪਾਠ ਤੇ ਕੀਰਤਨ ਨਾਲ ਸਾਰਾ ਵਾਤਾਵਰਣ ਸੁਗੰਧਤ ਹੋ ਉਠਿਆ। ਦਸਮ ਪਾਤਸ਼ਾਹ ਜੀ ਦੇ ਮਹਾਂਵਾਕ :

**ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤਿ ਹੈ ॥੬॥੧॥੬੬॥**

*(ਅਕਾਲ ਉਸਤਤਿ, ਪਾ: ੧੦)*

ਦਾ ਨਜ਼ਾਰਾ ਸਾਖਸ਼ਾਤ ਹੋ ਉਠਿਆ। ਸਾਰਾ ਪਹਾੜ ਕੀਰਤਨ ਦੀਆਂ ਮਧੁਰ ਧੁਨਾਂ ਨਾਲ ਥਰਾਅ ਰਿਹਾ ਸੀ।

**ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥**
**ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥**

**ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ॥**
**ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ॥**
**ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ॥**
**ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ॥੫॥੧॥੩॥**

*(ਬਿਲਾਵਲੁ ਮ: ੫ ਛੰਤ, ਪੰਨਾ ੮੪੭)*

ਬੀਬੀ ਜੀ ਦੀ ਸਿਹਤਯਾਬੀ ਲਈ ਸੰਗਤ ਵਲੋਂ ਨਾਲ ਨਾਲ ਅਰਦਾਸਾਂ ਵੀ ਹੋ ਰਹੀਆਂ ਸਨ। ਇਸ ਤਰ੍ਹਾਂ ਇਥੋਂ ਦਾ ਵਾਯੂ-ਮੰਡਲ ਨਾਮ-ਬਾਣੀ ਨਾਲ ਭਰਪੂਰ ਹੋਇਆ ਪਿਆ ਅਉਖਧ ਦਾ ਕੰਮ ਕਰ ਰਿਹਾ ਸੀ।

ਬੀਬੀ ਕੁੰਦਨ ਕੌਰ ਪਹਿਲੀ ਸ਼ਾਮ ਹੀ ਡਾਕਟਰ ਸਾਹਿਬ ਨੂੰ ਕਹਿਣ ਲੱਗੀ ਕਿ ਉਹ ਆਪਣੇ ਸਰੀਰ ਨੂੰ ਪਹਿਲੇ ਨਾਲੋਂ ਸਵੱਸਥ ਮਹਿਸੂਸ ਕਰ ਰਹੀ ਹੈ। ਦੂਸਰੀ ਸ਼ਾਮ ਨੂੰ ਟੈਂਪ੍ਰੇਚਰ ਲਿਆ ਗਿਆ ਤਾਂ ਬੁਖ਼ਾਰ ਅਗੇ ਨਾਲੋਂ ਬਹੁਤ ਘਟ ਗਿਆ ਸੀ। ਬੜਾ ਹੌਂਸਲਾ ਹੋ ਗਿਆ। ਅਗਲੇ ਦਿਨ ਕੀਰਤਨ ਦੇ ਭੋਗ ਪਿਛੋਂ ਫਿਰ ਟੈਂਪ੍ਰੇਚਰ ਲਿਆ ਗਿਆ, ਜੋ 99 ਡਿਗਰੀ ਦੇ ਕਰੀਬ ਸੀ। ਡਾਕਟਰ ਸਾਹਿਬ ਨੇ ਸੰਗਤ ਵਿਚ ਉਠ ਕੇ ਸਤਿਗੁਰੂ ਜੀ ਦਾ ਧੰਨਵਾਦ ਕਰਦਿਆਂ ਖੁਸ਼ੀ ਪ੍ਰਗਟਾਈ ਤੇ ਕਿਹਾ ਕਿ ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਸ੍ਰੀ ਅਖੰਡਪਾਠ ਤੇ ਕੀਰਤਨ ਦੇ ਵਾਯੂ-ਮੰਡਲ ਵਿਚ ਬੀਬੀ ਜੀ ਨੂੰ ਬਹੁਤ ਅਰਾਮ ਆ ਗਿਆ ਹੈ। ਸ੍ਰੀ ਮਾਨ ਬਾਊ ਜੀ ਨੇ ਇਸ ਖੁਸ਼ੀ ਵਿਚ ਜੈਕਾਰਾ ਗਜਾਇਆ, ਅਤੇ ਕਹਿਣ ਲਗੇ ਕਿ ਜਦੋਂ ਇਲਾਜ ਦਾ ਪਰਤੱਖ ਸਬੂਤ ਮਿਲ ਗਿਆ ਹੈ ਤਾਂ ਹੋਰ ਉਡੀਕਣ ਦੀ ਕੀ ਲੋੜ ਹੈ? ਕਲ੍ਹ ਅੰਮ੍ਰਿਤ ਵੇਲੇ ਦੂਸਰਾ ਅਖੰਡਪਾਠ ਇਥੇ ਹੀ ਰਖਿਆ ਜਾਵੇ। ਬੀਬੀ ਜੀ ਤਾਂ ਬਹੁਤ ਹੌਂਸਲੇ ਵਿਚ ਹੋ ਗਏ ਤੇ ਸਾਰੀ ਸੰਗਤ ਨੇ ਬੜੀ ਖੁਸ਼ੀ ਮਨਾਈ। ਇਨ੍ਹਾਂ ਰੰਗਾਂ ਵਿਚ ਹੀ ਦੂਸਰੇ ਅਖੰਡਪਾਠ ਦਾ ਅਰੰਭ ਕਰਕੇ ਭੋਗ ਪਾਇਆ ਗਿਆ ਅਤੇ ਕੀਰਤਨ ਹੋ ਕੇ ਜਦੋਂ ਦੀਵਾਨ ਦੀ ਸਮਾਪਤੀ ਹੋਈ ਤਾਂ ਡਾਕਟਰ ਸਾਹਿਬ ਨੇ ਥਰਮਾਮੀਟਰ ਲਾ ਕੇ ਦਸਿਆ ਕਿ ਬੁਖ਼ਾਰ ਬਿਲਕੁਲ ਉਤਰ ਗਿਆ ਹੈ। ਸੰਗਤ ਨੇ ਖੁਸ਼ੀ ਵਿਚ ਕਈ ਜੈਕਾਰੇ ਗਜਾਏ। ਬਾਊ ਜੀ ਕਹਿਣ ਲੱਗੇ ਕਿ ਹੁਣ ਬੀਬੀ ਨੂੰ ਸਾਂਵਲੀ ਤੋਂ ਨਾਲ ਹੀ ਰਾਵਲਪਿੰਡੀ ਲੈ ਚਲੋ, ਉਥੇ ਨਾਮ ਬਾਣੀ, ਕੀਰਤਨ-ਪ੍ਰਵਾਹ ਤੇ ਸੰਗਤ ਦੀ ਅਰਦਾਸ ਸਦਕਾ ਠੀਕ ਹੋ ਜਾਵੇਗੀ।

ਪਹਿਲੇ ਸ੍ਰੀ ਅਖੰਡਪਾਠ ਦੇ ਭੋਗ ਪਿਛੋਂ ਹੀ ਪਿੰਡੀ ਵਿਚ ਖ਼ਬਰ ਪੁਜ ਗਈ ਸੀ ਕਿ ਸਤਿਗੁਰੂ ਜੀ ਦੀ ਜ਼ਾਹਰੀ ਕਲਾ ਦਾ ਪ੍ਰਤੱਖ ਸਬੂਤ ਮਿਲ ਗਿਆ ਹੈ। ਓਦੋਂ ਹੀ ਫ਼ੈਸਲਾ ਹੋ ਗਿਆ ਕਿ ਰਾਵਲਪਿੰਡੀ ਵਾਪਸੀ 'ਤੇ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਤੀਜਾ ਅਖੰਡਪਾਠ ਰਖਿਆ ਜਾਵੇ ਅਤੇ ਨਾਲ ਹੀ ਅੰਮ੍ਰਿਤ-ਸੰਚਾਰ ਭੀ ਹੋਵੇ। ਪਿੰਡੀ ਦੇ ਪ੍ਰਸਿੱਧ, ਕੇਂਦਰੀ ਸਰਕਾਰ ਦੇ ਠੇਕੇਦਾਰ, ਰਾਏ ਬਹਾਦਰ ਬੂਟਾ ਸਿੰਘ, ਜੋ ਬੀਬੀ ਇੰਦਰ ਕੌਰ ਜੀ ਦੇ ਨਾਨਾ ਜੀ ਸਨ, ਦੇ ਸ਼ਾਹੀ ਮਹੱਲਾਂ ਵਰਗੇ ਘਰ ਉਤਾਰਾ ਕੀਤਾ ਗਿਆ, ਕਿਉਂਕਿ ਉਸ ਪਰਿਵਾਰ ਨੇ ਵੀ ਅੰਮ੍ਰਿਤ ਛਕਣਾ ਸੀ। ਬੀਬੀ ਇੰਦਰ ਕੌਰ ਜੀ ਦੇ ਪਤੀ ਡਾਕਟਰ ਪ੍ਰਗਟ ਸਿੰਘ ਜੀ ਦੀ ਸਾਂਵਲੀ ਸਮਾਗਮ ਸਮੇਂ ਸ੍ਰੀਮਾਨ ਬਾਊ ਜੀ ਨਾਲ ਭੇਂਟ ਹੋਈ। ਬਾਊ ਜੀ ਨੇ ਉਨ੍ਹਾਂ ਨੂੰ ਆਪਣੀ ਜੱਫੀ ਵਿਚ ਘੁਟ ਲਿਆ ਤਾਂ ਡਾਕਟਰ ਜੀ ਦੇ ਸਰੀਰ ਵਿਚ ਇਕ ਅਜੀਬ ਜਿਹੀ

ਝੁਣਝੁਣੀ ਛਿੜ ਪਈ ਅਤੇ ਅੰਤਰ-ਆਤਮੇ ਐਸੀ ਦਸ਼ਾ ਬਣ ਗਈ ਜਿਵੇਂ ਕਿ ਨਾਮ ਦੀ ਅਗੰਮੀ ਰੌਂ ਚਲ ਪੈਂਦੀ ਹੈ।

## ਅੰਮ੍ਰਿਤ ਸੰਚਾਰ ਸਮਾਗਮ ਤੇ ਮਾਈ ਕੁੰਜੀ

ਬੀਬੀ ਕੁੰਦਨ ਕੌਰ ਦੇ ਨਾਮ-ਬਾਣੀ ਕੀਰਤਨ ਨਾਲ ਰਾਜ਼ੀ ਹੋਣ ਦੀ ਕੀਰਤੀ ਸ਼ਹਿਰ ਦੀਆਂ ਸਭ ਸਿਖ ਸੰਗਤਾਂ ਵਿਚ ਫੈਲ ਚੁੱਕੀ ਸੀ। ਸੋ ਇਸ ਤੀਜੇ ਅਖੰਡਪਾਠ ਦੇ ਭੋਗ ਉਪਰੰਤ ਪੰਜਾਹ-ਸੱਠ ਦੇ ਕਰੀਬ ਮਾਈ-ਭਾਈ ਅੰਮ੍ਰਿਤ ਛਕਣ ਲਈ ਬੜੇ ਚਾਉ-ਉਮਾਹਿਆਂ ਵਿਚ ਤਿਆਰ ਹੋ ਗਏ। ਅੰਮ੍ਰਿਤ ਦਾ ਬਾਟਾ ਤਿਆਰ ਹੋਇਆ। ਜਦੋਂ ਪਹਿਲੀ ਹੀ ਬੀਬੀ (ਭਾਈ ਡੋਗਰ ਸਿੰਘ ਜੀ ਦੀ ਪਤਨੀ, ਜੋ ਪਿਛੋਂ ਮਾਈ ਕੁੰਜੀ ਦੇ ਨਾਂ ਨਾਲ ਜਥੇ ਵਿਚ ਪ੍ਰਸਿੱਧ ਹੋਈ) ਨੂੰ ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾ ਕੇ ਗੁਰ-ਮੰਤਰ ਦ੍ਰਿੜ੍ਹ ਕਰਵਾਇਆ ਤਾਂ ਉਸ ਨਾਮ ਜਪਦੀ ਜਪਦੀ ਦੀਆਂ ਅੱਖਾਂ ਟਟਾਰੇ ਲਗ ਗਈਆਂ, ਸੁਰਤੀ ਬਿਰਤੀ ਚੜ੍ਹ ਗਈ। ਗੁਰਵਾਕ :

**ਹਉ ਆਕਲ ਬਿਕਲ ਭਈ ਗੁਰ ਦੇਖੇ**
**ਹਉ ਲੋਟ ਪੋਟ ਹੋਇ ਪਈਆ ॥੧॥ ਰਹਾਉ ॥੫॥੮॥**

*(ਬਿਲਾਵਲੁ ਮ: ੪, ਪੰਨਾ ੮੩੬)*

**ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ ॥੨॥੪੪॥**

*(ਬਿਲਾਵਲੁ ਮ: ੪, ਪੰਨਾ ੮੧੪)*

ਵਾਲੀ ਬਿਸਮਾਦ ਦਸ਼ਾ ਹੋ ਗਈ। ਉਸ ਤੋਂ ਪਿਛੋਂ ਜੋ ਜੋ ਅੰਮ੍ਰਿਤ ਅਭਿਲਾਖੀ ਅੰਮ੍ਰਿਤ-ਚੁਲੇ ਲੈਂਦਾ ਗਿਆ, ਉਹ ਇਸੇ ਤਰ੍ਹਾਂ ਹੀ ਚਲੂਲੇ ਰੰਗਾਂ ਵਿਚ ਮਖ਼ਮੂਰ ਹੁੰਦਾ ਗਿਆ। ਸਾਂਵਲੀ ਤੇ ਪਿੰਡੀ ਦੇ ਇਨ੍ਹਾਂ ਅਖੰਡਪਾਠ-ਸਮਾਗਮਾਂ ਤੇ ਇਸ ਅਲੌਕਿਕ ਅੰਮ੍ਰਿਤ-ਸਿੰਚਾਰ ਸਮਾਗਮ ਦੇ ਚਮਤਕਾਰ ਸਿਖ ਸੰਗਤਾਂ ਵਿਚ ਇੰਨੇ ਧੁੰਮੇ ਕਿ ਹੋਰ ਅਨੇਕਾਂ ਅਭਿਲਾਖੀ ਅੰਮ੍ਰਿਤ ਛਕਣ ਨੂੰ ਤਿਆਰ ਹੋ ਗਏ। ਫ਼ੈਸਲਾ ਹੋਇਆ ਕਿ ਆਉਂਦੇ ਸਾਲ ਅਖੰਡਪਾਠ ਤੇ ਅੰਮ੍ਰਿਤ-ਸੰਚਾਰ ਸਮਾਗਮ ਮਾਈ ਕੁੰਜੀ ਦੇ ਘਰ ਹੀ ਕੀਤਾ ਜਾਵੇ, ਤਾਂ ਜੁ ਮਾਈ ਕੁੰਜੀ ਵਰਗੀ ਕੋਈ ਹੋਰ ਰੰਗ ਲਾਉਣ ਵਾਲੀ ਮੁਸ਼ਕਣ-ਬੂਟੀ ਮਿਲ ਜਾਵੇ।

## ਪਿੰਡੀ ਵਿਚ ਦੂਜੀ ਪਰਚਾਰ-ਫੇਰੀ

ਰਾਵਲਪਿੰਡੀ ਦੀਆਂ ਸੰਗਤਾਂ ਦੀ ਪ੍ਰੇਮ-ਖਿੱਚ ਦਾ ਸਦਕਾ ਨਿਰਬਾਣ ਕੀਰਤਨੀ ਜਥਾ ਸ੍ਰੀ ਬਾਊ ਜੀ ਦੇ ਸੰਗ ਸਾਥ ਦੂਜੀ ਵਾਰ 1930 ਵਿਚ ਉਥੇ ਪੁੱਜਾ। ਪਿਛਲੇ ਸਾਲ ਦੇ ਕੀਤੇ ਫ਼ੈਸਲੇ ਮੁਤਾਬਕ ਐਤਕੀਂ ਅਖੰਡਪਾਠ ਸਮਾਗਮ 'ਤੇ ਅੰਮ੍ਰਿਤ-ਸੰਚਾਰ ਮਾਈ ਕੁੰਜੀ ਦੇ ਘਰ ਵਿਚ ਰਖਿਆ ਗਿਆ ਤਾਂ ਜੁ ਮਾਈ ਕੁੰਜੀ ਦੀ ਰੰਗ-ਰਤੜੀ ਦਸ਼ਾ ਵਿਚ, ਨਾਮ-ਸਿਮਰਨ ਨਾਲ ਪਵਿੱਤਰ ਹੋਏ ਮਾਹੌਲ ਵਿਚ ਅਗੰਮੀ ਕਲਾ ਹੋਰ ਵੀ ਵਧੇਰੇ ਰੰਗ ਲਿਆਵੇ ਅਤੇ ਅੰਮ੍ਰਿਤ ਅਭਿਲਾਖੀਆਂ ਤੇ ਨਾਮ ਦੇ ਰੰਗ ਵਧੇਰੇ ਗਹਿ ਗਡਵੇਂ ਚੜ੍ਹਨ।

ਇਸ ਸਮਾਗਮ ਵਿਚ ਅੰਮ੍ਰਿਤ-ਅਭਿਲਾਖੀਆਂ ਨੇ ਵਧ ਤੋਂ ਵਧ ਹਾਜ਼ਰੀਆਂ ਭਰੀਆਂ ਤੇ ਪਾਠ ਸ੍ਰਵਣ ਕੀਤਾ। ਅੰਮ੍ਰਿਤ-ਸੰਚਾਰ ਸਮਾਗਮ ਆਰੰਭ ਹੋਇਆ ਤਾਂ ਰੰਗ-ਰਤੜੀ

ਮਾਈ ਕੁੰਜੀ ਨੂੰ ਵੀ ਲਾਗੇ ਹੀ ਬਿਠਾ ਲਿਆ ਗਿਆ। ਇਹ ਮਾਈ ਨਾਮ ਦੇ ਬੜੇ ਚਲੂਲੇ ਰੰਗਾਂ ਵਿਚ ਵਿਚਰ ਰਹੀ ਸੀ। ਬਸ ਜੋ ਜੋ ਪ੍ਰਾਣੀ ਵੀ ਅੰਮ੍ਰਿਤ ਛਕੇ, ਛਕਦੇ ਸਾਰ ਹੀ ਨਾਮ ਦੇ ਅਗੰਮੀ ਰੰਗਾਂ ਵਿਚ ਗੜੂੰਦ ਹੁੰਦਾ ਜਾਵੇ। ਪਿੰਡੀ ਦੀਆਂ ਕਈ ਉੱਘੀਆਂ ਤੇ ਨਾਮਵਰ ਹਸਤੀਆਂ ਇਸ ਅੰਮ੍ਰਿਤ-ਸਮਾਗਮ ਵਿਚੋਂ ਅੰਮ੍ਰਿਤ ਛਕ ਕੇ ਤਿਆਰ ਹੋਈਆਂ। ਇਸੇ ਸਮਾਗਮ ਵਿਚ ਬੀਬੀ ਇੰਦਰ ਕੌਰ ਜੀ ਅਤੇ ਉਨ੍ਹਾਂ ਦੇ ਪਤੀ ਡਾ. ਪ੍ਰਗਟ ਸਿੰਘ ਜੀ ਨੂੰ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ। ਇਸ ਸਮਾਗਮ ਦੀ ਅਲੌਕਿਕ ਕਲਾ ਵਾਲੀ ਹੱਡ-ਬੀਤੀ ਵਾਰਤਾ ਬੀਬੀ ਇੰਦਰ ਕੌਰ ਜੀ ਦੀ ਜ਼ਬਾਨੀ ਹੇਠਾਂ ਦਿੱਤੀ ਜਾਂਦੀ ਹੈ :-

## ਅੰਮ੍ਰਿਤ ਦੀ ਦਾਤ ਤੇ ਕਰੜੀ ਪ੍ਰੀਖਿਆ (ਪ੍ਰਿੰਸੀਪਲ ਬੀਬੀ ਇੰਦਰ ਕੌਰ ਜੀ)

ਮੇਰੇ ਅੰਮ੍ਰਿਤ ਛਕਣ ਦੀ ਵਾਰਤਾ ਬੜੀ ਅਸਚਰਜ ਹੈ। ਮੇਰੇ ਮਾਮਾ ਜੀ ਦੀ ਲੜਕੀ ਬੀਬੀ ਸੁਰਿੰਦਰ ਕੌਰ ਨੇ ਨਿਰਬਾਣ ਕੀਰਤਨੀ ਜਥੇ ਪਾਸੋਂ ਅੰਮ੍ਰਿਤ ਛਕਿਆ ਤਾਂ ਉਸ ਦੇ ਜੀਵਨ ਵਿਚ ਭਾਰੀ ਤਬਦੀਲੀ ਆ ਗਈ। ਉਹ ਮੈਨੂੰ ਜਦੋਂ ਵੀ ਮਿਲਦੀ, ਨਾਮ ਬਾਣੀ ਦੀਆਂ ਗੱਲਾਂ ਕਰਦੀ ਅਤੇ ਅੰਮ੍ਰਿਤ ਛਕਣ ਸਮੇਂ ਦੇ ਅਸਚਰਜ ਵਾਯੂ-ਮੰਡਲ ਬਾਰੇ ਦੱਸਦੀ। ਜਦੋਂ ਮੈਂ ਉਸ ਨੂੰ ਹੋਰ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਣ ਲਈ ਬੇਨਤੀ ਕਰਦੀ ਤਾਂ ਉਹ ਅੱਖਾਂ ਮੀਟ ਕੇ ਚੁੱਪ ਹੋ ਜਾਂਦੀ। ਬਸ ਇਤਨਾ ਹੀ ਕਹਿੰਦੀ-

**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥**

*(ਪੰਨਾ ੧੩੭੦)*

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥**

*(ਪੰਨਾ ੩੩੪)*

ਇਹ ਸੁਣ ਕੇ ਮੇਰੇ ਮਨ ਵਿਚ ਵੀ ਅੰਮ੍ਰਿਤ ਛਕਣ ਦੀ ਚਾਹ ਪ੍ਰਬਲ ਹੋ ਉੱਠਦੀ। ਮੇਰੇ ਪਤੀ ਡਾਕਟਰ ਪ੍ਰਗਟ ਸਿੰਘ ਜੀ ਨੇ ਸ਼ਾਦੀ ਤੋਂ ਪਹਿਲਾਂ ਅੰਮ੍ਰਿਤ ਛਕਿਆ ਹੋਇਆ ਸੀ ਅਤੇ ਮੈਨੂੰ ਅੰਮ੍ਰਿਤ ਛਕਾਉਣ ਦਾ ਇਕਰਾਰ ਵੀ ਕੀਤਾ ਹੋਇਆ ਸੀ। ਮੈਂ ਜਦ ਵੀ ਉਹਨਾਂ ਨੂੰ ਆਪਣਾ ਕੀਤਾ ਇਕਰਾਰ ਚੇਤੇ ਕਰਾਉਂਦੀ ਤਾਂ ਉਹ ਇਕੋ ਉਤਰ ਦੇਂਦੇ, "ਕੋਈ ਉਚੇ ਜੀਵਨ ਵਾਲੇ ਗੁਰਸਿਖ ਮਿਲਣਗੇ ਤਾਂ ਅੰਮ੍ਰਿਤ ਛਕਾ ਦਿਆਂਗਾ।" ਆਪਣੀ ਭੈਣ ਤੋਂ ਇਸ ਜਥੇ ਦੀ ਸੋਭਾ ਸੁਣ ਕੇ ਮੈਨੂੰ ਬੜੀ ਤਸੱਲੀ ਮਿਲੀ ਕਿ ਇਹ ਤਾਂ ਨਾਮ ਜਪਣ ਵਾਲੇ ਕਿਰਤੀ ਸਿੰਘਾਂ ਦਾ ਜਥਾ ਹੈ, ਮੇਰੇ ਪਤੀ ਨੂੰ, ਮੈਨੂੰ ਇਨ੍ਹਾਂ ਤੋਂ ਅੰਮ੍ਰਿਤ ਛਕਾਉਣ ਵਿਚ ਪ੍ਰਸੰਨਤਾ ਹੋਵੇਗੀ।

ਮੇਰੇ ਪਤੀ ਜੀ ਪਿਛਲੇ ਸਾਲ ਜਦੋਂ ਸਾਂਵਲੀ ਸਮਾਗਮ ਪਿਛੋਂ ਬਾਊ ਜੀ ਨੂੰ ਮਿਲੇ ਸਨ ਤਾਂ ਜੋ ਅਨੰਦ ਉਨ੍ਹਾਂ ਦੇ ਦਰਸ-ਮਿਲਾਪ ਸਮੇਂ ਪ੍ਰਾਪਤ ਹੋਇਆ ਸੀ, ਉਸ ਨੇ ਉਨ੍ਹਾਂ ਨੂੰ ਮੋਹਿਤ ਕਰ ਲਿਆ ਸੀ। ਉਨ੍ਹਾਂ ਮਨ ਹੀ ਮਨ ਵਿਚ ਫ਼ੈਸਲਾ ਕਰ ਲਿਆ ਸੀ ਕਿ ਇਸ ਜਥੇ ਪਾਸੋਂ ਹੀ ਆਪਣੀ ਸੁਪਤਨੀ ਨੂੰ ਅੰਮ੍ਰਿਤ ਛਕਾਉਣਾ ਹੈ। ਪਰ ਇਥੇ ਇਕ ਹੋਰ ਇਹ ਅੜਿੱਚਣ ਆ ਪਈ ਕਿ ਮੇਰੇ ਪਤੀ ਜੀ, ਆਪ ਦੂਜੀ ਵਾਰ ਅੰਮ੍ਰਿਤ ਛਕਣ ਲਈ ਤਿਆਰ ਨਹੀਂ ਸਨ ਅਤੇ ਇਹ ਜਥਾ ਦੰਪਤੀ ਨੂੰ ਇਕੱਠਿਆਂ ਅੰਮ੍ਰਿਤ ਛਕਾਉਂਦਾ ਸੀ। ਮੇਰੇ ਮਨ ਦੀ ਇੱਛਾ ਦੀ ਪੂਰਤੀ ਕਿਵੇਂ ਹੋਵੇ, ਇਸ ਦਾ ਉਤਰ ਮੇਰੇ ਪਾਸ ਕੋਈ ਨਹੀਂ ਸੀ।

ਇਕ ਦਿਨ ਸ਼ਾਮ ਨੂੰ ਅਸੀਂ ਮਾਮੀ ਜੀ ਦੇ ਘਰ ਗਏ। ਇਸ ਜਥੇ ਦਾ ਪ੍ਰਸ਼ਾਦਾ ਉਨ੍ਹਾਂ ਦੇ ਘਰ ਸੀ। ਸਭ ਪ੍ਰਸ਼ਾਦਾ ਛਕ ਰਹੇ ਸਨ। ਮੈਂ ਆਪਣੀ ਭੈਣ ਨੂੰ ਇਕ ਪਾਸੇ ਲਿਜਾ ਕੇ ਕਿਹਾ, "ਕੀ ਇਹ ਮੈਨੂੰ ਵੀ ਅੰਮ੍ਰਿਤ ਛਕਾ ਦੇਣਗੇ?" ਉਸ ਨੇ ਕਿਹਾ, "ਕਿਉਂ ਨਹੀਂ? ਮੈਂ ਹੁਣੇ ਪੁਛ ਦਿੰਦੀ ਹਾਂ।" ਨਾਲ ਹੀ ਮੈਨੂੰ ਕਿਹਾ ਕਿ ਇਹ ਗਹਿਣੇ ਉਤਾਰਨੇ ਪੈਣਗੇ। ਮੈਂ ਰਤਾ ਸੋਚ ਕੇ ਕਿਹਾ, "ਕੋਈ ਗੱਲ ਨਹੀਂ, ਮੈਂ ਉਤਾਰ ਦਿਆਂਗੀ।"

ਇਹ ਮੈਨੂੰ ਜਥੇਦਾਰ ਬਾਊ ਮੱਲ ਸਿੰਘ ਜੀ ਪਾਸ ਲੈ ਗਈ ਅਤੇ ਉਨ੍ਹਾਂ ਨੂੰ ਕਿਹਾ, "ਜੀ, ਇਹ ਮੇਰੀ ਭੈਣ ਡਾਕਟਰ ਸਾਹਿਬ ਦੀ ਪਤਨੀ ਹੈ, ਇਹ ਆਪ ਜੀ ਦੇ ਜਥੇ ਪਾਸੋਂ ਅੰਮ੍ਰਿਤ ਪਾਨ ਕਰਨਾ ਚਾਹੁੰਦੀ ਹੈ।"

ਜਥੇਦਾਰ ਜੀ ਨੇ ਮੇਰੇ ਵਲ ਵੇਖਿਆ, ਪਰ ਕੁਝ ਨਾ ਬੋਲੇ। ਮੇਰਾ ਮਨ ਬੁੱਝ ਗਿਆ ਤੇ ਉਦਾਸ ਹੋ ਗਿਆ ਕਿ ਮੇਰੇ ਭਾਗਾਂ ਵਿਚ ਅੰਮ੍ਰਿਤ ਹੈ ਈ ਨਹੀਂ। ਇਨ੍ਹਾਂ ਵਰਗੇ ਨਾਮ-ਰਸੀਏ ਮੁੜ ਮਿਲਣੇ ਨਹੀਂ ਤੇ ਮੈਨੂੰ ਅੰਮ੍ਰਿਤ ਨਸੀਬ ਹੋਣਾ ਨਹੀਂ।

ਪ੍ਰਸ਼ਾਦ ਛਕ ਕੇ ਜਥੇਦਾਰ ਸਾਹਿਬ, ਸਣੇ ਜਥੇ ਦੇ ਆਪਣੇ ਨਿਵਾਸ-ਅਸਥਾਨ ਵਲ ਚਲ ਪਏ। ਅਸੀਂ ਵੀ ਨਾਲ ਤੁਰ ਪਏ। ਉਹ ਮੇਰੇ ਪਤੀ ਜੀ ਨਾਲ ਬਚਨ ਕਰਦੇ ਰਹੇ ਤੇ ਮੈਂ ਚੁਪ ਚਾਪ ਪਿਛੇ ਪਿਛੇ ਤੁਰਦੀ ਗਈ। ਮੇਰਾ ਮਨ ਸੋਚੇ, ਮੇਰੀ ਭੈਣ ਦੇ ਕਹਿਣ 'ਤੇ ਇਹ ਬੋਲੇ ਕਿਉਂ ਨਹੀਂ? ਮੈਨੂੰ ਯੋਗ ਪਾਤਰ ਨਹੀਂ ਸਮਝਦੇ ਹੋਣੇ। ਮੈਨੂੰ ਆਪਣਾ ਆਪ ਬਹੁਤ ਛੋਟਾ ਦਿਸੇ ਤੇ ਉਹ ਬਹੁਤ ਵੱਡੇ ਲਗਣ। ਇੰਨੇ ਵਿਚ ਨਿਵਾਸ-ਅਸਥਾਨ ਆ ਗਿਆ। ਉਨ੍ਹਾਂ ਨੇ ਸਾਡੇ ਵਲ ਵੇਖ ਕੇ ਫਤਿਹ ਗਜਾਈ।

ਪਤਾ ਨਹੀਂ, ਕਿਹੜੀ ਸ਼ਕਤੀ ਨੇ ਮੇਰੀ ਚੁੱਪ ਨੂੰ ਤੋੜ ਦਿੱਤਾ ਅਤੇ ਹਿਰਦਾ ਚੀਰ ਕੇ ਮੇਰੇ ਅੰਦਰੋਂ ਆਵਾਜ਼ ਆਈ, "ਜੀ, ਇਨ੍ਹਾਂ ਨੂੰ (ਮੇਰੇ ਪਤੀ ਜੀ ਨੂੰ) ਅੰਮ੍ਰਿਤ ਛਕਾਓ, ਤਾਂ ਕਿ ਮੈਨੂੰ ਵੀ ਅੰਮ੍ਰਿਤ ਦੀ ਦਾਤ ਮਿਲ ਸਕੇ।" ਉਹਨਾਂ ਨੇ ਭਾਵ-ਪੂਰਤ ਤੇ ਬਖ਼ਸ਼ਿਸ਼-ਭਰੀਆਂ ਨਜ਼ਰਾਂ ਨਾਲ ਮੇਰੇ ਵਲ ਵੇਖਿਆ ਤੇ ਕਿਹਾ ਕਿ ਬੀਬੀ, ਗਲ ਵਿਚ ਪੱਲਾ ਪਾ ਕੇ ਡਾਕਟਰ ਸਾਹਿਬ ਨੂੰ ਅੰਮ੍ਰਿਤ ਛਕਣ ਲਈ ਮਨਾਵਾਂਗੇ ਤੇ ਤੈਨੂੰ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਵੇਗੀ।

ਜਥੇਦਾਰ ਜੀ ਦੇ ਇਹ ਬਚਨ ਮੈਨੂੰ ਬੜੇ ਪਿਆਰੇ ਲਗੇ, ਪਰ ਆਪਣੇ ਪਤੀ ਜੀ ਦੇ ਹੱਠੀ ਸੁਭਾਅ ਕਾਰਨ ਮੈਨੂੰ ਪੂਰਾ ਯਕੀਨ ਨਾ ਆਇਆ ਕਿ ਮੈਨੂੰ ਅੰਮ੍ਰਿਤ ਦੀ ਦਾਤ ਮਿਲ ਸਕੇਗੀ।

ਦੂਜੇ ਦਿਨ ਸਵੇਰੇ ਮੈਂ ਕਿਸੇ ਦੇ ਘਰ ਸਮਾਗਮ 'ਤੇ ਗਈ ਹੋਈ ਸਾਂ। ਓਥੇ ਹੀ ਮੈਨੂੰ ਸੁਨੇਹਾ ਮਿਲਿਆ ਕਿ ਤੁਹਾਨੂੰ ਘਰ ਬੁਲਾਇਆ ਹੈ। ਮੈਂ ਘਬਰਾਈ ਹੋਈ ਘਰ ਪੁੱਜੀ। ਅਗੇ ਮੇਰੇ ਪਤੀ ਜੀ ਖੜੇ ਉਡੀਕ ਰਹੇ ਸਨ। ਕਹਿਣ ਲੱਗੇ, "ਛੇਤੀ ਕਰੋ, ਇਸ਼ਨਾਨ ਕਰ ਕੇ ਪੰਜ ਕਕਾਰ ਪਹਿਨੋ, ਅਸੀਂ ਅੰਮ੍ਰਿਤ ਛਕਣਾ ਹੈ।" ਖੁਸ਼ੀ ਤੇ ਹੈਰਾਨੀ ਵਿਚ ਮੈਂ ਕੋਈ ਉੱਤਰ ਨਾ ਦੇ ਸਕੀ। ਮੇਰੇ ਚੌਗਿਰਦੇ ਇਕ ਚਾਨਣ ਜਿਹਾ ਪਸਰ ਗਿਆ। ਛੇਤੀ ਨਾਲ ਜ਼ੇਵਰ ਉਤਾਰੇ, ਇਸ਼ਨਾਨ ਕੀਤਾ ਅਤੇ ਪੰਜ ਕਕਾਰ ਸਜਾ ਕੇ ਤਿਆਰ ਹੋ ਗਈ। ਆਪਣੀ ਕੁਛੜਲੀ ਬੱਚੀ ਨੂੰ ਵੀ ਤਿਆਰ ਕਰ ਲਿਆ।

ਅਸੀਂ ਅੰਮ੍ਰਿਤ ਛਕਣ ਵਾਲੇ ਅਸਥਾਨ ਮਾਈ ਕੁੰਜੀ ਦੇ ਗ੍ਰਿਹਿ ਵਿਖੇ ਪੁਜ ਗਏ। ਮੈਨੂੰ

ਆਪਣੀ ਚੰਗੀ ਤਕਦੀਰ 'ਤੇ ਯਕੀਨ ਨਹੀਂ ਸੀ ਆ ਰਿਹਾ, ਪਰ ਇਹ ਸਭ ਕੁਝ ਸੱਚ ਸੀ। ਮੈਨੂੰ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਬੁਲਾਇਆ ਗਿਆ। ਜਥੇਦਾਰ ਬਾਊ ਮੱਲ ਸਿੰਘ ਜੀ ਨੰਗੀ ਸਿਰੀ ਸਾਹਿਬ ਫੜ ਕੇ ਖੜੇ ਸਨ। ਉਨ੍ਹਾਂ ਨੇ ਬੜੇ ਬੀਰ ਰਸੀ ਜਾਹੋ-ਜਲਾਲ ਵਿਚ ਪੁਛਿਆ, "ਏਥੇ ਕਿਉਂ ਆਏ ਹੋ?" ਮੈਨੂੰ ਤਾਂ ਸੁਧ ਬੁਧ ਵਿਸਰ ਗਈ ਸੀ। ਮੈਂ ਲੜਖੜਾਂਦੀ ਅਵਾਜ਼ ਵਿਚ ਕਿਹਾ, "ਜੀ, ਅੰਮ੍ਰਿਤ ਛਕਣ ਲਈ।" ਫਿਰ ਆਵਾਜ਼ ਗੂੰਜੀ, "ਸਿਰ ਭੇਟ ਕਰਨਾ ਪਵੇਗਾ।" ਪਰ ਮੈਂ ਬੇਸੁਧ ਹੁੰਦੀ ਜਾਵਾਂ। ਮੈਂ ਵੈਰਾਗ ਦੇ ਹੜ੍ਹ ਵਿਚ ਰੁੜ੍ਹ ਗਈ। ਤੇ ਸ਼ਾਇਦ ਉਨ੍ਹਾਂ ਨੇ ਇਸੇ ਲਈ ਮੈਨੂੰ ਬਾਹਰ ਘਲ ਦਿੱਤਾ। ਹਰੇਕ ਪ੍ਰਾਣੀ ਦੀ ਪੁਛ-ਪ੍ਰਤੀਤ ਹੋ ਕੇ, ਫਿਰ ਸਾਰਿਆਂ ਨੂੰ ਅੰਦਰ ਬੁਲਾ ਲਿਆ ਗਿਆ।

ਸਤਿਗੁਰਾਂ ਦੇ ਪ੍ਰਕਾਸ਼ ਦੇ ਇਕ ਪਾਸੇ ਸਾਰੇ ਸਿੰਘ ਕਤਾਰ ਵਿਚ ਬੈਠ ਗਏ ਤੇ ਦੂਜੇ ਪਾਸੇ ਦੀ ਕਤਾਰ ਵਿਚ ਬੀਬੀਆਂ। ਬੀਬੀਆਂ ਵਾਲੇ ਪਾਸੇ ਮੈਂ ਸਿਰੇ 'ਤੇ ਬੈਠੀ ਹੋਈ ਸਾਂ। ਅੰਮ੍ਰਿਤ-ਬਾਟਾ ਤਿਆਰ ਹੋਇਆ ਤਾਂ ਪੰਚਾਂ ਦੇ ਜਥੇਦਾਰ ਮਾਨਯੋਗ ਬਾਊ ਜੀ ਨੇ ਦੋਹੀਂ ਪਾਸੀਂ ਇਕ ਮਿੱਠੀ ਜਿਹੀ ਨਜ਼ਰ ਦੌੜਾਈ। ਸਭ ਤੋਂ ਪਹਿਲਾਂ ਮੈਨੂੰ ਅਵਾਜ਼ ਪਈ। ਮੈਨੂੰ ਬੀਰ-ਆਸਨ 'ਤੇ ਬਿਠਾਇਆ ਗਿਆ। ਮੇਰੇ ਹੱਥ ਵਿਚ ਅੰਮ੍ਰਿਤ ਦੀ ਦਾਤ ਪਾਈ ਗਈ। ਉਹ ਜਦੋਂ ਮੇਰੇ ਮੂੰਹ ਵਿਚ ਪਈ ਤਾਂ ਮੇਰੀ ਹੋਸ਼ ਗੁੰਮ ਹੋ ਗਈ। ਉਥੇ ਕੋਈ ਹੋਰ ਮੰਡਲ ਬਣ ਗਿਆ। ਪੰਜਾਂ ਪਿਆਰਿਆਂ ਵਿਚ ਮੈਨੂੰ ਕਲਗੀਧਰ ਵਰਤਦੇ ਭਾਸਣ। ਮੈਨੂੰ ਅੰਮ੍ਰਿਤ ਦੇ ਸਾਰੇ ਚੁਲੇ ਛਕਣੇ ਵੀ ਯਾਦ ਨਹੀਂ, ਨਾ ਹੀ ਨਾਮ ਦ੍ਰਿੜ੍ਹਾਣਾ ਯਾਦ ਹੈ। ਬਸ ਮੈਨੂੰ ਆਪਣੀ ਥਾਂ ਉਸੇ ਮਸਤੀ ਦੀ ਹਾਲਤ ਵਿਚ ਭੇਜ ਦਿੱਤਾ ਗਿਆ। ਉਥੇ ਹੀ ਮੈਨੂੰ ਬਾਊ ਮੱਲ ਸਿੰਘ ਜੀ ਦਾ, ਪਿਤਾ ਤੇ ਪ੍ਰਤਿਪਾਲਕ ਰੂਪ ਦਿਸਿਆ। ਉਨ੍ਹਾਂ ਦੇ ਨਾਲ ਜਨਮ ਜਨਮ ਦੀ ਸਾਂਝ ਦੀ ਸਮਝ ਪਈ। ਮੇਰੇ ਮਨ ਵਿਚ ਉਨ੍ਹਾਂ ਲਈ ਬੜੀ ਪ੍ਰਬਲ ਸ਼ਰਧਾ ਜਾਗ ਪਈ ਤੇ ਡੂੰਘੇ ਸਤਿਕਾਰ ਨਾਲ ਮਨ ਭਰ ਗਿਆ। ਮਸਤੀ ਦੀ ਦਸ਼ਾ ਵਿਚ ਹੀ ਅਸੀਂ ਘਰ ਪੁਜੇ। ਸਾਰੀ ਰਾਤ, ਮੈਂ ਸੌਂ ਨਹੀਂ ਸਕੀ। ਅੰਮ੍ਰਿਤ ਵੇਲੇ ਨਿਤਨੇਮ ਸ਼ੁਰੂ ਕੀਤਾ ਤਾਂ ਸ੍ਰੀ ਅਨੰਦ ਸਾਹਿਬ ਦੀ ਏਸ ਤੁਕ 'ਤੇ ਮਨ ਰੁਕ ਗਿਆ-

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥**

*(ਪੰਨਾ ੯੧੮)*

ਬਸ, ਇਹ ਤੁਕ ਬਾਰ ਬਾਰ ਪੜ੍ਹਦੀ ਗਈ ਤੇ ਵੈਰਾਗ ਦੇ ਹੰਝੂ ਕੇਰਦੀ ਰਹੀ।

ਮੇਰੇ ਪਤੀ ਜੀ ਨੇ ਵੀ ਅੰਮ੍ਰਿਤ ਦੀ ਦਾਤ ਦੇ ਚਲੂਣੇ ਰੰਗੇ ਮਾਣੇ। ਅਗੇ ਉਹ ਬਾਊ ਜੀ ਨੂੰ ਘਰ ਪ੍ਰਸ਼ਾਦ ਛਕਣ ਲਈ ਕਹਿੰਦੇ ਸਨ ਤਾਂ ਉੱਤਰ ਹੁੰਦਾ ਸੀ ਕਿ ਤੇਰੇ ਘਰ ਪ੍ਰਸ਼ਾਦ ਨਹੀਂ ਛਕ ਸਕਦੇ, ਕਿਉਂਕਿ ਤੇਰੀ ਪਤਨੀ ਨੇ ਅੰਮ੍ਰਿਤ ਨਹੀਂ ਛਕਿਆ ਹੋਇਆ। ਪਰ ਹੁਣ ਇਸ ਅੰਮ੍ਰਿਤ-ਪ੍ਰਾਪਤੀ ਪਿਛੋਂ ਉਨ੍ਹਾਂ ਬਾਊ ਜੀ ਨੂੰ ਬੇਨਤੀ ਕਰ ਕੇ ਸਵੇਰ ਦਾ ਅਤੇ ਫਿਰ ਸ਼ਾਮ ਦਾ ਪ੍ਰਸ਼ਾਦਾ ਛਕਣ ਲਈ ਮਨਾਇਆ ਅਤੇ ਇਹ ਵੀ ਆਗਿਆ ਮਿਲ ਗਈ ਕਿ ਕਲ੍ਹ ਸਵੇਰ ਦਾ ਕੀਰਤਨ ਵੀ ਆਪ ਦੇ ਗ੍ਰਹਿ ਵਿਖੇ ਹੋਵੇਗਾ।

ਇਸ ਪ੍ਰਵਾਨਗੀ ਮਿਲਣ 'ਤੇ ਮੇਰੇ ਅੰਦਰ ਪ੍ਰੇਮ-ਕਾਂਗਾਂ ਹੋਰ ਭੀ ਉਮਡ ਉਮਡ ਪੈਣ। ਇਸੇ ਚਾਅ ਤੇ ਖੁਸ਼ੀ ਵਿਚ ਮੈਂ ਸਾਰੀ ਰਾਤ ਕਮਰਿਆਂ ਦਾ ਸਾਮਾਨ ਸਾਂਭਦੀ, ਸਾਫ਼ ਕਰਦੀ ਅਤੇ ਸੰਵਾਰਦੀ ਨੇ ਜਾਗਦਿਆਂ ਬਿਤਾ ਦਿੱਤੀ। ਮੇਰਾ ਆਪਾ ਉਛਲ ਉਛਲ ਪੈਂਦਾ ਸੀ, ਜੁ

ਸਵੇਰੇ ਜਥਾ ਸਾਡੇ ਘਰ ਕੀਰਤਨ ਕਰੇਗਾ ਅਤੇ ਮੇਰੇ ਹੱਥ ਦਾ ਬਣਿਆ ਪ੍ਰਸ਼ਾਦ ਬਾਊ ਜੀ ਵੀ ਛਕਣਗੇ। ਸੋ ਦਾਤੇ ਨੇ ਇਹ ਚਾਹ ਵੀ ਪੂਰੀ ਕਰ ਦਿੱਤੀ।

ਸ੍ਰੀ ਅਖੰਡਪਾਠ ਸਮਾਗਮ ਦੀਆਂ ਹਾਜ਼ਰੀਆਂ, ਅੰਮ੍ਰਿਤ-ਸੰਚਾਰ ਦੀ ਅਗੰਮੀ ਖੇਡ, ਨਾਮ-ਅਭਿਆਸ ਕਮਾਈਆਂ ਦੇ ਚਲੂਲੇ ਰੰਗ ਅਤੇ ਫਿਰ ਦੂਜਾ ਸਾਰਾ ਦਿਨ ਜਥੇ ਦੇ ਆਉ ਭਗਤ, ਲੰਗਰ ਦੀ ਸੇਵਾ ਅਤੇ ਕੀਰਤਨ ਦੇ ਅਨੰਦ ਮੰਗਲ ਬਣੇ ਰਹਿਣ ਨਾਲ ਮੇਰੇ ਪਤੀ ਜੀ ਦੀ ਅਵਸਥਾ ਤਾਂ ਅਤਿ ਬੈਰਾਗਮਈ ਹੋ ਗਈ। ਉਹ ਇਸ ਅਜਰ ਅਵਸਥਾ ਨੂੰ ਜਰ ਨਾ ਸਕੇ। ਸਾਹਿਬਾਂ ਦੀ ਐਸੀ ਖੇਡ ਵਰਤੀ ਕਿ ਦੋ ਦਿਨਾਂ ਦੇ ਅੰਦਰ ਹੀ ਉਨ੍ਹਾਂ ਦੀ ਦਿਮਾਗ਼ੀ ਹਾਲਤ ਵਿਗੜ ਗਈ। ਲੋਕੀ ਭਾਂਤ-ਭਾਂਤ ਦੀਆਂ ਗੱਲਾਂ ਕਰਨ ਲਗੇ। ਰਿਸ਼ਤੇਦਾਰਾਂ ਨੂੰ ਵੀ ਨਿੰਦਾ ਕਰਨ ਦਾ ਮੌਕਾ ਮਿਲ ਗਿਆ। ਜਥੇ ਨੂੰ ਜਾਦੂਗਰਾਂ ਦਾ ਟੋਲਾ ਕਿਹਾ ਗਿਆ। ਪੁਲਿਸ ਤਕ ਰਿਪੋਰਟ ਕਰਨ ਦੀ ਨੌਬਤ ਪੁੱਜੀ। ਮੇਰੀ ਮਸਤੀ ਦੀ ਦਸ਼ਾ ਨੂੰ ਵੀ ਦਿਮਾਗੀ ਬਿਮਾਰੀ ਸਮਝਿਆ ਗਿਆ। ਉਹ ਮੇਰੇ 'ਤੇ ਕਈ ਸਵਾਲ ਕਰਦੇ, ਪਰ ਮੈਂ ਤਾਂ ਇਕੋ ਚੁਪ ਧਾਰ ਲਈ। ਮਹਾਂਪੁਰਸ਼ਾਂ ਅਤੇ ਮੇਰੇ ਧਰਮ ਪਿਤਾ ਦੀ ਨਿੰਦਾ ਮੈਥੋਂ ਜਰੀ ਨਾ ਜਾਂਦੀ। ਇਕੋ ਹੀ ਅਰਦਾਸ ਕਰਦੀ, "ਦਾਤਾ ! ਇਨ੍ਹਾਂ ਸਭਨਾਂ ਨੂੰ ਸੁਮੱਤ ਦੇਹ, ਇਹ ਉਨ੍ਹਾਂ ਨੂੰ ਗ਼ਲਤ ਨਾ ਸਮਝਣ।"

ਗੁਰੂ ਪਾਤਸ਼ਾਹ ਨੇ ਬਖ਼ਸ਼ਿਸ਼ ਕੀਤੀ ਅਤੇ ਕੁਝ ਚਿਰ ਬਾਅਦ ਮੇਰੇ ਪਤੀ ਜੀ ਠੀਕ ਹਾਲਤ ਵਿਚ ਹੋ ਗਏ। ਇਸ ਘਟਨਾ ਮਗਰੋਂ ਮੇਰੇ ਪਤੀ ਜੀ ਦੀ ਇਹ ਤੀਬਰ ਇੱਛਾ ਬਣ ਗਈ ਕਿ ਆਉਂਦੇ ਸਾਲ ਰਾਵਲਪਿੰਡੀ ਫੇਰੀ ਸਮੇਂ ਜਥੇ ਦਾ ਨਿਵਾਸ ਅਤੇ ਸ੍ਰੀ ਅਖੰਡਪਾਠ ਸਮਾਗਮ ਦਾਸਾਂ ਦੇ ਗ੍ਰਿਹ ਵਿਖੇ ਹੋਵੇ।

## ਭਾਈ ਸਾਹਿਬ ਜੀ ਦੀ ਜੇਲ੍ਹ ਤੋਂ ਰਿਹਾਈ

1930 ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣਾ ਉਮਰ-ਕੈਦ ਵਾਲਾ ਬੰਦੀ ਜੀਵਨ ਪੂਰਾ ਕਰ ਕੇ, ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਅ ਹੋਏ ਅਤੇ ਆਪਣੇ ਪਿੰਡ ਨਾਰੰਗਵਾਲ ਪਹੁੰਚ ਗਏ। ਭਾਈ ਸਾਹਿਬ ਜੀ ਦੇ ਬੰਦੀ ਜੀਵਨ ਦੇ ਲੰਬੇ ਅਰਸੇ ਵਿਚ, 1915 ਤੋਂ 1930 ਤਕ, ਉਨ੍ਹਾਂ ਦੇ ਘਰੋਂ ਬੇਬੇ ਕਰਤਾਰ ਕੌਰ ਜੀ, ਉਨ੍ਹਾਂ ਦੇ ਬੱਚੇ ਕਾਕਾ ਬਲਬੀਰ ਸਿੰਘ, ਬੀਬੀ ਦਲੇਰ ਕੌਰ ਅਤੇ ਆਪ ਜੀ ਦੀ ਮਾਤਾ, ਸਾਰੇ ਪਰਿਵਾਰ ਦੀ ਹਰ ਤਰ੍ਹਾਂ ਦੀ ਸੇਵਾ-ਸੰਭਾਲ ਮੁਖ ਤੌਰ 'ਤੇ ਬਾਊ ਮੱਲ ਸਿੰਘ ਜੀ ਹੀ ਕਰਦੇ ਰਹੇ। ਭਾਈ ਸਾਹਿਬ ਜੀ ਦੇ ਮਾਤਾ ਜੀ ਤਾਂ ਭਾਈ ਸਾਹਿਬ ਦੀ ਜੇਲ੍ਹ-ਯਾਤਰਾ ਸਮੇਂ, ਕੁਝ ਸਾਲਾਂ ਪਿਛੋਂ ਚੜ੍ਹਾਈ ਕਰ ਗਏ ਸਨ। ਜਥੇ ਦੇ ਮੁਢਲੇ ਮੈਂਬਰਾਂ ਵਿਚੋਂ ਗੁਜਰਵਾਲ ਵਾਲੇ ਬਾਬਾ ਰਾਮ ਸਿੰਘ ਜੀ ਤੇ ਭਾਈ ਸੁਰਜਨ ਸਿੰਘ ਜੀ ਵੀ ਆਪਣੀ ਪਹੁੰਚ ਅਨੁਸਾਰ ਕਾਫ਼ੀ ਹੱਥ ਵਟਾਉਂਦੇ ਰਹੇ। ਬਾਊ ਜੀ ਦੀ ਸਲਾਹ ਨਾਲ ਭਾਈ ਸੁਰਜਨ ਸਿੰਘ ਜੀ ਤਾਂ ਕਈ ਵਾਰ ਜੇਲ੍ਹਾਂ ਵਿਚ ਸ੍ਰੀਮਾਨ ਭਾਈ ਸਾਹਿਬ ਦੀ ਮੁਲਾਕਾਤ ਨੂੰ ਭੀ ਜਾਂਦੇ ਰਹੇ ਅਤੇ ਭਾਈ ਸਾਹਿਬ ਜੀ ਨੂੰ ਚੀਜ਼ਾਂ-ਵਸਤਾਂ ਭੀ ਪਹੁੰਚਾਂਦੇ ਰਹੇ। ਬਾਊ ਜੀ ਵਲੋਂ ਭਾਈ ਸਾਹਿਬ ਜੀ ਦੇ ਪਰਿਵਾਰ ਦੀ ਹਰ ਤਰ੍ਹਾਂ ਦੀ ਸੇਵਾ-ਬੱਚਿਆਂ ਦੀ ਪੜ੍ਹਾਈ, ਘਰ ਦੇ ਖ਼ਰਚ ਪੱਠੇ, ਵਿਆਹ ਸ਼ਾਦੀਆਂ ਆਦਿ - ਤੋੜ ਤਕ ਨਿਭੀ, ਭਾਵੇਂ ਆਪ ਆਪਣੇ ਹੋਰ ਸੱਜਣਾਂ ਮਿੱਤਰਾਂ ਤੋਂ ਭੀ ਇਸ ਪਵਿੱਤਰ ਸੇਵਾ ਵਿਚ

ਹਿੱਸਾ ਪਵਾ ਲੈਂਦੇ ਸਨ। ਇਥੋਂ ਤਕ ਕਿ ਭਾਈ ਸਾਹਿਬ ਜੀ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਪਿਛੋਂ ਭੀ ਇਹ ਸੇਵਾ ਬਾਊ ਜੀ ਦੇ ਸਪੁਰਦ ਹੀ ਰਹੀ। ਭਾਈ ਸਾਹਿਬ ਕਿਹਾ ਕਰਦੇ ਸਨ, "ਬਾਊ ਜੀ, ਇਸ ਘਰ ਦੀ ਦੇਖ-ਭਾਲ ਲਈ ਤੁਸੀਂ ਜਾਣੋ ਤੇ ਤੁਹਾਡਾ ਕੰਮ। ਮੇਰਾ ਤਾਂ ਇਕੋ ਹੀ ਰੱਬੀ ਵਿਹਾਰ ਹੈ, ਜੇਲ੍ਹ ਦੇ ਅੰਦਰ ਭੀ ਤੇ ਹੁਣ ਬਾਹਰ ਭੀ।"

## ਚਿਰੀ-ਵਿਛੁੰਨਿਆਂ ਦਾ ਮਿਲਾਪ

ਬਾਊ ਮੱਲ ਸਿੰਘ ਜੀ ਨੂੰ ਮਾਨਯੋਗ ਭਾਈ ਸਾਹਿਬ ਜੀ ਦੇ ਰਿਹਾਅ ਹੋ ਕੇ ਨਾਰੰਗਵਾਲ ਪੁੱਜਣ ਦੀ ਸੋਇ ਪੁਜੀ ਤਾਂ ਮਿਲਣ ਲਈ ਵੈਰਾਗ-ਕਾਂਗਾਂ ਉਮਡ ਆਈਆਂ। ਕਿਥੇ ਤਾਂ ਇਹ ਗੱਲ ਸੀ ਕਿ-

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥**

*(ਪੰਨਾ ੯੬)*

**ਤਥਾ- ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ ॥**

*(ਪੰਨਾ ੮੨੬)*

ਇੰਨੇ ਲੰਮੇ ਵਿਛੋੜੇ ਪਿਛੋਂ ਵਸਲ ਦੀ ਘੜੀ ਕਿਹੋ ਜਿਹੀ ਹੋਵੇਗੀ। ਇਸ ਦਾ ਕੁਝ ਅੰਦਾਜ਼ਾ ਰੱਬੀ ਆਸ਼ਕ ਲੋਕ ਹੀ ਲਗਾ ਸਕਦੇ ਹਨ। ਸ੍ਰੀਮਾਨ ਭਾਈ ਸਾਹਿਬ ਜੀ ਦੇ ਅੰਦਰ ਪਹਿਲਾਂ ਹੀ ਤਾਰ ਖੜਕ ਗਈ ਸੀ ਕਿ ਬਾਊ ਜੀ, ਸਣੇ ਕੁਝ ਹੋਰ ਪਿਆਰੇ ਸੱਜਣ-ਸਨੇਹੀਆਂ ਦੇ, ਦਰਸ਼ਨ-ਮਿਲਾਪ ਲਈ ਆ ਰਹੇ ਹਨ। ਆਪ ਭੀ ਘਰੋਂ ਬਾਹਰ ਸਣੇ ਪਰਿਵਾਰ, ਛੋਟੇ ਭਾਈ ਆਤਮਾ ਸਿੰਘ ਅਤੇ ਹੋਰ ਕੁਝ ਗੁਰਮੁਖ ਮੀਤ ਪਿਆਰਿਆਂ ਦੇ, ਅਗਲਵਾਂਢੀ ਹੋ ਖੇਤਾਂ ਵਿਚ ਜਾ ਖੜੇ ਹੋਏ। ਕੀਰਤਨ ਲਈ ਛੈਣੇ ਦੋਹੀਂ ਪਾਸੀਂ ਗੁਰਮੁਖ ਦਰਸ-ਮਿਲਾਪੀ ਭੌਰਿਆਂ ਦੇ ਹੱਥ ਵਿਚ ਸਜ ਰਹੇ ਸਨ। ਨੇੜੇ ਪਹੁੰਚ ਕੇ ਦੁਵੱਲੀ ਕੀਰਤਨ ਆਰੰਭ ਹੋ ਗਿਆ ਅਤੇ ਇਉਂ ਗੂੰਜਾਂ ਪੈਣ ਲਗੀਆਂ-

**ਚਿਰ ਭਇਓ ਦਰਸਨੁ ਦੇਖੇ** . . . .
**ਚਿਰ ਭਇਓ ਦਰਸਨੁ ਦੇਖੇ** . . . .

*(ਪੰਨਾ ੬੯੪)*

ਬਸ, ਫਿਰ ਪੁਛੋ ਕੁਝ ਨਾ, ਦੋਹੀਂ ਪਾਸੀਂ ਜਿਵੇਂ ਬਿਰਹੋਂ ਬੈਰਾਗ ਦੇ ਕੜ ਪਾਟ ਗਏ ਹੁੰਦੇ ਹਨ-

**ਮੈ ਨੀਰੁ ਵਹੇ ਵਹਿ ਚਲੈ ਜੀਉ ॥**

*(ਪੰਨਾ ੯੪)*

ਕਿਤਨੀ ਹੀ ਦੇਰ ਪਿਛੋਂ ਨੇਤਰਾਂ ਵਿਚ ਨੀਰ ਦੇ ਵਹਿੰਦੇ ਹੜ੍ਹਾਂ ਨਾਲ ਦੋਵੇਂ ਉਚ ਵਿਅਕਤੀ ਨੇੜੇ ਨੇੜੇ ਢੁੱਕ ਪਏ। ਪਹਿਲੇ ਇਕ ਦੂਜੇ ਦੇ ਚਰਨੀਂ ਮਸਤਕ ਛੁਹਾਣ ਦੀ ਦੁਵੱਲੀ ਕੋਸ਼ਿਸ਼ ਹੋਈ, ਫਿਰ ਇਸਦੀ ਥਾਂ ਪ੍ਰੇਮ-ਗਲਵਕੜੀਆਂ ਪੈ ਗਈਆਂ। ਦੁਵੱਲੀ ਅਭਿਆਸੀ ਖੰਡਾ ਖੜਕਣ ਲਗ ਪਿਆ। ਨਾਲ ਲਗਦੇ ਹੀ-

**ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥**

*(ਪੰਨਾ ੭੧੨-੧੩)*

ਦਾ ਇਲਾਹੀ ਕੀਰਤਨ-ਨਾਦ ਜਾਰੀ ਰਿਹਾ। ਦੋਵੇਂ ਗੁਰਮੁਖ ਸਖੀ ਸਹੇਲੀਆਂ ਲੰਮੀਆਂ ਜੁਦਾਈਆਂ ਪਿਛੋਂ ਅਜ ਫਿਰ ਇਕ-ਮਿਕ ਹੋ ਗਈਆਂ। ਭਾਈ ਸਾਹਿਬ ਜੀ ਤੇ ਬਾਊ ਜੀ ਕੀਰਤਨ-ਮਸਤੀ ਵਿਚ ਬੁੰਗਿਆਂ ਨੂੰ ਪਿੰਡ ਵਲ ਹੋ ਤੁਰੇ। ਭਾਈ ਸਾਹਿਬ ਜੀ ਦਾ ਬੁੰਗਾ ਪਿਛਲੀਆਂ ਪੁਰਾਣੀਆਂ ਨਿੱਕੀਆਂ ਇੱਟਾਂ ਦੀ ਬਣੀ ਹੋਈ ਇਕ ਬੜੀ ਵੱਡੀ ਪੱਕੀ ਹਵੇਲੀ ਸੀ। ਆਪ ਜੀ ਦੇ ਪਿਤਾ ਸ. ਨੱਥਾ ਸਿੰਘ ਜੀ ਇਕ ਬੜੇ ਉਚੇ ਮਰਤਬੇ ਦੇ, ਨਾਭਾ ਹਾਈ ਕੋਰਟ ਦੇ ਜੱਜ ਸਨ। ਪਿੰਡ ਦੀ ਨੰਬਰਦਾਰੀ ਇਨ੍ਹਾਂ ਦੀ ਜੱਦੀ ਚਲੀ ਆਉਂਦੀ ਸੀ। ਭਾਵੇਂ ਭਾਈ ਸਾਹਿਬ ਦੀ ਜ਼ਮੀਨ, ਜਾਇਦਾਦ ਪਿੰਡ ਦੇ ਇਕ ਵਡੇ ਸਰਕਾਰੀ ਝੋਲੀਚੁੱਕ ਗੱਜਣ ਸਿੰਘ ਵਕੀਲ ਦੇ ਪੈਰੋਂ ਜ਼ਬਤ ਹੋ ਚੁਕੀ ਸੀ, ਪਰ ਅਜੇ ਵੀ ਪਿੰਡ ਦੀ ਨੰਬਰਦਾਰੀ ਆਪ ਦੇ ਵਡੇ ਭਾਈ ਰਿਟਾਇਰਡ ਤਸੀਲਦਾਰ ਸ. ਹਰਬੰਸ ਸਿੰਘ ਦੇ ਨਾਮ ਸੀ।

ਘਰ ਪਹੁੰਚ ਕੇ ਦੀਵਾਨ ਸੱਜ ਗਿਆ ਅਤੇ ਕੀਰਤਨ-ਅਖਾੜੇ ਬੱਝ ਗਏ :

**ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥**
**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥**

*(ਧਨਾਸਰੀ ਮ: ੫, ਪੰਨਾ ੬੮੦)*

## ਰਾਵਲਪਿੰਡੀ ਦੀ ਤੀਜੀ ਪਰਚਾਰ-ਫੇਰੀ

ਗੁਰਸਿਖਾਂ ਦੀ ਅਤੇ ਡਾ. ਪ੍ਰਗਟ ਸਿੰਘ ਜੀ ਦੀ ਪ੍ਰਬਲ ਇਛਾ-ਅਭਿਲਾਖਾ ਦਾ ਸਦਕਾ ਬਾਊ ਮੱਲ ਸਿੰਘ ਜੀ ਦੀ ਅਗਵਾਈ ਵਿਚ ਜਥਾ ਅਗਲੇ ਸਾਲ 1931 ਦੀਆਂ ਗਰਮੀ ਦੀਆਂ ਛੁੱਟੀਆਂ ਵਿਚ ਰਾਵਲਪਿੰਡੀ ਪੁੱਜਾ। ਜਥੇ ਨੇ ਡਾਕਟਰ ਪ੍ਰਗਟ ਸਿੰਘ ਜੀ ਦੇ ਗ੍ਰਹਿ ਵਿਖੇ ਹੀ ਨਿਵਾਸ ਕੀਤਾ। ਸ੍ਰੀ ਅਖੰਡਪਾਠ ਸਮਾਗਮ ਵੀ ਇਨ੍ਹਾਂ ਦੇ ਗ੍ਰਹਿ ਵਿਖੇ ਹੀ ਹੋਇਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਿਛਲੇ ਸਾਲ 1930 ਵਿਚ ਜੇਲ੍ਹ-ਯਾਤਰਾ ਤੋਂ ਵਾਪਸ ਪੁਜ ਚੁਕੇ ਸਨ, ਪਰ ਉਹ ਇਸ ਰਾਵਲਪਿੰਡੀ ਦੇ ਸਮਾਗਮ ਵਿਚ ਸ਼ਾਮਲ ਨਹੀਂ ਸਨ ਹੋ ਸਕੇ।

ਇਸ ਤੀਜੀ ਫੇਰੀ ਸਮੇਂ ਬਹੁਤ ਸਾਰੇ ਨਵੇਂ ਅੰਮ੍ਰਿਤ-ਅਭਿਲਾਖੀ ਤਿਆਰ ਹੋ ਚੁੱਕੇ ਸਨ। ਇਨ੍ਹਾਂ ਸਮਾਗਮਾਂ ਵਿਚ ਰਾਵਲਪਿੰਡੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਸਿੱਧ ਕੀਰਤਨੀਏ, ਗੁਰੂ-ਪਿਆਰੇ ਭਾਈ ਤੀਰਥ ਸਿੰਘ ਜੀ ਦੀ ਸੁਭਾਗ ਜੋੜੀ ਦਾ ਜ਼ਿਕਰ ਵਿਸ਼ੇਸ਼ ਵਰਣਨ ਯੋਗ ਹੈ। ਇਹ ਡਾ. ਗੁਰਬਖਸ਼ ਸਿੰਘ ਜੀ ਦੇ ਪਰਮ ਮਿੱਤਰ ਸਨ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਇਹ ਦੰਪਤੀ ਪਹਿਲੀ ਫੇਰੀ ਸਮੇਂ ਸਾਂਵਲੀ ਚਸ਼ਮੇ 'ਤੇ ਪੁਜੇ ਸਨ ਅਤੇ ਜਥੇ ਦੇ ਸਮਾਗਮਾਂ ਦੀ ਵਿਲੱਖਣਤਾ ਤੇ ਨਾਮ-ਕਲਾ ਸਦਕਾ ਬੜੇ ਹੀ ਪ੍ਰਭਾਵਤ ਹੋਏ ਸਨ। ਸੋ ਇਸ ਫੇਰੀ ਸਮੇਂ ਜਿਥੇ ਹੋਰ ਅਨੇਕਾਂ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ, ਉਥੇ ਇਸ ਦੰਪਤੀ ਨੇ ਵੀ ਪੰਜਾਂ ਦੇ ਸਨਮੁੱਖ ਪੇਸ਼ ਹੋ ਕੇ ਇਹ ਇਲਾਹੀ ਦਾਤਿ ਪ੍ਰਾਪਤ ਕੀਤੀ। ਆਪ ਬੜੇ ਰੱਬੀ ਰੰਗਾਂ ਵਿਚ ਮਹਿਵ ਹੋ ਗਏ। ਓਦੋਂ ਸਤਿਗੁਰੂ ਜੀ ਨੂੰ ਸਾਖੀ ਸਮਝ ਕੇ ਆਪ ਨੇ ਬੜੀ ਨਿਮਰਤਾ ਵਿਚ ਇਹ ਸ਼ਬਦ ਪੜ੍ਹਿਆ :-

**ਜੇ ਭੁਲੀ ਜੇ ਚੁਕੀ ਸਾਇੰ ਭੀ ਤਹਿੰਜੀ ਕਾਢੀਆ ॥**
**ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥੧॥**

**ਹਉ ਨਾ ਛੋਡਉ ਕੰਤ ਪਾਸਰਾ ॥**
**ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ ॥੧॥ ਰਹਾਉ ॥**
**ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ ॥**
**ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ॥੨॥**
**ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥**
**ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥੩॥**
**ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ॥**
**ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ॥੪॥**
**ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ ॥**
**ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥੫॥**
**ਸਹੀਆ ਤਊ ਅਸੰਖ ਮੰਞਹੁ ਹਭਿ ਵਧਾਣੀਆ ॥**
**ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ॥੬॥**
**ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨਿ੍ ਦੂਰੇ ॥**
**ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ॥੭॥**
**ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥**
**ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥੮॥੧॥੪॥**

*(ਸੂਹੀ ਮਹਲਾ ੫, ਪੰਨਾ ੭੬੧)*

ਇਸ ਸ਼ਬਦ ਦੀ ਵੈਰਾਗ-ਭਿੰਨੀ ਗੂੰਜ ਅਜੇ ਵੀ ਕੰਨਾਂ ਵਿਚ ਗੂੰਜ ਰਹੀ ਹੈ। ਇਸ ਤੋਂ ਪ੍ਰਤੱਖ ਸਬੂਤ ਮਿਲਦਾ ਹੈ ਕਿ ਜਦੋਂ ਕੋਈ ਕੋਮਲ ਆਤਮਾ ਅੰਮ੍ਰਿਤ ਦੀ ਪਵਿੱਤਰ ਜੀਅ-ਦਾਨ-ਗੁੜ੍ਹਤੀ ਪ੍ਰਾਪਤ ਕਰ ਕੇ ਨਿਰਮਲ ਹੋ ਜਾਂਦੀ ਹੈ ਤਾਂ ਗੁਰਬਾਣੀ ਰੂਪੀ ਅਣੀਆਲੇ ਤੀਰਾਂ ਨਾਲ ਸਾਰੇ ਮੰਡਲ ਨੂੰ ਹੀ ਮਹਿਕਾ ਦਿੰਦੀ ਹੈ, ਜੋ ਸ੍ਰੋਤਿਆਂ ਦੇ ਹਿਰਦਿਆਂ ਅੰਦਰ ਵਸ ਧਸ ਜਾਂਦੇ ਹਨ।

ਇਸ ਅੰਮ੍ਰਿਤ-ਸਮਾਗਮ ਉਪਰੰਤ ਭਾਈ ਤੀਰਥ ਸਿੰਘ ਜੀ ਜਥੇ ਨੂੰ ਪ੍ਰਸ਼ਾਦ ਛਕਾਉਣ ਲਈ ਆਪਣੇ ਗ੍ਰਿਹਿ ਲੈ ਗਏ। ਬੜੇ ਪਿਆਰ ਨਾਲ ਸੇਵਾ ਕੀਤੀ ਤੇ ਨਾਲ ਹੀ ਬੇਨਤੀ ਕੀਤੀ ਕਿ ਜਥਾ ਉਨ੍ਹਾਂ ਦੇ ਘਰ ਨਗਰ ਮਿਹਾਰ, ਜੋ ਕਿ ਫ਼ਰੰਟੀਅਰ ਹੋਤੀ ਮਰਦਾਨ ਦੇ ਨੇੜੇ ਹੈ, ਵਿਖੇ ਪਧਾਰੇ ਅਤੇ ਸੰਪੂਰਨ ਸਮਾਗਮ ਕਰੇ। ਉਨ੍ਹਾਂ ਦੀ ਬੇਨਤੀ ਪਰਵਾਨ ਕਰ ਕੇ ਇਵੇਂ ਹੀ ਕੀਤਾ ਗਿਆ ਤੇ ਉਥੇ ਪੁਜਣ ਲਈ ਚਾਲੇ ਪਾ ਦਿੱਤੇ ਗਏ। ਮਰਦਾਨ ਪੁਜ ਕੇ ਉਥੋਂ ਦੀ ਸ੍ਰੀ ਗੁਰੂ ਸਿੰਘ ਸਭਾ ਦੀ ਸੰਗਤ ਵਲੋਂ ਖ਼ੂਬ ਆਉ-ਭਗਤ ਹੋਈ। ਸੰਗਤਾਂ ਨੇ ਪ੍ਰੇਮ ਪਿਆਰ ਸਹਿਤ ਸੇਵਾ ਕਰ ਕੇ ਖ਼ੂਬ ਅਨੰਦ ਮਾਣਿਆ ਅਤੇ ਜਥੇ ਨੇ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕੀਤਾ। ਫਿਰ ਨਗਰ ਮਿਹਾਰ ਪਹੁੰਚੇ। ਪਿੰਡੋਂ ਬਾਹਰ ਨਦੀ ਕਿਨਾਰੇ ਇਕ ਸਵੱਛ ਅਸਥਾਨ 'ਤੇ ਸਤਿਗੁਰਾਂ ਦਾ ਪ੍ਰਕਾਸ਼ ਹੋਇਆ ਅਤੇ ਹਸਬ ਮਾਮੂਲ (ਹਮੇਸ਼ਾਂ ਵਾਂਗ) ਰਸ-ਭਰਪੂਰ ਸਮਾਗਮ ਹੋਇਆ। ਇਸੇ ਨਦੀ ਦੇ ਕਿਨਾਰੇ ਪ੍ਰਸਿੱਧ ਤਪੱਸਵੀ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ ਡੇਰਾ ਸੀ। ਅਖੰਡਪਾਠ ਦੇ ਸਮਾਗਮ 'ਤੇ ਸਾਰੇ ਇਲਾਕੇ ਦੀ ਸੰਗਤ ਪੁਜ ਗਈ ਅਤੇ ਅੰਮ੍ਰਿਤ-ਸੰਚਾਰ ਸਮਾਗਮ ਵਿਚ 40-50 ਗੁਰੂ-ਪਿਆਰਿਆਂ ਨੇ ਅੰਮ੍ਰਿਤ-ਪਾਨ ਕੀਤਾ।

ਹੋਤੀ ਮਰਦਾਨੇ ਤੋਂ ਹੁੰਦਾ ਹੋਇਆ ਜੱਥਾ ਪਿਸ਼ਾਵਰ ਪੁੱਜਾ। ਉਥੇ ਸੰਗਤ ਦੀ ਪ੍ਰੇਰਨਾ ਸਦਕਾ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰੇ ਜਥੇ ਨੇ ਕੀਰਤਨ ਕੀਤਾ। ਇਸ ਤੋਂ ਉਪਰੰਤ ਸਾਰਾ ਜੱਥਾ ਵਾਪਸ ਰਾਵਲਪਿੰਡੀ ਪੁਜ ਗਿਆ। ਉਥੇ ਕਈ ਦਿਨ ਸਥਾਨਕ ਗੁਰਦੁਆਰਿਆਂ ਵਿਚ ਕੀਰਤਨ-ਅਖਾੜੇ ਬਝਦੇ ਰਹੇ।

ਰਾਵਲਪਿੰਡੀ ਸਮਾਗਮਾਂ ਤੋਂ ਮੁੜ ਕੇ ਬਾਊ ਮੱਲ ਸਿੰਘ ਜੀ ਅਜੇ ਸ੍ਰੀ ਅੰਮ੍ਰਿਤਸਰ ਅਤੇ ਤਰਨ ਤਾਰਨ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਉੱਥੇ ਹੀ ਠਹਿਰੇ ਹੋਏ ਸਨ। ਇਸ ਸਮੇਂ ਗੁਰੂ-ਨੇਤ ਨਾਮ ਮਾਨਯੋਗ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਗੁਰੂ-ਦਰ ਦੇ ਦਰਸ਼ਨ ਪਰਸਨ ਲਈ ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਪੁਜ ਗਏ ਸਨ।

ਰਾਵਲਪਿੰਡੀ ਦੇ ਇਨ੍ਹਾਂ ਸਮਾਗਮਾਂ ਸਮੇਂ ਜਦੋਂ ਡਾਕਟਰ ਪ੍ਰਗਟ ਸਿੰਘ ਜੀ ਦੇ ਗ੍ਰਹਿ ਜਥੇ ਨੇ ਉਤਾਰਾ ਕੀਤਾ, ਸ੍ਰੀ ਅਖੰਡਪਾਠ ਸਮਾਗਮ ਰਚਿਆ ਤਾਂ ਪਿਛਲੇ ਸਾਲ ਵਾਂਗ ਡਾਕਟਰ ਸਾਹਿਬ ਬੈਰਾਗ ਦਸ਼ਾ ਵਿਚ ਐਸੇ ਮਸਤਾਨੇ ਹੋਏ ਕਿ ਸੁਧ-ਬੁਧ ਹੀ ਭੁਲ ਗਏ। ਦਿਮਾਗ਼ੀ ਖੇਚਲ ਹੋ ਗਈ ਤਾਂ ਉਨ੍ਹਾਂ ਨੂੰ ਲਾਹੌਰ ਮੈਂਟਲ ਹਸਪਤਾਲ ਵਿਚ ਦਾਖਲ ਕਰਾਉਣਾ ਪਿਆ। ਉੱਥੇ ਜਦੋਂ ਖੇਚਲ ਬਹੁਤ ਹੀ ਵਧ ਗਈ ਤਾਂ ਬੀਬੀ ਇੰਦਰ ਕੌਰ ਜੀ ਨੇ ਰਾਵਲਪਿੰਡੀ ਵਿਚ ਥਾਪੇ ਜਥੇਦਾਰ ਕਿਰਪਾਲ ਸਿੰਘ ਜੀ ਨੂੰ ਸਦਿਆ ਤੇ ਬੇਨਤੀ ਕੀਤੀ ਕਿ ਮਹਾਂਪੁਰਸ਼ਾਂ ਪਾਸ ਮੇਰੀ ਅਰਜ਼ੋਈ ਪੁਚਾਓ ਕਿ ਅਰਦਾਸ ਕਰਨ, ਮੇਰੇ ਪਤੀ ਜੀ ਠੀਕ ਹੋ ਜਾਣ। ਲੋਕੀ ਭਾਂਤ ਭਾਂਤ ਦੀਆਂ ਗੱਲਾਂ ਕਰਦੇ ਅਤੇ ਨਿੰਦਾ ਕਰਦੇ ਹਨ। ਮੈਂ ਅੰਮ੍ਰਿਤ ਦੀ ਅਤੇ ਮਹਾਂ ਪੁਰਸ਼ਾਂ ਦੀ ਨਿੰਦਾ ਨਹੀਂ ਸੁਣ ਸਕਦੀ। ਇਸ ਦੇ ਨਾਲ ਹੀ ਇਕ ਬੇਨਤੀ-ਪੱਤਰ ਬਾਊ ਜੀ ਦੀ ਸੇਵਾ ਵਿਚ ਲਿਖ ਭੇਜਿਆ ਅਤੇ ਆਪਣੀ ਬਿਰਥਾ ਇਉਂ ਦਸੀ :

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**
**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**
**ਕਹੁ ਨਾਨਕ ਹਮ ਨੀਚ ਕਰੰਮਾ ॥**
**ਸਰਣਿ ਪਰੇ ਕੀ ਰਾਖਹੁ ਸਰਮਾ ॥**

*(ਸੋਦਰੁ ਰਹਰਾਸਿ, ਪੰਨਾ ੧੨)*

ਸ. ਕਿਰਪਾਲ ਸਿੰਘ ਅਤੇ ਇਕ ਹੋਰ ਸਿੰਘ ਬਾਊ ਮੱਲ ਸਿੰਘ ਜੀ ਹੋਰਾਂ ਨੂੰ ਸ੍ਰੀ ਤਰਨ ਤਾਰਨ ਆ ਮਿਲੇ। ਉਥੇ ਦਰਬਾਰ ਸਾਹਿਬ ਵਿਖੇ ਮਾਨਯੋਗ ਬਾਊ ਜੀ ਨੇ ਆਪ, ਬੜੇ ਬੈਰਾਗ ਵਿਚ ਅਰਦਾਸ ਕੀਤੀ। ਹੁਕਮ ਵਿਚ ਆਇਆ :-

**ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥**
**ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥**
**ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥**
**ਹਰਿ ਜੀਉ ਨਿਮਾਣਿਆ ਤੂ ਮਾਣੁ ॥**
**ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ**
**ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥**
**ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥**
**ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥**

**ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥**
**ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥**
**ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥**
**ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥**
**ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥**
**ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥**
**ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ**
**ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥**

*(ਸੋਰਠਿ ਮਹਲਾ ੫, ਪੰਨਾ ੬੨੪-੨੫)*

ਇਹ ਹੁਕਮਨਾਮਾ ਤੇ ਪ੍ਰਸ਼ਾਦ ਲੈ ਕੇ ਕਿਰਪਾਲ ਸਿੰਘ ਜੀ ਵਾਪਸ ਆਏ। ਨਾਲ ਹੀ ਦਸਿਆ ਕਿ ਮਹਾਂ ਪੁਰਸ਼ਾਂ ਦਾ ਹੁਕਮ ਹੈ ਕਿ ਇਸੇ ਹੁਕਮਨਾਮੇ ਦਾ ਸਾਰਾ ਦਿਨ ਪਾਠ ਕਰੋ। ਸੱਤ ਦਿਨਾਂ ਦੇ ਅੰਦਰ ਹੀ ਬੀਬੀ ਦੇ ਪਤੀ ਜੀ ਬਿਲਕੁਲ ਠੀਕ ਹੋ ਗਏ।

ਬੀਬੀ ਇੰਦਰ ਕੌਰ ਜੀ ਦੇ ਆਪਣੇ ਸ਼ਬਦਾਂ ਵਿਚ ਇਹ ਵਰਤਾ ਫਿਰ ਇਸ ਤਰ੍ਹਾਂ ਹੈ-

ਅਰਦਾਸ ਹੋਣ ਦੇ ਸਮੇਂ ਮੇਰੇ ਪਤੀ ਜੀ ਨੂੰ ਬੇਸੁਰਤੀ ਦੀ ਹਾਲਤ ਵਿਚ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਹਿਲੀ ਵਾਰ ਦਰਸ਼ਨ ਹੋਏ, ਜੁ ਉਹ ਮੈਂਟਲ ਹਸਪਤਾਲ ਦੇ ਸਭ ਤੋਂ ਵੱਡੇ ਡਾਕਟਰ ਲਾਜ ਪੈੱਚ (Lodge Patch) ਨਾਲ ਗੱਲ ਬਾਤ ਕਰ ਰਹੇ ਸਨ। ਪੂਰੀ ਹੋਸ਼ ਆਉਣ 'ਤੇ ਮੇਰੇ ਪਤੀ ਜੀ ਬਹੁਤ ਉਤਾਵਲੇ ਹੋ ਗਏ ਕਿ ਛੇਤੀ ਮਾਨਯੋਗ ਬਾਊ ਜੀ ਦੇ ਉਕਾੜੇ ਚੱਕ ਨੰਬਰ 52 ਜਾਣਾ ਹੈ। ਸ. ਕਿਰਪਾਲ ਸਿੰਘ ਜੀ ਦੰਪਤੀ, ਮੇਰੇ ਮਾਮੀ ਜੀ, ਮੇਰੀ ਭੈਣ ਸੁਰਿੰਦਰ ਕੌਰ ਤੇ ਅਸੀਂ ਦੋਵੇਂ ਦਰਸ਼ਨਾਂ ਲਈ ਤੁਰ ਪਏ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰ ਕੇ ਉਕਾੜੇ ਪੁਜ ਗਏ। ਸ੍ਰੀਮਾਨ ਬਾਊ ਮੱਲ ਸਿੰਘ ਜੀ ਤੇ ਉਨ੍ਹਾਂ ਦੇ ਸਾਰੇ ਪਰਿਵਾਰ ਨੇ ਪੂਰਾ ਸਤਿਕਾਰ ਦਿੱਤਾ। ਉਥੇ ਪਿਆਰੇ ਹਰਿਬਚਨ ਸਿੰਘ ਜੀ ਦੇ ਦਰਸ਼ਨ ਹੋਏ, ਜੋ ਬਾਊ ਜੀ ਦੇ ਸਾਰੇ ਪਰਿਵਾਰ ਦੇ ਮਾਮਾ ਜੀ ਸਨ। ਉਹਨਾਂ ਨੇ ਸ੍ਰੀਮਾਨ ਬਾਊ ਜੀ ਦੀ ਸੁਪਤਨੀ (ਮਾਤਾ ਨਿਹਾਲ ਕੌਰ ਜੀ) ਦੇ ਨਾਲ ਅੰਮ੍ਰਿਤ ਪਾਨ ਕੀਤਾ ਸੀ। ਉਸ ਦਿਨ ਤੋਂ ਉਹ ਮੇਰੇ ਵੀ ਮਾਮਾ ਜੀ ਬਣ ਗਏ ਅਤੇ ਸਾਰਾ ਜੀਵਨ ਉਨ੍ਹਾਂ ਨੇ ਮੈਨੂੰ ਆਪਣੀਆਂ ਬੱਚੀਆਂ ਵਾਲਾ ਪਿਆਰ ਦਿੱਤਾ।

ਮਾਨਯੋਗ ਬਾਊ ਜੀ ਤੇ ਮਾਮਾ ਜੀ ਸਾਨੂੰ ਨਾਰੰਗਵਾਲ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨਾਂ ਲਈ ਲੈ ਗਏ। ਰਾਤ ਅਸੀਂ ਲੁਧਿਆਣੇ ਪ੍ਰੋ. ਠਾਕਰ ਸਿੰਘ ਜੀ ਦੇ ਘਰ ਰੁਕੇ, ਜੋ ਰਿਸ਼ਤੇ ਵਿਚ ਬਾਊ ਜੀ ਦੇ ਭਤੀਜੇ ਸਨ, ਪਰ ਪਿਆਰ ਵਿਚ ਪਿਆਰੇ ਪੁੱਤਰ ਸਨ। ਉਨ੍ਹਾਂ ਨੇ ਜੋ ਪਿਆਰ ਸਤਿਕਾਰ ਸਾਨੂੰ ਦਿੱਤਾ, ਉਸ ਦੀ ਵੀ ਅਕੱਥ ਕਥਾ ਹੈ। ਉਹ ਹੁਣ ਤੱਕ ਸਾਡੇ ਪਰਮ ਮਿੱਤਰ ਅਤੇ ਦੁਖ ਸੁਖ ਦੇ ਸਾਂਝੀਵਾਲ ਹਨ।

ਦੂਜੇ ਦਿਨ ਸਵੇਰੇ ਅਸੀਂ ਨਾਰੰਗਵਾਲ ਪੁਜੇ। ਮੇਰੇ ਪਤੀ ਜੀ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਨ੍ਹਾਂ ਨੂੰ ਭਾਈ ਰਣਧੀਰ ਸਿੰਘ ਜੀ, ਬੇਸੁਰਤੀ ਦੀ ਹਾਲਤ ਦੇ ਨਜ਼ਾਰੇ ਵਾਲੇ ਹੀ ਮਹਾਂਪੁਰਸ਼ ਦਿਸੇ। ਨਾਲ ਹੀ ਨਜ਼ਾਰੇ ਵਾਲੀ ਥਾਂ ਵੀ ਉਨ੍ਹਾਂ ਦਾ ਘਰ ਹੀ ਦਿਸਿਆ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਪ੍ਰਤੀ ਕੀਤੀ ਦੇਹ ਅਰੋਗਤਾ ਦੀ ਅਰਦਾਸ ਦੀ ਸੁਣਾਈ

ਸ੍ਰੀਮਾਨ ਭਾਈ ਸਾਹਿਬ ਅਤੇ ਮਾਨਯੋਗ ਬਾਊ ਜੀ ਦੇ ਸਦਕੇ ਹੀ ਹੋਈ ਹੈ। ਭਾਈ ਸਾਹਿਬ ਜੀ ਦੀ ਪ੍ਰਬਲ ਸ਼ਖਸੀਅਤ ਦਾ ਮੇਰੇ ਮਨ 'ਤੇ ਬੜਾ ਡੂੰਘਾ ਪ੍ਰਭਾਵ ਪਿਆ।

ਸੰਨ 1938 ਵਿਚ ਫਿਰ ਸਾਡੇ ਘਰ ਰਾਵਲਪਿੰਡੀ ਵਿਖੇ ਇਸੇ ਜਥੇ ਨੇ ਸ੍ਰੀ ਅਖੰਡਪਾਠ ਰਖਿਆ। ਪਾਠ ਤੋਂ ਮਗਰੋਂ ਪਤੀ ਜੀ ਦੀ ਦਿਮਾਗ਼ੀ ਹਾਲਤ ਫਿਰ ਵਿਗੜ ਗਈ। ਬਾਊ ਮੱਲ ਸਿੰਘ ਜੀ ਮੇਰੇ ਧਰਮ-ਪਿਤਾ ਸਨ ਤੇ ਮੈਂ ਉਹਨਾਂ ਦੀ ਪਿਆਰੀ ਪੁੱਤਰੀ। ਉਹ ਤਰਸ ਵਿਚ ਆ ਗਏ। ਤਕਲੀਫ਼ ਵਿਚ ਮੈਨੂੰ ਇਕੱਲੇ ਛਡਣਾ ਉਨ੍ਹਾਂ ਲਈ ਮੁਸ਼ਕਲ ਹੋ ਗਿਆ। ਉਨ੍ਹਾਂ ਨੇ ਪ੍ਰੋ: ਠਾਕਰ ਸਿੰਘ ਜੀ ਅਤੇ ਭਾਊ ਤੇਜਾ ਸਿੰਘ ਜੀ ਨੂੰ ਡਾਕਟਰ ਸਾਹਿਬ ਦੀ ਸੇਵਾ ਲਈ ਸਾਡੇ ਘਰ ਰਹਿਣ ਲਈ ਹੁਕਮ ਦਿੱਤਾ। ਇਨ੍ਹਾਂ ਦੋਹਾਂ ਨੇ ਮੇਰੇ ਪਤੀ ਜੀ ਦੀ ਬੜੇ ਹੀ ਪਿਆਰ ਨਾਲ ਸੇਵਾ ਕੀਤੀ, ਜਿਸ ਕਾਰਨ ਮੇਰੇ ਮਨ ਵਿਚ ਗੁਰਸਿਖੀ ਦੇ ਪਿਆਰ ਦੀ ਕੀਮਤ ਬਹੁਤ ਹੀ ਵਧ ਗਈ। ਮੈਨੂੰ ਇਹ ਹੀ ਸਕੇ ਸੰਬੰਧੀ ਦਿਸੇ। ਬਾਕੀ ਦੁਨੀਆਂ ਦੀ ਅਸਲੀਅਤ ਉਘੜ ਕੇ ਸਾਹਮਣੇ ਆ ਗਈ। ਮਾਨਯੋਗ ਬਾਊ ਜੀ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਮੈਨੂੰ ਸਭ ਤੋਂ ਪਿਆਰਾ ਤੇ ਸਨੇਹੀ ਭਾਸਣ ਲੱਗਾ। ਮੇਰੇ ਪਤੀ ਜੀ ਲਾਹੌਰ ਦਿਮਾਗ਼ੀ ਬਿਮਾਰੀਆਂ ਦੇ ਹਸਪਤਾਲ ਵਿਚ ਦਾਖ਼ਲ ਹੋ ਗਏ। ਪਰ ਉਹਨਾਂ ਦੀ ਦਿਮਾਗ਼ੀ ਹਾਲਤ ਹੋਰ ਵਿਗੜ ਗਈ।

ਮੈਂ ਉਕਾੜੇ ਗਈ। ਉਥੇ ਬਾਊ ਜੀ ਦੀ ਲੜਕੀ ਬੀਬੀ ਗਿਆਨ ਕੌਰ ਦੀ ਸ਼ਾਦੀ ਸੀ ਅਤੇ ਸ੍ਰੀਮਾਨ ਭਾਈ ਸਾਹਿਬ ਵੀ ਜਥੇ ਸਮੇਤ ਪੁਜੇ ਹੋਏ ਸਨ। ਮੇਰੇ ਧਰਮ-ਪਿਤਾ ਬਾਊ ਜੀ ਦਾ ਸੰਗੀਨ ਐਕਸੀਡੈਂਟ ਹੋ ਗਿਆ ਸੀ। ਮੈਂ ਡੂੰਘੀ ਉਦਾਸੀ ਵਿਚ ਭਾਈ ਸਾਹਿਬ ਜੀ ਦੇ ਨਾਲ ਵਾਪਸੀ ਲਈ ਬਸ ਵਿਚ ਬੈਠੀ ਸਾਂ। ਅਚੇਤ ਹੀ ਸ੍ਰੀਮਾਨ ਭਾਈ ਸਾਹਿਬ ਜੀ ਨੇ ਮੇਰੇ ਸਿਰ 'ਤੇ ਹੱਥ ਰੱਖ ਦਿੱਤਾ। ਮੈਂ ਤ੍ਰਭਕ ਜਹੀ ਗਈ। ਫਿਰ ਮਹਾਂਪੁਰਸ਼ਾਂ ਨੇ ਬਖ਼ਸ਼ਿਸ਼ ਭਰੀ ਨਜ਼ਰ ਦੇ ਨਾਲ ਹੀ ਬਚਨ ਕੀਤਾ, "ਬਸ ਬੀਬੀ, ਤੇਰਾ ਕਸ਼ਟ ਦੂਰ ਹੋ ਚੁੱਕਾ ਹੈ, ਹੁਣ ਡਾਕਟਰ ਸਾਹਿਬ ਠੀਕ ਹੋ ਜਾਣਗੇ।" ਮੈਂ ਸ਼ੁਕਰ ਵਿਚ ਸਿਰ ਨਿਵਾਇਆ। ਮੈਂ ਵਾਪਸ ਰਾਵਲਪਿੰਡੀ ਪੁਜ ਗਈ।

ਇਕ ਦਿਨ ਸ੍ਰੀਮਾਨ ਭਾਈ ਸਾਹਿਬ ਜੀ ਦੀ ਤਾਰ ਆਈ ਕਿ ਡਾਕਟਰ ਸਾਹਿਬ ਦੀ ਸਿਹਤ ਲਈ ਲੁਧਿਆਣੇ ਸ੍ਰੀ ਅਖੰਡਪਾਠ ਰਖਿਆ ਗਿਆ ਹੈ, ਭੋਗ ਅਰਦਾਸ ਵਿਚ ਸ਼ਾਮਲ ਹੋਵੋ। ਮੈਂ ਵਕਤ ਸਿਰ ਉਥੇ ਪੁਜੀ। ਭਾਈ ਸਾਹਿਬ ਜੀ ਨੇ ਪ੍ਰੋ. ਠਾਕਰ ਸਿੰਘ ਜੀ ਨੂੰ ਅਰਦਾਸ ਕਰਨ ਲਈ ਕਿਹਾ। ਬੜੇ ਰੰਗਾਂ ਵਿਚ ਅਰਦਾਸ ਹੋਈ।

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥**
**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੭੭॥**

*(ਬਿਲਾਵਲ ਮਹਲਾ ੫, ਪੰਨਾ ੮੧੯)*

ਦੇ ਮਹਾਂਵਾਕ ਅਨੁਸਾਰ ਜਨ ਕੀ ਅਰਦਾਸ ਸੁਣੀ ਗਈ ਤੇ ਮੇਰਾ ਕਸ਼ਟ ਦੂਰ ਹੋ ਗਿਆ। ਡਾਕਟਰ ਸਾਹਿਬ ਹਫ਼ਤੇ ਦੇ ਵਿਚ ਰਾਜ਼ੀ ਹੋ ਗਏ।

## ਰਾਵਲਪਿੰਡੀ ਵਿਖੇ ਚੌਥੀ ਪਰਚਾਰ-ਫੇਰੀ

1932 ਵਿਚ ਰਾਵਲਪਿੰਡੀ ਦੀਆਂ ਸੰਗਤਾਂ ਵੱਲੋਂ ਪ੍ਰੇਮ-ਸੰਦੇਸ਼ਾ ਪੁੱਜਣ 'ਤੇ

ਮਾਨਯੋਗ ਬਾਊ ਜੀ ਦੇ ਨਾਲ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਦਾਸ (ਠਾਕਰ ਸਿੰਘ), ਬਾਬਾ ਨਰੈਣ ਸਿੰਘ ਜੀ ਕਿਲ੍ਹਾ ਰਾਏਪੁਰ, ਬੀਬੀ ਦਲੇਰ ਕੌਰ, ਬੀਬੀ ਸੁਖਦੇਵ ਕੌਰ ਤੇ ਬੀਬੀ ਕੁਲਵੰਤ ਕੌਰ, ਸਾਰਾ ਜੱਥਾ ਪਿੰਡੀ ਪੁੱਜ ਗਿਆ। ਸਟੇਸ਼ਨ ਤੇ ਉਥੋਂ ਦੀਆਂ ਸੰਗਤਾਂ ਪੁਜੀਆਂ ਹੋਈਆਂ ਸਨ। ਬੜੀ ਉਤਸ਼ਾਹ-ਜਨਕ ਸਜ-ਧਜ ਨਾਲ ਜਥੇ ਦਾ ਸੁਆਗਤ ਕੀਤਾ ਗਿਆ।

ਜਥੇ ਦਾ ਉਤਾਰਾ ਡਾ. ਪ੍ਰਗਟ ਸਿੰਘ ਬੀਬੀ ਇੰਦਰ ਕੌਰ ਜੀ ਦੇ ਬੂੰਗਿਆਂ ਵਿਚ ਹੋਇਆ। ਜੱਥਾ 13 ਦਿਨ ਇਥੇ ਠਹਿਰਿਆ। ਸਵੇਰੇ ਸ਼ਾਮ ਸ਼ਹਿਰ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਕੀਰਤਨ ਅਖਾੜੇ ਸਜਦੇ ਰਹੇ। ਇਹ ਦੰਪਤੀ ਜਥੇ ਦੀ ਖ਼ੂਬ ਸੇਵਾ ਨਿਭਾਉਂਦੀ ਰਹੀ। ਇਸ ਸੇਵਾ ਸਮੇਂ ਇਕ ਦਿਨ ਬੀਬੀ ਇੰਦਰ ਕੌਰ ਜੀ ਨੇ ਇਸ ਸ਼ਬਦ ਦਾ ਕੀਰਤਨ ਕੀਤਾ :

**ਸੰਤਨ ਕੀ ਸਰਣਾਈ ਪੜਿਆ ॥ ਜੀਉ ਪ੍ਰਾਣ ਧਨੁ ਆਗੈ ਧਰਿਆ ॥**
**ਸੇਵਾ ਸੁରਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ ॥੧੨॥**
**ਨਿਰਗੁਣ ਕਉ ਸੰਗਿ ਲੇਹੁ ਰਲਾਏ ॥ ਕਰਿ ਕਿਰਪਾ ਮੋਹਿ ਟਹਲੈ ਲਾਏ ॥**
**ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥੧੩॥**
**ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥ ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥**
**ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥੧੪॥**
**ਭਏ ਕ੍ਰਿਪਾਲ ਗੁਸਾਈ ਮੇਰੇ ॥ ਦਰਸਨੁ ਪਾਇਆ ਸਤਿਗੁਰ ਪੂਰੇ ॥**
**ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ ॥੧੫॥੨॥੭॥**

*(ਮਾਰੂ ਮ: ੫, ਪੰਨਾ ੧੦੭੮)*

ਮਹਾਂਪੁਰਸ਼ਾਂ ਦੀ ਨਾਮ-ਕਮਾਈ ਸਦਕਾ, ਉਨ੍ਹਾਂ ਦੀ ਪਿਆਰੀ ਦ੍ਰਿਸ਼ਟੀ ਦੀ ਤੁਫ਼ੈਲ ਕੀਰਤਨ ਵਿਚ ਐਸੀ ਕਲਾ ਵਰਤੀ ਕਿ ਇਕ ਅਜਬ ਹੀ ਮਸਤੀ ਛਾ ਗਈ ਅਤੇ ਸਾਰੇ ਹੀ ਰਸ-ਲੀਣ ਹੋਇ ਗੁਰੂ-ਚਰਨਾਂ ਦਾ ਰਸ ਮਾਣ ਰਹੇ ਸਨ।

ਡਾਕਟਰ ਜੀ ਅਤੇ ਬੀਬੀ ਇੰਦਰ ਕੌਰ ਜੀ ਦੇ ਇਸ ਪਿਆਰ ਸਦਕਾ ਜਥਾ ਫਿਰ ਜਦੋਂ ਵੀ ਰਾਵਲਪਿੰਡੀ ਪੁਜਦਾ ਰਿਹਾ, ਇਨ੍ਹਾਂ ਦੇ ਗ੍ਰਿਹਿ ਵਿਖੇ ਹੀ ਨਿਵਾਸ ਰਖਦਾ ਰਿਹਾ। ਜਥੇ ਵਿਚ ਪਹਿਲੇ ਪਹਿਲ ਰੈਣ-ਸਬਾਈ ਕੀਰਤਨ ਦਾ ਆਰੰਭ ਵੀ ਇਥੋਂ ਹੀ ਹੋਇਆ। ਇਹ ਵਿਥਿਆ ਬੀਬੀ ਇੰਦਰ ਕੌਰ ਜੀ ਨੇ ਆਪ ਇਉਂ ਬਿਆਨ ਕੀਤੀ ਹੈ।

## ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ

ਦੂਜੀ ਵਿਸ਼ਵ-ਜੰਗ ਵਿਚ ਮੇਰੇ ਪਤੀ (ਡਾਕਟਰ ਪ੍ਰਗਟ ਸਿੰਘ) ਜੀ ਨੇ ਮਿਲਟਰੀ ਦੀ ਨੌਕਰੀ ਲੈ ਲਈ। ਅੰਮ੍ਰਿਤ ਛਕਣ ਵੇਲੇ ਪੰਜਾਂ ਪਿਆਰਿਆਂ ਨੇ ਮਾਸ ਖਾਣ ਦੀ ਮਨਾਹੀ ਕੀਤੀ ਸੀ। ਪਰ ਉਨ੍ਹਾਂ ਪਾਸੋਂ ਮਾਸ ਖਾਧਾ ਗਿਆ। ਹੁਕਮ ਅਨੁਸਾਰ ਸਾਨੂੰ ਮੁੜ ਅੰਮ੍ਰਿਤ ਛਕਣਾ ਪੈਣਾ ਸੀ। ਮੇਰਾ ਮਨ ਉਦਾਸ ਸੀ ਕਿ ਐਤਕੀਂ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਬਾਊ ਮੱਲ ਸਿੰਘ ਜੀ ਮੇਰੇ ਹੱਥਾਂ ਦਾ ਬਣਿਆ ਭੋਜਨ ਨਹੀਂ ਛਕਣਗੇ। ਤੀਬਰ ਇੱਛਾ ਅਤੇ ਡੂੰਘੀ ਸ਼ਰਧਾ ਨੇ ਇਸ ਦਾ ਹਲ ਲੱਭ ਲਿਆ। ਸੁੱਕੇ ਆਟੇ ਨੂੰ ਘਿਓ

ਵਿਚ ਭੁੰਨ ਲਿਆ, ਵਿਚ ਪੀਸੀ ਖੰਡ ਰਲਾ ਦਿੱਤੀ ਤੇ ਸੁੱਕੇ ਬਦਾਮ ਪੀਸ ਕੇ ਵਿਚ ਪਾ ਦਿੱਤੇ। ਮਨ ਵਿਚ ਕਿਹਾ ਕਿ ਇਹ ਪੰਜੀਰੀ ਤਾਂ ਉਹ ਛਕ ਹੀ ਲੈਣਗੇ। ਇਹ ਤਾਂ ਸਭ ਚੀਜ਼ਾਂ ਸੁੱਚੀਆਂ ਹਨ। ਪੰਜੀਰੀ ਨੂੰ ਕੋਰੇ ਭਾਂਡੇ ਵਿਚ ਪਾ ਕੇ, ਉਨ੍ਹਾਂ ਦੇ ਲੰਗਰ ਦੀ ਅਲਮਾਰੀ ਵਿਚ ਰੱਖ ਦਿੱਤਾ। ਲੰਗਰ ਤਿਆਰ ਕਰਨ ਵਾਲਿਆਂ ਨਾਲ ਪੰਜੀਰੀ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ, "ਬੀਬੀ, ਤੁਸੀਂ ਤਿਆਰ-ਬਰ-ਤਿਆਰ ਨਹੀਂ, ਇਹ ਪੰਜੀਰੀ ਭਾਈ ਸਾਹਿਬ ਤੇ ਬਾਊ ਜੀ ਨਹੀਂ ਛਕਣਗੇ।" ਮੇਰਾ ਮਨ ਬੁਝ ਗਿਆ। ਪੰਜੀਰੀ ਪਈ ਰਹੀ ਤੇ ਮੈਂ ਇਹ ਦਸਣ ਦੀ ਜੁਰਅਤ ਵੀ ਨਾ ਕੀਤੀ ਕਿ ਮੈਂ ਕਿਸ ਪਿਆਰ ਨਾਲ ਇਹ ਪੰਜੀਰੀ ਬਣਾਈ ਹੈ, ਇਹ ਸੁੱਚੀ ਹੈ, ਜੂਠੀ ਨਹੀਂ। ਮੈਨੂੰ ਯਕੀਨ ਹੋ ਚੁੱਕਾ ਸੀ ਕਿ ਇਹ ਹੁਣ ਪਰਵਾਨ ਨਹੀਂ ਹੋ ਸਕਦੀ।

ਜਥੇ ਦਾ ਕੀਰਤਨ ਕਿਤੇ ਦੂਰ ਦੇ ਗੁਰਦੁਆਰਾ ਸਾਹਿਬ ਵਿਖੇ ਸੀ। ਘਰ ਦੀ ਜ਼ਿੰਮੇਵਾਰੀ ਸਦਕਾ ਉਸ ਦਿਨ ਮੈਂ ਉਨ੍ਹਾਂ ਦੇ ਨਾਲ ਨਹੀਂ ਸਾਂ ਜਾ ਸਕੀ। ਓਦੋਂ ਹੀ ਜਥੇ ਦੇ ਖ਼ਾਸ ਵਿਅਕਤੀ ਕਰਨਲ ਪਿਆਰਾ ਸਿੰਘ ਜੀ ਸਾਡੇ ਘਰ ਆ ਪੁਜੇ। ਉਨ੍ਹਾਂ ਦੇ ਆਉਣ ਦੀ ਮੈਨੂੰ ਬਹੁਤ ਖੁਸ਼ੀ ਹੋਈ। ਸਤਿਗੁਰੂ ਦੇ ਪਿਆਰੇ ਆ ਮਿਲੇ, ਚਾਅ ਚੜ੍ਹ ਗਿਆ। ਬਸ ਜੀ, ਫਿਰ ਤਾਂ :

**ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ ॥**
**ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥**

*(ਪੰਨਾ ੫੮੭)*

ਬੈਰਾਗੀ ਜੀਊੜੇ ਕਰਨਲ ਸਾਹਿਬ ਨੇ ਵਾਜਾ ਫੜ ਲਿਆ। ਪ੍ਰੇਮ-ਤਰੰਗ-ਮਸਤੀ ਵਿਚ ਝੂਮਦਿਆਂ ਨੇ ਸ਼ਬਦ ਆਰੰਭ ਕੀਤਾ :

**ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥**
**ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ**
**ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ ਰਹਾਉ ॥**
**ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ**
**ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥**
**ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ**
**ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥੧॥**
**ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ**
**ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥**
**ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ**
**ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥**

*(ਆਸਾਵਰੀ ਮਹਲਾ ੪, ਪੰਨਾ ੩੬੯)*

ਕਰਨਲ ਸਾਹਿਬ ਕੀਰਤਨ ਵਿਚ ਲਟਬਉਰੇ ਹੋ ਹੋ ਜਾਣ ਅਤੇ ਉਨ੍ਹਾਂ ਦੇ ਅੰਦਰੋਂ ਪ੍ਰੇਮ ਦੀਆਂ ਅਜਿਹੀਆਂ ਕਾਂਗਾਂ ਫੁਟ ਫੁਟ ਨਿਕਲਣ ਕਿ ਬੈਰਾਗ ਦਾ ਇਕ ਮੰਡਲ ਹੀ ਛਾ ਗਿਆ।

ਗੁਰੂ ਨੇਤ ਨਾਲ ਉਸ ਸਮੇਂ ਪ੍ਰੋਫੈਸਰ ਠਾਕਰ ਸਿੰਘ ਜੀ ਵੀ ਕੀਰਤਨ 'ਤੇ ਨਾ ਜਾ ਸਕੇ। ਕੀਰਤਨ ਦੇ ਇਨ੍ਹਾਂ ਰੰਗਾਂ ਵਿਚ ਉਹ ਵੀ ਬਿਹਬਲ ਹੋ ਰਹੇ ਸਨ। ਕਰਨਲ ਸਾਹਿਬ ਤੋਂ ਪਿਛੋਂ ਪ੍ਰੋ. ਠਾਕਰ ਸਿੰਘ ਜੀ ਨੇ ਕੀਰਤਨ ਦੇ ਉਸ ਬੈਰਾਗ-ਮੰਡਲ ਵਿਚ ਹੋਰ ਵਾਧਾ ਕੀਤਾ ਅਤੇ ਕੀਰਤਨ ਦੁਆਰਾ ਬਾਣੀ ਦੇ ਬਾਣ ਐਸੇ ਸਿੰਨ੍ਹ ਸਿੰਨ੍ਹ ਕੇ ਚਲਾਏ ਕਿ ਸਾਰਾ ਮਨ ਤਨ ਹੀ ਮੋਹਿਆ ਗਿਆ।

ਜਦੋਂ ਜਥਾ ਵਾਪਸ ਸਾਡੇ ਬੁੰਗੇ ਪੁਜਾ ਤਾਂ ਮੈਂ ਸ਼ਬਦ ਪੜ੍ਹ ਰਹੀ ਸਾਂ:-

**ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥**
**ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ**
**ਜੈਸੇ ਕਰਹਲੁ ਬੇਲਿ ਰੀਝਾਈ ॥੧॥ ਰਹਾਉ ॥**
**ਹਮਰਾ ਮਨੁ ਬੈਰਾਗ ਬਿਰਕਤੁ ਭਇਓ**
**ਹਰਿ ਦਰਸਨ ਮੀਤ ਕੈ ਤਾਈ ॥**
**ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ**
**ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥**
**ਰਾਖੁ ਸਰਣਿ ਜਗਦੀਸੁਰ ਪਿਆਰੇ**
**ਮੋਹਿ ਸਰਧਾ ਪੂਰਿ ਹਰਿ ਗੁਸਾਈ ॥**
**ਜਨ ਨਾਨਕ ਕੈ ਮਨਿ ਅਨਦੁ ਹੋਤ ਹੈ**
**ਹਰਿ ਦਰਸਨੁ ਨਿਮਖ ਦਿਖਾਈ ॥੨॥੩੯॥**

*(ਆਸਾਵਾਰੀ ਮਹਲਾ ੪, ਪੰਨਾ ੩੬੯-੭੦)*

ਇਹ ਤੁਕ ਗੂੰਜ ਰਹੀ ਸੀ, "ਮਾਈ ਮੋਰੋ ਪ੍ਰੀਤੁਮੁ ਰਾਮੁ ਬਤਾਵਹੁ ਰੀ ਮਾਈ"। ਭਾਈ ਸਾਹਿਬ ਜੀ ਅੰਦਰ ਪੁਜਦਿਆਂ ਸਾਰ ਰੰਗਾਂ ਵਿਚ ਆ ਗਏ ਅਤੇ ਬਾਊ ਜੀ ਨੂੰ ਕਹਿਣ ਲਗੇ, "ਪ੍ਰੀਤਮ ਰਾਮੁ ਬਤਾਵਹੁ"। ਉਨ੍ਹਾਂ ਦੇ ਅਉਣ ਨਾਲ ਮੇਰੇ ਮਨ ਦੀ ਦਸ਼ਾ ਹੋਰ ਵੀ ਬੈਰਾਗੀ ਗਈ। ਭਾਈ ਸਾਹਿਬ ਤੇ ਸ੍ਰੀਮਾਨ ਬਾਊ ਜੀ ਜਥੇ ਸਮੇਤ ਉਥੇ ਹੀ ਬੈਠ ਗਏ। ਕੀਰਤਨ ਮੰਡਲ ਅਨੁਪਮ ਰੰਗਾਂ ਵਿਚ ਰੰਗੀਜ ਗਿਆ। ਪਤਾ ਨਹੀਂ, ਕਿਵੇਂ ਮੇਰੇ ਮਨ ਵਿਚ ਆਇਆ ਅਤੇ ਮੈਂ ਆਪਣਾ ਇਕ ਤਾਰਾ ਫੜ ਲਿਆ ਅਤੇ ਸ਼ਬਦ ਆਰੰਭ ਦਿੱਤਾ :-

**ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ ॥**

*(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧੬)*

ਸੰਤ ਪਰਾਹੁਣੇ ਤਾਂ ਆਏ ਹੋਏ ਹੀ ਸਨ ਅਤੇ ਕੀਰਤਨ ਵੀ ਰਾਤ ਸਮੇਂ ਹੀ ਹੋ ਰਿਹਾ ਸੀ। ਐਉਂ ਕੀਰਤਨ-ਰੰਗਾਂ ਵਿਚ ਹੀ ਅੱਧੀ ਰਾਤ ਬੀਤ ਗਈ, ਤਾਂ ਭਾਈ ਸਾਹਿਬ ਜੀ ਕਹਿਣ ਲੱਗੇ, "ਜੋਗਣੇ, ਲਿਆ ਹੁਣ ਪੰਜੀਰੀ ! ਕੌਣ ਕਹਿੰਦਾ ਹੈ ਅਸੀਂ ਤੇਰੇ ਹੱਥਾਂ ਦੀ ਪੰਜੀਰੀ ਨਹੀਂ ਖਾਵਾਂਗੇ ? ਉਠ, ਲਿਆ ਪੰਜੀਰੀ।" ਮੈਂ ਥਿੜਕਦੀਆਂ ਲੱਤਾਂ ਤੇ ਕੰਬਦੇ ਹੱਥਾਂ ਨਾਲ ਲੋਹੇ ਦੇ ਬਾਟੇ ਵਿਚ ਪਾ ਕੇ ਪੰਜੀਰੀ ਪੇਸ਼ ਕੀਤੀ। ਸਾਰੀ ਸੰਗਤ ਵਿਚ ਸੱਨਾਟਾ ਛਾ ਗਿਆ। ਕੀਰਤਨ ਬੰਦ ਹੋ ਗਿਆ। ਸਭ ਇਹ ਅਸਚਰਜ ਕੌਤਕ ਵੇਖ ਰਹੇ ਸਨ। ਮੈਂ ਭੀ ਆਪਣੀ ਛੁਟਿੱਤਣ ਅਤੇ ਭਾਈ ਸਾਹਿਬ ਦੀ ਵਡਿੱਤਣ ਬਾਰੇ ਸੋਚ ਰਹੀ ਸਾਂ, ਪਰ ਚੁਪ ਛਾਈ ਹੋਈ ਸੀ। ਸ੍ਰੀਮਾਨ ਭਾਈ ਸਾਹਿਬ ਜੀ ਨੇ ਇਸ ਚੁੱਪ ਨੂੰ ਤੋੜਿਆ,

ਬਖਸ਼ਿਸ਼ ਭਰੀਆਂ ਨਜ਼ਰਾਂ ਨਾਲ ਦੇਖਿਆ ਤੇ ਕਿਹਾ, "ਚਖ ਕੇ ਦੇਹ"। ਮੈਂ ਬਾਟਾ ਹੋਰ ਅੱਗੇ ਉਨ੍ਹਾਂ ਦੇ ਪਾਸ ਕੀਤਾ। ਮੈਥੋਂ ਆਪਣਾ ਆਪ ਸੰਭਾਲਿਆ ਨਹੀਂ ਸੀ ਜਾਂਦਾ। ਉਹ ਫਿਰ ਬੋਲੇ, "ਚਖ ਕੇ ਦੇਹ, ਭੀਲਣੀ ਨੇ ਬੇਰ ਚੱਖ ਕੇ ਦਿੱਤੇ ਸਨ।" ਭਾਈ ਸਾਹਿਬ ਮੇਰੇ ਮਨ ਦੀ ਅਵਸਥਾ ਨੂੰ ਲੱਖ ਗਏ। ਮੈਂ ਹੋਰ ਬਖਸ਼ਸ਼ ਝਲਣ ਦੇ ਸਮਰੱਥ ਨਹੀਂ ਸਾਂ। ਉਨ੍ਹਾਂ ਨੇ ਦੋ ਚੂੰਢੀਆਂ ਪੰਜੀਰੀ ਦੀਆਂ ਛਕੀਆਂ ਤੇ ਫਿਰ ਕੀਰਤਨ ਸ਼ੁਰੂ ਹੋ ਗਿਆ, ਮਹਾਂ-ਪੁਰਸ਼ਾਂ ਦਾ ਪਰਸਿਆ ਪੰਜੀਰੀ ਪਰਸ਼ਾਦ ਅਚਰਜ ਸੁਆਦ ਤੇ ਅਹਿਲਾਦ ਦਾ ਮੂਜਬ ਬਣਿਆ। ਉਤੋਂ ਕੀਰਤਨ ਰੰਗ, ਸੋਨੇ 'ਤੇ ਸੁਹਾਗੇ ਦਾ ਕੰਮ ਕਰ ਗਏ। ਭੋਗ ਅਗਲੇ ਦਿਨ ਦੁਪਹਿਰੇ ਇਕ ਵਜੇ ਜਾ ਕੇ ਪਿਆ।

ਕਿਸੇ ਹੋਰ ਸਮੇਂ ਜਥਾ ਜੇਹਲਮ ਗਿਆ ਤਾਂ ਜਥੇ ਦਾ ਨਿਵਾਸ ਅਸਥਾਨ ਮੇਰੇ ਪਤੀ ਜੀ ਦੇ ਭੈਣ ਜੀ ਦੇ ਘਰ ਰਖਿਆ ਗਿਆ। ਸ਼ਹਿਰ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਹੋਇਆ। ਉਥੇ ਭੋਗ ਪੈਣ ਮਗਰੋਂ ਸ੍ਰੀਮਾਨ ਭਾਈ ਸਾਹਿਬ ਜੀ ਤੇ ਬਾਊ ਜੀ ਘਰ ਦੇ ਗੁਰਦੁਆਰੇ ਅੰਦਰ ਆ ਗਏ ਅਤੇ ਮੈਨੂੰ ਕੀਰਤਨ ਕਰਨ ਦਾ ਹੁਕਮ ਦਿੱਤਾ। ਸ਼ਬਦ ਪੜ੍ਹਿਆ :

**ਸਰਬ ਸੁਖਾ ਗੁਰ ਚਰਨਾ ॥**
**ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ॥੧॥ ਰਹਾਉ ॥**
**ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ ॥**
**ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ ॥੧॥**
**ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥**
**ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ ॥੨॥੧੬॥**

*(ਦੇਵਗੰਧਾਰੀ ਮਹਲਾ ੫, ਪੰਨਾ ੪੩੧)*

ਮਾਨਯੋਗ ਭਾਈ ਸਾਹਿਬ ਜੀ ਨੇ ਸਿਰ 'ਤੇ ਹੱਥ ਰੱਖ ਕੇ ਉਥੇ ਅੱਠ ਘੰਟੇ ਕੀਰਤਨ ਕਰਵਾਇਆ। ਬਸ ਉਹ ਵੀ ਇਕ ਅਜੀਬ ਘਟਨਾ ਵਾਪਰੀ, ਅਗਾਧ ਬੋਧ ਬਾਣੀ, ਜੋ ਕਦੀ ਪੜ੍ਹੀ ਨਹੀਂ ਸੀ, ਚੇਤੇ ਆਈ ਜਾਵੇ। ਅਠ ਘੰਟੇ ਇਕੋ ਸ਼ਬਦ ਚਲਦਾ ਰਿਹਾ। ਮੈਨੂੰ ਮਹਾਂਪੁਰਖਾਂ ਦੀ ਬਖ਼ਸ਼ਿਸ਼ ਦਾ ਉਦੋਂ ਪਤਾ ਲਗਾ ਕਿ ਕਿਵੇਂ ਨਿਵਾਜ ਲੈਂਦੇ ਹਨ।

ਉਸ ਜੇਹਲਮ ਦੇ ਸਮਾਗਮ ਸਮੇਂ ਜਥਾ ਜੇਹਲਮ ਤੇ ਰੁਹਤਾਸ ਦੇ ਤਵਾਰੀਖ਼ੀ ਗੁਰ-ਅਸਥਾਨ ਦੇ ਦਰਸ਼ਨ ਕਰ ਕੇ ਵਾਪਸ ਮੁੜਿਆ ਸੀ।

ਪਿੰਡੀ ਦੀ ਇਸ ਫੇਰੀ ਵਿਚ ਸਤਿਗੁਰੂ ਜੀ ਦੇ ਇਕ ਅਨਿੰਨ ਸੇਵਕ ਭਾਈ ਸਾਹਿਬ ਈਸ਼ਰ ਸਿੰਘ ਜੀ ਦੇ ਦਰਸ਼ਨ ਹੋਏ, ਜਿਨ੍ਹਾਂ ਦਾ ਉੱਚਾ ਸੁੱਚਾ ਜੀਵਨ ਸੀ। ਆਪ ਜੀ ਮਾਨਯੋਗ ਭਾਈ ਸਾਹਿਬ ਤੇ ਬਾਊ ਜੀ ਦੇ ਦਰਸ਼ਨ-ਭੌਰੇ ਬਣ ਗਏ ਅਤੇ ਹਰ ਕੀਰਤਨ-ਸਮਾਗਮ ਵਿਚ ਹਾਜ਼ਰੀ ਭਰਦੇ ਰਹੇ। ਇਨ੍ਹਾਂ ਦਾ ਜੱਦੀ ਪਿੰਡ ਭੋਆ ਫਤਿਹਗੜ੍ਹ, ਨੇੜੇ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਸੀ। ਆਪ ਜੀ ਰਾਵਲਪਿੰਡੀ ਆਇਲ ਕੰਪਨੀ, ਮੋਰਗਾਹ ਵਿਖੇ ਨੌਕਰੀ ਕਰਦੇ ਸਨ।

ਭਾਈ ਈਸ਼ਰ ਸਿੰਘ ਜੀ ਕੀਰਤਨ ਦੇ ਬੜੇ ਰਸੀਏ ਸਨ। ਇਨ੍ਹਾਂ ਦਾ ਮੇਲ ਆਪਣੀ ਤੇਲ-ਕੰਪਨੀ ਮੋਰਗਾਹ ਵਿਚ ਕੰਮ ਕਰਦੇ ਇਕ ਗੁਰਮੁਖ ਦੰਪਤੀ ਨਾਲ ਹੋਇਆ। ਇਹ ਸਨ

ਭਾਈ ਨਾਹਰ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਤੇਜਵੰਤ ਕੌਰ। ਜੋ ਬੀਬੀ ਇੰਦਰ ਕੌਰ ਜੀ ਦੀ ਸਹੇਲੀ ਸੀ। ਬੀਬੀ ਤੇਜਵੰਤ ਕੌਰ ਜੀ ਦਾ ਪੇਕਾ ਪਿੰਡ ਘੁੰਗਰਾਣਾ ਜ਼ਿਲ੍ਹਾ ਲੁਧਿਆਣਾ ਸੀ, ਜਿਥੇ ਕਿ ਬੜੇ ਚੜ੍ਹਦੀ ਕਲਾ ਦੇ ਸਮਾਗਮ, ਪੰਜਾਬ ਦੇ ਬਟਵਾਰੇ ਤੋਂ ਬਾਅਦ ਹੁੰਦੇ ਰਹੇ, ਜਿਨ੍ਹਾਂ ਸਮਾਗਮਾਂ ਵਿਚ ਮਾਨਯਵਰ ਭਾਈ ਸਾਹਿਬ ਪੁਜਦੇ ਰਹੇ। ਭਾਈ ਨਾਹਰ ਸਿੰਘ ਜੀ ਦਾ ਪਿਛਲਾ ਪਿੰਡ ਮੁੰਡੀਆਂ ਜ਼ਿਲ੍ਹਾ ਲੁਧਿਆਣਾ ਸੀ। ਆਪ ਜੀ ਬੜੇ ਗੁਝੇ ਅਤੇ ਜੀਰਾਂਦ ਵਾਲੇ ਗੁਰੂ ਕੇ ਲਾਲ ਸਨ। ਆਪ ਜੀ ਨਾਰੰਗਵਾਲ ਪੋਹ ਸੁਦੀ ਸਪਤਮੀ ਦੇ ਸਲਾਨਾ ਸਮਾਗਮਾਂ ਤੇ ਲੰਗਰ ਵਿਚ ਬੜੀ ਅਤੁੱਟ ਤੇ ਅਣਥੱਕ ਸੇਵਾ ਕਰਦੇ ਸਨ। ਲੰਗਰ ਵਿਚ ਬੜੀ ਕਲਾ ਵਰਤਦੀ ਸੀ। ਖ਼ਾਸ ਕਰ ਜਦੋਂ ਆਪ ਜੀ ਲੰਗਰ ਵਰਤਾਉਂਦੇ ਸਨ ਤਾਂ ਆਪ ਜੀ ਦੇ ਸਹਿਜ-ਰੰਗਾਂ ਵਿਚ ਬੋਲੇ ਮਿਠੇ ਬੋਲ ਸੰਗਤਾਂ ਨੂੰ ਕੀਲ ਲੈਂਦੇ ਸਨ।

ਇਹ ਸਾਰੇ ਗੁਰਮੁਖ ਪਿਆਰੇ ਜਥੇ ਦੇ ਪੱਕੇ ਪ੍ਰੇਮੀ ਬਣ ਗਏ, ਜਿਸ ਕਰਕੇ ਮਾਨਯਵਰ ਭਾਈ ਸਾਹਿਬ ਤੇ ਬਾਊ ਜੀ, ਭਾਈ ਈਸ਼ਰ ਸਿੰਘ ਜੀ, ਅਤੇ ਸਾਰੇ ਗੁਰਮੁਖ ਪਿਆਰਿਆਂ ਨੇ ਇਨ੍ਹਾਂ ਦੇ ਪਿੰਡ ਮੁੰਡੀਆ (ਲੁਧਿਆਣਾ) ਵਿਖੇ ਪੁਜ ਕੇ ਸ੍ਰੀ ਅਖੰਡਪਾਠ ਸਮਾਗਮ ਕੀਤਾ। ਗੁਰਸਿੱਖੀ ਦੀਆਂ ਪੀਡੀਆਂ ਗੰਢਾਂ ਪੈ ਗਈਆਂ।

ਭਾਈ ਈਸ਼ਰ ਸਿੰਘ ਜੀ ਕੀਰਤਨ ਦੇ ਮੁਤਲਾਸ਼ੀ ਹੋਣ ਕਰਕੇ ਬੀਬੀ ਇੰਦਰ ਕੌਰ ਤੇ ਬੀਬੀ ਤੇਜਵੰਤ ਕੌਰ ਨੂੰ ਆਪਣੀਆਂ ਬੱਚੀਆਂ ਸਮਝਦੇ ਅਤੇ ਇਨ੍ਹਾਂ ਦੀ ਸੰਭਾਲ ਕਰਦੇ ਰਹੇ ਤੇ ਕੀਰਤਨ ਦੇ ਅਨੰਦ ਮਾਣਦੇ ਰਹੇ। ਪਾਕਿਸਤਾਨ ਬਣਨ ਪਿਛੋਂ ਇਹ ਰਾਵਲਪਿੰਡੀ ਤੋਂ ਆਪਣੇ ਪਿੰਡ ਭੋਏ ਆ ਗਏ। ਇਥੇ ਇਨ੍ਹਾਂ 10-25 ਹਜ਼ਾਰ ਰੁਪਏ ਖ਼ਰਚ ਕੇ ਇਕ ਆਲੀਸ਼ਾਨ ਗੁਰਦੁਆਰਾ ਬਣਵਾਇਆ, ਅਤੇ ਬਾਕੀ ਸਾਰੀ ਉਮਰ ਉਸ ਗੁਰਦੁਆਰੇ ਦੀ ਸੇਵਾ ਕਰਦੇ ਰਹੇ, ਤੇ ਗੁਰਸਿਖੀ ਦੇ ਪ੍ਰਚਾਰ ਵਿਚ ਆਪਣਾ ਸਾਰਾ ਜੀਵਨ ਬਤੀਤ ਕੀਤਾ। ਰਾਵਲਪਿੰਡੀ ਦੀ ਇਸ ਚੌਥੀ ਫੇਰੀ ਸਮੇਂ ਪਿੰਡੀ ਦੇ ਇਕ ਹੋਰ ਉਚ-ਕੋਟੀ ਦੇ ਕੀਰਤਨ-ਰਸੀਅੜੇ ਗਿਆਨੀ ਹਰਬੰਸ ਸਿੰਘ ਜੀ ਦਾ ਜਥੇ ਨਾਲ ਜੋੜ ਜੁੜਿਆ। ਇਹ ਆਪ ਵੀ ਚੰਗੇ ਕੀਰਤਨੀਏ ਸਨ ਅਤੇ ਕੀਰਤਨ ਕਰ ਕੇ ਸੰਗਤ ਨੂੰ ਬੜਾ ਨਿਹਾਲ ਕਰਦੇ ਸਨ, ਖ਼ਾਸ ਕਰਕੇ ਸ੍ਰੀ ਨਗਰ ਕਸ਼ਮੀਰ-ਫੇਰੀਆਂ ਸਮੇਂ ਸਾਰਾ ਵਕਤ ਜਥੇ ਦੇ ਨਾਲ ਰਹਿੰਦੇ ਰਹੇ। ਪਿਛੋਂ ਹਰ ਸਾਲ ਨਾਰੰਗਵਾਲ ਦੇ ਸਲਾਨਾ ਸਮਾਗਮਾਂ 'ਤੇ ਪੁਜਦੇ ਰਹੇ ਅਤੇ ਕੀਰਤਨ-ਘੁੰਮਰਾਂ ਪਾਉਂਦੇ ਰਹੇ।

## ਕੈਂਬਲਪੁਰ ਸਮਾਗਮ ਤੇ ਪੰਜਾ ਸਾਹਿਬ ਦੇ ਦਰਸ਼ਨ

ਇਕ ਹੋਰ ਫੇਰੀ ਸਮੇਂ ਮਾਨਯਵਰ ਭਾਈ ਸਾਹਿਬ ਜੀ ਦੇ ਨਾਲ ਜਦੋਂ ਜਥਾ ਰਾਵਲਪਿੰਡੀ ਪੁਜਾ ਤਾਂ ਕੈਂਬਲਪੁਰ ਦੀ ਸ੍ਰੀ ਗੁਰ ਸਿੰਘ ਸਭਾ ਨੇ ਸਮਾਗਮ ਲਈ ਉਚੇਰੀ ਬੇਨਤੀ ਕਰ ਭੇਜੀ। ਜਥਾ ਪਿੰਡੀ ਤੋਂ ਚਲ ਕੇ ਸੀ ਪੰਜਾ ਸਾਹਿਬ ਦੇ ਦਰਸ਼ਨ ਪਰਸਨ ਕਰਦਾ ਹੋਇਆ ਕੈਂਬਲਪੁਰ ਪੁਜ ਗਿਆ। ਸ੍ਰੀ ਗੁਰ ਸਿੰਘ ਸਭਾ ਦੇ ਗੁਰਦੁਆਰੇ ਵਿਖੇ ਸਮਾਗਮ ਹੋਇਆ।

ਰਾਵਲਪਿੰਡੀ ਤੋਂ ਬੀਬੀ ਇੰਦਰ ਕੌਰ ਜੀ, ਗਿਆਨੀ ਹਰਬੰਸ ਸਿੰਘ ਜੀ ਤੇ ਹੋਰ ਕਾਫ਼ੀ ਗੁਰਮੁਖ ਪਿਆਰੇ ਸ਼ਾਮਲ ਹੋ ਗਏ ਸਨ। ਅਖੰਡਪਾਠ ਤੇ ਕੀਰਤਨ ਸਮਾਗਮ ਉਪਰੰਤ

ਅੰਮ੍ਰਿਤ ਸੰਚਾਰ ਹੋਇਆ। ਪੰਜਾਹ ਕੁ ਅੰਮ੍ਰਿਤ ਅਭਿਲਾਖੀ ਜਹਾਜ਼ੇ ਚੜ੍ਹੇ। ਫਿਰ ਵਾਪਸ ਪਿੰਡੀ ਆ ਕੇ ਕਈ ਦਿਨ ਹਸਬ ਮਾਮੂਲ ਸਮਾਗਮ ਹੁੰਦੇ ਰਹੇ।

## ਬਾਊ ਜੀ ਜ਼ਖ਼ਮੀ ਹੋ ਗਏ

ਸ੍ਰੀਮਾਨ ਬਾਊ ਮੱਲ ਸਿੰਘ ਜੀ ਦੀ ਤੀਜੀ ਲੜਕੀ ਬੀਬੀ ਗਿਆਨ ਕੌਰ ਦਾ ਅਨੰਦ ਕਾਰਜ 1938 ਵਿਚ ਹੋਇਆ। ਉਸ ਸਮੇਂ ਮਾਨਯੋਗ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਸਣੇ ਪਰਿਵਾਰ ਦੇ ਪੁੱਜੇ ਹੋਏ ਸਨ।

ਬਰਾਤ ਦੇ ਆਉਣ ਵਿਚ ਅਜੇ ਦੋ ਦਿਨ ਬਾਕੀ ਸਨ। ਮਿੰਟਗੁਮਰੀ ਤੋਂ ਗੁਰੂ-ਪਿਆਰਿਆਂ ਦੇ ਸੱਦੇ 'ਤੇ, ਭਾਈ ਸਾਹਿਬ ਤਾਂ ਕੀਰਤਨ-ਸਮਾਗਮ ਲਈ ਉਥੇ ਚਲੇ ਗਏ। ਉਨ੍ਹਾਂ ਦੇ ਜਾਣ ਪਿਛੋਂ ਗੁਰੂ-ਨੇਤ ਐਸੀ ਹੋਈ ਕਿ ਸ੍ਰੀਮਾਨ ਬਾਊ ਜੀ ਘਰ ਦਾ ਸਾਮਾਨ ਲਿਆਉਣ ਲਈ, ਘਰ ਦਾ ਟਾਂਗਾ ਤਿਆਰ ਕਰ ਰਹੇ ਸਨ ਕਿ ਅਚਾਨਕ ਘੋੜੀ ਨੇ ਐਸਾ ਸਖ਼ਤ ਦੁਲੱਤਾ ਮਾਰਿਆ ਕਿ ਬਾਊ ਜੀ ਦਾ ਸਿਰ ਸਖ਼ਤ ਜ਼ਖ਼ਮੀ ਹੋ ਗਿਆ। ਖੋਪਰੀ ਹਿਲ ਗਈ। ਡਿਗਦਿਆਂ ਹੋਇਆਂ ਸਿਰ, ਪਿਛਲੇ ਪਾਸੇ ਪਏ ਹੋਏ ਗੁੜ ਬਣਾਉਣ ਵਾਲੇ ਕੜਾਹੇ ਦੇ ਕੰਢੇ ਉਤੇ ਜਾ ਕੇ ਵੱਜਾ। ਕੜਾਹੇ ਦੇ ਕੰਢੇ ਨਾਲ ਸਿਰ ਦਾ ਪਿਛਲਾ ਹਿੱਸਾ ਵੀ ਜ਼ਖ਼ਮੀ ਹੋ ਗਿਆ ਤੇ ਉਹ ਬੇਹੋਸ਼ ਹੋ ਕੇ ਭੁੰਜੇ ਡਿੱਗ ਪਏ। ਉਨ੍ਹਾਂ ਨੂੰ ਫੜ ਕੇ ਮੰਜੇ 'ਤੇ ਪਾਇਆ ਗਿਆ, ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ ਗਏ। ਜਦੋਂ ਬੜੀ ਮੁਸ਼ਕਲ ਨਾਲ ਦੰਦਣ ਖੁਲ੍ਹੀ ਤਾਂ ਬੇਹੋਸ਼ੀ ਵਿਚ ਉਹਨਾਂ ਅੰਦਰੋਂ ਦੋ ਵੇਰੀ ਅਵਾਜ਼ ਆਈ, "ਵਾਹਿਗੁਰੂ ਵਾਹਿਗੁਰੂ !"

ਉਸੇ ਵਕਤ ਉਕਾੜੇ ਦੇ ਡਾਕਟਰ ਉਤਮ ਚੰਦ ਨੂੰ ਲਿਆਂਦਾ ਗਿਆ, ਜੋ ਉਨ੍ਹਾਂ ਦਾ ਮਿੱਤਰ ਸੀ। ਸ੍ਰੀਮਾਨ ਬਾਬੂ ਜੀ ਦਾ ਜ਼ਖ਼ਮ ਦੇਖ ਕੇ ਡਾਕਟਰ ਕਹਿਣ ਲੱਗਾ ਕਿ ਸਾਰਾ ਸਿਰ ਖ਼ੂਨ ਨਾਲ ਲੱਥ ਪੱਥ ਹੋਇਆ ਪਿਆ ਹੈ, ਜਦੋਂ ਤਕ ਜ਼ਖ਼ਮ 'ਚੋਂ ਕੇਸ ਸਾਫ਼ ਨਾ ਕੀਤੇ ਜਾਣ, ਟਾਂਕੇ ਲਗਣੇ ਮੁਸ਼ਕਲ ਹਨ।

ਬਾਊ ਜੀ ਉਸ ਵੇਲੇ ਤਕ ਹੋਸ਼ ਵਿਚ ਆ ਚੁੱਕੇ ਸਨ। ਆਪ ਕਹਿਣ ਲੱਗੇ, "ਡਾਕਟਰ ਸਾਹਿਬ, ਇਕ ਇਕ ਕੇਸ ਮੇਰੀ ਜਾਨ ਹੈ, ਜੇ ਕੇਸ ਸਹੀ ਸਲਾਮਤ ਰੱਖ ਕੇ ਕੁੱਝ ਹੋ ਸਕਦਾ ਹੈ ਤਾਂ ਕਰੋ, ਨਹੀਂ ਤਾਂ ਜਾ ਸਕਦੇ ਹੋ।"

ਇਹ ਜਵਾਬ ਸੁਣ ਕੇ ਡਾਕਟਰ ਪਾਸ ਹੋਰ ਕੋਈ ਚਾਰਾ ਹੀ ਨਹੀਂ ਸੀ। ਉਸ ਨੇ ਹੌਲੀ ਹੌਲੀ,. ਇਕ ਇਕ ਕੇਸ ਨੂੰ ਸਾਫ਼ ਕਰ ਕੇ, ਕਾਫ਼ੀ ਵਕਤ ਲਗਾ ਕੇ ਜ਼ਖ਼ਮ ਨੰਗੇ ਕੀਤੇ ਅਤੇ ਫਿਰ ਦੋਹਾਂ ਜ਼ਖ਼ਮਾਂ 'ਤੇ 13 ਟਾਂਕੇ ਲਗਾ ਕੇ, ਬਾਊ ਜੀ ਨੂੰ ਆਪਣੇ ਨਾਲ ਹੀ ਉਕਾੜੇ ਆਪਣੇ ਹਸਪਤਾਲ ਵਿਚ ਲੈ ਗਿਆ।

ਉਸੇ ਵਕਤ ਮਿੰਟਗੁਮਰੀ ਵਿਖੇ ਭਾਈ ਸਾਹਿਬ ਜੀ ਨੂੰ ਇਸ ਦੁਰਘਟਨਾ ਦੀ ਖ਼ਬਰ ਭੇਜੀ ਗਈ। ਭਾਈ ਸਾਹਿਬ ਉਸ ਵੇਲੇ ਕੀਰਤਨ ਵਿਚ ਜੁੜੇ ਹੋਏ ਸਨ ਅਤੇ ਜੋੜੀ ਵਜਾ ਰਹੇ ਸਨ। ਜਿਉਂ ਹੀ ਇਹ ਸੋਇ ਆਪ ਦੀ ਸੁਣੀ, ਤਾਂ ਹੱਥ ਉਸੇ ਤਰ੍ਹਾਂ ਜੋੜੀ ਉਪਰ ਰਹਿ ਗਏ, ਸੀਸ ਵੀ ਜੋੜੀ 'ਤੇ ਰੱਖ ਦਿੱਤਾ, ਕੀਰਤਨ ਹੋਣਾ ਬੰਦ ਹੋ ਗਿਆ। ਕਿਸੇ ਹੋਰ ਮੰਡਲ ਵਿਚ ਸੁਰਤੀ ਚਲੀ ਗਈ। ਸਾਰੇ ਦੀਵਾਨ ਵਿਚ ਸੱਨਾਟਾ ਛਾ ਗਿਆ। ਕਾਫ਼ੀ ਦੇਰ ਪਿਛੋਂ ਆਪ ਜੀ ਨੇ ਜੋੜੀ ਤੋਂ ਸਿਰ ਚੁੱਕਿਆ ਤੇ ਅੰਦਰੋਂ ਇਹ ਅਰਦਾਸ ਨਿਕਲੀ-

**ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥**

*(ਸੋਰਠਿ ਮ: ੫, ਪੰਨਾ ੬੧੯)*

ਦੀਵਾਨ ਦੀ ਸਮਾਪਤੀ ਹੋਈ। ਆਪ ਉਕਾੜੇ ਸ੍ਰੀਮਾਨ ਬਾਊ ਜੀ ਪਾਸ ਪੁਜ ਗਏ। ਉਕਾੜੇ ਤੋਂ ਫਿਰ ਚੱਕ ਵਿਖੇ ਆ ਗਏ। ਅਗਲੇ ਦਿਨ ਬਰਾਤ ਆਈ ਤਾਂ ਬਾਊ ਜੀ ਨੂੰ ਵੀ ਘਰ ਲੈ ਆਂਦਾ ਗਿਆ।

ਇਹ ਇਕ ਅਨੰਦ ਕਾਰਜ ਹੈ ਜਿਸ ਵਿਚ ਮਾਨਯੋਗ ਭਾਈ ਸਾਹਿਬ ਜੀ ਨੇ ਆਪ ਲਾਵਾਂ ਪੜ੍ਹੀਆਂ ਤੇ ਸਾਰਾ ਸਮਾਗਮ ਦਾਤਾ ਜੀ ਦੀ ਕਿਰਪਾ ਸਦਕਾ ਸੋਹਣਾ ਨਿਭ ਗਿਆ।

ਸ੍ਰੀਮਾਨ ਬਾਊ ਜੀ ਦੀ ਇਸ ਤਕਲੀਫ਼ ਦੇ ਸਮੇਂ ਭੈਣ ਇੰਦਰ ਕੌਰ ਜੀ ਤੇ ਬੀਬੀ ਸੁਖਦੇਵ ਕੌਰ ਸੁਪਤਨੀ ਕਾਕਾ ਦਿਆਲ ਸਿੰਘ ਨੇ, ਦਿਨ ਰਾਤ ਤਨੋਂ ਮਨੋਂ ਹੋ ਕੇ ਪੂਰੀ ਸੇਵਾ ਕੀਤੀ ਅਤੇ ਮਾਨਯੋਗ ਬਾਊ ਜੀ ਦੀਆਂ ਬੇਅੰਤ ਖੁਸ਼ੀਆਂ ਪ੍ਰਾਪਤ ਕੀਤੀਆਂ।

ਬਰਾਤ ਦੇ ਤੁਰਨ ਪਿਛੋਂ ਭਾਈ ਬਿਸ਼ਨ ਸਿੰਘ ਜੀ ਚੱਕ 53/2-ਐਲ ਵਾਲਿਆਂ ਨੇ, ਜੋ ਬਾਊ ਜੀ ਦੇ ਬਹੁਤ ਨਿਕਟਵਰਤੀ ਸਨ, ਮਾਨਯੋਗ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਨਗਰ ਵਿਚ ਕੀਰਤਨ ਦੀਆਂ ਬਖ਼ਸ਼ਿਸ਼ਾਂ ਕੀਤੀਆਂ ਜਾਣ। ਭਾਈ ਸਾਹਿਬ ਮੰਨ ਗਏ ਅਤੇ ਪਿਛਲੇ ਪਹਿਰ ਸਾਰਾ ਜਥਾ ਕੀਰਤਨ ਦੀਆਂ ਹਾਜ਼ਰੀਆਂ ਭਰਨ ਲਈ ਉਥੇ ਪੁਜ ਗਿਆ। ਅਜੇ ਕੀਰਤਨ ਆਰੰਭ ਹੋਇਆ ਅੱਧਾ ਕੁ ਘੰਟਾ ਹੀ ਹੋਇਆ ਹੋਵੇਗਾ ਕਿ ਉਕਾੜੇ ਸ਼ਹਿਰ ਦੀ ਸਾਰੀ ਸੰਗਤ ਉਥੇ ਪੁਜ ਗਈ ਅਤੇ ਬਹੁਤ ਵੱਡਾ ਦੀਵਾਨ ਸਜ ਗਿਆ।

ਪਿਛੋਂ ਪਤਾ ਲੱਗਾ ਕਿ ਕਮਾਲੀਏ ਵਾਲੇ, ਸੰਤ ਸੰਗਤ ਸਿੰਘ ਜੀ, ਉਕਾੜੇ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਕਥਾ ਕਰਨ ਲਈ ਆਏ ਹੋਏ ਹਨ। ਜਦੋਂ ਉਨ੍ਹਾਂ ਨੂੰ ਸ੍ਰੀਮਾਨ ਭਾਈ ਸਾਹਿਬ ਦੇ ਪ੍ਰੋਗਰਾਮ ਦਾ ਪਤਾ ਲੱਗਾ ਤਾਂ ਸੰਗਤ ਵਿਚ ਕਹਿਣ ਲਗੇ ਕਿ ਜਦੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਜਿਹੀ ਪਵਿੱਤਰ ਹਸਤੀ, ਇਥੇ ਲਾਗੇ ਹੀ ਕੀਰਤਨ ਦੀ ਦਾਤ ਵੰਡ ਰਹੀ ਹੈ ਤਾਂ ਦਾਸ ਤਾਂ ਪਹਿਲਾਂ ਉਥੇ ਜਾ ਕੇ ਕੀਰਤਨ ਦੀ ਹਾਜ਼ਰੀ ਭਰੇਗਾ, ਕਥਾ ਤਾਂ ਫਿਰ ਹੋ ਸਕਦੀ ਹੈ। ਸੋ ਉਹ ਗੁਰੂ ਪਿਆਰੇ ਸਾਰੀ ਸੰਗਤ ਸਮੇਤ ਕੀਰਤਨ 'ਤੇ ਪੁਜ ਗਏ ਅਤੇ ਕੀਰਤਨ ਦੇ ਖ਼ੂਬ ਅਨੰਦ ਮਾਣੇ। ਸੰਤ ਸੰਗਤ ਸਿੰਘ ਜੀ ਨੂੰ ਭਾਈ ਸਾਹਿਬ ਜੀ ਦੇ ਪਾਸ ਹੀ ਜਗ੍ਹਾ ਦੇ ਦਿੱਤੀ ਗਈ।

ਕੀਰਤਨ ਦੀ ਸਮਾਪਤੀ ਸਮੇਂ ਉਕਾੜੇ ਦੇ ਕਿਸੇ ਗੁਰਮੁਖ ਪਿਆਰੇ ਨੇ ਭਾਈ ਸਾਹਿਬ ਜੀ ਨੂੰ ਦਸਿਆ ਕਿ ਸੰਤ ਕਮਾਲੀਏ ਵਾਲੇ ਆਪ ਦਾ ਕੀਰਤਨ ਸੁਣਨ ਆਏ ਹਨ ਤਾਂ ਆਪ ਜੀ ਬਹੁਤ ਖੁਸ਼ ਹੋਏ। ਉਸ ਗੁਰਮੁਖ ਨੇ ਕਿਹਾ, "ਜੇ ਹੁਕਮ ਕਰੋ ਤਾਂ ਸੱਚੇ ਪਾਤਸ਼ਾਹ ਦੇ ਹੁਕਮ ਦੀ ਕਥਾ ਕਰ ਲੈਣ।" ਸ੍ਰੀਮਾਨ ਭਾਈ ਸਾਹਿਬ ਜੀ ਕਥਾ ਕਦੇ ਨਹੀਂ ਸਨ ਸੁਣਦੇ, ਕਹਿੰਦੇ ਸਨ ਕਿ ਕੀਰਤਨ ਹੀ ਕਥਾ ਹੈ। ਪਰ ਉਸ ਦਿਨ ਖੁਸ਼ੀ ਨਾਲ ਕਹਿਣ ਲੱਗੇ ਕਿ ਇਹੋ ਜਿਹੇ ਮਹਾਂਪੁਰਸ਼ਾਂ ਦੀ ਕਥਾ ਜ਼ਰੂਰ ਸੁਣਾਂਗੇ, ਇਹ ਪੰਥ ਦੇ ਕਥਾਕਾਰ ਹਨ। ਕਥਾ ਹੋਈ। ਦੀਵਾਨ ਦੀ ਸਮਾਪਤੀ ਪਿਛੋਂ ਦੋਵੇਂ ਪਵਿੱਤਰ ਆਤਮਾਵਾਂ ਬੜੇ ਅਨੰਦ ਵਿਚ ਗਲਵਕੜੀ ਪਾ ਕੇ ਮਿਲੀਆਂ।

## ਕੁਮਾਰਹੱਟੀ ਦੇ ਭਾਗ ਜਾਗਣੇ

ਪੋਠੋਹਾਰ ਵਲ ਰਾਵਲਪਿੰਡੀ-ਫੇਰੀਆਂ ਦੇ ਸਮੇਂ ਕੁਮਾਰ ਹੱਟੀ ਦੀ ਫੇਰੀ ਦੇ ਸਰੰਜਾਮ ਭੀ ਬਣ ਗਏ। ਅੰਗਰੇਜ਼ੀ ਰਾਜ ਵੇਲੇ ਸ਼ਿਮਲਾ ਲਾਈਨ ਤੇ, ਡਗਸ਼ਈ ਪਹਾੜੀ ਠੰਡਾ ਥਾਂ ਹੋਣ ਕਰਕੇ ਗਰਮੀਆਂ ਦੇ ਦਿਨਾਂ ਲਈ ਗੋਰਿਆਂ ਦੀ ਛਾਉਣੀ ਹੁੰਦੀ ਸੀ। ਉਨ੍ਹੀਂ ਦਿਨੀਂ ਬਖ਼ਸ਼ੀ ਪ੍ਰਹਿਲਾਦ ਸਿੰਘ ਕੁੰਤਰੀਲੇ (ਰਾਵਲਪਿੰਡੀ) ਵਾਲੇ, ਜੋ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਪੁਰਾਣੇ ਵਿਦਿਆਰਥੀ ਤੇ ਦਾਸ ਦੇ ਮੁਢ ਤੋਂ ਮਿੱਤਰ ਸਨ, ਡਗਸ਼ਈ ਛਾਉਣੀ ਵਿਚ ਮੈਜਿਸਟਰੇਟ ਬਣ ਕੇ ਆਏ। ਭਾਈ ਸਾਹਿਬ ਜਵਾਲਾ ਸਿੰਘ ਜੀ ਤੇ ਭਾਈ ਸਾਹਿਬ ਗੰਡਾ ਸਿੰਘ ਜੀ ਵੀ ਬਦਲ ਕੇ ਇਥੇ ਹੀ ਛਾਉਣੀ ਵਿਚ ਆ ਗਏ।

ਸੰਨ 1936 ਵਿਚ ਡਗਸ਼ਈ ਵਿਚ ਇਨ੍ਹਾਂ ਸਿੰਘਾਂ ਨੇ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਜਥੇ ਸਮੇਤ ਦਰਸ਼ਨ ਦੇਣ ਲਈ ਸੱਦਾ ਭੇਜਿਆ। ਭਾਈ ਸਾਹਿਬ ਲਈ ਅਤੇ ਜਥੇ ਲਈ ਇਨ੍ਹਾਂ ਪਿਆਰਿਆਂ ਨੇ ਡਗਸ਼ਈ ਦੇ ਲਾਗੇ ਹੀ ਜੰਗਲ ਵਿਚ, ਇਕਾਂਤ ਥਾਂ 'ਤੇ ਇਕ ਬੰਗਲਾ (ਜੋ ਕਿ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਨੇ ਬਣਾਇਆ ਸੀ) ਨੀਅਤ ਕੀਤਾ। ਬਾਊ ਮੱਲ ਸਿੰਘ ਜੀ ਵੀ ਭਾਈ ਸਾਹਿਬ ਜੀ ਦੇ ਨਾਲ ਹੀ ਜਥੇ ਸਮੇਤ ਉਥੇ ਪੁਜ ਗਏ। ਪਿਛੋਂ ਸੂਬੇਦਾਰ ਹਰਿਬਚਨ ਸਿੰਘ ਜੀ ਅਤੇ ਦਾਸਰਾ ਵੀ ਉਥੇ ਜਾ ਅਪੜੇ। ਜੰਗਲ ਵਿਚ ਮੰਗਲ ਹੋ ਗਏ। ਕਈ ਦਿਨ ਇਥੇ ਖ਼ੂਬ ਰੰਗ ਬਝੇ। ਅੰਮ੍ਰਿਤ ਵੇਲੇ ਜਦ ਮਿੱਠੀਆਂ, ਠੰਢੀਆਂ ਤੇ ਸੁਹਾਵਣੀਆਂ ਪਉਣਾਂ ਚਲਦੀਆਂ ਤਾਂ ਨਾਮ ਬਾਣੀ ਤੇ ਕੀਰਤਨ ਦੀਆਂ ਧੁਨੀਆਂ, ਪਹਾੜੀ ਦੀਆਂ ਚੋਟੀਆਂ ਨਾਲ ਟਕਰਾਅ ਕੇ ਖ਼ੂਬ ਗੂੰਜਦੀਆਂ। ਸ਼ਾਮ ਨੂੰ ਵੀ ਸੋਦਰ ਦੇ ਪਾਠ ਦੇ ਸਮਾਗਮ ਹੁੰਦੇ।

ਸ੍ਰੀਮਾਨ ਬਾਊ ਮੱਲ ਸਿੰਘ ਜੀ ਹੋਰਾਂ ਨਾਮ ਸਿਮਰਨ ਦੇ ਪ੍ਰੋਗਰਾਮ ਲਈ ਇਕ ਉੱਚੀ ਪਹਾੜੀ 'ਤੇ ਜਗ੍ਹਾ ਬਣਾ ਲਈ ਅਤੇ ਉਥੇ ਸੂਬੇਦਾਰ ਹਰਬਚਨ ਸਿੰਘ ਜੀ ਤੇ ਦਾਸਰੇ ਨੂੰ ਨਾਲ ਲੈ ਜਾਂਦੇ ਅਤੇ ਨਾਮ-ਸਿਮਰਨ ਦੇ ਖ਼ੂਬ ਅਨੰਦ ਮਾਣਦੇ।

ਕੁਝ ਦਿਨਾਂ ਪਿਛੋਂ ਡਗਸ਼ਈ ਦੀ ਸੰਗਤ ਨੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡਪਾਠ ਦਾ ਪ੍ਰੋਗਰਾਮ ਨੀਅਤ ਕੀਤਾ। ਇਹ ਸ੍ਰੀ ਅਖੰਡਪਾਠ ਆਦਿ ਤੋਂ ਅੰਤ ਤਕ ਸੰਪੂਰਨ ਇਕੋ ਚੌਂਕੜੇ ਵਿਚ ਮਾਨਯੋਗ ਭਾਈ ਸਾਹਿਬ ਜੀ ਨੇ ਸ੍ਰਵਣ ਕੀਤਾ।

ਸ੍ਰੀ ਅਖੰਡਪਾਠ ਦੀ ਸਮਾਪਤੀ 'ਤੇ ਅੰਮ੍ਰਿਤ-ਸੰਚਾਰ ਦਾ ਪ੍ਰਬੰਧ ਕੀਤਾ ਗਿਆ। ਇਸ ਸਮਾਗਮ ਵਿਚ ਕੁਮਾਰਹੱਟੀ ਦੀ ਵਸਨੀਕ ਇਕ ਪਹਾੜਨ ਬੀਬੀ ਪੇਸ਼ ਹੋਈ, ਜੋ ਪਹਿਲਾਂ ਵੀ ਸ੍ਰੀ ਅਖੰਡਪਾਠ ਦੇ ਦਿਨਾਂ ਵਿਚ ਆ ਕੇ ਸੰਗਤ ਦੇ ਦਰਸ਼ਨ ਕਰਦੀ ਰਹੀ ਸੀ। ਕੁਮਾਰ ਹੱਟੀ ਡਗਸ਼ਈ ਤੋਂ ਮੀਲ ਡੇਢ ਮੀਲ ਦੇ ਫ਼ਾਸਲੇ 'ਤੇ ਹੀ ਹੈ। ਬੀਬੀ ਤੋਂ ਪੁਛਣ 'ਤੇ ਪਤਾ ਲੱਗਾ ਕਿ ਉਹ ਤਾਂ ਪੰਜਾਬੀ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕਦੀ। ਇਸ ਹਾਲਤ ਵਿਚ ਉਹ ਗੁਰਬਾਣੀ ਨੂੰ ਕਿਵੇਂ ਸਮਝ ਸਕੇਗੀ ? ਉਸ ਬੀਬੀ ਨੂੰ ਸ੍ਰੀਮਾਨ ਭਾਈ ਸਾਹਿਬ ਜੀ ਪਾਸ ਲਿਆਂਦਾ ਗਿਆ। ਉਨ੍ਹਾਂ ਦਸਿਆ, "ਜੇ ਕੋਈ ਵਿਅਕਤੀ ਅੰਮ੍ਰਿਤ ਛਕਣ ਲਈ ਤਿਆਰ ਹੋਵੇ ਅਤੇ ਉਹ ਅਜੇ ਪਾਠ ਨਾ ਵੀ ਕਰ ਸਕਦਾ ਹੋਵੇ, ਤਾਂ ਉਹ ਗੁਰ-ਮੰਤਰ ਦਾ ਜਾਪ ਤਾਂ ਕਰ ਸਕਦਾ ਹੈ। ਸੋ ਉਸ ਬੀਬੀ ਨੂੰ ਅੰਮ੍ਰਿਤ ਛਕਾਇਆ ਜਾਵੇ ਪਰ ਜੇ ਉਹ

ਬਾਕੀ ਰਹਿਤ ਰਖਣ ਲਈ ਤਿਆਰ ਹੋਵੇ।"

ਉਸ ਪਹਾੜਨ ਬੀਬੀ ਨੇ ਕੇਸਕੀ ਸਹਿਤ ਸਾਰੀ ਰਹਿਤ ਪਹਿਨ ਕੇ ਅੰਮ੍ਰਿਤ ਛਕ ਲਿਆ। ਬਾਅਦ ਵਿਚ ਉਸ ਬੀਬੀ ਨੇ ਬੇਨਤੀ ਕੀਤੀ ਕਿ ਸਾਰਾ ਜਥਾ ਉਨ੍ਹਾਂ ਦੇ ਗ੍ਰਹਿ ਵਿਖੇ ਲੰਗਰ ਛਕੇ। ਸੋ ਇਸੇ ਤਰ੍ਹਾਂ ਹੋਇਆ। ਸਭਨਾਂ ਨੇ ਉਸ ਬੀਬੀ ਦਾ ਪ੍ਰੇਮ ਦੇਖ ਕੇ ਬਹੁਤ ਖੁਸ਼ੀ ਮਨਾਈ। ਉਸ ਬੀਬੀ ਨੇ ਸ੍ਰੀਮਾਨ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀ ਰਿਹਾਇਸ਼ ਦੇ ਉਪਰਲੇ ਚੁਬਾਰੇ ਵਿਚ ਉਹ ਨਿਵਾਸ ਕਰ ਸਕਦੇ ਹਨ, ਉਹ ਆਪ ਆਪਣੇ ਸਪੁੱਤਰ ਸਮੇਤ ਹੇਠਲੀ ਮੰਜ਼ਿਲ ਵਿਚ ਹੀ ਗੁਜ਼ਾਰਾ ਕਰ ਲਵੇਗੀ।

ਅਸਲ ਵਿਚ ਤਾਂ ਇਹ ਸਭ ਕੁਝ, ਦਾਤਾ ਜੀ ਨੇ, ਮਾਨਯਵਰ ਭਾਈ ਸਾਹਿਬ ਜੀ ਦੀ, ਗਰਮੀਆਂ ਦੀ ਰਿਹਾਇਸ਼ ਲਈ, ਪ੍ਰੋਗਰਾਮ ਪਹਿਲਾਂ ਹੀ ਬਣਾਇਆ ਹੋਇਆ ਸੀ। ਇਸ ਤੋਂ ਪਿਛੋਂ ਹਰ ਸਾਲ ਭਾਈ ਸਾਹਿਬ ਆਪਣੇ ਪਰਿਵਾਰ ਅਤੇ ਜਥੇ ਸਮੇਤ ਇਸ ਥਾਂ ਨੂੰ ਭਾਗ ਲਾਉਂਦੇ ਰਹੇ। ਬਾਅਦ ਵਿਚ ਸਰਦਾਰ ਬਸ਼ੇਸ਼ਰ ਸਿੰਘ ਜੀ ਮੈਜਿਸਟਰੇਟ ਪਟਿਆਲਾ ਦੇ ਉਦਮ ਨਾਲ, ਲਾਗੇ ਹੀ ਸੋਹਣਾ ਜਿਹਾ ਗੁਰਦੁਆਰਾ ਬਣ ਗਿਆ। ਸਃ ਬਸ਼ੇਸ਼ਰ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਪਿਛੋਂ ਕਰਨਲ ਪਿਆਰਾ ਸਿੰਘ ਜੀ ਨੇ ਇਸ ਅਸਥਾਨ 'ਤੇ ਨਿਸ਼ਾਨ ਸਾਹਿਬ ਦੀ ਸੇਵਾ ਕਰਵਾ ਦਿੱਤੀ। ਇਹੀ ਅਸਥਾਨ 'ਤਪੋ ਬਨ' ਕਰਕੇ ਪ੍ਰਸਿੱਧ ਹੋਇਆ।

ਜੇਲ੍ਹਾਂ ਵਿਚ ਸਹੇ ਕਸ਼ਟਾਂ ਅਤੇ ਸ੍ਰੀ ਅਖੰਡ ਪਾਠ/ਕੀਰਤਨ ਸਮਾਗਮਾਂ ਸਮੇਂ ਲਗਾਤਾਰ 36-36 ਘੰਟੇ ਇਕੋ ਚੌਂਕੜੇ ਵਿਚ ਆਸਣ ਜਮਾਈ ਰੱਖਣ ਕਰਕੇ, ਭਾਈ ਸਾਹਿਬ ਜੀ ਦਾ ਸਰੀਰ ਵੀ ਕੁਝ ਭਾਰਾ ਹੋ ਗਿਆ ਸੀ ਤੇ ਲੱਤਾਂ ਦੀ ਕਮਜ਼ੋਰੀ ਵੀ ਵੱਧ ਗਈ ਸੀ। ਕੁਆਰ ਹੱਟੀ ਨਿਵਾਸ ਦੌਰਾਨ ਵੀ ਆਪ ਨੇ ਬਹੁਤ ਲੰਬੀਆਂ ਬੈਠਕਾਂ ਸਾਧੀਆਂ, ਜਿਸ ਕਰਕੇ ਲੱਤਾਂ ਪੂਰਾ ਭਾਰ ਨਹੀਂ ਸਨ ਲੈਂਦੀਆਂ ਤੇ ਆਮ ਉੱਚੀਆਂ ਪਹਾੜੀਆਂ ਤੇ ਨਹੀਂ ਸੀ ਚੜ ਸਕਦੇ। ਇਸ ਦੇ ਉਲਟ ਸ੍ਰੀ ਬਾਊ ਜੀ ਵੱਲੋਂ ਕਸਰਤ, ਸਾਜਿਸ਼ ਅਤੇ ਲੰਬੀ ਸੈਰ ਕਰਨ ਕਰਕੇ, ਉਨ੍ਹਾਂ ਦਾ ਸਰੀਰ ਹਲਕਾ ਫੁਲਕਾ ਤੇ ਰਿਸ਼ਟ ਪੁਸ਼ਟ ਸੀ ਤੇ ਉਹ ਬੜੀ ਤੇਜ ਰਫਤਾਰ ਤੁਰਦੇ ਸਨ। ਉੱਚੀਆਂ ਪਹਾੜੀਆਂ, ਉਹ ਲੰਬੀਆਂ ਛਲਾਘਾਂ ਮਾਰਦੇ, ਤਕੜੇ ਨੌਜਵਾਨਾਂ ਵਾਂਗ ਸਹਿਜੇ ਹੀ ਚੜ ਜਾਂਦੇ ਸਨ। ਭਾਈ ਸਾਹਿਬ ਜੀ ਤਾਂ ਸਾਰਾ ਦਿਨ ਤਪੋ ਬਨ ਵਿਖੇ ਹੀ ਨਾਮ ਬਾਣੀ ਦੇ ਅਭਿਆਸ ਵਿਚ ਲੀਨ ਰਹਿੰਦੇ ਸਨ, ਪਰ ਬਾਊ ਜੀ ਕੁਮਾਰ ਹੱਟੀ ਠਹਿਰਨ ਵੇਲੇ ਅੰਮ੍ਰਿਤ ਵੇਲੇ ਤੋਂ ਬਾਅਦ, ਇਕ ਉੱਚੀ ਪਹਾੜੀ ਤੇ ਜਾ ਚੜ੍ਹਦੇ ਸਨ ਅਤੇ ਉੱਥੇ ਇਕ ਪਏ ਪੱਥਰ ’ਤੇ ਬੈਠ ਕੇ ਸਾਰਾ ਦਿਨ ਸਿਮਰਨ ਕਰਦੇ ਰਹਿੰਦੇ ਸਨ। ਉਸ ਪਹਾੜੀ ਦਾ ਨਾਮ ਵੀ ਭਾਈ ਸਾਹਿਬ ਜੀ ਨੇ ਬਾਊ ਜੀ ਦੀ ਪਹਾੜੀ ਪਾਇਆ ਹੋਇਆ ਸੀ। ਇਸੇ ਤਰ੍ਹਾਂ ਕਸੋਲੀ ਵਿਖੇ, ਮਾਸਟਰ ਭੁਪਿੰਦਰ ਸਿੰਘ ਜੀ ਕੋਲ ਠਹਿਰਨ ਵੇਲੇ ਇਕ ਝੌਂਪੜੀ (Hut) ਕਿਰਾਏ ਤੇ ਲੈ ਕੇ ਗਏ ਸਾਰਾ ਦਿਨ ਉਸ ਵਿਚ ਬੈਠ ਕੇ ਸਿਮਰਨ ਕਰਦੇ ਸਨ। ਸ੍ਰੀ ਬਾਊ ਜੀ ਇਕਾਂਤ ਨੂੰ ਬਹੁਤ ਪਸੰਦ ਕਰਦੇ ਸਨ।

ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਕੁਮਾਰਹੱਟੀ ਦੇ ਇਸ ਅਸਥਾਨ 'ਤੇ ਕਈ ਸਾਲ ਗਰਮੀਆਂ ਵਿਚ ਨਿਵਾਸ ਰਖਦੇ ਰਹੇ। ਭਾਈ ਸਾਹਿਬ ਜੀ ਨੇ ਗੁਰਮਤਿ ਨੂੰ ਨਿਖਾਰਨ ਵਾਲੀਆਂ ਕਈ ਪੁਸਤਕਾਂ ਇਸੇ ਅਸਥਾਨ 'ਤੇ ਲਿਖੀਆਂ ਅਤੇ ਗੁਰੂ ਪੰਥ ਦੀ ਸੇਵਾ ਕੀਤੀ।

ਭਾਈ ਸਾਹਿਬ ਜੀ ਨੇ ਇਥੇ ਇਕ ਵੱਡਾ ਛੱਤਰ ਬਣਵਾਇਆ, ਜਿਸ ਦੇ ਹੇਠ ਕਈ ਸਿੰਘ ਬੈਠ ਸਕਦੇ ਸਨ। ਅੰਮ੍ਰਿਤ ਵੇਲੇ ਸੋਚ ਇਸ਼ਨਾਨ ਕਰ ਕੇ ਸ੍ਰੀਮਾਨ ਜੀ ਅਤੇ ਹੋਰ ਸਿੰਘਾਂ ਨੇ ਇਸ ਛੱਤਰ ਹੇਠ ਆ ਆਸਣ ਜਮਾਣੇ ਅਤੇ ਨਾਮ ਸਿਮਰਨ ਦੀਆਂ ਛਹਿਬਰਾਂ ਲਾਉਣੀਆਂ ਤੇ ਨਿਤਨੇਮ ਤੋਂ ਬਾਅਦ ਸੁਖਮਨਾ ਸਾਹਿਬ, ਦੋਵੇਂ ਬਾਰਹਮਾਹ ਅਤੇ ਹੋਰ ਕਈ ਬਾਣੀਆਂ ਦੇ ਅਨੰਦ-ਰਸ ਸਾਰਾ ਦਿਨ ਮਾਣਦੇ ਰਹਿਣਾ।

ਕੁਮਾਰਹੱਟੀ ਅਸਥਾਨ 'ਤੇ ਹੁਣ ਤਾਈਂ ਅਖੰਡਪਾਠ ਤੇ ਕੀਰਤਨ ਦੇ ਸਮਾਗਮ ਜੁੜ ਰਹੇ ਹਨ। ਖਾਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਜੋ ਕਈ ਸਾਲ ਇਥੇ ਹੀ ਮਨਾਇਆ ਜਾਂਦਾ ਰਿਹਾ ਹੈ। ਇਥੋਂ ਹੀ ਕਈ ਵੇਰ ਸਰਦਾਰ ਇੰਦਰ ਸਿੰਘ ਜੀ, ਖਾਲਸਾ ਬੂਟ ਹਾਊਸ ਸ਼ਿਮਲਾ ਦੀ ਪ੍ਰੇਰਨਾ ਨਾਲ ਸ੍ਰੀਮਾਨ ਭਾਈ ਸਾਹਿਬ ਅਤੇ ਬਾਊ ਮੱਲ ਸਿੰਘ ਜੀ ਜਥੇ ਸਮੇਤ ਸ਼ਿਮਲੇ ਪੁਜਦੇ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਇਹ ਗੁਰਪੁਰਬ ਮਨਾਉਂਦੇ ਰਹੇ। ਸ੍ਰੀ ਅਖੰਡਪਾਠ, ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸੰਚਾਰ ਸਮਾਗਮ ਹੁੰਦੇ ਰਹੇ। ਕੁਮਾਰਹੱਟੀ ਤੋਂ ਜਾ ਕੇ ਕਈ ਵੇਰ ਸੋਲਨ, ਧਰਮਪੁਰ, ਕਸੌਲੀ, ਕਾਲਕਾ ਤੇ ਚੰਡੀਗੜ੍ਹ ਆਦਿ ਵਿਖੇ ਵੀ ਕਈ ਸਮਾਗਮ ਕੀਤੇ ਜਾਂਦੇ ਰਹੇ। ਸਾਰੇ ਸਮਾਗਮਾਂ ਵਿਚ ਆਲੇ ਦੁਆਲੇ ਦੀਆਂ ਸੰਗਤਾਂ ਹੁੰਮ-ਹੁਮਾ ਕੇ ਪੁਜਦੀਆਂ ਅਤੇ ਖ਼ੂਬ ਰੰਗ-ਰਸ ਬਝਦੇ ਰਹੇ।

ਕੁਮਾਰਹੱਟੀ ਤੋਂ ਹੀ ਗਰਮੀਆਂ ਦੇ ਜੁਲਾਈ-ਅਗਸਤ ਵਿਚ ਕਸ਼ਮੀਰ-ਫੇਰੀਆਂ ਦੇ ਪ੍ਰੋਗਰਾਮ ਆਰੰਭ ਹੋਏ ਅਤੇ ਹੋਰ ਵੀ ਵੱਖ ਵੱਖ ਸ਼ਹਿਰਾਂ ਦੇ ਪੱਕੇ ਸਮਾਗਮ ਨੀਯਤ ਹੁੰਦੇ ਗਏ, ਜਿਹਾ ਕਿ ਦੁਸਹਿਰੇ ਦੇ ਦਿਨਾਂ ਵਿਚ ਦਿੱਲੀ, ਵਿਸਾਖੀ ਸ੍ਰੀ ਅੰਮ੍ਰਿਤਸਰ ਵਿਖੇ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਉਤਸਵ ਦਿਵਸ ਜਲੰਧਰ ਵਿਖੇ ਅਤੇ ਕਲਗੀਧਰ ਜੀ ਦਾ ਪ੍ਰਕਾਸ਼ ਗੁਰਪੁਰਬ ਤਾਂ ਮੁਢ ਤੋਂ ਹੀ ਪਹਿਲਾਂ ਨਾਰੰਗਵਾਲ ਅਤੇ ਫਿਰ ਲੁਧਿਆਣੇ ਵਿਖੇ ਮਨਾਇਆ ਜਾਂਦਾ ਤੁਰਿਆ ਆ ਰਿਹਾ ਹੈ।

## ਕਸ਼ਮੀਰ-ਫੇਰੀਆਂ

1937-38 ਦਾ ਜ਼ਿਕਰ ਹੈ, ਪੰਥ ਦੇ ਉਘੇ ਗੁਰੂ ਪਿਆਰੇ ਅਕਾਲੀ ਕੌਰ ਸਿੰਘ ਜੀ ਕਸ਼ਮੀਰ ਵਾਲੇ ਸ੍ਰੀਮਾਨ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਦੀਦਾਰਿਆਂ ਨੂੰ ਨਾਰੰਗਵਾਲ ਪੁਜੇ। ਵਿਦਾ ਹੋਣ ਲਗਿਆਂ ਆਪ ਜੀ ਭਾਈ ਸਾਹਿਬ ਜੀ ਤੋਂ ਇਕਰਾਰ ਲੈ ਗਏ ਕਿ ਉਹ ਅਕਾਲੀ ਜੀ ਦੇ ਡੇਰੇ ਚਕਾਰ, ਪੁਣਛ (ਕਸ਼ਮੀਰ) ਵਿਖੇ ਦਰਸ਼ਨ ਦੇਣਗੇ।

ਮਾਨਯੋਗ ਭਾਈ ਸਾਹਿਬ ਬੀਬੀ ਦਲੇਰ ਕੌਰ, ਬੀਬੀ ਸੁਖਦੇਵ ਕੌਰ ਤੇ ਬੀਬੀ ਕੁਲਵੰਤ ਕੌਰ ਜੀ ਦੇ ਨਾਲ ਪੁਣਛ ਅਕਾਲੀ ਕੌਰ ਸਿੰਘ ਜੀ ਦੇ ਡੇਰੇ ਪੁਜ ਗਏ। ਤਿੰਨਾਂ ਬੀਬੀਆਂ ਨੂੰ ਹੀ ਭਾਈ ਸਾਹਿਬ ਆਪਣੀ ਬੱਚੀ ਦਲੇਰ ਕੌਰ ਵਾਂਗ ਇਕ-ਸਮਾਨ ਹੀ ਵਧ ਤੋਂ ਵਧ ਪਿਆਰ ਕਰਦੇ ਸਨ। ਇਹ ਬੱਚੀਆਂ ਗੁਰਬਾਣੀ ਦਾ ਕੀਰਤਨ ਕਰਦੀਆਂ ਸਨ ਤੇ ਖ਼ੂਬ ਅਨੰਦ ਬਝਦੇ ਸਨ। ਬਾਅਦ ਵਿਚ ਬੀਬੀਆਂ ਦੇ ਇਸ ਪਹਿਲੇ ਕੀਰਤਨੀ ਜਥੇ ਨੂੰ ਟਕਸਾਲੀ ਜਥਾ ਕਰ ਕੇ ਪੁਕਾਰਿਆ ਜਾਂਦਾ ਰਿਹਾ ਅਤੇ ਬੀਬੀ ਗੁਰਦੀਸ਼ ਕੌਰ, ਬੀਬੀ ਹਰਸ਼ਰਨ ਕੌਰ, ਬੀਬੀ ਉਪਦੇਸ਼ ਕੌਰ ਤੇ ਬੀਬੀ ਕਿਰਪਾਲ ਕੌਰ ਆਦਿ ਬੱਚੀਆਂ ਦੇ ਜਥੇ ਨੂੰ ਤਰਨਾ ਦਲ

ਕਰਕੇ। ਭਾਈ ਸਾਹਿਬ ਜੀ ਲਗਭਗ ਇਕ ਮਹੀਨਾ ਅਕਾਲੀ ਕੌਰ ਸਿੰਘ ਜੀ ਪਾਸ ਠਹਿਰੇ ਅਤੇ ਗੁਰਬਾਣੀ ਤੇ ਸਿਮਰਨ ਆਦਿ ਬਾਰੇ ਕਈ ਗੁਰਮਤਿ ਵੀਚਾਰਾਂ ਹੁੰਦੀਆਂ ਰਹੀਆਂ। ਭਾਈ ਸਾਹਿਬ ਆਪਣਾ ਸਾਰਾ ਵਕਤ ਸਿਮਰਨ, ਗੁਰਬਾਣੀ ਅਤੇ ਕੀਰਤਨ ਵਿਚ ਬਿਤਾਂਦੇ ਸਨ।

ਆਉਂਦੇ 1939 ਦੇ ਸਾਲ ਭਾਈ ਦਿਆਲ ਸਿੰਘ ਜੀ ਨੇ ਸ੍ਰੀਮਾਨ ਭਾਈ ਸਾਹਿਬ ਜੀ ਨੂੰ ਸ੍ਰੀ ਨਗਰ ਕਸ਼ਮੀਰ ਵਿਖੇ ਸਦ ਭੇਜਿਆ। ਦਾਸ ਦੇ ਅਜੀਜ਼, ਕਾਕਾ ਦਿਆਲ ਸਿੰਘ ਦੀ ਪਲਟਨ ਉਥੇ ਹੀ ਟਿਕੀ ਹੋਣ ਕਰਕੇ ਬੀਬੀ ਸੁਖਦੇਵ ਕੌਰ ਤਾਂ ਪਹਿਲਾਂ ਹੀ ਕਸ਼ਮੀਰ ਵਿਖੇ ਸੀ। ਹੁਣ ਭਾਈ ਸਾਹਿਬ ਜੀ ਦੇ ਨਾਲ ਬੀਬੀ ਦਲੇਰ ਕੌਰ, ਬੀਬੀ ਕੁਲਵੰਤ ਕੌਰ ਤੇ ਬੀਬੀ ਦੇ ਜੀਵਨ-ਸਾਥੀ ਕਾਕਾ ਪ੍ਰੇਮ ਸਿੰਘ ਜੀ ਵੀ ਉਥੇ ਪੁਜ ਗਏ। ਭਾਈ ਸਾਹਿਬ ਜੀ ਕਸ਼ਮੀਰ ਦੀਆਂ ਪਹਾੜੀਆਂ ਵਿਚ ਇਕ ਮਹੀਨਾ ਨਾਮ-ਸਿਮਰਨ ਦੇ ਰੰਗ ਮਾਣਦੇ ਰਹੇ ਅਤੇ ਫਿਰ ਬਟੌਤ, ਜੰਮੂ ਤੇ ਸਿਆਲਕੋਟ ਠਹਿਰ ਕੇ ਸ੍ਰੀ ਅੰਮ੍ਰਿਤਸਰ ਜੀ ਪੁੱਜੇ। ਇਥੇ ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਪਰਸਨ ਕਰਦੇ ਹੋਏ ਵਾਪਸ ਨਾਰੰਗਵਾਲ ਪੁਜ ਗਏ।

1940 ਵਿਚ ਭਾਈ ਦਿਆਲ ਸਿੰਘ ਜੀ ਨੇ ਮਾਨਯੋਗ ਭਾਈ ਸਾਹਿਬ ਜੀ ਨੂੰ ਬਿਨੈ ਕਰ ਭੇਜੀ ਕਿ ਐਤਕੀਂ ਆਪ ਜੀ ਸਾਰੇ ਜਥੇ ਸਮੇਤ ਦਰਸ਼ਨ ਬਖਸ਼ੋ। ਕਸ਼ਮੀਰ ਜਾਣ ਲਈ ਸਾਰਾ ਜਥਾ ਦਾਸ (ਠਾਕਰ ਸਿੰਘ) ਦੇ ਬੁੰਗੇ ਇਕੱਤਰ ਹੋਇਆ। ਸ਼ਾਮ ਨੂੰ ਸੋਦਰ ਦਾ ਦੀਵਾਨ ਸਜਿਆ। ਸ੍ਰੀਮਾਨ ਭਾਈ ਸਾਹਿਬ ਜੀ ਨੇ ਕੀਰਤਨ ਕਰਦਿਆਂ ਬੜੇ ਵੈਰਾਗ ਵਿਚ ਸ਼ਬਦ ਗਾਵਿਆ :

**ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥**
**ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ ॥**
**ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥**
**ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ ॥**
**ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥**
**ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ ॥**
**ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ ॥**
**ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋੁਸਾਈਆ ॥੧੨॥**

*(ਮਾਰੂ ਵਾਰ ਮ: ੫ ਡਖਣੇ, ਪੰਨਾ ੧੦੯੮)*

ਦਰਸ਼ਨ-ਲਾਲਸਾ ਵਿਚ ਵਿੰਝੇ ਹਿਰਦੇ ਵਿਚੋਂ ਇਕ ਇਕ ਤੁਕ ਨਿਕਲਦੀ ਸੀ ਤਾਂ ਕੀਰਤਨ ਵਿਚ ਸ਼ਾਮਿਲ ਸਮੂਹ ਸਤਸੰਗੀ ਵੀ ਉਸੇ ਰੰਗ ਵਿਚ ਰੰਗੀਜੇ ਜਾ ਰਹੇ ਸਨ। ਦਰਸ-ਮਿਲਾਪ ਦੀ ਚਾਹਨਾ ਲਈ ਅੰਦਰੋਂ ਹੂਕਾਂ ਉਠਦੀਆਂ ਅਤੇ ਅਕਾਸ਼ ਵਿਚ ਗੂੰਜਦੀਆਂ ਜਾਂਦੀਆਂ ਸਨ। ਇਉਂ ਦਰਸ-ਮਿਲਾਪ ਦੀਆਂ ਅਰਜ਼ੋਈਆਂ ਕਰਦੇ ਕਰਦੇ ਅਗਲਾ ਸ਼ਬਦ ਲਿਆ :

**ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥**
**ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥੧॥**

**ਤੁਮ ਤਉ ਰਾਖਨਹਾਰ ਦਇਆਲ ॥**
**ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ ॥੧॥ ਰਹਾਉ ॥**
**ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥**
**ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥੨॥੭॥੩੮॥**

*(ਧਨਾਸਰੀ ਮ: ੫, ਪੰਨਾ ੬੮੦)*

"ਮੇਰੈ ਹਿਰਦੈ ਬਸਹੁ ਗੋਪਾਲ" ਦੀਆਂ ਜੋਦੜੀਆਂ ਬਾਰੰਬਾਰ ਕਰਦੇ ਜਦ ਆਖ਼ਰੀ ਪੰਗਤੀ "ਹਿਰਦੈ ਚਰਣ ਸਬਦੁ ਸਤਿਗੁਰ ਕੋ" 'ਤੇ ਪੁਜੇ ਤਾਂ ਇਸ ਤੁਕ ਨੂੰ ਗਾਇਨ ਕਰਦਿਆਂ ਨਾਮ-ਸਿਮਰਨ ਦੇ ਰੰਗਾਂ ਵਿਚ ਰੰਗੀਜੇ ਹੋਇਆਂ ਹੱਥ ਖੜਾ ਕਰ ਲਿਆ, ਕੀਰਤਨ ਬੰਦ ਹੋ ਗਿਆ ਅਤੇ ਬੋਲੇ, "ਗੁਰਮੁਖੋ, ਦੇਖੋ ਇਸ ਵਿਚ ਹੋਰ ਕੋਈ ਵਾਧੂ ਅੱਖਰ ਨਹੀਂ, "ਹਿਰਦੈ ਚਰਣ" ਕਿਹੜੇ? "ਸਬਦੁ ਸਤਿਗੁਰ ਕੋ"। ਚਰਣ ਦੇ ਅਰਥ ਸ਼ਬਦ ਹਨ।"

ਦੀਵਾਨ ਦੀ ਸਮਾਪਤੀ ਹੋਈ ਤਾਂ ਸ੍ਰੀਮਾਨ ਭਾਈ ਸਾਹਿਬ ਜੀ ਪਾਸ ਬੀਬੀ ਤੇਜਵੰਤ ਕੌਰ ਦਾ ਸੁਨੇਹਾ ਲੈ ਕੇ ਇਕ ਗੁਰਮੁਖ ਆਇਆ। ਇਹ ਬੀਬੀ ਭਾਈ ਨਾਹਰ ਸਿੰਘ ਜੀ ਪਿੰਡ ਮੁੰਡੀਆਂ ਜ਼ਿਲ੍ਹਾ ਲੁਧਿਆਣੇ ਵਾਲਿਆਂ ਦੀ ਧਰਮ-ਪਤਨੀ ਸੀ, ਜੋ ਰਾਵਲਪਿੰਡੀ ਨੌਕਰੀ ਕਰਦੇ ਸਨ। ਇਹ ਬੀਬੀ, ਬੀਬੀ ਇੰਦਰ ਕੌਰ ਦੀ ਅੰਕ-ਸਹੇਲੀ ਸੀ। ਦੋਵੇਂ ਇਕੱਠੀਆਂ ਹੀ ਸ਼ਬਦ-ਕੀਰਤਨ ਕਰਦੀਆਂ ਸਨ। ਦਾਤਾ ਜੀ ਦਾ ਹੁਕਮ ! ਜੁਵਾ ਅਵਸਥਾ ਵਿਚ ਹੀ ਰਾਵਲਪਿੰਡੀ ਰਹਿੰਦਿਆਂ ਬੀਬੀ ਤੇਜਵੰਤ ਕੌਰ ਨੂੰ ਟੀ. ਬੀ. ਹੋ ਗਿਆ। ਬੜਾ ਇਲਾਜ ਕਰਵਾਇਆ। ਕਈ ਵਾਰ ਮਰੀ ਪਹਾੜ 'ਤੇ ਰਖ ਕੇ ਦਾਰੂ-ਦਰਮਲ ਹੋਇਆ, ਪਰ ਭਾਣੇ ਅੰਦਰ ਬੀਮਾਰੀ ਵਧਦੀ ਹੀ ਗਈ। ਬੀਬੀ ਬੀਮਾਰੀ ਤੋਂ ਹਾਰ-ਹੰਭ ਕੇ ਅੰਤ ਆਪਣੇ ਪਿੰਡ ਘੁੰਗਰਾਣੇ ਆ ਗਈ। ਇਹ ਪਿੰਡ ਨਾਰੰਗਵਾਲ ਦੇ ਨਾਲ ਹੀ ਹੈ। ਭਾਈ ਸਾਹਿਬ ਜੀ ਇਸ ਬੀਬੀ ਨੂੰ ਬਹੁਤ ਹੀ ਪਿਆਰ ਕਰਦੇ ਸਨ। ਬੀਬੀ ਬੀਮਾਰੀ ਦੀ ਆਖ਼ਰੀ ਸਟੇਜ 'ਤੇ ਪੁਜ ਚੁੱਕੀ ਸੀ। ਉਸ ਦੀ ਅੰਤਮ ਲਾਲਸਾ ਇਕੋ ਇਕ ਰਹਿ ਗਈ ਸੀ ਕਿ ਭਾਈ ਸਾਹਿਬ ਜੀ ਦੇ ਸੰਗਤ ਸਮੇਤ ਉਸ ਨੂੰ ਦਰਸ਼ਨ ਹੋ ਜਾਣ। ਸੋ ਬੀਬੀ ਜੀ ਨੇ ਹੱਥ ਬੰਨ੍ਹ ਕੇ ਬੇਨਤੀ ਕਰ ਭੇਜੀ।

ਉਸ ਵਕਤ ਕਸ਼ਮੀਰ ਲਈ ਚਾਲੇ ਪਾਉਣ ਦਾ ਸਾਰੇ ਜਥੇ ਦਾ ਪ੍ਰੋਗਰਾਮ ਬਣ ਚੁਕਾ ਸੀ ਅਤੇ ਤਰੀਕਾਂ ਨੀਯਤ ਹੋ ਚੁਕੀਆਂ ਸਨ। ਸੋ ਸਾਰੇ ਜਥੇ ਦੇ ਪ੍ਰੋਗਰਾਮ ਨੂੰ ਬਦਲਣਾ ਮੁਸ਼ਕਿਲ ਸੀ। ਸ੍ਰੀਮਾਨ ਭਾਈ ਸਾਹਿਬ ਜੀ ਨੇ ਤਿੰਨਾਂ ਸਿੰਘਾਂ ਨੂੰ ਥਾਪਿਆ ਕਿ ਉਹ ਬੀਬੀ ਪਾਸ ਪੁਜ ਕੇ ਸਾਡੀ ਮਜਬੂਰੀ ਦੱਸਣ ਅਤੇ ਨਾਲ ਹੀ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਕਰ ਕੇ ਸ਼ਬਦ ਕੀਰਤਨ ਕਰਨ, ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰ ਕੇ ਬੀਬੀ ਲਈ ਅਰਦਾਸ ਕਰਨ ਅਤੇ ਕੜਾਹ ਪ੍ਰਸ਼ਾਦ ਦੇ ਗੱਫੇ ਬੀਬੀ ਨੂੰ ਛਕਾ ਕੇ ਸਿੱਧੇ ਸ੍ਰੀ ਅੰਮ੍ਰਿਤਸਰ ਗੁਰੂ ਰਾਮਦਾਸ ਨਿਵਾਸ ਵਿਖੇ ਉਨ੍ਹਾਂ ਪਾਸ ਪੁਜ ਜਾਣ। ਸੋ ਐਸਾ ਹੀ ਹੋਇਆ।

"ਰਾਮਦਾਸ ਸਰੋਵਰਿ ਨਾਤੇ" (ਸੋਰਠਿ ਮ: ੫, ਪੰਨਾ ੬੨੫) ਇਸ਼ਨਾਨੇ ਕਰਿ ਅਤੇ ਸਚਖੰਡ ਦੇ ਦਰਸ਼ਨ ਦੀਦਾਰੇ ਕਰ ਕੇ ਸਮੂਹ ਸੰਗਤ ਨੇ ਜ਼ਿਲ੍ਹਾ ਸਿਆਲਕੋਟ ਵਿਚ ਡਾਕਟਰ ਬਸੰਤ ਸਿੰਘ ਜੀ ਪਾਸ ਪਿੰਡ ਸੇਖਵਾਂ ਨੂੰ ਚਾਲੇ ਪਾਏ। ਉਥੇ ਅਗੇ ਸ੍ਰੀ ਅਖੰਡਪਾਠ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਸੋ ਬੜੇ ਅਨੰਦ ਵਿਚ ਆਸਾ ਦੀ ਵਾਰ ਦੇ ਕੀਰਤਨ ਤੋਂ ਪਿਛੋਂ ਅਖੰਡਪਾਠ ਪ੍ਰਾਰੰਭ ਹੋਇਆ ਅਤੇ ਭੋਗ ਪਿਛੋਂ ਖ਼ੂਬ ਰੰਗਾਂ ਵਿਚ ਦੁਪਹਿਰ ਤਕ

ਕੀਰਤਨ ਹੁੰਦਾ ਰਿਹਾ। ਇਸ ਸਮਾਗਮ ਵਿਚਲੀ ਖਾਸ ਵਰਨਣ ਯੋਗ ਇਹ ਗੱਲ ਹੈ ਕਿ ਬੀਬੀ ਮਹਿੰਦਰ ਕੌਰ ਜੀ (ਅੱਜ ਕਲ੍ਹ ਲੁਧਿਆਣਾ) ਨੇ ਬੈਰਾਗ-ਰੰਗਾਂ ਵਿਚ ਸ਼ਬਦ ਪੜ੍ਹਿਆ:

**ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ**
**ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥**
**ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥**
**ਹਮਰੀ ਬੇਦਨ ਹਰਿ ਪ੍ਰਭੁ ਜਾਨੈ**
**ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥**
**ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ**
**ਸੋ ਭਾਈ ਸੋ ਮੇਰਾ ਬੀਰ ॥੨॥**
**ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ**
**ਲੇ ਸਤਿਗੁਰ ਕੀ ਮਤਿ ਧੀਰ ॥੩॥**
**ਜਨ ਨਾਨਕ ਕੀ ਹਰਿ ਆਸ ਪੁਜਾਵਹੁ**
**ਹਰਿ ਦਰਸਨਿ ਸਾਂਤਿ ਸਰੀਰ ॥੪॥੬॥**

*(ਗੌਂਡ ਮਹਲਾ ੪, ਪੰਨਾ ੮੬੧-੬੨)*

ਬੀਬੀ ਜੀ ਉਪਰ ਉਨ੍ਹਾਂ ਦਿਨਾਂ ਵਿਚ ਦਾਤਾ ਜੀ ਦੀ ਨਾਮ-ਸਿਮਰਨ ਦੀ ਅਪਾਰ ਬਖ਼ਸ਼ਿਸ਼ ਸੀ ਅਤੇ ਬੈਰਾਗ ਦੀ ਐਸੀ ਵਿਵਸਥਾ ਤਾਰੀ ਸੀ ਕਿ ਅੰਗ ਅੰਗ ਵਿਚੋਂ ਬਿਰਹੋਂ ਕਾਂਗਾਂ ਉਮਡ ਉਮਡ ਉਠਦੀਆਂ ਸਨ। "ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ" ਦੀ ਧੁਨੀ ਦੀਆਂ ਐਸੀਆਂ ਗੂੰਜਾਂ ਪਈਆਂ ਕਿ ਸ਼ਬਦ ਦਾ ਇਕ ਇਕ ਅੱਖਰ ਸੰਗਤ ਦੇ ਹਿਰਦੇ ਅੰਦਰ 'ਤੀਰ' ਵਾਂਗ ਵਜ ਰਿਹਾ ਸੀ। ਜੋ ਗੁਰਮੁਖ ਪਿਆਰੇ ਦੀਵਾਨ ਤੋਂ ਬਾਹਰ ਘੁੰਮ-ਫਿਰ ਰਹੇ ਸਨ, ਸਾਰੇ ਹੀ ਸ਼ਬਦ ਦੀ ਖਿਚ ਵਿਚ ਆ ਇਕੱਠੇ ਹੋਏ। ਭਾਈ ਸਾਹਿਬ ਜੀ ਬੀਬੀ ਦੇ ਪਾਸ ਬੈਠੇ ਹੌਂਸਲਾ ਦੇ ਰਹੇ ਸਨ, ਪਿਆਰ-ਅਸੀਸਾਂ ਦੇ ਰਹੇ ਸਨ ਅਤੇ ਸ਼ਬਦ-ਕੀਰਤਨ ਦਾ ਅਨੰਦ ਮਾਣ ਰਹੇ ਸਨ। ਇਹੋ ਜਿਹੇ ਸਮੇਂ ਸਤਿਗੁਰੂ ਆਪ ਜੀ ਤਰੁਠ ਕੇ ਬਖ਼ਸ਼ਿਸ਼ ਕਰਦੇ ਹਨ ਅਤੇ ਇਲਾਹੀ ਬਰਕਤਾਂ ਪ੍ਰਦਾਨ ਕਰਦੇ ਹਨ। ਸਾਰੀ ਸੰਗਤ ਨਿਹਾਲੋ ਨਿਹਾਲ ਹੋ ਗਈ। ਇਸ ਵਕਤ ਨੂੰ, ਇਸ ਸਮਾਗਮ ਨੂੰ ਤੇ ਸ਼ਬਦ ਦੀ ਸੁਣੀ ਇਸ ਧੁਨੀ ਨੂੰ ਭੁਲਣਾ ਮੁਸ਼ਕਿਲ ਹੈ। ਅਜ ਵੀ ਜਦੋਂ ਕਦੇ ਉਹ ਨਜ਼ਾਰਾ ਅੱਖਾਂ ਸਾਹਮਣੇ ਆ ਜਾਂਦਾ ਹੈ ਤਾਂ ਅੰਦਰਲਾ ਆਪਾ ਸੁਆਦ ਸੁਆਦ ਹੋ ਉਠਦਾ ਹੈ।

ਸੇਖਵਾਂ ਤੋਂ ਚਾਲੇ ਪਾ ਕੇ ਜਥਾ ਮਾਨਯੋਗ ਭਾਈ ਸਾਹਿਬ ਅਤੇ ਸ੍ਰੀਮਾਨ ਬਾਊ ਮੱਲ ਸਿੰਘ ਜੀ ਸਮੇਤ ਸਿਆਲਕੋਟ ਵਿਖੇ ਗੁਰਮੁਖ ਪਿਆਰੇ ਭਾਈ ਹਰਨਾਮ ਸਿੰਘ ਜੀ ਉਬਰਾਏ ਪਾਸ ਪੁੱਜਾ। ਉਥੇ ਸ੍ਰੀ ਅਖੰਡਪਾਠ ਤੇ ਕੀਰਤਨ ਪਿਛੋਂ ਅੰਮ੍ਰਿਤ-ਸੰਚਾਰ ਹੋਇਆ, ਜਿਸ ਵਿਚ 40-50 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਸਿਆਲਕੋਟ ਤੋਂ ਚਲ ਕੇ ਜਥਾ ਜੰਮੂ ਗੁਰਦੁਆਰਾ ਸਾਹਿਬ ਵਿਖੇ ਜਾ ਠਹਿਰਿਆ। ਉਥੇ ਕੀਰਤਨ ਹੋਇਆ ਅਤੇ ਦੂਜੇ ਦਿਨ ਜਥਾ ਬਟੌਰ ਜਾ ਪੁੱਜਾ। ਉਥੇ ਸ. ਬ. ਮਹਿਤਾਬ ਸਿੰਘ ਜੀ ਦਾ ਪਰਿਵਾਰ ਠਹਿਰਿਆ ਹੋਇਆ ਸੀ। ਉਨ੍ਹਾਂ ਦੀ ਬੇਨਤੀ 'ਤੇ ਸਾਰਾ ਜਥਾ ਉਨ੍ਹਾਂ ਪਾਸ ਪੁੱਜਾ। ਕੀਰਤਨ ਦੀ ਹਾਜ਼ਰੀ ਭਰ ਕੇ ਪ੍ਰਸ਼ਾਦ ਛਕਿਆ ਅਤੇ ਜਥੇ ਨੇ ਸ੍ਰੀਨਗਰ

ਲਈ ਕਮਰਕਸੇ ਕਰ ਲਏ।

ਸ੍ਰੀਨਗਰ ਸ. ਦਿਆਲ ਸਿੰਘ ਜੀ ਨੇ ਆਪਣੇ ਘਰ ਵਿਖੇ ਹੀ ਜਥੇ ਦੇ ਠਹਿਰਨ ਦਾ ਪ੍ਰਬੰਧ ਕੀਤਾ। ਉਸੇ ਦਿਨ ਤੋਂ ਸਵੇਰੇ ਸ਼ਾਮ ਦੇ ਕੀਰਤਨ ਆਰੰਭ ਹੋ ਗਏ। ਕਦੇ ਕਿਤੇ, ਕਦੇ ਕਿਤੇ, ਕਦੇ ਕਿਸੇ ਗੁਰੂ ਪਿਆਰੇ ਦੇ ਗ੍ਰਿਹ ਵਿਖੇ ਅਤੇ ਕਦੇ ਕਿਸੇ ਗੁਰਦੁਆਰਾ ਸਾਹਿਬ ਵਿਖੇ।

ਇਕ ਦਿਨ ਅੰਮ੍ਰਿਤ ਵੇਲੇ ਇਹ ਕੀਰਤਨ ਕਿਸੇ ਗੁਰਮੁਖ ਦੇ ਘਰ ਹੋ ਰਿਹਾ ਸੀ। ਸ੍ਰੀਮਾਨ ਭਾਈ ਸਾਹਿਬ ਜੀ ਹਸਬ ਮਾਮੂਲ ਰੰਗਾਂ-ਤਰੰਗਾਂ ਵਿਚ ਕੀਰਤਨ ਕਰ ਰਹੇ ਸਨ। ਜਦੋਂ 18ਵਾਂ ਛਕਾ ਤੇ ਸਲੋਕ ਆਰੰਭ ਹੋਇਆ ਤਾਂ ਭਾਈ ਸਾਹਿਬ ਜੀ ਡਾਢੇ ਹੀ ਬੈਰਾਗ ਵਿਚ ਆ ਗਏ ਅਤੇ ਵੈਰਾਗ ਦੇ ਹੀ ਸ਼ਬਦ ਪੜ੍ਹਦੇ ਰਹੇ :

(ੳ) **ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥** *(ਪੰਨਾ ੨੩)*

(ਅ) **ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥** *(ਪੰਨਾ ੫੩੨)*

(ੲ) **ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥**
**ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਾਲੇਹਾਂ ॥** *(ਪੰਨਾ ੫੭੯)*

(ਸ) **ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥** *(ਪੰਨਾ ੫੦)*

ਦੀਵਾਨ ਦੀ ਸਮਾਪਤੀ 'ਤੇ ਸੰਗਤ ਜਦੋਂ ਘਰਾਂ ਨੂੰ ਚਲ ਪਈ ਤਾਂ ਭਾਈ ਸਾਹਿਬ ਜੀ ਦੇ ਭਤੀਜੇ ਭਾਈ ਸੱਜਣ ਸਿੰਘ ਜੀ ਨਾਰੰਗਵਾਲ ਵਾਲੇ ਦਾਸ ਨੂੰ ਕਹਿਣ ਲਗੇ, "ਤੁਸੀਂ ਅੱਜ ਖ਼ਿਆਲ ਕੀਤਾ ਕਿ ਭਾਈ ਸਾਹਿਬ, ਪਿਛਲੀ ਸਾਰੀ ਆਸਾ ਦੀ ਵਾਰ ਵਿਚ ਵੈਰਾਗ ਦੇ ਸ਼ਬਦ ਹੀ ਪੜ੍ਹਦੇ ਰਹੇ ਹਨ। ਉਨ੍ਹਾਂ ਪਾਸੋਂ ਪਤਾ ਕਰਨਾ, ਕੀ ਸਬੱਬ ਹੈ?" ਜਦੋਂ ਪ੍ਰਸ਼ਾਦ ਛਕ, ਆਰਾਮ ਕਰ ਕੇ ਆਪ ਜੀ ਉਠੇ ਤਾਂ ਦਾਸ ਨੇ ਬੜੀ ਨਿਮਰਤਾ ਨਾਲ ਬਿਨੈ ਕੀਤੀ ਕਿ ਅੱਜ ਵਾਰ ਵਿਚ ਵੈਰਾਗ-ਮਈ ਕੀਰਤਨ ਦਾ ਕੀ ਸਬੱਬ ਸੀ? ਕਹਿਣ ਲੱਗੇ, "ਜੋਗੀ, ਓਹ ਬੀਬੀ ਤੇਜਵੰਤ ਕੌਰ ਜੋ ਘੁੰਗਰਾਣੇ ਸਖ਼ਤ ਬੀਮਾਰ ਸੀ ਤੇ ਸੰਗਤ ਦੇ ਦਰਸ਼ਨ ਲਈ ਉਤਾਵਲੀ ਸੀ ਅਤੇ ਜਿਸ ਲਈ ਉਥੇ, ਸਤਿਗੁਰ ਜੀ ਦਾ ਪ੍ਰਕਾਸ਼ ਕਰ ਕੇ, ਕੀਰਤਨ ਸੁਣਾਉਣ ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰ ਕੇ ਉਸ ਲਈ ਅਰਦਾਸ ਕਰਨ ਹਿਤ ਤਿੰਨ ਸਿੰਘ ਭੇਜੇ ਸਨ, ਉਹ ਅੱਜ ਚਲਾਣਾ ਕਰ ਗਈ ਹੈ। ਤੇ ਇਹ ਪੰਜ-ਭੂਤਕੀ ਸਰੀਰ ਦਾ ਚੋਲਾ ਛੱਡ ਕੇ, ਉਸ ਦੀ ਆਤਮਾ ਸਿੱਧੀ ਕੀਰਤਨ ਹੁੰਦਿਆਂ, ਉਥੇ ਸੰਗਤ ਵਿਚ ਆ ਗਈ। ਬਸ ਫਿਰ ਵੈਰਾਗ ਦਸ਼ਾ ਵਿਚ ਉਸ ਨੂੰ ਸੰਬੋਧਨ ਕਰ ਕੇ ਕੀਰਤਨ ਕਰਦੇ ਰਹੇ। ਸਤਿਗੁਰੂ ਜੀ ਦੀ ਬਖਸ਼ਸ਼ ਹੈ ਕਿ ਉਹ ਬੀਬੀ ਜੀ ਇਨ੍ਹਾਂ ਕੀਰਤਨ-ਮੰਡਲਾਂ ਵਿਚ ਵਿਚਰਦੇ ਰਹੇ ਹਨ। ਇਸੇ ਤੜਪ ਵਿਚ ਕਮਰਕਸੇ ਕਰ ਗਏ ਤਾਂ ਸੰਗਤ ਦੇ ਦਰਸ਼ਨ ਕਰਨ ਲਈ ਸਿਧੇ ਇਥੇ ਪੁਜ ਗਏ।" ਫਿਰ ਉਸ ਬੀਬੀ ਜੀ ਦੇ ਪ੍ਰੇਮ ਤੇ ਗੁਰਮਤੀ ਜੀਵਨ ਬਾਬਤ ਕਿੰਨਾ ਕੁਝ ਦਸਦੇ ਰਹੇ।

ਉਨ੍ਹਾਂ ਦਿਨਾਂ ਵਿਚ ਜਦ ਕਦੇ ਸ਼ਾਮ ਦਾ ਕੋਈ ਕੀਰਤਨ-ਸਮਾਗਮ ਨਹੀਂ ਸੀ ਹੁੰਦਾ ਤਾਂ ਮਾਨਯੋਗ ਬਾਊ ਜੀ, ਦਾਸ ਨੂੰ ਨਾਲ ਲੈ ਕੇ ਮੀਲ ਕੁ ਪੈਂਡਾ ਬਾਹਰ ਖੇਤਾਂ ਵਲ ਨਿਕਲ ਜਾਂਦੇ। ਇਕ ਉਚੀ, ਪਰ ਬੜੀ ਰਮਣੀਕ ਘਾਹ ਵਾਲੀ ਥਾਂ 'ਤੇ ਬੈਠ ਕੇ ਸਿਮਰਨ ਕਰਦੇ ਅਤੇ ਸੋਦਰ ਦਾ ਪਾਠ ਕਰ ਕੇ ਘਰ ਵਲ ਪਰਤਦੇ। ਉਨ੍ਹਾਂ ਦਿਨਾਂ ਵਿਚ ਇਕ ਪਿਆਰੇ

ਸਰਦਾਰ ਅਤਰ ਸਿੰਘ ਜੀ ਤੇ ਉਨ੍ਹਾਂ ਦੇ ਗੁਰਮੁਖ ਪਰਿਵਾਰ ਨੇ ਆਪਣੇ ਗ੍ਰਹਿ ਵਿਖੇ ਸਾਰੇ ਜਥੇ ਨੂੰ ਲਿਜਾ ਕੇ ਸ੍ਰੀ ਅਖੰਡਪਾਠ ਕਰਵਾਇਆ, ਕੀਰਤਨ ਹੋਏ ਅਤੇ ਜਥੇ ਦੀ ਬੜੀ ਹੀ ਸੇਵਾ ਕੀਤੀ।

ਤਕਰੀਬਨ ਇਕ ਮਹੀਨਾ ਜਥਾ ਸ੍ਰੀਨਗਰ (ਕਸ਼ਮੀਰ) ਵਿਚ ਅਨੰਦ-ਰਸ ਮਾਣਦਾ ਹੋਇਆ ਜੰਮੂ-ਸਿਆਲਕੋਟ ਦੇ ਰਸਤੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸਨ ਇਸ਼ਨਾਨ ਕਰਦਾ, ਵਾਪਸ ਆਪਣੇ ਡੇਰਿਆਂ ਨੂੰ ਪੁਜ ਗਿਆ।

ਆਉਂਦੇ 1941 ਦੇ ਸਾਲ ਸ੍ਰੀ ਮਾਨ ਭਾਈ ਸਾਹਿਬ ਤੇ ਬਾਊ ਮੱਲ ਸਿੰਘ ਜੀ ਜਥੇ ਸਮੇਤ ਸ੍ਰੀਨਗਰ ਸ. ਦਿਆਲ ਸਿੰਘ ਪਾਸ ਪੁਜ ਗਏ। ਇਕ ਦਿਨ ਉਥੇ ਅਰਾਮ ਕਰ ਕੇ ਜਥੇ ਨੇ ਗੁਲਮਰਗ ਲਾਗੇ ਇਕ ਨਵੇਂ ਅਸਥਾਨ ਲਈ ਚਾਲੇ ਪਾ ਦਿੱਤੇ। ਇਹ ਥਾਂ ਸ੍ਰੀ ਨਗਰ ਨਿਵਾਸੀ ਸ. ਦਿਆਲ ਸਿੰਘ ਜੀ ਨੇ ਖ਼ਰੀਦ ਕੇ, ਇਥੇ ਰਿਹਾਇਸ਼ੀ ਬੰਗਲਾ ਬਣਵਾਇਆ ਤੇ ਬਾਗ਼ ਲਵਾਇਆ ਸੀ। ਇਹ ਥਾਂ ਬੜੀ ਖ਼ੂਬਸੂਰਤ, ਰਮਣੀਕ ਤੇ ਨਦੀ ਦੇ ਕੰਢੇ ਉਪਰ ਸੀ। ਇਸ ਅਸਥਾਨ 'ਤੇ ਕੁਝ ਦਿਨ ਠਹਿਰੇ ਅਤੇ ਕੀਰਤਨ ਦੇ ਖ਼ੂਬ ਅਨੰਦ ਮਾਣੇ।

ਇਸ ਇਲਾਕੇ ਨੂੰ ਬਹੁਤ ਰਮਣੀਕ ਸਮਝ ਕੇ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੋਂ ਸਿੰਘ ਲਿਜਾ ਕੇ ਉਥੇ ਵਸਾਏ ਸਨ। ਇਹ ਇਲਾਕਾ ਪੁਣਛ ਦੇ ਲਾਗੇ ਹੀ ਹੈ। ਇਥੇ ਇਕ ਸ੍ਰੀ ਅਖੰਡਪਾਠ ਹੋਇਆ। ਇਲਾਕੇ ਦੇ ਸਿੰਘ ਬੜੀ ਗਿਣਤੀ ਵਿਚ ਇਸ ਸਮਾਗਮ ਵਿਚ ਪੁਜੇ ਹੋਏ ਸਨ। ਖ਼ੂਬ ਗੁਰੂ ਕਾ ਲੰਗਰ ਚਲਿਆ। ਹਰ ਰੋਜ਼ ਅੰਮ੍ਰਿਤ ਵੇਲੇ ਦੇ ਇਸ਼ਨਾਨ ਪਿਛੋਂ ਸਿਮਰਨ ਤੇ ਨਿਤਨੇਮ ਹੋਣਾ, ਅਤੇ ਫਿਰ ਕੀਰਤਨ ਦੀਆਂ ਗੂੰਜਾਂ ਪੈਣੀਆਂ। ਫਿਰ ਮਾਨਯੋਗ ਬਾਊ ਜੀ ਤੇ ਹੋਰ ਗੁਰਮੁਖ ਪਿਆਰਿਆਂ ਨੇ ਨਦੀ ਵਿਚ ਵੱਖ-ਵੱਖ ਪੱਥਰਾਂ 'ਤੇ ਜਾ ਬੈਠਣਾ। ਸਿੰਘਾਂ ਨੇ ਵੱਖ-ਵੱਖ ਚੌੜੇ ਚਪਟੇ ਪੱਥਰ ਨਿਤ ਅਨੰਦ ਮਾਣਨ ਲਈ ਮੱਲੇ ਹੋਏ ਸਨ। ਇਕ ਪਾਸੇ ਕੁਦਰਤ ਦੀ ਇਕਾਂਤ ਦੇ ਰੰਗ ਬਝੇ ਹੋਣੇ, ਦੂਜੇ ਪਾਸੇ ਪਾਣੀ ਪੱਥਰਾਂ ਨਾਲ ਖਹਿ ਖਹਿ ਵਗਣਾ, ਜਿਸ ਕਰਕੇ ਪਾਣੀ ਵਿਚੋਂ ਡਾਢੀ ਮਿੱਠੀ ਅਵਾਜ਼ ਨਿਕਲਦੀ, ਅਜੀਬ ਰੰਗ ਬੱਝੀ ਜਾਣੇ, ਤੀਜੇ ਪਾਸੇ ਸਿੰਘਾਂ ਨੇ ਪੱਥਰਾਂ 'ਤੇ ਚੌਂਕੜੇ ਸਜਾ ਲੈਣੇ ਅਤੇ ਪਾਣੀ ਦੀ ਮਿੱਠੀ ਲੈਅ ਨਾਲ ਇਕ-ਸੁਰ ਹੋ ਕੇ ਨਾਮ-ਸਿਮਰਨ ਦੀ ਰੁਣਝੁਣ ਲਾ ਦੇਣੀ। ਬਸ ਫਿਰ ਹੋੜਨ ਹਟਕਣ ਵਾਲਾ ਕੌਣ ਸੀ? ਚਲ ਸੋ ਚਲ, ਨਾਮ-ਅਭਿਆਸ ਦੇ ਚਲੂਲੇ ਬਿਸਮਾਦੀ ਰੰਗਾਂ ਵਿਚ ਸਾਰਾ ਸਾਰਾ ਸਮਾਂ ਰੰਗੀਜੇ ਰਹਿਣਾ। ਇਉਂ ਕਸ਼ਮੀਰ ਦੇ ਸੁੰਦਰ ਨਜ਼ਾਰਿਆਂ ਨਾਲ ਪ੍ਰਭਾਵਤ ਹੋ ਕੇ ਸਿੰਘ ਉਥੇ ਖ਼ੂਬ ਰੰਗ-ਰਸ ਮਾਣਦੇ ਰਹੇ।

ਕੁਝ ਦਿਨਾਂ ਪਿਛੋਂ ਵਾਪਸ ਸ੍ਰੀਨਗਰ ਪੁਜੇ। ਉਥੇ ਵੀ ਕੁਝ ਦਿਨ ਠਹਿਰੇ ਅਤੇ ਫਿਰ ਵਾਪਸ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰ ਕੇ ਆਪਣੇ ਟਿਕਾਣਿਆਂ ਨੂੰ ਪੁਜ ਗਏ।

## ਡਲਹੌਜ਼ੀ ਤੇ ਚੰਬਾ ਦੇ ਸਮਾਗਮ

1943 ਵਿਚ ਮਾਨਯੋਗ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਸ. ਬ. ਸ. ਕਰਤਾਰ ਸਿੰਘ, (ਜੋ ਲੁਧਿਆਣੇ ਦੇ ਰਹਿਣ ਵਾਲੇ ਸਨ ਤੇ ਚੰਬਾ ਰਿਆਸਤ ਦੇ (Chief Conser-

vator of Forests) ਲੱਗਣ ਮਗਰੋਂ ਮਹਿਕਮਾ ਜੰਗਲਾਤ ਦੇ ਵੱਡੇ ਅਫ਼ਸਰ ਲੱਗ ਗਏ ਸਨ) ਨੇ ਚੰਬੇ ਤੋਂ ਬੇਨਤੀ-ਪੱਤਰ ਭੇਜਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਮੇਂ ਜਥੇ ਸਮੇਤ ਉਹ ਦਰਸ਼ਨ ਦੇ ਕੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨ। ਇਸ ਸ਼ੁਭ ਅਵਸਰ ਸਮੇਂ ਚੰਬੇ ਦੇ ਗੁਰਦੁਆਰਾ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਾਇਮ ਕਰਨ ਦੀ ਰਸਮ ਅਦਾ ਕੀਤੀ ਜਾਣੀ ਸੀ। ਸਰਦਾਰ ਬਹਾਦਰ ਨੇ ਨਿਸ਼ਾਨ ਸਾਹਿਬ ਲਈ ਜੰਗਲ ਵਿਚੋਂ ਇਕ ਬੜਾ ਸੁੰਦਰ, ਸਿੱਧਾ ਅਤੇ ਲੰਬਾ ਦਰੱਖ਼ਤ ਚੁਣਿਆ ਹੋਇਆ ਸੀ।

ਸੋ, ਭਾਈ ਸਾਹਿਬ ਰਣਧੀਰ ਸਿੰਘ ਜੀ, ਸ੍ਰੀਮਾਨ ਬਾਊ ਮੱਲ ਸਿੰਘ ਜੀ ਅਤੇ ਸਮੂਹ ਜਥੇ ਨੇ ਚੰਬੇ ਜਾਣ ਲਈ ਡਲਹੌਜ਼ੀ ਪੜਾ ਕੀਤਾ। ਉਥੇ ਜਥੇ ਦੇ ਠਹਿਰਨ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਖੇ ਹੋਇਆ ਸੀ। ਸੰਗਤ ਨੇ ਜਥੇ ਦਾ ਸੁਆਗਤ ਕੀਤਾ। ਸ਼ਾਮ ਦੇ ਕੀਰਤਨ ਦੇ ਪਾਠ ਪਿਛੋਂ ਰਾਤ ਨੂੰ ਸਭ ਨੇ ਬਿਸਰਾਮ ਕੀਤਾ ਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਉਥੋਂ ਦੀ ਸਾਰੀ ਸੰਗਤ ਨੇ ਕੀਰਤਨ ਦਾ ਖ਼ੂਬ ਅਨੰਦ ਮਾਣਿਆ।

ਭੋਗ ਪਿਛੋਂ ਜਥੇ ਨੇ ਚੰਬੇ ਜਾਣ ਲਈ ਕਮਰਕਸੇ ਕਰ ਲਏ। ਦੁਪਹਿਰ ਨੂੰ ਖਜਿਆਰ ਪੁੱਜੇ, ਜੋ ਬਹੁਤ ਹੀ ਖ਼ੂਬਸੂਰਤ ਟੂਰਿਸਟ ਜਗ੍ਹਾ ਹੈ। ਇਥੋਂ ਦੀ ਝੀਲ, ਜੋ ਬਹੁਤ ਹੀ ਸੁੰਦਰ ਦਿਉਦਾਰ ਦੇ ਰੁੱਖਾਂ ਨਾਲ ਘਿਰੀ ਹੋਈ ਹੈ, ਵਿਚ ਪੱਥਰ ਤਰਦੇ ਹਨ। ਇਥੇ ਸਾਰਿਆਂ ਨੇ ਪ੍ਰਸ਼ਾਦ ਛਕ ਕੇ ਕੁਝ ਚਿਰ ਅਰਾਮ ਕੀਤਾ ਅਤੇ ਸ਼ਾਮ ਨੂੰ ਚੰਬੇ ਪੁਜ ਗਏ।

ਅਗੋਂ ਸਰਦਾਰ ਬਹਾਦਰ ਕਰਤਾਰ ਸਿੰਘ ਨੇ ਸੰਗਤ ਸਮੇਤ ਪੁਜ ਕੇ ਜਥੇ ਦਾ ਸੁਆਗਤ ਕੀਤਾ। ਗੁਰਦੁਆਰਾ ਸਾਹਿਬ ਵਿਖੇ ਹੀ ਜਥੇ ਦੇ ਠਹਿਰਨ ਦਾ ਚੰਗਾ ਪ੍ਰਬੰਧ ਸੀ। ਅਗਲੇ ਦਿਨ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਸ੍ਰੀ ਅਖੰਡਪਾਠ ਅਰੰਭ ਹੋ ਗਿਆ। ਗੁਰਪੁਰਬ ਤੋਂ ਪਹਿਲੇ ਦਿਨ ਬਹੁਤ ਸੁੰਦਰ ਨਗਰ ਕੀਰਤਨ ਨਿਕਲਿਆ, ਜਿਸ ਵਿਚ ਭਾਈ ਸਾਹਿਬ ਜੀ ਦੇ ਜਥੇ ਤੋਂ ਬਿਨਾਂ ਹੋਰ ਭੀ ਬਹੁਤ ਸਾਰੇ ਜਥੇ ਸ਼ਾਮਲ ਹੋਏ। ਇਸ ਤਰ੍ਹਾਂ ਨਗਰ ਕੀਰਤਨ ਵਿਚ ਬੜੀ ਰੌਣਕ ਬਣ ਗਈ।

ਅਖੰਡਪਾਠ ਦੇ ਭੋਗ ਪਿਛੋਂ ਆਸਾ ਦੀ ਵਾਰ ਦਾ ਕੀਰਤਨ ਦੁਪਹਿਰ ਤਕ ਹੋਇਆ। ਦੀਵਾਨ ਦੀ ਸਮਾਪਤੀ ਪਿਛੋਂ ਸਾਰੀ ਸੰਗਤ ਦੀ ਹਾਜ਼ਰੀ ਵਿਚ ਸ੍ਰੀਮਾਨ ਭਾਈ ਸਾਹਿਬ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਗੁਰਦੁਆਰੇ ਦਾ ਨਿਸ਼ਾਨ ਸਾਹਿਬ ਝੁਲਾਇਆ। ਸੰਗਤ ਨੇ ਖ਼ੂਬ ਜੈਕਾਰੇ ਗਜਾਏ। ਇਸ ਤਰ੍ਹਾਂ ਇਨ੍ਹਾਂ ਪਹਾੜੀ ਇਲਾਕਿਆਂ ਵਿਚ ਨਾਮ-ਬਾਣੀ ਦੀਆਂ ਗੁੰਜਾਰਾਂ ਗੁੰਜਾਂਦੇ ਵਾਪਸ ਮੁੜੇ। ਰਾਤ ਡਲਹੌਜ਼ੀ ਠਹਿਰ ਕੇ ਆਪੋ ਆਪਣੇ ਟਿਕਾਣੇ 'ਤੇ ਪੁਜ ਗਏ।

## ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ

1944 ਵਿਚ ਮਾਨਯੋਗ ਬਾਊ ਮੱਲ ਸਿੰਘ ਜੀ ਦੇ ਦੂਸਰੇ ਭੁਜੰਗੀ ਪ੍ਰੀਤਮ ਸਿੰਘ ਦਾ ਅਨੰਦ ਕਾਰਜ ਪੂਹਲਾ (ਬਠਿੰਡਾ) ਵਿਖੇ ਹੋਣਾ ਨੀਯਤ ਹੋਇਆ। ਇਹ ਰਿਸ਼ਤਾ ਗੁਰਮੁਖ ਪਿਆਰੇ ਗਿ: ਦਲੀਪ ਸਿੰਘ ਜੀ ਫੁਲਾਂਵਾਲ ਰਾਹੀਂ ਹੋਇਆ ਸੀ। ਗਿਆਨੀ ਜੀ ਇਨ੍ਹਾਂ ਦਿਨਾਂ ਵਿਚ ਹਾਈ ਸਕੂਲ ਨਥਾਣਾ ਵਿਚ ਟੀਚਰ ਲਗੇ ਹੋਏ ਸਨ। ਮਾਨਯਵਰ ਭਾਈ ਸਾਹਿਬ

ਰਣਧੀਰ ਸਿੰਘ ਜੀ ਭੀ ਬਰਾਤ ਵਿਚ ਸ਼ਾਮਲ ਹੋਏ। ਬਰਾਤ ਦੇ ਸਾਰੇ ਸਜਣ ਸੰਗਤੀ ਰੂਪ ਵਿਚ ਕੀਰਤਨ ਕਰਦੇ ਹੋਏ ਪੂਹਲੇ ਪੁਜੇ। ਮੇਲ-ਮਿਲਾਪ ਪਿਛੋਂ ਸ਼ਾਮ ਨੂੰ ਸੋਦਰ ਦੇ ਪਾਠ ਹੋਏ। ਫਿਰ ਪ੍ਰਸ਼ਾਦ ਛਕ ਕੇ ਸਭ ਨੇ ਅਰਾਮ ਕੀਤਾ। ਅਗਲੇ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਨਿਤਨੇਮ ਕਰ ਕੇ ਆਸਾ ਦੀ ਵਾਰ ਦੇ ਕੀਰਤਨ ਲਈ ਦੀਵਾਨ-ਅਸਥਾਨ ਖੁਲ੍ਹੇ ਪੰਡਾਲ ਵਿਚ ਪੁਜ ਗਏ। ਸ੍ਰੀਮਾਨ ਭਾਈ ਸਾਹਿਬ ਜੀ ਨੇ ਵਾਜਾ ਫੜ ਕੇ ਆਪ ਕੀਰਤਨ ਅਰੰਭ ਕਰ ਦਿੱਤਾ।

ਗੁਰੂ-ਨੇਤ ਐਸੀ ਹੋਈ ਕਿ ਅਜੇ ਆਸਾ ਦੀ ਵਾਰ ਅੱਧੀ ਵੀ ਨਹੀਂ ਹੋਈ ਸੀ ਜੋ ਕੁਝ ਮਿੰਟਾਂ ਵਿਚ ਹੀ ਪੱਛਮ ਵਾਲੇ ਪਾਸਿਓਂ ਬੜੀ ਜ਼ਬਰਦਸਤ ਕਾਲੀ ਘਟਾ ਚੜ੍ਹ ਆਈ। ਸਾਰੇ ਘਬਰਾ ਉਠੇ। ਘਰ ਵਾਲਿਆਂ ਨੇ ਬਹੁਤ ਛੇਤੀ ਇਕ ਵੱਡੇ ਕਮਰੇ ਵਿਚ, ਜੋ ਕੀਰਤਨ-ਪੰਡਾਲ ਦੇ ਲਾਗੇ ਹੀ ਸੀ, ਦੀਵਾਨ ਬਦਲਣ ਦਾ ਪ੍ਰਬੰਧ ਕਰ ਲਿਆ। ਇਤਨੀ ਦੇਰ ਵਿਚ ਬਾਰਸ਼ ਦੀ ਬੁਛਾੜ ਹੋਣ ਦੀ ਆਵਾਜ਼ ਆਉਣ ਲਗ ਪਈ। ਇਹ ਸਾਫ਼ ਦਿਸ ਰਿਹਾ ਸੀ ਕਿ ਕੁਝ ਮਿੰਟਾਂ ਵਿਚ ਹੀ ਇਥੇ ਜਲ ਥਲ ਹੋ ਜਾਏਗਾ।

ਹੌਲੀ-ਹੌਲੀ ਸੰਗਤਾਂ ਵਿਚ ਘੁਸਰ-ਮੁਸਰ ਹੋਣ ਲਗ ਪਈ ਕਿ ਇਥੇ ਦੀਵਾਨ ਦੀ ਸਮਾਪਤੀ ਕਰ ਕੇ, ਕਮਰੇ ਵਿਚ ਸੱਚੇ ਪਾਤਸ਼ਾਹ ਜੀ ਦਾ ਪ੍ਰਕਾਸ਼ ਕਰ ਕੇ ਉਥੇ ਦੀਵਾਨ ਸਜਾਇਆ ਜਾਏ। ਪਰ ਸ੍ਰੀਮਾਨ ਬਾਊ ਜੀ ਤੇ ਮਾਨਯਵਰ ਭਾਈ ਸਾਹਿਬ ਜੀ ਨੂੰ ਬੇਨਤੀ ਕਰਨ ਦਾ ਕਿਸੇ ਨੂੰ ਹੀਆ ਨਾ ਪਵੇ। ਜਦੋਂ ਬਾਰਸ਼ ਦੀ ਸ਼ੂਕ ਸੁਣ ਕੇ ਸਾਰੀ ਸੰਗਤ ਉਠਣ ਨੂੰ ਹੁਕਮ ਦੀ ਉਡੀਕ ਕਰ ਰਹੀ ਸੀ ਤਾਂ ਮਾਨਯੋਗ ਭਾਈ ਸਾਹਿਬ ਜੀ ਨੇ ਬੁਲੰਦ ਅਵਾਜ਼ ਵਿਚ ਇਹ ਸ਼ਬਦ ਆਰੰਭ ਕਰ ਦਿੱਤਾ :

**ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥**
**ਸਤਿਗੁਰਿ ਤੁਮਰੇ ਕਾਜ ਸਵਾਰੇ ॥ ਰਹਾਉ ॥੧੦੮॥**

*(ਗਉੜੀ ਮ: ੫, ਪੰਨਾ ੨੦੧)*

ਸਾਰੇ ਹੈਰਾਨ ਵੀ ਹੋ ਗਏ ਤੇ ਸਮਝ ਵੀ ਗਏ ਕਿ ਮਾਨਯੋਗ ਭਾਈ ਸਾਹਿਬ ਇਹ ਦੀਵਾਨ ਬਦਲਣ ਦੇ ਹੱਕ ਵਿਚ ਨਹੀਂ ਹਨ। ਸੋ ਸਭ ਨੇ ਹੌਂਸਲਾ ਧਾਰਿਆ ਕਿ ਚਲੋ, ਭਿਜ ਹੀ ਜਾਵਾਂਗੇ, ਕੀਰਤਨ ਨਾਲ ਜੁੜ ਗਏ। ਸਾਰੀ ਸੰਗਤ ਫਿਰ ਹੈਰਾਨ ਹੋ ਗਈ, ਜਦੋਂ ਭਾਈ ਸਾਹਿਬ ਜੀ ਨੇ ਸ਼ਬਦ ਦਾ ਅਗਲਾ ਹਿੱਸਾ ਲੈਣ ਤੋਂ ਪਹਿਲਾਂ ਹੀ ਇਹ ਸ਼ਬਦ ਸ਼ੁਰੂ ਕਰ ਦਿੱਤਾ :

**ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥**
**ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥**
**ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥**
**ਨਾਨਕ ਨਦਰੀ ਬਾਹਰੀ ਸਭ ਕਰਣ ਪਲਾਹ ਕਰੇਇ ॥੨॥੬॥**

*(ਮ:੩, ਮਲਾਰ ਕੀ ਵਾਰ, ਪੰਨਾ ੧੨੮੦)*

ਫਿਰ ਤਾਂ ਉਚ-ਮੰਡਲੀ ਕੀਰਤਨ ਪੰਚਮ ਦੀਆਂ ਸੁਰਾਂ ਵਿਚ ਸ਼ੁਰੂ ਹੋ ਗਿਆ ਤੇ ਇਸੇ ਰੰਗ ਵਿਚ ਦੀਵਾਨ ਸਜਿਆ ਰਿਹਾ। ਉਥੇ ਹੀ ਅਨੰਦ ਕਾਰਜ ਹੋਇਆ।

ਭੋਗ ਪੈਣ 'ਤੇ ਸਤਿਗੁਰੂ ਜੀ ਦੀ ਬਖ਼ਸ਼ਿਸ਼ ਤੇ ਜ਼ਾਹਰੀ-ਕਲਾ ਆਪਣੀਆਂ ਅੱਖਾਂ ਨਾਲ ਸਭ ਨੇ ਦੇਖੀ। ਉਹ ਇਹ ਸੀ ਕਿ ਦੀਵਾਨ-ਅਸਥਾਨ ਤੋਂ ਚਾਰ ਸੌ ਗਜ਼ ਦੂਰ, ਚੁਪਾਸੜ ਪਿੰਡ ਦੇ ਇਰਦ ਗਿਰਦ ਬਾਰਸ਼ ਨਾਲ ਜਲ ਥਲ ਹੋ ਗਿਆ ਸੀ। ਇਸ ਹੱਦ ਤੋਂ

ਅੱਗੇ ਅੰਦਰਵਾਰ ਦੋ ਤਿੰਨ ਸੌ ਗਜ਼ ਦੇ ਫ਼ਾਸਲੇ ਤੇ ਥੋੜ੍ਹੀ ਥੋੜ੍ਹ ਬੂੰਦਾ-ਬਾਂਦੀ ਹੋਈ, ਪਰ ਦੀਵਾਨ-ਅਸਥਾਨ ਤੋਂ ਸੌ ਗਜ਼ ਅੰਦਰ ਇਕ ਵੀ ਕਣੀ ਨਹੀਂ ਸੀ ਪਈ।

ਭੋਗ ਤੋਂ ਉਪਰੰਤ ਜਦੋਂ ਬਰਾਤ ਵਾਲੇ ਇਹ ਮੁਅਜਜ਼ਾ, ਜੋ ਸਭ ਨੂੰ ਹੈਰਾਨ ਕਰ ਰਿਹਾ ਸੀ, ਦੇਖਣ ਗਏ ਤਾਂ ਇਕ ਬਰਾਤੀ ਸਜਣ ਲੈਫ਼ਟੀਨੈਂਟ ਜਵੰਦ ਸਿੰਘ ਜੀ ਕਹਿਣ ਲਗੇ ਕਿ ਅਜ ਇਨ੍ਹਾਂ ਅੱਖਾਂ ਨਾਲ ਪ੍ਰਤੱਖ ਦੇਖ ਰਹੇ ਹਾਂ ਕਿ :

**ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੧੦॥**

*(ਰਾਮਕਲੀ ਕੀ ਵਾਰ ਮ: ੫, ਪੰਨਾ ੯੬੨)*

ਗੁਰੂ ਪਿਆਰੇ, ਦਾਤਾ ਜੀ ਪਾਸੋਂ ਸਭ ਕੁਝ ਕਰਵਾ ਸਕਦੇ ਹਨ।

ਇਸ ਅਨੰਦ ਕਾਰਜ ਸਮੇਂ ਮਾਨਯਵਰ ਭਾਈ ਸਾਹਿਬ ਜੀ ਦੇ ਦਰਸ਼ਨ-ਮੇਲੇ ਕਰਨ ਲਈ ਆਈ. ਜੀ. ਪੁਲਸ ਸ. ਦਲੀਪ ਸਿੰਘ ਛੀਨਾ ਤੇ ਸ. ਧੰਨਾ ਸਿੰਘ ਮੈਜਿਸਟਰੇਟ ਪਟਿਆਲਾ ਆਏ ਹੋਏ ਸਨ। ਇਸ ਤਰ੍ਹਾਂ ਇਹ ਅਨੰਦ ਕਾਰਜ ਬੜੇ ਚਾਉ ਮਲਾਰ ਦੇ ਰੰਗਾਂ ਵਿਚ ਸਮਾਪਤ ਹੋਇਆ।

## ਧਰਮਸਾਲਾ ਦੇ ਸਤਿਸੰਗ

ਗੁਜਰਵਾਲ ਦੇ ਡਾਕਟਰ ਗੁਰਸ਼ਰਨ ਸਿੰਘ ਜੀ 1944 ਵਿਚ ਆਪਣੀ ਸਰਕਾਰੀ ਨੌਕਰੀ ਤੇ ਧਰਮਸ਼ਾਲਾ ਵੱਡੇ ਹਸਪਤਾਲ ਜਾ ਲਗੇ। ਆਪ ਜੀ ਦਾ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਅਤਿ ਦਾ ਸਨੇਹ ਸੀ। ਗਰਮੀਆਂ ਦੇ ਦਿਨੀਂ ਭਾਈ ਸਾਹਿਬ ਕਿਸੇ ਪਹਾੜ 'ਤੇ ਜਾਇਆ ਕਰਦੇ ਸਨ। ਇਸ ਵਾਰ ਡਾਕਟਰ ਜੀ ਨੇ ਮਾਨਯਵਰ ਭਾਈ ਸਾਹਿਬ ਜੀ ਨੂੰ ਧਰਮਸ਼ਾਲਾ ਵਿਖੇ ਗਰਮੀਆਂ ਦੀ ਰੁੱਤ ਕੱਟਣ ਲਈ ਸੱਦਾ ਭੇਜਿਆ। ਭਾਈ ਸਾਹਿਬ ਜੀ ਸ੍ਰੀਮਾਨ ਬਾਊ ਮੱਲ ਸਿੰਘ ਜੀ, ਬੀਬੀ ਦਲੇਰ ਕੌਰ ਤੇ ਭਾਈ ਤੇਜਾ ਸਿੰਘ ਜੀ ਨੂੰ ਨਾਲ ਲੈ ਕੇ ਡਾਕਟਰ ਸਾਹਿਬ ਪਾਸ ਪੁਜ ਗਏ। ਭਾਈ ਸਾਹਿਬ ਨੇ ਉਥੇ ਪੁਜ ਕੇ ਸੂਬੇਦਾਰ ਹਰਿਬਚਨ ਸਿੰਘ ਜੀ ਅਤੇ ਦਾਸ (ਠਾਕਰ ਸਿੰਘ) ਨੂੰ ਵੀ ਪੱਤਰ ਲਿਖ ਕੇ ਸਦ ਭੇਜਿਆ। ਧਰਮਸ਼ਾਲਾ ਜਾਣ ਲਈ ਅਸੀਂ ਦੋਵੇਂ ਸ੍ਰੀ ਅੰਮ੍ਰਿਤਸਰ ਤੋਂ ਗੱਡੀ ਰਾਹੀਂ ਪਠਾਨਕੋਟ ਪੁਜੇ ਅਤੇ ਫਿਰ ਬਸ 'ਤੇ ਚੜ੍ਹ ਕੇ ਧਰਮਸ਼ਾਲਾ ਪੁਜ ਗਏ। ਜਾਂਦਿਆਂ ਕੀ ਦੇਖਿਆ ਕਿ ਭਾਈ ਸਾਹਿਬ ਜੀ ਜਥੇ ਸਮੇਤ ਸ਼ਾਮ ਦੇ ਦੀਵਾਨ ਲਈ ਗੁਰਦੁਆਰੇ ਜਾਣ ਦੀਆਂ ਤਿਆਰੀਆਂ ਕਰ ਰਹੇ ਹਨ। ਸਾਨੂੰ ਜਲ-ਪਾਣੀ ਛਕਾਇਆ ਗਿਆ ਤੇ ਅਸੀਂ ਸਾਰੇ ਇਕੱਠੇ ਹੀ ਗੁਰਦੁਆਰਾ ਸਾਹਿਬ ਪੁਜ ਗਏ। ਭਾਈ ਸਾਹਿਬ ਜੀ ਵਲੋਂ ਦਾਸ ਨੂੰ ਕੀਰਤਨ ਕਰਨ ਦਾ ਇਸ਼ਾਰਾ ਹੋਇਆ। ਦਾਸ ਨੇ ਪਹਿਲਾ ਸ਼ਬਦ ਇਹ ਅਰੰਭਿਆ:

**ਮਾਧੋ ਸਾਧੂ ਜਨ ਦੇਹੁ ਮਿਲਾਇ ॥**
**ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥**

*(ਬਸੰਤ ਹਿੰਡੋਲ ਮ: ੪, ਪੰਨਾ ੧੧੭੮)*

ਭਾਈ ਸਾਹਿਬ ਪਹਿਲੀ ਤੁਕ ਸੁਣਦੇ ਸਾਰ ਹੀ ਵਜਦ ਵਿਚ ਆ ਗਏ ਅਤੇ 'ਵਾਹ ਵਾਹ' 'ਵਾਹ ਵਾਹ' ਕਰਦਿਆਂ ਕੀਰਤਨ ਨੂੰ ਪੰਚਮ ਵਿਚ ਚੁਕ ਲਿਆ। ਬਸ ਫਿਰ ਕੀ ਸੀ, ਰੰਗਾਂ ਵਿਚ ਚਲ ਸੋ ਚਲ। ਇਸ ਇਕੇ ਸ਼ਬਦ ਦਾ ਕੀਰਤਨ ਤਕਰੀਬਨ ਅੱਧਾ ਘੰਟਾ ਹੁੰਦਾ

ਰਿਹਾ। ਬਾਹਰ ਬਾਰਸ਼ ਹੋ ਰਹੀ ਸੀ ਅਤੇ ਗੁਰਦੁਆਰਾ ਸਾਹਿਬ ਅੰਦਰ ਸੰਗਤ ਕੀਰਤਨ ਵਿਚ ਮਗਨ, ਗਰਮੀ ਨਾਲ ਮੁੜ੍ਹਕੋ ਮੁੜ੍ਹਕੀ ਹੋਈ ਪਈ ਸੀ। ਖ਼ੂਬ ਰੰਗ ਬੱਝਾ। ਸ਼ਬਦ-ਕੀਰਤਨ ਉਪਰੰਤ ਸੋਦਰ ਦੇ ਪਾਠ ਹੋਏ। ਇਹ ਕੀਰਤਨ ਰੰਗ-ਅਖਾੜੇ ਕਈ ਦਿਨ ਉਥੇ ਬਝਦੇ ਰਹੇ। ਅੰਤ ਡਾਕਟਰ ਸਾਹਿਬ ਤੋਂ ਵਿਦਾਇਗੀ ਲੈ ਕੇ ਜਥਾ ਵਾਪਸ ਆ ਗਿਆ।

## 1947 ਤੋਂ 1961 ਤਕ ਦਾ ਸਮਾਂ

ਇਸ ਸਮੇਂ ਵਿਚ ਮਾਨਯੋਗ ਬਾਊ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ-ਸਾਥ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਕੀਰਤਨ ਸਮਾਗਮਾਂ ਵਿਚ ਵਿਚਰਦੇ ਰਹੇ। ਬੇਅੰਤ ਕੀਰਤਨ ਸਮਾਗਮ ਅਤੇ ਅੰਮ੍ਰਿਤ-ਸੰਚਾਰ ਹੋਏ। ਹਜ਼ਾਰਾਂ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗੇ।

## ਜਲੰਧਰ ਦੇ ਸਮਾਗਮ

1948 ਵਿਸਾਖੀ ਦਾ ਸਮਾਗਮ ਗੁਰਦੁਆਰਾ ਜਲੰਧਰ ਛਾਉਣੀ ਵਿਚ ਹੋਇਆ। ਕੀਰਤਨ ਰੈਣ ਸਬਾਈ ਵਿਚ ਇਕ ਰੇਡੀਉ-ਸਿੰਗਰ ਬੀਬੀ ਆਤਮ-ਤਰੰਗੀ ਕੀਰਤਨ ਸੁਣ ਕੇ ਅਜਿਹੀ ਪ੍ਰਭਾਵਤ ਹੋਈ ਕਿ ਉਸ ਦੇ ਅੰਦਰ ਭੀ ਸ਼ਬਦ ਪੜ੍ਹਨ ਦੀ ਹੁੱਬ ਜਾਗ ਉਠੀ। ਭਾਈ ਸਾਹਿਬ ਜੀ ਨੇ ਉਸ ਦੀ ਸਾਦਗੀ ਤੇ ਤੀਬਰ ਖਿਚ ਭਾਂਪ ਕੇ ਕੀਰਤਨ ਕਰਨ ਦੀ ਆਗਿਆ ਦੇ ਦਿੱਤੀ। ਜਦ ਉਸ ਬੀਬੀ ਨੇ ਪੰਚਮ ਦੀ ਸੁਰ ਵਿਚ "ਮੋਹਿ ਲਾਗਤੀ ਤਾਲਾਬੇਲੀ" (ਗੋਂਡ ਨਾਮਦੇਉ ਜੀਉ, ਪੰਨਾ ੮੭੪) ਸ਼ਬਦ ਅਰੰਭ ਕੀਤਾ ਤਾਂ ਇਕ ਵਾਰ ਤਾਂ ਸਾਰਾ ਕੀਰਤਨ-ਮੰਡਲ ਹੀ ਝੂਮ ਉਠਿਆ। ਇਹ ਸ਼ਬਦ ਐਸੀ ਮਿੱਠੀ ਧਾਰਨਾ ਵਿਚ ਗਾਵਿਆ ਗਿਆ ਅਤੇ ਸੰਗਤ 'ਤੇ ਐਸਾ ਪ੍ਰਭਾਵ ਪਿਆ ਕਿ ਅਜ ਤੱਕ ਜਥੇ ਦੇ ਕਈ ਸਮਾਗਮਾਂ ਵਿਚ ਉਸੇ ਧਾਰਨਾ ਵਿਚ ਇਹ ਸ਼ਬਦ ਗੂੰਜਦਾ ਸੁਣਾਈ ਦਿੰਦਾ ਹੈ।

1949 ਦਾ ਵਿਸਾਖੀ ਦਾ ਸਮਾਗਮ ਵੀ ਜਲੰਧਰ ਛਾਉਣੀ ਦੇ ਗੁਰਦੁਆਰਾ ਸਾਹਿਬ ਵਿਖੇ ਹੀ ਹੋਇਆ। ਇਸ ਸਮਾਗਮ ਵਿਚਲੀ ਵਰਨਣ ਯੋਗ ਘਟਨਾ ਬਲੀ ਅਵਤਾਰ ਸਿੰਘ ਦੀ ਪੰਚਮ ਵਿਚ ਪੇਸ਼ੀ ਸੰਬੰਧੀ ਹੈ। ਇਹ ਸੱਜਣ ਭਾਈ ਸਾਹਿਬ ਜੀ ਦਾ ਨਿਕਟ-ਵਰਤੀ ਮੁਖੀ ਸੇਵਾਦਾਰ ਸੀ। ਇਹ ਬੜਾ ਕਟੜ, ਸਰਬਲੋਹੀ ਅਤੇ ਆਪਣੇ ਆਪ ਨੂੰ ਕੁਝ ਸਮਝੀ ਬੈਠਾ, ਖ਼ੁਸ਼ਪੋਸ਼ ਨੌਜਵਾਨ ਸੀ। ਚੰਗਾ ਨਾਮ-ਅਭਿਆਸੀ ਭੀ ਸੀ, ਜਿਸ ਕਰਕੇ ਪੰਚਾਂ ਦੀ ਸੇਵਾ ਵਿਚ ਵੀ ਲੈ ਲਿਆ ਜਾਂਦਾ ਸੀ। ਉਸ ਸਮੇਂ ਜਥੇ ਵਿਚ ਇਸ ਦਾ ਬੜਾ ਨਾਮਣਾ ਸੀ।

ਹਉਮੈ ਇਕ ਬੜਾ ਦੀਰਘ ਰੋਗ ਹੈ। ਸਤਿਗੁਰਾਂ ਨੇ ਸਿੱਖ ਨੂੰ ਇਸ ਤੋਂ ਬਚਣ ਲਈ ਪੈਰ ਪੈਰ 'ਤੇ ਖ਼ਬਰਦਾਰ ਕੀਤਾ ਹੈ। ਨਿਮਰਤਾ ਤੇ ਗਰੀਬੀ ਭਾਵ ਵਿਚ ਨਾਮ-ਅਭਿਆਸ ਦੀ ਅਤੁਟ ਕਮਾਈ ਨਾਲ ਹੀ ਇਹ ਬੀਮਾਰੀ ਥਾਂ ਸਿਰ ਰਹਿੰਦੀ ਹੈ, ਨਹੀਂ ਤਾਂ ਵੱਡਿਆਂ ਵੱਡਿਆਂ ਕਹਿੰਦਿਆਂ-ਕਹਾਂਦਿਆਂ ਨੂੰ ਇਹ ਟੀਸੀ ਤੋਂ ਹੇਠਾਂ ਸੁਟ ਲੈਂਦੀ ਹੈ ਅਤੇ ਐਸਾ ਖਜਲ ਖੁਆਰ ਕਰਦੀ ਹੈ ਕਿ ਕਿਤੇ ਮੂੰਹ ਦੇਣ ਜੋਗਾ ਭੀ ਨਹੀਂ ਰਹਿਣ ਦਿੰਦੀ।

ਇਹ ਬਲੀ ਅਵਤਾਰ ਸਿੰਘ ਅਜੇ ਅਣਵਿਆਹਿਆ ਹੀ ਸੀ। ਭਾਈ ਸਾਹਿਬ ਜੀ ਅਮੂਮਨ ਇਸ ਨੂੰ ਬੀਬੀਆਂ ਦੀ ਸੰਗਤ ਵਿਚ ਵਿਚਰਨ ਤੋਂ ਹੋੜਦੇ ਤੇ ਤਾੜਨਾ ਕਰਦੇ

ਰਹਿੰਦੇ ਸਨ। ਭਾਣਾ ਐਸਾ ਵਰਤਿਆ ਕਿ ਨਾਰੰਗਵਾਲ ਵਿਖੇ ਹੀ ਇਹ ਇਕ ਮੰਦੀ ਕਰਤੂਤ ਕਰਕੇ ਪਤਿਤ ਹੋ ਗਿਆ। ਮੁਕਦੀ ਗੱਲ ਕਿ ਇਹ ਆਪਣਾ ਮੂੰਹ ਕਾਲਾ ਕਰਕੇ, ਗਲ ਛਿਤਰਾਂ ਦਾ ਹਾਰ ਪਾ ਕੇ ਉਪਰੋਕਤ ਸਮਾਗਮ ਸਮੇਂ ਜਲੰਧਰ ਛਾਉਣੀ ਵਿਖੇ ਆਪਣੀ ਭੁਲ ਬਖਸ਼ਾਉਣ ਲਈ ਪੰਚਾਂ ਦੇ ਪੇਸ਼ ਹੋਇਆ। ਪੰਚਾਂ ਦੇ ਜਥੇਦਾਰ ਸ੍ਰੀਮਾਨ ਬਾਊ ਜੀ ਨੇ ਕਿਹਾ ਕਿ ਤੇਰਾ ਕੇਸ ਇਸ ਥਾਂ 'ਤੇ ਨਹੀਂ ਸੁਣਿਆ ਜਾ ਸਕਦਾ। ਬਹੁਤਾ ਜ਼ੋਰ ਦੇਣ 'ਤੇ ਕੀਰਤਨ ਕਰਦਿਆਂ ਭਾਈ ਸਾਹਿਬ ਜੀ ਪਾਸੋਂ ਪੰਚਾਂ ਨੇ ਸਲਾਹ ਪੁੱਛ ਭੇਜੀ। ਪਹਿਲੀ ਵੇਰ ਤਾਂ ਉਨ੍ਹਾਂ ਨੇ ਆਪਣੇ ਰੰਗਾਂ ਵਿਚ ਮਸਤ ਹੋਣ ਕਰਕੇ ਗੱਲ ਗੌਲੀ ਹੀ ਨਾ, ਪਰ ਫਿਰ ਦੁਬਾਰਾ ਨਿਖੇੜੇ ਨਾਲ ਦਸਣ 'ਤੇ ਕਿ ਬਲੀ ਪੰਚਾਂ ਦੇ ਪੇਸ਼ ਹੈ, ਉਸ ਬਾਰੇ ਤੁਹਾਡਾ ਕੀ ਵੀਚਾਰ ਹੈ? ਤਾਂ ਉਤਰ ਦਿੱਤਾ ਕਿ ਜੋ ਪੰਚਾਂ ਨੇ ਹੁਕਮ ਕੀਤਾ ਹੈ ਕਿ ਨਾਰੰਗਵਾਲ ਸਮਾਗਮ 'ਤੇ ਪੇਸ਼ ਹੋਵੇ, ਉਹੋ ਹੀ ਠੀਕ ਹੈ।

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥**

*(ਆਸਾ ਦੀ ਵਾਰ, ਪੰਨਾ ੪੭੪)*

ਬਲੀ ਪੰਚਾਂ ਦੀ ਪੁਛ-ਪੜਤਾਲ ਸਮੇਂ ਭੀ ਪੰਚਾਂ ਨਾਲ ਤਕਰਾਰ ਹੀ ਕਰਦਾ ਰਿਹਾ। ਨਿਮਰੀਭੂਤ ਹੋ ਕੇ ਪਸਚਾਤਾਪ ਵਿਚ ਆ ਜਾਂਦਾ ਤਾਂ ਬਖ਼ਸ਼ੇ ਜਾਣ ਦਾ ਸਰੰਜਾਮ ਬਣ ਸਕਦਾ ਸੀ। ਅੰਦਰੋਂ ਧੱਕੇ ਮਾਰ ਕੇ ਕੱਢ ਦਿੱਤਾ ਗਿਆ। ਜੋ ਸਦਾ ਲਈ ਧੱਕਿਆ ਗਿਆ, ਤੇ ਅੱਜ ਤੱਕ ਕਿਸੇ ਨੂੰ ਮੂੰਹ ਨਹੀਂ ਦਿਖਾ ਸਕਿਆ।

1952 ਵਿਖੇ ਜਨਵਰੀ 26-27 ਦੀ ਰਾਤ ਨੂੰ ਗੁਰਦੁਆਰਾ ਸਿੰਘ ਸਭਾ (ਅੱਡਾ ਹੁਸ਼ਿਆਰਪੁਰ) ਜਲੰਧਰ ਵਿਖੇ ਰੈਣ-ਸਬਾਈ ਕੀਰਤਨ ਹੋ ਰਹੇ ਸਨ। ਗੁਰਦੁਆਰਾ ਸਾਹਿਬ, ਅੰਦਰੋਂ ਬਾਹਰੋਂ ਸਭ ਪਾਸਿਓਂ ਸੰਗਤਾਂ ਨਾਲ ਖਚਾਖਚ ਭਰਿਆ ਪਿਆ ਸੀ। ਅੱਧੀ ਰਾਤ ਬੀਤ ਚੁੱਕੀ ਸੀ। ਸਭ ਸੰਗਤਾਂ ਕੀਰਤਨ-ਰਸ ਵਿਚ ਮਗਨ ਸਨ। ਬੀਬੀਆਂ ਦਾ ਜਥਾ ਕੀਰਤਨ ਕਰ ਰਿਹਾ ਸੀ। ਭਾਈ ਸਾਹਿਬ ਜੀ ਬੈਰਾਗਣ ਦੀ ਟੇਕ ਲਈ ਕੀਰਤਨ-ਰੰਗ-ਮਸਤੀਆਂ ਵਿਚ ਝੂਮ ਰਹੇ ਸਨ ਤੇ ਕਦੇ ਕਦੇ ਸ਼ਬਦ-ਤਰੰਗੀ-ਮੌਜ ਵਿਚ ਆਪਣੇ ਹੱਥ ਵਾਲੇ ਮੋਟੇ ਮੋਟੇ ਕੜਿਆਂ ਦੀ ਛਣਕਾਰ ਕਰ ਕੇ ਅਜਬ ਰੰਗ ਬੰਨ੍ਹੀ ਜਾਂਦੇ ਸਨ। ਨਾਭੀ ਤੋਂ ਉਗਮ ਕੇ, ਨਾਮ-ਰਸ ਦੀ ਕਸਤੂਰੀ ਦੀ ਸੁਗੰਧੀ, ਮੁਸ਼ਕਣ ਬੂਟੀ ਦੀ ਤਰ੍ਹਾਂ ਚਾਰ-ਚੁਫੇਰੇ ਖਿਲਰ ਰਹੀ ਸੀ। ਮਾਨੋ ਸਚਖੰਡੀ ਨਜ਼ਾਰਾ ਬੱਝਾ ਹੋਇਆ ਸੀ। ਭਾਈ ਸਾਹਿਬ ਜੀ ਦੇ ਪਾਸ ਹੀ ਸ੍ਰੀਮਾਨ ਬਾਊ ਜੀ ਸਜੇ ਹੋਏ ਸਨ ਤੇ ਚਲੂਲੇ ਰੰਗ ਦੀਆਂ ਮੌਜਾਂ ਮਾਣ ਰਹੇ ਸਨ। ਕੋਈ ਦੋ ਢਾਈ ਵਜੇ ਹੋਣੇ ਹਨ ਕਿ ਯਕਾ ਯਕ ਭਾਈ ਸਾਹਿਬ ਜੀ ਨੇ ਬਾਊ ਜੀ ਵਲ ਹੱਥ ਖਿਲਾਰ ਕੇ ਅਜਬ ਰੰਗ ਵਿਚ ਕਿਹਾ, "ਦੇਖੋ ਜੀ, ਸ੍ਰੀ ਕਰਤਾਰ ਕੌਰ ਜੀ ਵੀ ਚੜ੍ਹਾਈ ਕਰ ਗਏ।" ਅਤੇ ਫਿਰ ਕੀਰਤਨ-ਰੰਗਾਂ ਵਿਚ ਮਸਤ ਹੋ ਗਏ। ਕੀਰਤਨ ਆਪਣੇ ਚਾਲੇ ਚਲਦਾ ਰਿਹਾ। ਸੰਗਤਾਂ ਵਿਚ ਕਿਸੇ ਨੂੰ ਸਾਨ-ਗੁਮਾਨ ਭੀ ਨਹੀਂ ਸੀ, ਤਾਹੀਓਂ ਖ਼ਬਰ ਜਾਂ ਚਾਰ ਕੁ ਵਜੇ ਲੁਧਿਆਣੇ ਤੋਂ ਇਕ ਸਿੰਘ ਜੀ ਪੰਡਾਲ ਵਿਚ ਆ ਹਾਜ਼ਰ ਹੋਏ। ਤੇ ਕੰਨੋ ਕੰਨੀ ਇਹ ਖ਼ਬਰ ਸਾਰੇ ਸਿੰਘਾਂ ਵਿਚ ਪੁੱਜ ਗਈ ਕਿ ਸ੍ਰੀ ਬੇਬੇ ਕਰਤਾਰ ਕੌਰ ਜੀ ਚੜ੍ਹਾਈ ਕਰ ਗਏ ਹਨ। ਪੁਹ ਫੁਟਦੇ ਤਕ ਰੈਣ-ਸਬਾਈ ਕੀਰਤਨ ਦੇ ਭੋਗ ਪਾ ਦਿੱਤੇ ਗਏ। ਸਾਰੀ ਸੰਗਤ ਨੇ ਲੁਧਿਆਣੇ ਸ੍ਰੀ ਬੇਬੇ ਜੀ ਦੇ ਸਸਕਾਰ 'ਤੇ ਪੁੱਜਣ ਲਈ ਕਮਰਕਸੇ ਕਰ ਲਏ।

ਸੰਗਤਾਂ ਦੇ ਭਾਰੀ ਇਕੱਠ ਵਿਚ ਬੇਬੇ ਕਰਤਾਰ ਕੌਰ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ। ਅਤੇ ਅੰਗੀਠੇ ਦੇ ਸਾਰੀ ਰਾਖ ਸਮਗ੍ਰੀ ਇਕੱਠੀ ਕਰ ਕੇ ਨਹਿਰ ਵਿਚ ਜਲ-ਪ੍ਰਵਾਹ ਕਰ ਦਿੱਤੀ ਗਈ।

## ਸ੍ਰੀ ਅੰਮ੍ਰਿਤਸਰ ਦੇ ਸਮਾਗਮ

1950 ਤੋਂ 1955 ਤੱਕ ਹੋਲਾ ਮਹੱਲਾ ਦੇ ਸਮਾਗਮ ਮਾਨਯੋਗ ਭਾਈ ਸਾਹਿਬ ਜੀ ਦੀ ਮੌਜੂਦਗੀ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਹੁੰਦੇ ਰਹੇ। ਇਨ੍ਹਾਂ ਸਮਾਗਮਾਂ ਸਮੇਂ ਦੀ ਵਰਨਣ ਯੋਗ ਖ਼ਾਸ ਗੱਲ ਇਹ ਹੈ ਕਿ ਸ੍ਰੀਮਾਨ ਭਾਈ ਸਾਹਿਬ ਅਤੇ ਸ੍ਰੀਮਾਨ ਬਾਊ ਜੀ ਅੰਮ੍ਰਿਤ ਵੇਲੇ ਸਰੋਵਰਾਂ ਦੇ ਇਸ਼ਨਾਨ ਕਰਦੇ ਅਤੇ ਆਮ ਤੌਰ 'ਤੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰੰਭ ਤ੍ਰਿਪਹਿਲੇ ਦਾ ਕੀਰਤਨ ਸੁਣਦੇ। ਇਕ ਸਮੇਂ ਇਸ਼ਨਾਨ ਕਰ ਕੇ ਸਰੋਵਰ ਦੀ ਪਰਕਰਮਾ ਕਰਦੇ ਲਾਚੀ ਬੇਰੀ ਲਾਗੇ ਪਹੁੰਚੇ ਤਾਂ ਭਾਈ ਸਾਹਿਬ ਦਾ ਜਾਹੋ-ਜਲਾਲ ਵੇਖ ਕੇ ਕੁਝ ਮਾਈਆਂ ਨੇ ਜਾਤਾ ਕਿ ਕੋਈ ਵੱਡਾ ਸੰਤ ਹੈ, ਅਤੇ ਦੂਰੋਂ ਮੱਥਾ ਟੇਕਣ ਨੂੰ ਲਪਕੀਆਂ। ਤਾਂ ਭਾਈ ਸਾਹਿਬ ਜੀ ਨਾਲ ਦੇ ਸੇਵਾਦਾਰ ਨੂੰ ਪੁਕਾਰ ਕੇ ਕਹਿਣ ਲਗੇ, "ਫੜਾਈਂ ਮੇਰਾ ਕੁਮੈਤ (ਖੂੰਡਾ), ਇਨ੍ਹਾਂ ਨੂੰ ਗੁਰੂ ਰਾਮਦਾਸ ਜੀ ਦੇ ਚਰਨ ਨਹੀਂ ਦਿਸਦੇ ਤੇ ਮੇਰੇ ਖੁਰੜਿਆਂ ਨੂੰ ਭਜਦੀਆਂ ਹਨ।" ਮਾਈਆਂ ਤ੍ਰਬਕ ਕੇ ਇਹ ਕਹਿੰਦੀਆਂ ਪਿਛੇ ਦੀਆਂ ਪਿਛੇ ਹੀ ਭਜ ਗਈਆਂ ਕਿ ਇਹ ਸੰਤ ਤਾਂ ਖੂੰਡੇ ਮਾਰਦਾ ਹੈ।

ਇਕ ਹੋਰ ਸਮੇਂ ਦੀ ਗੱਲ ਹੈ ਕਿ ਭਾਈ ਸਾਹਿਬ ਅੰਮ੍ਰਿਤ-ਸਰੋਵਰ ਦੀ ਪਰਕਰਮਾ ਕਰਦੇ ਹੋਏ ਜਦ ਬ੍ਰਹਮਬੂਟੇ ਅਖਾੜੇ ਲਾਗੇ ਪੁਜੇ ਤਾਂ ਅੰਮ੍ਰਿਤਸਰ ਦੇ ਇਕ ਪ੍ਰਸਿੱਧ ਸੰਤ ਜੀ, ਜੋ ਪਰਕਰਮਾ ਧੋਣ ਦੀ ਸੇਵਾ ਕਰ ਰਹੇ ਸਨ, ਸੇਵਾ ਛੱਡ ਕੇ ਭਾਈ ਸਾਹਿਬ ਦੀ ਚਰਨੀਂ ਹੱਥ ਲਾਉਣ ਲਈ ਵਧੇ ਤਾਂ ਭਾਈ ਸਾਹਿਬ ਛੜੱਪ ਕਰ ਕੇ ਪਿਛੇ ਹਟ ਗਏ ਅਤੇ ਫਿਰ ਝਟ ਹੀ ਅਗਾਂਹ ਵੱਧ ਕੇ ਸੰਤ ਦਾ ਲੰਬਾ ਚੌਲਾ ਉੱਚਾ ਚੁੱਕ ਦਿੱਤਾ ਤਾਂ ਕੀ ਦੇਖਿਆ ਕਿ ਉਸ ਨੇ ਤੇੜ ਕਛਹਿਰੇ ਦੀ ਥਾਂ ਲੰਗੋਟ ਲਗਾਇਆ ਹੋਇਆ ਹੈ। ਭਾਈ ਸਾਹਿਬ ਮੁਸਕਰਾਂਦੇ ਹੋਏ ਸਿੰਘਾਂ ਸਮੇਤ ਅਗਾਂਹ ਤੁਰ ਗਏ ਅਤੇ ਉਹ ਸੰਤ ਸ਼ਰਮ ਨਾਲ ਪਾਣੀਓਂ ਪਾਣੀ ਹੋ ਗਿਆ। ਹੌਲੇ ਮਹੱਲੇ ਦਾ ਸਮਾਗਮ ਪਹਿਲਾਂ ਅਨੰਦਪੁਰ ਸਾਹਿਬ ਹੁੰਦੇ ਰਹੇ। ਵਿਚੋਂ 1948 ਅਤੇ 1949 ਦੇ ਸਮਾਗਮ ਸ੍ਰੀ ਪਾਉਂਟਾ ਸਾਹਿਬ ਹੋਏ। ਫਿਰ 1955 ਦਾ ਸਮਾਗਮ ਹੋਲੇ ਮਹੱਲੇ ਦਾ ਸ੍ਰੀ ਅੰਮ੍ਰਿਤਸਰ ਕਰਕੇ 1955 ਦੀ ਵਿਸਾਖੀ ਸ੍ਰੀ ਹਜ਼ੂਰ ਸਾਹਿਬ ਵਿਖੇ ਮਨਾਈ ਗਈ।

## ਹਜ਼ੂਰ ਸਾਹਿਬ ਦੀ ਯਾਤਰਾ

1955 ਦਾ ਹੋਲਾ ਮਹੱਲਾ ਸ੍ਰੀ ਅੰਮ੍ਰਿਤਸਰ ਮਨਾ ਕੇ ਫਿਰ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਦੇ ਤਿਆਰੇ ਹੋ ਗਏ। ਇਸ ਯਾਤਰਾ ਲਈ ਸ. ਬ. ਕਰਨੈਲ ਸਿੰਘ ਮੈਨੇਜਰ ਨਾਦਰਨ ਰੇਲਵੇ ਨੇ ਉਚੇਚੀ ਬੋਗੀ ਦਾ ਪ੍ਰਬੰਧ ਕਰ ਦਿੱਤਾ ਸੀ। ਇਸ ਪ੍ਰਬੰਧ ਲਈ ਭਾਈ ਜੋਧ ਸਿੰਘ ਦਿੱਲੀ, ਭਾਈ ਹਰਸਰੂਪ ਸਿੰਘ ਅੰਬਾਲਾ ਛਾਉਣੀ ਦਾ ਯੋਗਦਾਨ ਵੀ ਵਰਣਨਯੋਗ ਹੈ। ਉਹ ਬੋਗੀ, ਇਕ ਵੱਡੇ ਹਾਲ ਕਮਰੇ ਵਾਂਗ ਸੀ, ਜਿਸ ਵਿਚ ਫ਼ਰਸ਼ੀ ਦਰੀਆਂ ਉਪਰ ਸਿੰਘਾਂ

ਦੇ ਆਸਣ ਲਗੇ ਹੋਏ ਸਨ। ਉਸੇ ਵਿਚ ਇਕ ਪਾਸੇ ਛੋਟੇ ਜਿਹੇ ਲੰਗਰ ਦਾ ਪ੍ਰਬੰਧ ਸੀ ਅਤੇ ਇਕ ਪਾਸੇ ਸ੍ਰੀਮਾਨ ਭਾਈ ਸਾਹਿਬ ਤੇ ਮਾਨਯੋਗ ਬਾਊ ਜੀ ਦੇ ਆਸਣ ਸਨ।

ਮਾਰਚ ਦੇ ਅਖ਼ੀਰਲੇ ਦਿਨਾਂ ਵਿਚ ਲੁਧਿਆਣੇ ਤੋਂ ਚਲੇ। ਰਸਤੇ ਵਿਚ ਕਈ ਥਾਈਂ ਸਵੇਰੇ ਸ਼ਾਮ ਸੰਗਤਾਂ ਵਲੋਂ ਲੰਗਰ ਦਾ ਪ੍ਰਬੰਧ ਅਗਾਊਂ ਕੀਤਾ ਹੁੰਦਾ ਸੀ। ਬੋਗੀ ਵਿਚ ਰੋਜ਼ਾਨਾ ਅੰਮ੍ਰਿਤ ਵੇਲੇ ਤੋਂ ਹੀ ਨਿਤਨੇਮ ਪਾਠ ਤੋਂ ਉਪਰੰਤ ਹੋਰ ਬੇਅੰਤ ਬਾਣੀਆਂ ਦੇ ਪਾਠ ਅਤੇ ਕੀਰਤਨ-ਪਰਵਾਹ ਚਲਦੇ ਰਹਿੰਦੇ ਸਨ। ਪਹਿਲਾਂ ਤਾਂ ਦਿੱਲੀ ਦੇ ਸਟੇਸ਼ਨ 'ਤੇ ਸੰਗਤਾਂ ਵਲੋਂ ਜਥੇ ਦੀ ਬੜੀ ਖ਼ਾਤਰ-ਤਵਾਜ਼ੁਅ ਕੀਤੀ ਗਈ। ਇਸੇ ਤਰ੍ਹਾਂ ਅਨੰਦ ਮੰਗਲਾਚਾਰਾਂ ਵਿਚ ਬੰਬਈ ਸਟੇਸ਼ਨ 'ਤੇ ਜਾ ਉਤਰੇ। ਉਥੋਂ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਪਲੇਟਫ਼ਾਰਮ 'ਤੇ ਸੁਆਗਤ ਲਈ ਪੁਜੀਆਂ ਹੋਈਆਂ ਸਨ ਅਤੇ ਬੜੇ ਉਤਸ਼ਾਹ ਨਾਲ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਅਤੇ ਕੀਰਤਨ-ਘੁੰਮਰਾਂ ਵਿਚ ਜਥੇ ਦੀ ਆਉ-ਭਗਤ ਕੀਤੀ ਗਈ। ਕਾਰਾਂ ਮੋਟਰਾਂ ਦੇ ਜਲੂਸ ਦੀ ਸ਼ਕਲ ਵਿਚ ਗੁ: ਸ੍ਰੀ ਗੁਰੂ ਸਿੰਘ ਸਭਾ ਦਾਦਰ ਵਿਖੇ ਲਿਜਾ ਕੇ ਉਤਾਰਾ ਦਿੱਤਾ ਗਿਆ। ਇਸ ਸਮਾਗਮ ਦਾ ਸਾਰਾ ਪ੍ਰਬੰਧ ਭਾਈ ਦਰਸ਼ਨ ਸਿੰਘ (ਭਰਾ ਜੀ) ਦਿੱਲੀ ਅਤੇ ਭਾਈ ਸੂਰਤ ਸਿੰਘ ਪੂਰਨ ਜੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਗਿਆ ਸੀ।

ਭਾਈ ਸਾਹਿਬ ਜਥੇ ਸਮੇਤ ਅੱਠ ਦਿਨ ਬੰਬਈ ਠਹਿਰੇ ਅਤੇ ਅੱਠੇ ਦਿਨ ਸਵੇਰੇ ਸ਼ਾਮ ਵੱਖ-ਵੱਖ ਆਬਾਦੀਆਂ ਦੇ ਅੱਠਾਂ ਗੁਰਦੁਆਰਿਆਂ ਵਿਚ ਇੰਨੀਆਂ ਕੀਰਤਨ-ਘੁੰਮਰਾਂ ਪਈਆਂ ਅਤੇ ਨਾਮ-ਰੰਗ ਬੱਝੇ ਕਿ ਉਥੋਂ ਦੀਆਂ ਸੰਗਤਾਂ ਅਨੰਦੋ ਅਨੰਦ ਹੋ ਗਈਆਂ। ਆਤਮ-ਰੰਗਾਂ ਵਿਚ ਅਨਿਕ ਤਰੰਗੀ ਕੀਰਤਨ ਦੀ ਅਨੋਖੀ ਰੌ ਸ੍ਰੋਤਿਆਂ ਨੂੰ ਰੂਹ-ਪਰਵਰ ਰੰਗਾਂ ਵਿਚ ਰੰਗੀ ਜਾਂਦੀ ਸੀ। ਸੰਗਤਾਂ ਬਹੁਤ ਪ੍ਰਭਾਵਿਤ ਹੋਈਆਂ। ਕਈ ਸੱਜਣ ਤਾਂ ਵਾਪਸੀ 'ਤੇ ਹਜ਼ੂਰ ਸਾਹਿਬ ਤਕ ਨਾਲ ਰਹਿ ਕੇ ਅਨੰਦ ਮਾਣਦੇ ਰਹੇ।

ਰਸਤੇ ਵਿਚ ਦਿਉਲਾਲੀ ਵਿਖੇ ਇਕ ਸਿੰਘਣ ਬੀਬੀ ਬਚਿੱਤਰ ਕੌਰ ਦੀਆਂ ਪ੍ਰੇਮ-ਖਿਚਾਂ ਸਦਕਾ ਉਤਾਰਾ ਕੀਤਾ। ਇਥੇ ਇਕ ਠੇਕੇਦਾਰ ਦੀ ਕੋਠੀ ਵਿਚ ਕੀਰਤਨ ਹੋਇਆ, ਜਿਥੇ ਕਈ ਚਿਰਾਂ ਤੋਂ ਸਿਕਾਂ ਸਿਕਦੀ ਬੀਬੀ ਨੇ ਸੰਗਤਾਂ ਦੇ ਦਰਸ਼ਨ ਕੀਤੇ। ਉਥੇ ਬੜੇ ਵਜਦ ਵਿਚ ਕੀਰਤਨ ਹੋਇਆ। ਅਗਲੇ ਭਲਕ ਜਥਾ ਉਥੋਂ ਰਵਾਨਾ ਹੋ ਕੇ ਮਨਮਾਡ ਹੁੰਦਾ ਹੋਇਆ ਸ੍ਰੀ ਹਜ਼ੂਰ ਸਾਹਿਬ ਪੁਜਾ। ਕਈ ਦਿਨ ਉਥੇ ਠਹਿਰੇ ਅਤੇ ਵਿਸਾਖੀ ਦਾ ਪੁਰਬ ਉਥੇ ਹੀ ਮਨਾਇਆ। ਵਿਸਾਖੀ ਦੀ ਰਾਤ ਨੂੰ ਸ੍ਰੀ ਅਬਿਚਲ ਨਗਰ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਰੈਣ ਸਬਾਈ ਕੀਰਤਨ ਹੋਏ। ਨਾਮ-ਅਭਿਆਸ ਰੰਗਾਂ ਵਿਚ ਕੀਰਤਨ ਦੀਆਂ ਅਗੰਮੀ ਰੌਆਂ ਚਲ ਰਹੀਆਂ ਸਨ, ਜੋ ਅੱਧੀ ਰਾਤ ਵੇਲੇ ਇਕ ਫ਼ੌਜੀ ਸਿੰਘ (ਇਹ ਸਿੰਘ ਭਾਈ ਜਗਤ ਸਿੰਘ ਉਰਫ ਤੇਜਿੰਦਰ ਸਿੰਘ ਜੀ ਜੋ ਕਿ ਏਅਰ ਫੋਰਸ ਵਿਚ ਨੌਕਰੀ ਕਰਦੇ ਸਨ ਤੇ ਅਜਕਲ ਨਿਊਜ਼ੀਲੈਂਡ ਰਹਿੰਦੇ ਹਨ) ਅਤਿ ਵੈਰਾਗਮਈ ਬਿਹਬਲਤਾ ਵਿਚ ਆ ਗਿਆ ਅਤੇ ਉਹ ਚੌਫਾਲ ਡਿਗ ਕੇ ਤੜਫਦਾ ਹੋਇਆ ਵਿਲਕਣ ਲਗ ਪਿਆ। ਉਸ ਦੇ ਮੁਖੋਂ ਇਹ ਅਵਾਜ਼ ਸੁਣੀ ਜਾ ਰਹੀ ਸੀ, "ਸੱਚੇ ਪਾਤਸ਼ਾਹ, ਬਖਸ਼ ਲਓ, ਬਖਸ਼ ਲਓ ਜੀ, ਬਖਸ਼ੋ ਜੀ।" ਫਿਰ ਉਹ ਸਾਵਧਾਨ ਹੋ ਕੇ ਮਸਤੀ ਦੇ ਰੰਗਾਂ ਵਿਚ ਬੈਠ ਗਿਆ। ਉਹ ਐਸੀ ਮਸਤੀ ਵਿਚ ਰੰਗੀਜ ਗਿਆ ਕਿ ਜਥੇ ਦਾ ਅੰਗ ਹੀ ਬਣ ਗਿਆ।

ਵਿਸਾਖੀ ਪੁਰਬ ਮਨਾਉਣ ਤੋਂ ਬਾਅਦ ਉਥੋਂ ਦੇ ਸਭ ਗੁਰ-ਅਸਥਾਨਾਂ ਦੀ ਯਾਤਰਾ ਕੀਤੀ। ਸ਼ਿਕਾਰਘਾਟ ਗੁਰਦੁਆਰਾ ਸਾਹਿਬ ਵਿਖੇ ਖ਼ੂਬ ਕੀਰਤਨ ਹੋਏ। ਉਥੋਂ ਦੇ ਸਰੋਵਰ ਦੇ ਦਰਸਨ ਕਰਦਿਆਂ ਖੜੇ ਖੜੋਤੇ ਹੀ ਸ੍ਰੀਮਾਨ ਭਾਈ ਸਾਹਿਬ ਜੀ ਦੇ ਸਾਹਿਬਜ਼ਾਦੇ ਭਾਈ ਬਲਬੀਰ ਸਿੰਘ ਜੀ ਨੇ ਆਪਣੀ ਭੂਆ ਜੀ ਥੇਹੜੀ ਸਾਹਿਬ ਵਾਲਿਆਂ ਦੀ ਅਚਰਜ ਵਾਰਤਾ ਸੁਣਾਈ, ਜੋ 1935 ਦੀ ਯਾਤਰਾ ਸਮੇਂ ਵਾਪਰੀ ਸੀ। ਇਹ ਬੀਬੀ ਜੀ ਭਾਈ ਸਾਹਿਬ ਦੇ ਨਾਨਕੇ ਘਰਾਣੇ ਵਿਚੋਂ ਮਾਮੀ-ਜਾਈ ਭੈਣ ਸਨ। ਇਹ ਘਰਾਣਾ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਦੇ ਸਮੇਂ ਅੰਮ੍ਰਿਤ-ਸਰੋਵਰ ਲਈ ਆਵਿਆਂ ਵਿਚ ਪਕਾਈਆਂ ਜਾਂਦੀਆਂ ਇੱਟਾਂ ਦੀ ਸੇਵਾ ਕਰਨ ਵਾਲੇ ਭਾਈ ਭਗਤੂ ਜੀ ਦੀ ਔਲਾਦ ਵਿਚੋਂ ਸੀ। ਇਸ ਬੀਬੀ ਜੀ ਦੀ ਇਥੇ ਸ਼ਿਕਾਰਘਾਟ ਵਿਖੇ ਵਾਪਰੀ ਵਾਰਤਾ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਖੇਪ ਜੀਵਨ ਚਰਿਤਰ ਪੁਸਤਕ ਵਿਚ ਦਰਜ ਹੈ। ਹਜ਼ੂਰ ਸਾਹਿਬ ਦੀ ਇਸ ਯਾਤਰਾ ਸਮੇਂ ਸ੍ਰੀ ਅਬਿਚਲ ਨਗਰ ਵਿਖੇ ਪ੍ਰਬੰਧਕ ਪੁਜਾਰੀਆਂ ਨਾਲ ਕਿਸੇ ਗੱਲੋਂ ਜਥੇ ਦੇ ਸਿੰਘ ਦਾ ਕੁਝ ਤਕਰਾਰ ਹੋ ਗਿਆ, ਜਿਸ ਨੂੰ ਸ੍ਰੀਮਾਨ ਬਾਊ ਜੀ ਨੇ ਬੜੇ ਸੋਹਣੇ ਢੰਗ ਨਾਲ ਸਮੇਤ ਲਿਆ।

ਇਥੇ ਤਖ਼ਤ ਸਾਹਿਬ ਵਲੋਂ ਸ੍ਰੀਮਾਨ ਭਾਈ ਸਾਹਿਬ ਜੀ 'ਤੇ ਬਾਊ ਜੀ ਨੂੰ ਅਤੇ ਕੁਝ ਹੋਰ ਸੱਜਣਾਂ ਨੂੰ ਸਿਰੋਪਾ ਦੇ ਕੇ ਨਿਵਾਜਿਆ ਗਿਆ।

ਉਪਰੰਤ ਜਥੇ ਨੇ ਪੰਜਾਬ ਨੂੰ ਵਾਪਸੀ ਚਾਲੇ ਪਾਏ। ਪਹਿਲਾ ਪੜਾਅ ਮਨਮਾਡ ਵਿਖੇ ਦਸਮ ਪਾਤਸ਼ਾਹ ਜੀ ਦੇ ਅਸਥਾਨ 'ਤੇ ਕੀਤਾ। ਇਥੇ ਖ਼ੂਬ ਰੰਗਾਂ ਵਿਚ ਕੀਰਤਨ ਹੋਏ। ਉਪਰੰਤ ਆਗਰੇ ਵਿਖੇ ਗੁਰਦੁਆਰਾ ਮਾਈ ਥਾਨ ਵਿਖੇ ਪੁਜ ਕੇ ਕੀਰਤਨ-ਗੂੰਜਾਂ ਪਾਈਆਂ। ਸੰਗਤਾਂ ਨੇ ਬੜਾ ਉਤਸ਼ਾਹ ਵਿਖਾਇਆ। ਆਗਰੇ ਤੋਂ ਚਲ ਕੇ ਭਾਈ ਸਾਹਿਬ ਜੀ ਤੇ ਬਾਊ ਜੀ ਕੁਝ ਸਿੰਘਾਂ ਸਮੇਤ ਦਿੱਲੀ ਠਹਿਰ ਗਏ, ਅਤੇ ਬਹੁਤ ਸਿੰਘ ਆਪੋ ਆਪਣੇ ਘਰਾਂ ਨੂੰ ਪੰਜਾਬ ਵਿਖੇ ਆ ਗਏ। ਦਿੱਲੀ ਵਿਖੇ ਇਕ ਅਮੋਲਕ ਰੂਹੜੀ ਬੀਬੀ ਰਾਣੀ ਦਾ (ਇਹ ਬੀਬੀ ਪ੍ਰਿੰਸੀਪਲ ਗੁਰਮੁਖ ਸਿੰਘ ਪਟਿਆਲਾ ਜੀ ਦੀ ਧਰਮ ਪਤਨੀ ਬੀਬੀ ਤੇਜਿੰਦਰ ਕੌਰ ਜੀ ਸੀ) ਅਨੰਦ ਕਾਰਜ ਸੀ, ਜਿਸ ਦੀ ਪਿਆਰ-ਖਿਚ ਸਦਕਾ ਇਥੇ ਠਹਿਰ ਗਏ ਅਤੇ ਉਸ ਦਾ ਅਨੰਦ ਕਾਰਜ ਕੀਤਾ।

## ਫ਼ੀਰੋਜ਼ਪੁਰ ਦੇ ਸਮਾਗਮ

ਇਨ੍ਹਾਂ ਸਾਲਾਂ ਵਿਚ ਹੀ ਦੀਵਾਲੀ ਦੇ ਦਿਨਾਂ ਵਿਚ ਸ੍ਰੀਮਾਨ ਭਾਈ ਸਾਹਿਬ ਤੇ ਮਾਨਯੋਗ ਬਾਊ ਜੀ ਫ਼ੀਰੋਜ਼ਪੁਰ ਦੀਆਂ ਸੰਗਤਾਂ ਦੇ ਸੱਦੇ 'ਤੇ ਉਥੇ ਸਮਾਗਮਾਂ ਤੇ ਕੁਝ ਸਾਲ ਦਰਸ਼ਨ ਦਿੰਦੇ ਰਹੇ। ਫ਼ੀਰੋਜ਼ਪੁਰ ਦੇ ਸੋਢੀ, ਗੁਰੂ-ਵੰਸ ਵਿਚੋਂ ਪ੍ਰਿਥੀ ਚੰਦ ਦੀ ਔਲਾਦ ਵਿਚੋਂ ਹਨ। ਇਨ੍ਹਾਂ ਨੇ ਆਪਣੇ ਗੁਰੂ-ਡੰਮ ਦੀ ਢਾਈ ਪਾ ਖਿਚੜੀ ਵੱਖਰੀ ਰਚੀ ਹੋਈ ਸੀ। ਭਾਈ ਸਾਹਿਬ ਇਨ੍ਹਾਂ ਨੂੰ ਮੂੰਹ ਤਕ ਨਹੀਂ ਸੀ ਲਾਂਦੇ ਤੇ ਇਹ ਕਹਿ ਕੇ ਦੁਰਕਾਰਦੇ ਸਨ ਕਿ ਇਹ ਗੁਰੂ ਘਰ ਦੇ ਦੋਖੀ ਫਿਟਕਾਰੇ ਹੋਏ ਪ੍ਰਿੰਥੀ ਚੰਦ ਦੀ ਔਲਾਦ ਹਨ। ਬਾਅਦ ਵਿਚ ਇਨ੍ਹਾਂ ਦੇ ਮੁਖੀ ਨੇ ਅੰਮ੍ਰਿਤ ਛਕ ਲਿਆ ਅਤੇ ਉਹ ਇਕ ਲੋਕਲ ਅਕਾਲੀ ਆਗੂ ਨੂੰ ਨਾਲ ਲੈ ਕੇ, ਭਾਈ ਸਾਹਿਬ ਦੇ ਦਰਸ਼ਨਾਂ ਨੂੰ ਸ਼ਹਿਰ ਦੇ ਗੁਰਦੁਆਰੇ ਵਿਖੇ ਪਹੁੰਚਾ। ਅਕਾਲੀ ਆਗੂ ਨੇ ਭਾਈ ਸਾਹਿਬ ਜੀ ਨੂੰ ਫ਼ਤਿਹ ਗਜਾ ਕੇ ਦਸਿਆ ਕਿ ਸੋਢੀ ਸਾਹਿਬ ਨੇ ਪੰਜਾਂ ਪਿਆਰਿਆਂ

ਤੋਂ ਅੰਮ੍ਰਿਤ ਛਕ ਲਿਆ ਹੈ। ਇੰਨੇ ਨੂੰ ਜਦ ਸੋਢੀ ਸਾਹਿਬ ਨਿਉਂ ਕੇ ਭਾਈ ਸਾਹਬਿ ਜੀ ਵਲ ਵਧੇ ਤਾਂ ਛੜੱਪ ਦੇ ਕੇ ਭਾਈ ਸਾਹਿਬ ਜੀ ਪਿਛੇ ਹਟ ਗਏ। ਉਹ ਦੂਰੋਂ ਹੀ ਫ਼ਤਿਹ ਗਜਾ ਕੇ ਪਿਛੇ ਪਰਤ ਗਿਆ। ਭਾਈ ਸਾਹਿਬ ਜੀ ਨੇ ਮੁਸਕਰਾਂਦਿਆਂ ਮਜ਼ਾਕੀਏ ਲਹਿਜੇ ਵਿਚ ਦੱਸਿਆ ਕਿ ਇਸ ਤੋਂ ਹੱਡਾਂ ਦੀ ਮੁਸ਼ਕ ਆਈ ਸੀ। (ਭਾਵ ਇਹ ਮਾਸ ਅਹਾਰੀ ਹੈ।)

ਫ਼ੀਰੋਜ਼ਪੁਰ ਛਾਉਣੀ ਅਤੇ ਸ਼ਹਿਰ ਦੇ ਗੁਰਦੁਆਰਿਆਂ ਵਿਖੇ ਅਖੰਡ ਕੀਰਤਨੀ ਅਖਾੜੇ ਜੁੜਦੇ ਰਹੇ ਅਤੇ ਅੰਮ੍ਰਿਤ-ਸੰਚਾਰ ਹੁੰਦੇ ਰਹੇ, ਜਿਨ੍ਹਾਂ ਵਿਖੇ ਕਈ ਪ੍ਰਾਣੀ ਜਹਾਜ਼ੇ ਚੜ੍ਹ ਕੇ ਗੁਰੂ ਵਾਲੇ ਬਣੇ। ਇਹ ਅੰਮ੍ਰਿਤ ਦੀ ਜਾਗ ਐਨੀ ਪ੍ਰਫੁਲਤ ਹੋਈ ਕਿ ਸ਼ਹਿਰ ਤੇ ਛਾਉਣੀ ਵਿਖੇ ਨਾਮ-ਤਰੰਗੀ ਕੀਰਤਨ ਦੀਆਂ ਲਹਿਰਾਂ ਚਲ ਪਈਆਂ ਅਤੇ ਸਿੰਘਾਂ ਦਾ ਇਕ ਤਕੜਾ ਜਥਾ ਕਾਇਮ ਹੋ ਗਿਆ।

## ਬਰੇਲੀ ਦੇ ਸਮਾਗਮ

1959 ਤੋਂ 1963 ਤਕ ਭਾਈ ਸੂਰਤ ਸਿੰਘ (ਪੂਰਨ ਜੀ) ਆਪਣੀ ਸਰਕਾਰੀ ਨੌਕਰੀ 'ਤੇ ਬਰੇਲੀ ਵਿਖੇ ਰਹੇ। ਮਾਨਯੋਗ ਬਾਊ ਜੀ ਦਾ ਪੂਰਨ ਜੀ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਭੁਪਿੰਦਰ ਕੌਰ ਨਾਲ ਗੂੜ੍ਹਾ ਪਿਆਰ ਸੀ। (ਸ੍ਰੀ ਬਾਊ ਜੀ ਵੱਲੋਂ ਸ੍ਰੀ ਪੂਰਨ ਜੀ ਨੂੰ ਉਨ੍ਹਾਂ ਦੇ ਦਿੱਲੀ ਅਤੇ ਕਲਕੱਤੇ ਨਿਵਾਸ ਦੌਰਾਨ ਲਿਖੇ ਕਾਰਡਾਂ ਦਾ ਵੇਰਵਾ ਅੰਤਕਾ-1 ਵਿਚ ਦਿੱਤਾ ਗਿਆ ਹੈ।) ਇਸੇ ਪਿਆਰ-ਖਿਚ ਦਾ ਸਦਕਾ ਸ੍ਰੀਮਾਨ ਬਾਊ ਜੀ ਮਹੀਨਿਆਂ-ਬਧੀ ਗਰਮੀਆਂ ਦੇ ਦਿਨਾਂ ਵਿਚ ਇਨ੍ਹਾਂ ਪਾਸ ਟਿਕਦੇ ਹੁੰਦੇ ਸਨ। ਇਸ ਦੌਰਾਨ ਵਿਚ ਬਰੇਲੀ ਵਿਖੇ ਹਰ ਸਾਲ ਬੜੇ ਚੜ੍ਹਦੀਆਂ ਕਲਾਂ ਦੇ ਸਮਾਗਮ ਹੁੰਦੇ ਰਹੇ, ਅਤੇ ਆਸਰਜ ਲੀਲ੍ਹਾ ਵਰਤਦੀ ਰਹੀ। ਯੂ.ਪੀ. ਪ੍ਰਾਂਤ ਤੋਂ ਛੁਟ ਧਨਬਾਦ (ਬਿਹਾਰ) ਤਕ ਦੂਰ ਦੂਰ ਦੀਆਂ ਸੰਗਤਾਂ ਭੀ ਇਥੇ ਜੁੜਦੀਆਂ ਰਹੀਆਂ। ਇਸ ਵੇਲੇ ਯੂ. ਪੀ. ਅਤੇ ਬਿਹਾਰ ਆਦਿ ਦੇ ਇਲਾਕਿਆਂ ਵਿਚ ਗੁਰਮੁਖ ਪਰਿਵਾਰਾਂ ਦੀ ਜੋ ਗਹਿਮਾ ਗਹਿਮ ਹੈ, ਇਹ ਸਭ ਉਸੇ ਵੇਲੇ ਸ੍ਰੀ ਬਾਊ ਜੀ ਅਤੇ ਪੂਰਨ ਜੀ ਦੀ ਲਾਈ ਹੋਈ ਜਾਗ ਦਾ ਫਲ-ਸਰੂਪ ਹੈ।

1960 ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਦਿੱਲੀ ਵਿਖੇ ਭੀ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਮੋਰਚਾ ਲਗਾ ਹੋਇਆ ਸੀ। ਸਿੰਘ ਵਧ ਚੜ੍ਹ ਕੇ ਗ੍ਰਿਫ਼ਤਾਰੀਆਂ ਦੇ ਰਹੇ ਸਨ। ਦਿੱਲੀ ਦਾ ਵਾਤਾਵਰਨ ਉਸ ਸਮੇਂ ਅਣ-ਸੁਖਾਵਾਂ ਸੀ। ਇਨ੍ਹਾਂ ਹਾਲਾਤ ਵਿਚ ਸੈਂਟਰਲ ਸਾਲਾਨਾ ਸਮਾਗਮ ਦਿੱਲੀ ਦੀ ਬਜਾਏ ਬਰੇਲੀ ਵਿਖੇ ਕੀਤਾ ਗਿਆ। ਬੇਅੰਤ ਸੰਗਤਾਂ ਆਣ-ਜੁੜੀਆਂ ਤੇ ਸਮਾਗਮ ਬੜੀਆਂ ਚੜ੍ਹਦੀਆਂ ਕਲਾਂ ਵਿਚ ਹੋਇਆ।

ਬਾਕੀ ਸਾਲਾਂ ਵਿਚ ਇਥੇ ਸਮਾਗਮ ਜੁਲਾਈ ਅਗਸਤ ਵਿਚ ਜੁੜਦੇ ਰਹੇ। 1959 ਵਿਚ ਇਥੇ ਸਮਾਗਮ ਮਈ ਦੇ ਮਹੀਨੇ ਵਿਚ ਹੋਇਆ ਸੀ। ਇਸ ਸਮਾਗਮ ਸਮੇਂ ਅੰਮ੍ਰਿਤ-ਸੰਚਾਰ ਵਿਚ ਮੈਨਪੁਰੀ ਦੇ ਇਕ ਜੋੜੇ 'ਤੇ ਬੜੀ ਕਲਾ ਵਰਤੀ ਸੀ ਅਤੇ ਇਕ ਹੋਰ ਅਸਚਰਜ ਘਟਨਾ ਇਕ ਬਦ-ਰੂਹ ਗ੍ਰਸੀ ਬੀਬੀ ਦੀ ਹੈ। ਇਹ ਬੀਬੀ ਬਰੇਲੀ ਦੀ ਹੀ ਸੀ। ਜਦੋਂ ਇਹ ਪੰਜਾਂ ਪਿਆਰਿਆਂ ਦੇ ਪੇਸ਼ ਹੋਈ ਤੇ ਜਥੇਦਾਰ ਸਾਹਿਬ ਸ੍ਰੀਮਾਨ ਬਾਊ ਜੀ ਨੂੰ ਦੱਸਣ ਲੱਗੀ, "ਜੀ, ਮੇਰੇ ਵਿਚ ਛਾਇਆ (ਬਦ-ਰੂਹ) ਹੈ, ਪਰ ਉਹ ਇਥੇ ਅੰਦਰ ਨਹੀਂ ਆ ਸਕੀ, ਦਰਵਾਜ਼ੇ ਤੋਂ ਬਾਹਰ ਹੀ ਰਹਿ ਗਈ ਹੈ।" ਤਾਂ ਬਾਊ ਜੀ ਨੇ ਬੀਬੀ ਨੂੰ ਤਸੱਲੀ ਦਿੱਤੀ

ਕਿ ਇਥੇ ਕੋਈ ਮਾੜੀ ਰੂਹ ਫਟਕ ਨਹੀਂ ਸਕਦੀ। ਜਿਥੇ ਨਾਮ ਜਪੀਦਾ ਹੋਵੇ ਉਥੇ ਬਦ-ਰੂਹਾਂ ਕੀ, ਜਮ ਦੇ ਦੂਤ ਭੀ ਨਹੀਂ ਫਟਕ ਸਕਦੇ। ਗੁਰ-ਹੁਕਮ ਹੈ :

**ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥**

**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥੩੧॥**

*(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬)*

ਧਰਮ ਰਾਜਾ ਇਉਂ ਆਪਣੇ ਜਮ-ਦੂਤਾਂ ਨੂੰ ਕਹਿੰਦਿਆਂ ਤਾੜਨਾ ਕਰਦਾ ਹੈ ਕਿ ਜਿਥੇ ਸਤਿਪੁਰਸ਼ਾਂ ਦਾ ਨਾਮ ਸਿਮਰਨ ਅਤੇ ਕੀਰਤਨ-ਮੰਡਲ ਹੋਵੇ, ਉਸ ਦੇ ਲਾਗੇ-ਚਾਗੇ ਭੀ ਤੁਸੀਂ ਨਾ ਜਾਇਓ, ਨਹੀਂ ਤਾਂ, ਨਾ ਮੈਂ ਹੀ ਅਤੇ ਨਾ ਹੀ ਤੁਸੀਂ ਛੁਟ ਸਕੋਗੇ।

ਇਸ ਤਰ੍ਹਾਂ ਬਾਊ ਜੀ ਨੇ ਫਿਰ ਕਿਹਾ ਕਿ ਬੀਬੀ, ਅੰਮ੍ਰਿਤ ਛਕ ਕੇ ਨਾਮ ਜਪ, ਸਭ ਬਲਾਵਾਂ ਭੱਜ ਜਾਣਗੀਆਂ। ਜਦ ਸਭ ਅਭਿਲਾਖੀਆਂ ਦੀ ਪੇਸ਼ੀ ਹੋ ਹਟੀ ਤਾਂ ਅੰਮ੍ਰਿਤ-ਬਾਟਾ ਤਿਆਰ ਹੋਇਆ ਅਤੇ ਵਾਰੀ ਵਾਰੀ ਅਭਿਲਾਖੀ ਜਨਾਂ ਨੂੰ ਅੰਮ੍ਰਿਤ-ਛਾਂਦੇ ਵਰਤੀਣੇ ਅਰੰਭ ਹੋਏ। ਜਦ ਉਸ ਬੀਬੀ ਦੀ ਵਾਰੀ ਆਈ, ਅੰਮ੍ਰਿਤ-ਬੂੰਦਾਂ ਉਸ ਦੇ ਅੰਦਰ ਗਈਆਂ ਅਤੇ ਨਾਮ ਦ੍ਰਿੜ੍ਹਾਇਆ ਗਿਆ ਤਾਂ ਉਹ ਨਾਮ ਜਪਦੀ-ਜਪਦੀ ਕੂਕ ਉਠੀ ਕਿ ਉਹ ਬਦ-ਰੂਹ ਹੁਣ ਦੌੜ ਗਈ ਹੈ।

ਇਸੇ ਤਰ੍ਹਾਂ ਦੀ ਇਸ ਤੋਂ ਵਧ ਅਸਚਰਜ ਇਕ ਹੋਰ ਘਟਨਾ ਇਉਂ ਹੈ- ਇਕ ਬੜੀ ਹੀ ਭੱਦੀ ਤੇ ਡਰਾਉਣੀ ਸ਼ਕਲ ਵਾਲੀ ਬੀਬੀ, ਜਿਸ ਨੂੰ ਵੇਖ ਕੇ ਬੱਚੇ ਵੀ ਡਰ ਜਾਂਦੇ ਸਨ, 1961 ਦੇ ਬਰੇਲੀ ਸਮਾਗਮ ਵਿਚ ਲਿਆਂਦੀ ਗਈ। ਇਹ ਬੜੀ ਵਹਿਮਣ ਤੇ ਭਰਮਣ ਜ਼ਨਾਨੀ ਸੀ। ਇਸ ਨੂੰ ਪੰਜਾਂ ਪਿਆਰਿਆਂ ਦੇ ਪੇਸ਼ ਕਰਨ ਲਈ ਲੁੜੀਂਦੀ ਤਿਆਰੀ ਕਰਾਈ ਗਈ। ਜਦੋਂ ਪੰਚਾਂ ਦੇ ਪੇਸ਼ ਹੋਣ ਲਈ ਇਸ ਦੀ ਵਾਰੀ ਆਈ ਤਾਂ ਇਹ ਦਰਵਾਜ਼ੇ ਦੇ ਬਾਹਰ ਹੀ ਅੜ ਖਲੋਤੀ। ਅੰਦਰ ਜਾਵੇ ਹੀ ਨਾ। ਜਦ ਕਈ ਜਣੇ ਵੀ ਖਿਚ ਕੇ ਉਸ ਨੂੰ ਅੰਦਰ ਨਾ ਲਿਜਾ ਸਕੇ, ਤਦ ਪੰਚਾਂ ਦੇ ਜਥੇਦਾਰ ਸ੍ਰੀਮਾਨ ਬਾਊ ਜੀ ਨੰਗੀ ਸ੍ਰੀ ਸਾਹਿਬ ਲੈ ਕੇ ਬਾਹਰ ਆਏ ਤੇ ਉਸ ਨੂੰ ਅੰਦਰ ਆਉਣ ਲਈ ਕਿਹਾ ਤਾਂ ਉਹ ਬਦ-ਸੂਰਤ ਡਰਾਉਣੀ ਸ਼ਕਲ ਚੁੜੇਲ ਵਾਂਗ ਲਾਲ ਅੱਖਾਂ ਕੱਢ ਕੇ ਬਾਊ ਜੀ ਨੂੰ ਪਈ ਤੇ ਬੋਲੀ ਕਿ ਮੈਂ ਤੈਨੂੰ ਵੀ ਨਹੀਂ ਛੱਡਾਂਗੀ। ਤਾਂ ਬਾਊ ਜੀ ਨੇ ਉਸ ਬੀਬੀ ਵਿਚਲੀ ਬਦ-ਰੂਹ ਨੂੰ ਚੈਲੰਜ ਕੀਤਾ, "ਹੱਛਾ, ਮੈਂ ਤਿਆਰ ਹਾਂ। ਤੂੰ ਇਸ ਨੂੰ ਛਡ ਦੇਹ ਤੇ ਮੇਰੇ ਵਿਚ ਆ ਜਾ।" ਉਹ ਕਹਿਣ ਲੱਗੀ, "ਮੈਂ ਇਸ ਨੂੰ ਨਹੀਂ ਛੱਡਦੀ" ਅਤੇ ਅੜ ਕੇ ਦਰਵਾਜ਼ੇ ਵਿਚ ਲੰਮੀ ਪੈ ਗਈ। ਸ੍ਰੀਮਾਨ ਬਾਊ ਜੀ ਨੇ ਕੁਝ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਇਸ ਨੂੰ ਚੁਕ ਕੇ ਅੰਦਰ ਲੈ ਚਲੋ। ਅੰਦਰ ਲਿਆਂਦਿਆਂ ਸਾਰ ਉਹ ਚੁਪ ਕਰ ਕੇ ਬੈਠ ਗਈ। ਉਸ ਨੂੰ ਫੜ ਕੇ ਅੰਮ੍ਰਿਤ ਛਕਾਇਆ ਗਿਆ। ਫਿਰ ਪੰਜ ਪਿਆਰੇ ਉਸ ਨੂੰ ਗੁਰ-ਮੰਤਰ ਦ੍ਰਿੜ੍ਹਾਉਣ ਲਗੇ ਤਾਂ ਕੁਝ ਚਿਰ ਅੜੀ ਰਹੀ, ਪਰ ਪਿਛੋਂ ਗੁਰ-ਮੰਤਰ ਗੁੱਰਾਟ ਦੀ ਤਾਬ ਨਾ ਝੱਲ ਸਕੀ ਅਤੇ ਉਚੀ ਉਚੀ ਪੁਕਾਰਨ ਲਗ ਪਈ ਕਿ ਮੈਨੂੰ ਛਡ ਦਿਓ, ਮੈਨੂੰ ਛੱਡ ਦਿਓ, ਮੈਂ ਚਲੀ ਜਾਂਦੀ ਹਾਂ, ਮੈਂ ਇਸ ਨੂੰ ਛੱਡ ਦਿੰਦੀ ਹਾਂ। ਤਾਂ ਬਾਊ ਜੀ ਬੋਲੇ, "ਤੂੰ ਤਾਂ ਕਹਿੰਦੀ ਸੈਂ ਕਿ ਮੈਂ ਇਸ ਨੂੰ ਨਹੀਂ ਛੱਡਣਾ।" ਤਾਂ ਬੋਲੀ, "ਮੈਂ ਇਸ ਨੂੰ ਛੱਡਣਾ ਤਾਂ ਬਿਲਕੁਲ ਨਹੀਂ ਸੀ, ਪਰ ਕੀ ਕਰਾਂ, ਹੁਣ ਇਥੇ ਮੇਰਾ ਵਾਹ ਬ੍ਰਹਮ ਗਿਆਨੀਆਂ ਨਾਲ ਪੈ ਗਿਆ ਹੈ।" ਇਹ

ਕਹਿੰਦਿਆਂ ਉਹ ਬਦ-ਰੂਹ ਭੱਜ ਗਈ ਅਤੇ ਉਹ ਬੀਬੀ ਸਾਵਧਾਨ ਹੋ ਕੇ ਗੁਰ-ਮੰਤਰ ਜਪਣ ਲਗ ਪਈ।

ਸੋ ਬਰੇਲੀ ਵਿਚ ਮਾਨਯੋਗ ਬਾਊ ਜੀ ਦੇ ਸਦਕੇ ਇਸ ਤਰ੍ਹਾਂ ਦੇ ਅਲੌਕਿਕ ਕੌਤਕ ਵਰਤਦੇ ਰਹੇ। ਇਨ੍ਹਾਂ ਸਾਲਾਂ ਵਿਚ ਹੀ ਇਕ ਸਮਾਗਮ ਕੋਟਾ (ਰਾਜਸਥਾਨ) ਵਿਚ ਵੀ ਹੋਇਆ। ਉਥੇ ਵੀ ਸ੍ਰੀਮਾਨ ਬਾਊ ਜੀ ਦੀ ਜਥੇਦਾਰੀ ਹੇਠ ਪੰਜਾਂ ਪਿਆਰਿਆਂ ਦੇ ਅੰਮ੍ਰਿਤ ਸਮਾਗਮ ਵਿਚ ਇਕ ਅਜਿਹੀ ਹੀ ਘਟਨਾ ਵਾਪਰੀ ਸੀ।

## ਮਾਤਾ ਨਿਹਾਲ ਕੌਰ ਜੀ ਦਾ ਅਕਾਲ ਚਲਾਣਾ

ਬਾਉ ਮੱਲ ਸਿੰਘ ਜੀ ਹਮੇਸ਼ਾਂ ਇਹ ਉਪਦੇਸ਼ ਕਰਿਆ ਕਰਦੇ ਸਨ ਕਿ ਇਕ ਤਾਂ ਮੁਖ ਨਾਲ 'ਵਾਹਿਗੁਰੂ' 'ਵਾਹਿਗੁਰੂ' ਸਿਮਰਨਾ ਹੈ ਅਤੇ ਦੂਜਾ ਗੁਪਤੀ ਤੌਰ 'ਤੇ ਹਿਰਦੇ ਵਿਚ ਸਿਮਰਨਾ ਹੈ, ਜੋ ਸਦਾ ਜਾਰੀ ਰੱਖਣਾ ਹੈ, ਜਿਹਾ ਕਿ ਗੁਰਵਾਕ ਹੈ-

**ਹਰਿ ਜਨ ਸਿਮਰਹੁ ਹਿਰਦੈ ਰਾਮ ॥**
**ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ ਰਹਾਉ ॥੧੩॥**

*(ਜੈਤਸਰੀ ਮ: ੫, ਪੰਨਾ ੭੦੨)*

ਇਸ ਸਿਮਰਨ ਦੀ ਜ਼ਿੰਦਾ ਮਿਸਾਲ ਆਪ ਜੀ, ਆਪਣੀ ਸੁਪਤਨੀ ਨਿਹਾਲ ਕੌਰ ਜੀ ਦੇ ਅੰਤ ਸਮੇਂ ਦੇ ਦ੍ਰਿਸ਼ ਦੀ ਬਿਆਨ ਕਰਿਆ ਕਰਦੇ ਸਨ ਕਿ ਜਦੋਂ 1965 ਵਿਚ ਉਨ੍ਹਾਂ ਦਾ ਅੰਤ ਸਮਾਂ ਨੇੜੇ ਆਇਆ ਤਾਂ ਉਹ ਅੰਮ੍ਰਿਤ ਵੇਲੇ ਤੋਂ ਹੀ ਬਰਾਂਡੇ ਵਿਚ ਲਿਟਾਏ ਹੋਏ ਸਨ। ਨਿਕਟ ਬੈਠੇ ਸੰਬੰਧੀਆਂ ਤੇ ਆਏ ਹੋਏ ਹਿਤੈਸ਼ੀਆਂ ਨੂੰ ਬਾਊ ਜੀ ਵਲੋਂ ਹੁਕਮ ਸੀ ਕਿ ਜਾਂ ਗੁਰਬਾਣੀ ਦਾ ਪਾਠ ਕਰੋ ਜਾਂ ਨਾਮ ਜਪੋ, ਦੂਜੀ ਕੋਈ ਗੱਲ ਨਹੀਂ ਕਰਨੀ ਅਤੇ ਨਾ ਹੀ ਕਿਸੇ ਨੇ ਰੋਣਾ ਹੈ। ਸੋ ਆਪ ਜੀ ਦੇ ਹੁਕਮ ਅਨੁਸਾਰ ਮਾਤਾ ਜੀ ਕੋਲ ਸਾਰਾ ਦਿਨ ਨਾਮ ਬਾਣੀ ਦੇ ਪਰਵਾਹ ਚਲਦੇ ਰਹੇ। ਮਾਤਾ ਜੀ ਦੀ ਦਸ਼ਾ ਇਹ ਸੀ ਕਿ ਹਿਰਦੇ ਵਿਚ ਨਾਮ ਅਭਿਆਸ ਲਗਾਤਾਰ ਚਲ ਰਿਹਾ ਸੀ ਅਤੇ ਬਾਹਰਮੁਖੀ ਕੇਵਲ ਬੁਲ੍ਹ ਫਰਕਦੇ ਨਜ਼ਰ ਆਉਂਦੇ ਸਨ। ਪਾਣੀ ਜਾਂ ਕੋਈ ਰਸ ਮੂੰਹ ਵਿਚ ਪਾਓ, ਪੀ ਲੈਂਦੇ ਸਨ, ਪਰ ਸੁਰਤੀ ਆਪਣੇ ਰੰਗਾਂ ਵਿਚ ਮਸਤ ਸੀ, ਚਿਹਰੇ 'ਤੇ ਖੇੜਾ ਸੀ। ਇਸੇ ਦਸ਼ਾ ਵਿਚ ਸ਼ਾਮ ਪੈ ਗਈ। ਸਰਦੀ ਹੋਣ ਕਰਕੇ ਬਰਾਂਡੇ ਤੋਂ ਚੁਕ ਕੇ ਮਾਤਾ ਜੀ ਨੂੰ ਕਮਰੇ ਅੰਦਰ ਲੈ ਗਏ ਤਾਂ ਬਾਊ ਜੀ ਨੇ ਆਪਣੇ ਜਲਾਲੀ ਰੰਗ-ਰਤੜੇ ਵੇਗ ਵਿਚ ਕਿਹਾ, "ਦੇਖ ਓ ਪ੍ਰੀਤ, ਹੱਥ ਪੈਰ ਠੰਢੇ ਹੋਏ ਕਿ ਨਹੀਂ?" ਤਾਂ ਦੇਖ ਕੇ ਉਸ ਆਖਿਆ ਕਿ ਬਾਪੂ ਜੀ, ਹੱਥ ਪੈਰ ਤਾਂ ਗਰਮ ਹਨ, ਨਬਜ਼ ਠੀਕ ਹੈ। ਤਾਂ ਕੋਲ ਬੈਠੀ ਪ੍ਰੀਤਮ ਸਿੰਘ ਦੀ ਸਿੰਘਣੀ ਬਾਊ ਜੀ ਦੀ ਨੂੰਹ, ਜਿਸ ਨੂੰ ਘਰ ਵਿਚ ਮਲਵੈਣ ਕਰਕੇ ਸੱਦਦੇ ਹਨ, ਬੋਲ ਉਠੀ ਕਿ ਬਾਪੂ ਜੀ, ਜਿੰਨੀ ਦੇਰ ਤੁਸੀਂ ਮਾਤਾ ਜੀ ਦੇ ਕੋਲ ਬੈਠੇ ਹੋ, ਉਨੀ ਦੇਰ ਕੋਈ ਦੂਤ ਮਾਤਾ ਜੀ ਦੇ ਲਾਗੇ ਫਟਕ ਨਹੀਂ ਸਕਦਾ। ਉਹੀ ਗੱਲ ਹੋਈ, ਜਦੋਂ ਹਾਜਤ-ਰਫਾਈ ਲਈ ਬਾਊ ਜੀ ਕੁਝ ਮਿੰਟਾਂ ਲਈ ਉਠ ਕੇ ਬਾਹਰ ਗਏ ਤਾਂ ਮਾਤਾ ਜੀ ਨੇ ਸੁਆਸ ਤਿਆਗ ਦਿੱਤੇ। ਇਸ ਘਟਨਾ ਨੂੰ ਯਾਦ ਕਰ ਕੇ ਆਪ ਬੜੇ ਅਸਚਰਜ ਹੋਇਆ ਕਰਦੇ ਸਨ ਕਿ ਕਿਵੇਂ ਸਤਿਗੁਰੂ ਜੀ ਨੇ ਆਪਣੀ ਸਿਧੀ ਸਾਦੀ ਬੱਚੀ ਦੇ ਮੂੰਹੋਂ ਇਹ ਬਚਨ ਕਢਵਾਏ, ਜਿਹੜੇ ਤਤਛਿਨ ਪੂਰੇ ਹੋ ਗਏ। ਇਹ ਨਾਮ ਸਿਮਰਨ

ਦੀਆਂ ਬਰਕਤਾਂ ਹਨ ਕਿ ਮਾਤਾ ਜੀ ਦਾ ਦੁਬਲਾ ਪਤਲਾ ਸਰੀਰ ਇਸ਼ਨਾਨ ਵੇਲੇ ਤਕ ਹੀ ਓਸੇ ਤਰ੍ਹਾਂ ਨਰਮ ਤੇ ਕੂਲਾ ਹੀ ਰਿਹਾ, ਰਤਾ ਜਿੰਨਾ ਨਹੀਂ ਆਕੜਿਆ, ਆਮ ਸੰਸਾਰੀਆਂ ਦਾ ਆਕੜ ਕੇ ਲਕੜ ਵਾਂਗ ਬਣ ਜਾਂਦਾ ਹੈ।

## ਪਹਿਲਾ ਸੁਪਨ ਚਮਤਕਾਰ

ਸ੍ਰੀ ਹੇਮਕੁੰਟ ਦੀ ਯਾਤਰਾ ਲਈ, ਸ੍ਰੀਮਾਨ ਬਾਊ ਜੀ 1967 ਸਤੰਬਰ ਦੇ ਅਰੰਭ ਵਿਚ ਭਾਈ ਸੂਰਤ ਸਿੰਘ (ਪੂਰਨ ਜੀ), ਬੀਬੀ ਭੁਪਿੰਦਰ ਕੌਰ ਜੀ ਤੇ ਕੁਝ ਸਿੰਘਾਂ ਦੇ ਨਾਲ ਰਿਖੀਕੇਸ਼ ਤੋਂ ਵਿੰਗ ਕਮਾਂਡਰ ਐਸ.ਐਸ. ਗਿਆਨੀ ਦੀ ਕਾਰ 'ਤੇ ਚਲੇ। ਭਾਈ ਬਾਵਾ ਸਿੰਘ ਜੀ ਕੁਮਾਰ ਹੱਟੀ ਵਾਲੇ ਤਾਂ ਨਾਲ ਰਹੇ, ਪਰ ਦੋ ਸਿੰਘ, ਜੋ ਉਚੇਚੇ ਸੱਦੇ 'ਤੇ ਬਰੇਲੀ ਤੋਂ ਆਏ ਸਨ, ਰਿਖੀਕੇਸ਼ ਹੀ ਰਹਿ ਗਏ ਅਤੇ ਇਹ ਪਾਰਟੀ ਕਾਰ ਤੇ ਬਿਆਸੀ ਅਸਥਾਨ 'ਤੇ ਜਾ ਪੁਜੀ। ਉਥੇ ਮਿਲਟਰੀ ਕੈਂਪ ਵਾਲਿਆਂ ਕਿਹਾ ਕਿ ਮੌਸਮ ਬਹੁਤ ਖ਼ਰਾਬ ਹੈ, ਤੁਸੀਂ ਕਾਰ ਛਡ ਦਿਓ ਅਤੇ ਮਿਲਟਰੀ ਵਹੀਕਲ ਦੇ ਨਾਲ ਜਾਓ। ਸੋ ਫਿਰ ਵਾਪਸ ਰਿਖੀਕੇਸ਼ ਆਏ। ਉਹ ਮਿਲਟਰੀ ਵਹੀਕਲ 'ਤੇ ਦੁਬਾਰਾ ਚਲ ਪਏ ਅਤੇ ਬਿਆਸੀ ਤੋਂ ਅਠ-ਦਸ ਮੀਲ ਉਰੇ ਹੀ ਸਨ ਕਿ ਇਤਲਾਹ ਪੁਜੀ, ਮੌਸਮ-ਖ਼ਰਾਬੀ ਨਾਲ ਪਹਾੜੀ ਸੜਕ 'ਤੇ ਡਿਗ ਪਈ ਹੈ, ਰਸਤਾ ਬਲਾਕ ਹੋ ਗਿਆ ਹੈ, ਜਿਸ ਦੇ ਛੇਤੀ ਠੀਕ ਹੋਣ ਦੀ ਆਸ ਨਹੀਂ। ਹੁਣ ਵਾਪਸ ਜਾਣ ਤੋਂ ਬਿਨਾਂ ਚਾਰਾ ਕੋਈ ਨਹੀਂ ਸੀ। ਅੱਧਾ ਪੌਣਾ ਘੰਟਾ ਉਥੇ ਰੁਕੇ ਰਹੇ। ਆਖ਼ਰ ਸ੍ਰੀਮਾਨ ਬਾਊ ਜੀ ਗੱਡੀ ਤੋਂ ਛਾਲ ਮਾਰ ਕੇ ਬਾਹਰ ਆ ਗਏ ਅਤੇ ਕਹਿਣ ਲਗੇ, "ਮੈਂ ਅਰਦਾਸ ਕਰ ਕੇ ਤੁਰਿਆ ਹਾਂ, ਹੁਣ ਪਿਛੇ ਨਹੀਂ ਮੁੜ ਸਕਦਾ, ਭਾਵੇਂ ਹੋਰ ਕੋਈ ਜਾਵੇ ਨਾ ਜਾਵੇ।" ਬੀਬੀ ਭੁਪਿੰਦਰ ਕੌਰ, ਪੂਰਨ ਜੀ, ਭਾਈ ਬਾਵਾ ਸਿੰਘ ਜੀ ਅਤੇ ਬਰੇਲੀ ਦੇ ਦੋਵੇਂ ਸਿੰਘ ਵੀ ਹੇਠ ਉਤਰ ਆਏ। ਐਸ.ਐਸ. ਗਿਆਨੀ ਦੇ ਹੱਥ ਸਾਰਾ ਸਾਮਾਨ ਵਾਪਸ ਭੇਜ ਦਿੱਤਾ ਗਿਆ ਅਤੇ ਕੇਵਲ ਗਲ ਦੇ ਕਪੜਿਆਂ ਵਿਚ ਇਕ ਇਕ ਕੰਬਲ ਤੇ ਆਪੋ ਆਪਣਾ ਕਛਹਿਰਾ ਪਰਨਾ ਲੈ ਕੇ, ਇਹ ਪਾਰਟੀ ਪੈਦਲ ਯਾਤਰਾ ਕਰਦੀ ਅਗਾਂਹ ਚਲ ਪਈ। ਇਹ ਬਿਖਮ ਪਹਾੜੀ ਰਸਤੇ ਅਤੇ ਉਚਾਣਾਂ ਨਿਵਾਣਾਂ ਨੂੰ ਪਲਾਂਘਦੇ ਹੋਏ ਦਸ ਦਿਨ ਲਗਾਤਾਰ ਤੁਰਦੇ ਰਹੇ। ਰਸਤੇ ਵਿਚ ਰਾਤਾਂ ਮਿਲਟਰੀ-ਕੈਂਪਾਂ ਵਿਚ ਕਟਦੇ ਅਤੇ ਮਿਲਟਰੀ ਵਾਲਿਆਂ ਤੋਂ ਆਟਾ ਫਕਾ ਲੈ ਕੇ ਬੀਬੀ ਜੀ ਪ੍ਰਸ਼ਾਦੇ ਤਿਆਰ ਕਰ ਲੈਂਦੇ। ਸ੍ਰੀ ਨਗਰ ਪੁਜ ਕੇ ਬੀਬੀ ਜੀ ਨੇ ਸਭ ਦੇ ਕਪੜੇ ਧੋਤੇ, ਸੁਕਾਏ, ਮੁੜ ਓਹੋ ਹੀ ਗਲਾਂ ਵਿਚ ਪੁਆਏ। ਸ੍ਰੀ ਨਗਰ ਤੋਂ ਹੁੰਦੇ ਹੋਏ ਪਹਾੜੀ ਦੀ ਟੀਸੀ 'ਤੇ ਜੋਸ਼ੀਮੱਠ ਪੁਜੇ। ਜੋਸ਼ੀਮੱਠ ਤੋਂ ਇਨ੍ਹਾਂ ਨੂੰ ਗੋਬਿੰਦ ਘਾਟ ਲਈ ਛੋਟੀ ਬਸ ਮਿਲ ਗਈ। ਉਥੇ ਪੁਜਣ 'ਤੇ ਗ੍ਰੰਥੀ ਭਾਈ ਅਮਰ ਸਿੰਘ ਜੀ ਕਿਰਪਾਨ ਬਹਾਦਰ ਨੇ ਬੜੀ ਸੇਵਾ ਕੀਤੀ। ਸ੍ਰੀਮਾਨ ਬਾਊ ਜੀ ਨੂੰ ਬੜਾ ਸਤਿਕਾਰ ਦਿੱਤਾ ਅਤੇ ਹਰੇਕ ਨੂੰ ਤਿੰਨ ਤਿੰਨ ਕੰਬਲ ਸਫ਼ਰ ਕੱਟਣ ਲਈ ਦਿੱਤੇ।

ਇਥੋਂ ਅਗੇ ਗੋਬਿੰਦ ਧਾਮ ਪੁਜੇ। ਰਾਤ ਨੂੰ ਮਮੂਲੀ ਅਰਾਮ ਕਰਨ ਪਿਛੋਂ ਪੂਰਨ ਜੀ ਤੇ ਸ੍ਰੀ ਬਾਊ ਜੀ ਤਾਂ ਦੋ ਵਜੇ ਤੋਂ ਪਹਿਲਾਂ ਇਸ਼ਨਾਨ ਕਰ ਕੇ, ਨਾਮ-ਅਭਿਆਸ ਵਿਚ ਜੁਟ ਗਏ। ਬੀਬੀ ਭੁਪਿੰਦਰ ਕੌਰ ਜੀ ਬਾਊ ਜੀ ਦੇ ਲਾਗੇ ਹੀ ਬਿਸਰਾਮ ਕਰ ਰਹੇ ਸਨ। ਬਹੁਤੇ

ਥੱਕੇ ਹੋਣ ਕਰਕੇ ਬੀਬੀ ਜੀ ਨੂੰ ਆਪ ਨੇ ਥਪਕ ਥਪਕ ਕੇ ਸੁਆਲ ਦਿੱਤਾ ਸੀ। ਪਰ ਨਾਮ-ਅਭਿਆਸੀ ਖੰਡਾ ਖੜਕਾਂਦਿਆਂ ਜਦੋਂ ਡਾਢੇ ਰੰਗਾਂ ਵਿਚ ਆਏ ਤਾਂ ਉਚੀ ਉਚੀ ਹੱਸਣ ਲਗ ਪਏ। ਬਾਊ ਜੀ ਹੱਸੀ ਹੀ ਜਾਣ ਤੇ ਫਿਰ ਬੀਬੀ ਨੂੰ ਥਪਕ ਕੇ ਕਹਿਣ ਲੱਗੇ, "ਬੀਬੀ ਉਠ, ਸੁਣ, ਕਿਹਾ ਅਸਚਰਜ ਸੁਪਨਾ ਹੈ। ਸਾਮਰਤੱਖ ਨਜ਼ਾਰਾ ਅੱਖਾਂ ਅੱਗੇ ਘੁੰਮ ਰਿਹਾ ਹੈ।" ਬੀਬੀ ਸਾਵਧਾਨ ਹੋ ਕੇ ਬੈਠ ਗਈ ਤੇ ਬਾਊ ਜੀ ਨੇ ਸੁਣਾਉਣਾ ਸ਼ੁਰੂ ਕੀਤਾ-

"ਮੈਂ ਕੀ ਵੇਖਦਾ ਹਾਂ ਕਿ ਇਕ ਬੜੇ ਸਨਮਾਨਤ ਪਹਿਰਾਵੇ ਵਾਲਾ ਵਿਅਕਤੀ ਮੈਨੂੰ ਆਪਣੇ ਨਾਲ ਕਿਤੇ ਬਹੁਤ ਦੂਰ ਲਿਜਾ ਰਿਹਾ ਹੈ। ਅਖ਼ੀਰ ਅਸੀਂ ਇਕ ਐਸੇ ਮੰਡਲ ਵਿਚ ਪੁਜੇ, ਜਿਥੇ ਇਕ ਬੜਾ ਭਾਰੀ ਗ੍ਰੰਥ, ਇਕ ਬੜੇ ਜਾਹੋ ਜਲਾਲ ਵਾਲੇ ਦੈਵ-ਪੁਰਸ਼ ਦੇ ਸਾਹਮਣੇ ਟਿਕਿਆ ਹੋਇਆ ਹੈ। ਉਥੇ ਰਤਾ ਕੁ ਅਟਕੇ ਸਾਂ ਜੁ ਉਸ ਦੈਵ-ਪੁਰਸ਼ ਨੇ ਬੜੀ ਹਲੀਮੀ ਵਿਚ ਕਿਹਾ, ਇਨ੍ਹਾਂ ਦਾ ਇਥੇ ਕੋਈ ਲੇਖਾ ਨਹੀਂ, ਇਨ੍ਹਾਂ ਨੂੰ ਸਿੱਧੇ ਅਗਾਂਹ ਲੈ ਜਾਓ। ਅਸੀਂ ਫਿਰ ਅਗਾਂਹ ਅਗਾਂਹ ਜਾਂਦੇ ਗਏ। ਇਕ ਹੋਰ ਐਸਾ ਅਸਥਾਨ ਆਇਆ, ਜਿਥੇ ਮੈਂ ਦੂਰੋਂ ਵੇਖਿਆ ਕਿ ਮੇਰੀ ਸਿੰਘਣੀ ਨਿਹਾਲ ਕੌਰ ਕੁਰਸੀ ਵਰਗੇ ਅਰਾਮਦੇਹ ਅਸਥਾਨ 'ਤੇ ਬੈਠੇ ਸਨ। ਮੈਨੂੰ ਵੇਖ ਕੇ ਉਹ ਉਚੀ ਉਚੀ ਕਹਿਣ ਲੱਗ ਪਏ ਕਿ ਆ ਗਏ ਮੇਰੇ ਬਾਊ ਜੀ ! ਤਾਂ ਮੈਂ ਆਖਿਆ, 'ਅਜੇ ਵੀ ਤੇਰਾ ਬਾਊ ਜੀ ਹਾਂ?'

ਫਿਰ ਮੈਂ ਉਸ ਤੋਂ ਹਾਲ ਚਾਲ ਪੁਛਿਆ। ਕਹਿਣ ਲੱਗੇ, 'ਮੈਂ ਇਥੇ ਬਹੁਤ ਸੁਖੀ ਹਾਂ। ਤੁਸੀਂ ਮੇਰੇ ਨਮਿਤ ਜੋ ਕੁਝ ਕਰ ਰਹੇ ਹੋ, ਪਾਠ, ਕੀਰਤਨ, ਲੰਗਰ ਅਤੇ ਯਤੀਮਾਂ ਤੇ ਲੋੜਵੰਦਾਂ ਨੂੰ ਰੋਟੀ ਕਪੜਾ ਦਾਨ ਆਦਿ, ਸਭ ਕੁਝ ਮੈਨੂੰ ਮਿਲ ਰਿਹਾ ਹੈ।'

ਫਿਰ ਮੇਰੇ ਨਾਲ ਦੇ ਵਿਅਕਤੀ ਨੇ ਮੈਨੂੰ ਕਿਹਾ, 'ਅਗੇ ਚਲੀਏ, ਆਪ ਜੀ ਦਾ ਅਸਥਾਨ ਅਗੇ ਹੈ।' ਅਸੀਂ ਕੁਝ ਹੋਰ ਅਗੇ ਗਏ ਤਾਂ ਦਾਸ ਉਥੇ ਰੁਕ ਗਿਆ ਅਤੇ ਨਾਲ ਦੇ ਵਿਅਕਤੀ ਨੂੰ ਕਿਹਾ, 'ਕੀ ਮੈਂ ਆਪਣੀ ਸਿੰਘਣੀ ਨੂੰ ਵੀ ਅਗੇ ਨਾਲ ਲਿਜਾ ਸਕਦਾ ਹਾਂ?' ਤਾਂ ਉਹ ਬੇਨਤੀ ਕਰਨ ਲੱਗਾ, 'ਇਹ ਮੈਂ ਨਹੀਂ ਦਸ ਸਕਦਾ। ਤੁਸੀਂ ਇਥੇ ਠਹਿਰੋ, ਮੈਂ ਪਤਾ ਕਰ ਕੇ ਆਉਂਦਾ ਹਾਂ।' ਉਸ ਨੇ ਕੁਝ ਦੇਰ ਬਾਅਦ ਹੀ ਆ ਕੇ ਦਸਿਆ, 'ਜੀ ਹਾਂ, ਆਪ ਇਕ ਵਿਅਕਤੀ ਨੂੰ ਆਪਣੇ ਨਾਲ ਲਿਜਾ ਸਕਦੇ ਹੋ। ਉਸ ਦੈਵੀ ਵਿਅਕਤੀ ਦੇ ਇਹ ਬਚਨ ਮੈਂ ਸੁਣ ਹੀ ਰਿਹਾ ਸਾਂ ਜੁ ਮੇਰੀ ਜਾਗ ਖੁਲ੍ਹ ਗਈ। ਬੀਬੀ ! ਕਿਹਾ ਅਲੌਕਿਕ ਚਮਤਕਾਰ ਹੈ।"

ਸ੍ਰੀ ਹੇਮਕੁੰਟ ਦੀ ਇਹ ਯਾਤਰਾ ਬੜੇ ਇਲਾਹੀ ਰੰਗਾਂ ਵਿਚ ਮਾਣਦੇ ਹੋਏ ਸਤੰਬਰ ਦੇ ਅਖ਼ੀਰ 'ਤੇ ਇਹ ਸਾਰਾ ਜਥਾ ਵਾਪਸ ਮੁੜਿਆ। ਸ੍ਰੀ ਹੇਮਕੁੰਟ ਦੇ ਅਸਥਾਨ 'ਤੇ ਤਾਂ ਸ੍ਰੀਮਾਨ ਬਾਊ ਜੀ ਦੇ ਵੈਰਾਗ-ਤਰੰਗ ਤੇ ਬਿਹਬਲਤਾ ਦੀ ਕੋਈ ਹੱਦ ਹੀ ਨਹੀਂ ਸੀ। ਵੈਰਾਗ-ਮਈ ਬਾਣੀ ਦੀਆਂ ਤੁਕਾਂ ਗੁੰਜਾ ਗੁੰਜਾ ਕੇ ਐਸੀ ਮਸਤੀ ਵਿਚ ਉਛਲ ਉਛਲ ਪੈਂਦੇ ਸਨ ਕਿ ਉਥੇ ਗਏ ਹੋਏ ਦੂਜੇ ਯਾਤਰੂ ਚਕ੍ਰਿਤ ਹੋ ਹੋ ਜਾਂਦੇ ਸਨ ਅਤੇ ਕੁਝ ਬੀਬੀਆਂ ਆਖ ਰਹੀਆਂ ਸਨ, "ਇਸ ਬਾਬੇ ਨੂੰ ਕੁਝ ਹੋ ਗਿਆ ਹੈ, ਇਸ ਨੂੰ ਕੋਈ ਗਰਮੈਸ਼ ਦਿਓ, ਇਸ ਨੂੰ ਸੰਭਾਲੋ।"

## ਭਟਕਦੀਆਂ ਰੂਹਾਂ ਦਾ ਨਿਸਤਾਰਾ

1971 ਵਿਚ ਭਾਰਤ-ਪਾਕਿਸਤਾਨ ਦੀ ਜੰਗ ਜ਼ੋਰਾਂ 'ਤੇ ਸੀ। ਖੇਮਕਰਨ ਤੋਂ ਅਗੇ

ਸਹਿਜਰਾ ਦੇ ਇਲਾਕੇ ਵਿਚ ਘਮਸਾਨ ਦੀ ਜੰਗ ਹੋਈ ਸੀ। ਪਾਕਿਸਤਾਨ ਦੇ ਬੜੇ ਟੈਂਕ ਤਬਾਹ ਹੋਏ ਸਨ। ਇਸ ਇਲਾਕੇ ਵਿਚ ਪਾਕਿਸਤਾਨੀ ਫ਼ੌਜਾਂ ਨੇ ਬੜੀਆਂ ਬਾਰੂਦੀ ਸੁਰੰਗਾਂ ਵਿਛਾਈਆਂ ਹੋਈਆਂ ਸਨ। ਸ੍ਰੀਮਾਨ ਬਾਊ ਜੀ ਦੇ ਦੋਹਤਰੇ ਕੈਪਟਨ ਮਨਜੀਤ ਸਿੰਘ ਨੇ ਇਥੇ ਆਪਣੇ ਤੋਪਖ਼ਾਨੇ ਵਿਚ ਓ. ਪੀ.* ਦੀ ਡਿਊਟੀ ਕਰਦਿਆਂ ਬੜਾ ਸ਼ਾਨਦਾਰ ਤੇ ਨਾਮਣੇ ਵਾਲਾ ਕੰਮ ਕੀਤਾ ਸੀ, ਜਿਸ ਦੇ ਫਲ-ਸਰੂਪ ਦੁਸ਼ਮਨ ਦੇ ਬੜੇ ਟੈਂਕ ਤਬਾਹ ਹੋਏ ਸਨ। ਇਸੇ ਕਰਕੇ ਇਸ ਇਲਾਕੇ ਨੂੰ ਪਾਕਿਸਤਾਨੀ ਟੈਂਕਾਂ ਦਾ ਕਬਰਿਸਤਾਨ ਕਿਹਾ ਜਾਣ ਲਗ ਪਿਆ।

ਇਸ ਇਲਾਕੇ 'ਤੇ ਚੰਗੀ ਤਰ੍ਹਾਂ ਕਬਜ਼ਾ ਜਮਾ ਕੇ ਜਦ ਭਾਰਤੀ ਫ਼ੌਜਾਂ ਅਗੇ ਵੱਧਣ ਦੀ ਤਿਆਰੀ ਵਿਚ ਸਨ ਤਾਂ ਕੈਪਟਨ ਮਨਜੀਤ ਸਿੰਘ ਹੋਰਾਂ ਅਫ਼ਸਰਾਂ ਸਮੇਤ ਅਗਲੇ ਇਲਾਕੇ ਦੇ ਨਿਰੀਖਣ (reconnaissance) ਲਈ ਜੀਪ 'ਤੇ ਜਾ ਰਹੇ ਸਨ ਕਿ ਜੀਪ ਇਕ ਬਾਰੂਦੀ ਸੁਰੰਗ (mine) 'ਤੇ ਚੜ੍ਹ ਗਈ। ਸੁਰੰਗ ਦੇ ਫਟਣ ਨਾਲ ਜੀਪ ਬੁੜਕੀ, ਜਿਸ ਵਿਚੋਂ ਸਾਰੇ ਅਫ਼ਸਰ ਬੁਰੀ ਤਰ੍ਹਾਂ ਘਾਇਲ ਹੋ ਕੇ ਉਥੇ ਵਿਛੀਆਂ ਹੋਰ ਮਾਈਨਾਂ 'ਤੇ ਜਾ ਡਿੱਗੇ। ਉਨ੍ਹਾਂ ਮਾਈਨਾਂ ਦੇ ਫਟਣ ਨਾਲ ਤਿੰਨ ਸਰੀਰ ਸਣੇ ਮਨਜੀਤ ਸਿੰਘ ਦੇ ਫੀਤਾ ਫੀਤਾ ਹੋ ਗਏ। ਚੌਥਾ ਸਰੀਰ ਕਾਫ਼ੀ ਫਟੜ ਹੋ ਕੇ ਬੇਹੋਸ਼ੀ ਦੀ ਹਾਲਤ ਵਿਚ ਦੋ ਦਿਨ ਉਥੇ ਪਿਆ ਰਿਹਾ। ਤੀਜੇ ਦਿਨ ਯੂਨਿਟ ਨੂੰ ਪਤਾ ਲਗਣ 'ਤੇ ਲਾਸ਼ਾਂ ਅਤੇ ਫਟੜ ਨੂੰ ਉਸ ਖ਼ਤਰਨਾਕ ਸੁਰੰਗੀ ਏਰੀਏ ਵਿਚੋਂ ਕਢਿਆ ਗਿਆ ਅਤੇ ਪੱਟੀ ਵਿਖੇ ਲਿਆ ਕੇ ਫ਼ੌਜੀ ਸਨਮਾਨ ਨਾਲ ਤਿੰਨਾਂ ਦਾ ਸਸਕਾਰ ਕਰ ਦਿੱਤਾ ਗਿਆ।

ਆਪਣੇ ਗ੍ਰਹਿ ਤਰਨ ਤਾਰਨ ਵਿਖੇ ਬਾਊ ਮੱਲ ਸਿੰਘ ਜੀ ਆਪਣੇ ਪਰਿਵਾਰ ਦੇ ਜੀਆਂ ਨੂੰ ਬਾਰ ਬਾਰ ਕਹੀ ਜਾਣ ਕਿ ਛੇਤੀ ਮਨਜੀਤ ਸਿੰਘ ਦਾ ਪਤਾ ਕਰੋ, ਉਸ ਦੀ ਰੂਹ ਮੇਰੇ ਦੁਆਲੇ ਭੌਂਦੀ ਫਿਰਦੀ ਹੈ। ਸੋ ਖੇਮਕਰਨ ਲਾਗੇ ਕੈਪਟਨ ਮਨਜੀਤ ਸਿੰਘ ਦੀ ਯੂਨਿਟ ਤੋਂ ਜਾ ਕੇ ਪਤਾ ਕੀਤਾ ਗਿਆ ਤਾਂ ਪਤਾ ਲਗਾ ਕਿ ਕੁਝ ਦਿਨ ਪਹਿਲਾਂ ਮਾਈਨ ਏਰੀਏ ਵਿਚ ਕੈਪਟਨ ਮਨਜੀਤ ਸਮੇਤ ਤਿੰਨ ਅਫ਼ਸਰ ਸ਼ਹੀਦ ਹੋ ਗਏ ਸਨ ਤੇ ਪਰਸੋਂ ਹੀ ਉਨ੍ਹਾਂ ਦਾ ਪੱਟੀ ਵਿਖੇ ਸਸਕਾਰ ਕੀਤਾ ਗਿਆ ਹੈ। ਜਦ ਇਹ ਖ਼ਬਰ ਸ੍ਰੀਮਾਨ ਬਾਊ ਜੀ ਪਾਸ ਪੁੱਜੀ ਤਾਂ ਆਪ ਜੀ ਕੁਝ ਜੀਆਂ ਦੇ ਨਾਲ ਪੱਟੀ ਵਿਖੇ ਸਸਕਾਰ ਅਸਥਾਨ 'ਤੇ ਗਏ ਅਤੇ ਉਨ੍ਹਾਂ ਨਮਿਤ ਉਥੇ ਅਰਦਾਸ ਕੀਤੀ।

ਇਸ ਤੋਂ ਬਾਅਦ ਆਪ ਜੀ ਘਰੋਂ ਜੀਪ 'ਤੇ ਪਰਿਵਾਰ ਦੇ ਹੋਰ ਜੀਆਂ ਦੇ ਨਾਲ ਐਕਸੀਡੈਂਟ ਵਾਲੇ ਏਰੀਏ ਵਿਚ ਫ਼ੌਜੀਆਂ ਦੀ ਅਗਵਾਈ ਵਿਚ ਪਹੁੰਚੇ। ਜਦੋਂ ਉਥੇ ਖੜ੍ਹੇ ਹੋ ਕੇ ਉਨ੍ਹਾਂ ਨਮਿਤ ਅਰਦਾਸ ਕਰਨ ਲਗੇ ਤਾਂ ਤਿੰਨੇ ਰੂਹਾਂ ਸਾਹਮਣੇ ਆ ਗਈਆਂ ਅਤੇ ਅਰਦਾਸ ਵਿਚੇ ਰੁਕ ਗਈ। ਬਾਊ ਜੀ ਡਾਢੇ ਹੀ ਵੈਰਾਗ ਵਿਚ ਆ ਗਏ ਅਤੇ ਬੁਲੰਦ ਆਵਾਜ਼ ਵਿਚ ਬੇਨਤੀ ਦਾ ਸ਼ਬਦ ਪੜ੍ਹਿਆ, ਤਾਂ ਜਾ ਕੇ ਰੂਹਾਂ ਅਲੋਪ ਹੋ ਗਈਆਂ ਅਤੇ ਅਰਦਾਸ ਪੂਰੀ ਕੀਤੀ।

ਤਰਨ ਤਾਰਨ ਸਾਹਿਬ ਪੁਜ ਕੇ ਕੈ: ਮਨਜੀਤ ਸਿੰਘ ਦੇ ਨਮਿਤ ਸ੍ਰੀ ਅਖੰਡਪਾਠ

* ਲੜਾਈ ਦੇ ਮੈਦਾਨ ਵਿਚ ਕਿਸੇ ਉਚੀ ਪੋਸਟ ਜਾਂ ਦਰੱਖ਼ਤ 'ਤੇ ਬੈਠ ਕੇ ਦੁਸ਼ਮਣੀ ਦੀ ਨਕਲੋ-ਹਰਕਤ ਭਾਂਪ ਕੇ ਪਿਛੇ ਸਥਿਤ ਆਪਣੇ ਤੋਪਖ਼ਾਨੇ ਨੂੰ ਗੋਲਾਬਾਰੀ ਕਰਨ ਦਾ ਹੁਕਮ ਦੇਣ ਵਾਲਾ ਅਫ਼ਸਰ।

ਰਖਿਆ ਗਿਆ। ਭੋਗ ਸਮੇਂ ਜਿਥੇ ਹੋਰ ਬੇਅੰਤ ਸੰਗਤਾਂ ਪੁਜੀਆਂ ਹੋਈਆਂ ਸਨ, ਉਥੇ ਕਈ ਫ਼ੌਜੀ ਅਫ਼ਸਰ ਤੇ ਕਾਫ਼ੀ ਗਿਣਤੀ ਵਿਚ ਫ਼ੌਜੀ ਜਵਾਨ ਵੀ ਸ਼ਾਮਿਲ ਹੋਏ। ਕੀਰਤਨ ਸਮਾਗਮ ਬੜੀ ਚੜ੍ਹਦੀ ਕਲਾ ਵਿਚ ਹੋਇਆ। ਉਪਰੰਤ ਗੁਰੂ ਕਾ ਅਤੁਟ ਲੰਗਰ ਵਰਤਿਆ। ਪਹਿਲਾਂ ਤਾਂ ਮਨਜੀਤ ਸਿੰਘ ਦੀ ਰੂਹ ਮਾਨਯੋਗ ਬਾਊ ਜੀ ਦੇ ਦੁਆਲੇ ਚੱਕਰ ਕਟਦੀ ਸੀ, ਪਰ ਇਸ ਸਮਾਗਮ ਉਪਰੰਤ ਫਿਰ ਕਦੇ ਨਹੀਂ ਆਈ। ਬਾਊ ਜੀ ਦਸਦੇ ਹੁੰਦੇ ਸਨ ਕਿ ਨਿਸਚੇ ਹੀ ਉਸ ਦਾ ਉਧਾਰ ਹੋ ਗਿਆ, ਕਿਉਂਕਿ ਉਹ ਨੇਕ-ਚਲਨ ਸੀ, ਗੁਰਬਾਣੀ ਪਾਠ ਦਾ ਨਿਤਨੇਮੀ ਸੀ। ਉਸ ਵਿਚ ਕੋਈ ਕਿਸੇ ਕਿਸਮ ਦਾ ਐਬ ਨਹੀਂ ਸੀ। ਉਹ ਦੇ ਵਿਆਹ ਦੇ ਚਰਚੇ ਹੋ ਰਹੇ ਸਨ ਕਿ ਦਰਗਾਹੀ ਸੱਦੇ ਆ ਗਏ।

## ਪੰਥਕ ਸਨਮਾਨ

ਸ੍ਰੀਮਾਨ ਬਾਊ ਜੀ ਦੀ ਨਿਸ਼ਕਾਮ ਪੰਥਕ ਸੇਵਾ ਤੇ ਉਚੇ ਸੁਚੇ ਗੁਰਸਿੱਖੀ ਜੀਵਨ ਸਦਕਾ, ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ, ਤਖ਼ਤ ਸਾਹਿਬ ਦੀ ਹਜ਼ੂਰੀ ਵਿਚ 16 ਸਤੰਬਰ 1974 ਨੂੰ, ਭਾਰੀ ਪੰਥਕ ਇਕੱਠ ਵਿਚ ਸਨਮਾਨ-ਪੱਤਰ ਅਤੇ ਸਿਰੋਪਾਓ ਨਾਲ ਸਨਮਾਨਿਆ ਗਿਆ। ਇਸੇ ਸਮੇਂ ਸ੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਸੁਨਹਿਰੀ ਸ੍ਰੀ ਸਾਹਿਬ, ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮੁਖੀਆਂ ਵਲੋਂ ਦੁਸ਼ਾਲਿਆਂ ਦੀ ਬਖ਼ਸ਼ਿਸ਼ ਹੋਈ। ਇਸ ਸਮਾਗਮ ਵਿਚ ਮਾਨਯੋਗ ਬਾਊ ਜੀ ਪ੍ਰਥਾਇ ਜੋ ਐਡਰੈਸ ਪੜ੍ਹਿਆ ਗਿਆ ਉਹ ਇਸ ਤਰ੍ਹਾਂ ਹੈ :-

ਸ੍ਰੀ ਮਾਨਯੋਗ ਜਥੇਦਾਰ ਸਾਹਿਬ,<br>
ਸ੍ਰੀ ਅਕਾਲ ਤਖ਼ਤ ਸਾਹਿਬ,<br>
ਸ੍ਰੀ ਅੰਮ੍ਰਿਤਸਰ ਜੀ।

ਮੈਂ ਸਿੰਘ ਸਭਾ ਸ਼ਤਾਬਦੀ ਕਮੇਟੀ ਦੀ ਸਿਫ਼ਾਰਸ਼ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਨਾਲ ਆਪ ਜੀ ਪਾਸ ਬੇਨਤੀ ਕਰਨ ਦੀ ਆਗਿਆ ਪ੍ਰਾਪਤ ਕਰਦਾ ਹੋਇਆ ਪੰਥ ਦੇ ਸੁਯੋਗ ਸੇਵਕ ਭਾਈ ਸਾਹਿਬ ਬਾਬੂ ਮੱਲ ਸਿੰਘ ਜੀ ਦਾ ਨਾਂ, ਜਿਨ੍ਹਾਂ ਨੇ ਨਿਸ਼ਕਾਮ ਤੇ ਨਿਰਮਾਣ ਪੰਥ ਸੇਵਾ ਕੀਤੀ ਹੈ, ਆਪ ਜੀ ਦੀ ਸੇਵਾ ਵਿਚ ਪ੍ਰਸੰਸਾ-ਪੱਤਰ ਦੇਣ ਲਈ ਪੇਸ਼ ਕਰਦਾ ਹਾਂ।

ਸਤਿਗੁਰੂ ਅਕਾਲ ਪੁਰਖ ਦੀ ਇਹ ਬਖ਼ਸ਼ਿਸ਼ ਹੈ ਕਿ ਉਨ੍ਹਾਂ ਨੇ ਆਪਣੇ ਧਰਮ ਪੰਥ ਦੀ ਸੇਵਾ ਲਈ ਜਿਨ੍ਹਾਂ ਰੂਹਾਂ ਅੰਦਰ, ਅਜ਼ਲੀ ਪ੍ਰੇਰਨਾ ਭਰ ਕੇ ਉਨ੍ਹਾਂ ਦੇ ਸਰੀਰ ਤੋਂ ਪੰਥ ਦੀ ਸੇਵਾ ਲਈ ਹੈ, ਉਨ੍ਹਾਂ ਵਿਚੋਂ ਇਹ ਪੰਥ ਸੇਵਕੀ ਹਸਤੀ ਇਸ ਵੇਲੇ ਇਥੇ ਗੁਰ ਸੰਗਤ ਵਿਚ ਬਿਰਾਜਮਾਨ ਹੈ।

ਸ੍ਰੀਮਾਨ ਬਾਬੂ ਮੱਲ ਸਿੰਘ ਜੀ ਬਚਪਨ ਤੋਂ ਹੀ ਧਾਰਮਿਕ ਜੀਵਨ ਦੇ ਧਾਰਨੀ ਰਹੇ ਹਨ, ਜਦੋਂ ਇਹ ਮਾਤਾ ਦੇ ਕੁੱਛੜ ਤੇ ਪੰਘੂੜੇ ਵਿਚ ਪਲ ਰਹੇ ਸਨ ਤਾਂ ਇਨ੍ਹਾਂ ਦੀ ਸੁਯੋਗ ਮਾਤਾ ਜੀ ਨੇ ਓਸੇ ਵੇਲੇ ਤੋਂ ਬਾਣੀ ਦੀਆਂ ਧੁਨਾਂ ਇਨ੍ਹਾਂ ਦੇ ਕੰਨਾਂ ਵਿਚ ਪਾਉਣੀਆਂ ਅਰੰਭ ਦਿੱਤੀਆਂ ਸਨ। ਸਕੂਲ ਦੀ ਪੜ੍ਹਾਈ ਪਿਛੋਂ ਰਸਾਲੇ ਦੇ ਸਿਪਾਹੀ ਦੇ ਤੌਰ 'ਤੇ ਸਰਵਿਸ ਕਰਨ ਸਮੇਂ, ਆਪ ਜੀ ਨੇ ਧਾਰਮਿਕ ਜੀਵਨ ਦੀ ਪਰਪੱਕਤਾ ਵਧੇਰੇ ਦ੍ਰਿੜ੍ਹ ਕੀਤੀ ਤੇ

ਫ਼ਕੀਰੀ ਰੰਗ ਧਾਰਿਆ। ਆਪ ਜੀ ਦਾ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਮਿਲਾਪ ਇਕ ਜੀਵਨ-ਪਲਟਾਊ ਘਟਨਾ ਸਿਧ ਹੋਈ, ਆਪ ਜੀ ਅੰਮ੍ਰਿਤ ਛਕਣ ਸਮੇਂ ਤੋਂ ਅੱਜ ਤੀਕ ਅਖੰਡ ਕੀਰਤਨਾਂ ਦੇ ਲਾਹੇ ਅਤੇ ਨਾਮ ਅਭਿਆਸ ਦਾ ਵਿਸਮਾਦ ਰਸ ਮਾਣਦੇ ਆ ਰਹੇ ਹਨ।

ਆਪ ਜੀ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਸੰਸਕਾਰਾਂ ਦੀ ਦੀਖਿਆ ਸਮੇਂ ਪੰਜਾਂ ਪਿਆਰਿਆਂ ਨਾਲ ਸ਼ਾਮਲ ਹੋ ਕੇ ਗੁਰਮਤਿ ਨਾਮ ਦ੍ਰਿੜ੍ਹ ਕਰਾਉਣ ਅਤੇ ਸਿਖੀ ਮਰਿਆਦਾ ਦੇ ਜੀਵਨ-ਆਦਰਸ਼ਾਂ ਦੀ ਪਰੰਪਰਾ ਪੱਕੀ ਕਰਨ ਦੀ ਜੋ ਸੇਵਾ ਕੀਤੀ ਹੈ, ਉਹ ਖ਼ਾਸ ਤੌਰ 'ਤੇ ਵਰਣਨ-ਯੋਗ ਹੈ। ਇਸ ਵੇਲੇ ਦੇਸ਼ ਵਿਦੇਸ਼ ਵਿਚ, ਜਿਥੇ ਵੀ ਕੋਈ ਗੁਰੂ ਦਾ ਇਕ ਸਿੰਘ ਸਵਾ ਲੱਖੀ ਤੇ ਦੋ ਮਿਲ ਕੇ ਸਾਧ ਸੰਗਤ ਦਾ ਰੂਪ ਪੇਸ਼ ਕਰਦੇ ਹੋਏ, ਨਾਮ ਰਸ ਦੀ ਜੋਤਿ ਜਗਾਉਂਦੇ ਕੀਰਤਨ ਦੀ ਸੱਦ ਨੂੰ ਗੂੰਜਾਉਂਦੇ ਹਨ, ਉਨ੍ਹਾਂ ਵਿਚ ਬਹੁਤਾ ਇਸੇ ਜਥੇ ਦੇ ਪ੍ਰਚਾਰ ਦਾ ਫਲ ਹੈ, ਜਿਸ ਦੇ ਆਪ ਨੂੰ ਜਥੇਦਾਰ ਮੰਨਿਆ ਜਾਂਦਾ ਹੈ।

ਆਪ ਜੀ ਇਸ ਵੇਲੇ 95 ਸਾਲ ਦੀ ਉਮਰ ਗੁਜ਼ਾਰ ਕੇ 96ਵੇਂ ਵਰ੍ਹੇ ਵਿਚੋਂ ਦੀ ਗੁਜ਼ਰ ਰਹੇ ਹਨ। ਆਪ ਜੀ ਨੇ ਗੁਰਸਿਖੀ ਦੀ ਸੇਵਾ ਨਿਰੋਲ ਸੇਵਾ ਸਮਝ ਕੇ ਕੀਤੀ ਹੈ, ਉਸ ਸੇਵਾ ਦਾ ਕਿਸੇ ਤਰ੍ਹਾਂ ਵੀ ਕੋਈ ਨਿੱਜੀ ਮਾਇਕ ਲਾਭ ਨਹੀਂ ਉਠਾਇਆ। ਅਜਿਹੇ ਗੁਰਸਿਖ ਜੀਵਨ ਵਾਲੇ ਗੁਰਮੁਖ ਪਿਆਰੇ, ਗੁਰਸਿਖੀ ਦੀ ਪ੍ਰੇਰਨਾ ਤੋਂ ਛੋਹ ਵੱਧ ਤੋਂ ਵੱਧ ਪੰਥ-ਪ੍ਰੇਮੀਆਂ ਨੂੰ ਲਗਣ ਦੀ ਜਾਚਨਾ ਕਰਦਿਆਂ ਹੋਇਆਂ, ਆਪ ਜੀ ਪਾਸ ਦਰਖ਼ਾਸਤ ਕਰਦਾ ਹਾਂ, ਕਿ ਸ੍ਰੀ ਮਾਨ 'ਪੰਥ ਸੇਵਕ' ਭਾਈ ਸਾਹਿਬ ਬਾਬੂ ਮੱਲ ਸਿੰਘ ਜੀ ਨੂੰ, ਉਨ੍ਹਾਂ ਦੀ ਨਿਸ਼ਕਾਮ ਤੇ ਨਿਰਮਾਣ ਸੇਵਾ ਨੂੰ ਮੁੱਖ ਰੱਖ ਕੇ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਤਜਵੀਜ਼ ਕੀਤਾ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਵਾਨ ਕੀਤਾ 'ਪ੍ਰਸੰਸਾ-ਪੱਤਰ' ਦੇ ਕੇ ਨਿਵਾਜਿਆ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਾਬੂ ਮੱਲ ਸਿੰਘ ਜੀ ਨੂੰ ਬਖ਼ਸ਼ਿਆ ਗਿਆ ਪ੍ਰਸੰਸਾ-ਪੱਤਰ :-

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਭਾਈ ਸਾਹਿਬ ਭਾਈ ਮੱਲ ਸਿੰਘ ਜੀ ਵਲੋਂ ਗੁਰਮਤਿ ਤੇ ਗੁਰਬਾਣੀ ਦੇ ਪਰਚਾਰ ਹਿਤ ਕੀਤੀ ਗਈ ਨਿਸ਼ਕਾਮ ਸੇਵਾ ਪ੍ਰਤੀ ਖਾਲਸਾ ਪੰਥ ਵਲੋਂ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ। ਆਪ ਜੀ ਉਪਰ ਸਤਿਗੁਰੂ ਜੀ ਦੀਆਂ ਖੁਸ਼ੀਆਂ ਹੋਵਣ।

ਸਤਿਗੁਰੂ ਅਕਾਲ ਪੁਰਖ ਅਗੇ ਅਰਦਾਸ ਹੈ ਕਿ ਆਪ ਦਾ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭੇ।

ਮੋਹਰ — ਸਹੀ ਸਾਧੂ ਸਿੰਘ
ਤਖ਼ਤ ਸਾਹਿਬ — ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

## ਸ੍ਰੀਮਾਨ ਬਾਊ ਜੀ ਨੂੰ ਸਖ਼ਤ ਹਾਦਸਾ

21 ਮਾਰਚ 1975 ਦਾ ਜ਼ਿਕਰ ਹੈ। ਸ੍ਰੀ ਅੰਮ੍ਰਿਤਸਰ ਈਸਟ ਮੋਹਨ ਨਗਰ ਵਿਖੇ ਇਕ

ਸਿੰਘ ਦੇ ਗ੍ਰਹਿ ਵਿਖੇ ਜਥੇ ਵਲੋਂ ਸ੍ਰੀ ਅਖੰਡਪਾਠ ਅਰੰਭ ਕੀਤਾ ਗਿਆ। ਸ੍ਰੀਮਾਨ ਬਾਊ ਮੱਲ ਸਿੰਘ ਜੀ ਤਰਨ ਤਾਰਨ ਤੋਂ ਆ ਕੇ ਆਪਣੀ ਦੋਹਤਰੀ ਬੀਬੀ ਬਲਵੰਤ ਕੌਰ ਜੀ ਪਾਸ ਰਾਣੀ ਕੇ ਬਾਗ ਵਿਖੇ ਠਹਿਰੇ ਸਨ। ਬੀਬੀ ਬਲਵੰਤ ਕੌਰ ਤੇ ਉਨ੍ਹਾਂ ਦੇ ਪਤੀ ਭਾਈ ਸਾਹਿਬ ਰਾਮ ਸਿੰਘ ਜੀ ਆਪਣੀ ਕਾਰ ਵਿਚ ਬਾਊ ਜੀ ਨੂੰ ਲੈ ਕੇ ਸ੍ਰੀ ਅਖੰਡਪਾਠ ਅਸਥਾਨ 'ਤੇ ਪੁਜੇ। ਸ੍ਰੀ ਅਖੰਡਪਾਠ ਅਰੰਭ ਹੋ ਚੁਕਾ ਸੀ। ਸੰਗਤਾਂ ਦੇਗ ਲੈ ਕੇ ਜਾ ਚੁੱਕੀਆਂ ਸਨ। ਘਰ ਵਾਲੇ ਰਸੋਈ ਵਿਚ ਸੰਗਤਾਂ ਦੇ ਜਲ ਪਾਣੀ ਵਿਚ ਰੁਝੇ ਹੋਏ ਸਨ। ਇਕ ਬੀਬੀ ਜੀ ਸ੍ਰੀ ਅਖੰਡਪਾਠ ਕਰ ਰਹੇ ਸਨ। ਸ੍ਰੀ ਅਖੰਡਪਾਠ ਵਾਲੇ ਕਮਰੇ ਵਿਚ ਹੀ, ਮਹਾਰਾਜ ਦੇ ਪ੍ਰਕਾਸ਼-ਅਸਥਾਨ ਦੇ ਬਰਾਬਰ, ਥੋੜੀ ਵਿਥ 'ਤੇ ਹੀ ਕਮਰੇ ਤੋਂ ਹੇਠਾਂ ਬਣੇ ਭੋਰੇ ਨੂੰ ਪੌੜੀ ਉਤਰਦੀ ਸੀ। ਗੁਰੂ ਨੇਤ ਨਾਲ ਪੌੜੀ ਦਾ ਦਰਵਾਜ਼ਾ ਵੀ ਖੁਲ੍ਹਾ ਹੀ ਸੀ। ਸ੍ਰੀਮਾਨ ਬਾਊ ਜੀ ਕਾਰ ਤੋਂ ਉਤਰ ਕੇ ਰਵਾਂ ਰਵੀਂ ਪਾਠ ਵਾਲੇ ਕਮਰੇ ਵਿਚ ਦਾਖ਼ਲ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ, ਪਾਸੇ ਤੇ ਹੋ ਕੇ ਬੈਠਣ ਲਗੇ ਹੀ ਸਨ ਜੁ ਪਿਛਲੇ ਬੰਨੇ, ਧੜੰਮ ਕਰਕੇ ਭੋਰੇ ਵਿਚ ਡਿਗ ਪਏ।

ਇਸ ਘਟਨਾ ਦੀ ਵਾਰਤਾ ਬਾਊ ਜੀ ਨੇ ਆਪ ਜੋ ਲਿਖੀ, ਉਹ ਜਨਵਰੀ 1976 ਦੇ 'ਸੂਰਾ' ਵਿਚ ਹੇਠ ਲਿਖੇ ਅਨੁਸਾਰ ਛਪੀ ਸੀ-

"ਪਿਆਰੇ ਜੀ, ਅਜ ਮੇਰੀ ਕਥਾ ਕਹਾਣੀ ਸੁਣੋ ਜੀ। ਅਜ 17-12-75 ਸਵੇਰੇ ਨੌਂ ਦਸ ਵਜੇ ਬਾਹਰ ਜੰਗਲ ਵਿਚ ਬੈਠਿਆਂ, ਨਾਮ ਜਪਦਿਆਂ, ਨਾਮ-ਰੰਗਾਂ ਵਿਚ ਅਚਾਨਕ ਮੈਨੂੰ 21-3-75 ਵਾਲਾ ਐਕਸੀਡੈਂਟ, ਖੱਬੀ ਪਸਲੀ ਟੁੱਟਣ ਦਾ ਵਾਕਿਆ, ਖ਼ੂਬ ਪਰਤੱਖ ਨਦਰੀ ਆਇਆ। ਡਿਗਣ ਸਾਰ ਮੇਰੀ ਜੁਗਾਂ ਦੀ ਪੁਤਰੀ ਬਲਵੰਤ ਕੌਰ ਨੇ ਦੁਹਾਈ ਦਿੱਤੀ ਕਿ ਮੇਰਾ ਬਾਪੂ ਜੀ ਅੰਡਰ ਗਰਾਊਂਡ ਟੋਏ (ਭੋਰੇ) ਵਿਚ ਡਿਗ ਪਿਆ ਹੈ।

ਸਰਦਾਰ ਰਾਮ ਸਿੰਘ ਢਿਲੋਂ ਸਭ ਤੋਂ ਪਹਿਲਾਂ ਮੇਰੇ ਪਾਸ ਪੁਜੇ। ਮੇਰੀ ਪਸਲੀ ਟੁਟਣ ਕਰਕੇ ਸਖ਼ਤ ਦਰਦ ਤੇ ਜਿਵੇਂ ਮੇਰਾ ਅੰਤ ਆ ਗਿਆ ਹੈ, ਮੈਂ ਜ਼ੋਰ ਜ਼ੋਰ ਉਚੀ ਗੁਰ-ਮੰਤਰ ਦਾ ਜਾਪ ਖ਼ੂਬ ਕੀਤਾ। ਫੇਰ ਮੈਨੂੰ ਉਪਰ ਲੈ ਆਏ। ਮੈਂ ਤੁਰ ਕੇ ਆਇਆ। ਮੈਨੂੰ ਪੁਤਰੀ ਬਲਵੰਤ ਕੌਰ ਤੇ ਰਾਮ ਸਿੰਘ ਢਿਲੋਂ ਆਪਣੀ ਕਾਰ ਵਿਚ, ਹੱਡੀਆਂ ਦੇ ਡਾਕਟਰ ਕਰਮ ਸਿੰਘ ਗਰੇਵਾਲ ਪਾਸ ਲੈ ਗਏ। ਉਸ ਨੇ ਖ਼ੂਬ ਦੇਖਿਆ, ਪਰ ਫ਼ੀਸ ਨਹੀਂ ਲਈ। ਕਹਿਣ ਲਗਾ, ਪਸਲੀ ਟੁੱਟੀ ਹੈ, ਪਰ ਟੁੱਟੀ ਹੋਈ ਸਿਧੀ ਹੈ, ਭਾਵ ਫਿਰ ਜੁੜ ਜਾਣ ਦਾ ਮੁਅਜਜ਼ਾ ਹੈ।

ਮੈਨੂੰ ਤਰਨ ਤਾਰਨ ਘਰ ਲੈ ਆਏ। ਦਵਾਈ ਡਾਕਟਰ ਗਰੇਵਾਲ ਦੀ ਵਰਤੀ। ਮੈਂ ਉਠ ਨਹੀਂ ਸੀ ਸਕਦਾ, ਪਿਸ਼ਾਬ ਨਹੀਂ ਸੀ ਕਰ ਸਕਦਾ, ਦਰਦ ਬਹੁਤ ਸੀ।

ਹੁਣ ਸੁਣੋ ਪ੍ਰਤੱਖ ਕਹਾਣੀ, ਪਰਮਾਣ ਦੀ ਲੋੜ ਨਹੀਂ ਹੈ। ਸਭ ਨੂੰ, ਮੇਰੇ ਘਰ ਵਾਲਿਆਂ ਨੂੰ ਯਕੀਨ ਕਿ ਉਮਰ 96 ਸਾਲ, ਬੁਢਾਪਾ, ਪਸਲੀ ਟੁਟਣ ਕਰਕੇ ਹੁਣ ਸਾਬਤ-ਠੀਕ ਹੋਣਾ ਨਾਮੁਮਕਿਨ ਹੈ। ਪਰ ਜਥੇ ਦੇ ਪਿਆਰਿਆਂ ਸੈਂਕੜੇ ਗੁਰੂ-ਸੱਜਣਾਂ ਨੇ ਮੇਰੇ ਲਈ ਬੇਅੰਤ ਅਰਦਾਸਾਂ, ਪੱਤਰ, ਤਾਰਾਂ ਤੇ ਬਹੁਤ ਪਿਆਰ ਦੂਰੋਂ ਦੂਰੋਂ ਭੇਜੇ। ਕੋਟਾ, ਬੂੰਦੀ, ਨਾਰਨੌਲ, ਮੇਰਠ, ਬਰੇਲੀ, ਆਗਰਾ, ਕਾਨਪੁਰ, ਦਿੱਲੀ, ਅੰਬਾਲਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਸ੍ਰੀ ਨਗਰ ਆਦਿਕ ਤੋਂ ਆਪ, ਨਾਲ ਸਿੰਘਣੀਆਂ, ਬੱਚੇ ਮੇਰੇ ਪਾਸ ਪੁੱਜੇ ਤੇ

ਰੋ ਰੋ ਮੈਨੂੰ ਗਲਵਕੜੀ ਪਾ, ਕਈਆਂ ਪਿਆਰਿਆਂ ਨੇ ਮੇਰੇ ਨਮਿਤ ਪਾਠ ਚੌਪਈ, ਰਾਮਕਲੀ ਕੀ ਵਾਰ, ਛੇ ਅਖੰਡਪਾਠ ਤੇ ਬੇਅੰਤ ਅਰਦਾਸੇ ਕੀਤੇ। ਭਾਵ, ਧਰਮਰਾਇ ਨੂੰ ਪਰਚਾ ਬਦਲੀ ਕਰਨਾ ਪਿਆ। ਮੈਂ ਕੁਛ ਦਿਨਾਂ ਵਿਚ ਨੌਂ-ਬਰ-ਨੌਂ ਠੀਕ ਹੋ ਗਿਆ, ਮੈਨੂੰ ਸੱਟ ਭੁਲ ਗਈ। ਮੈਨੂੰ ਮਿਲਣ ਲਈ ਕਈ ਪਿਆਰੇ ਵੀਰ ਆਏ ਤੇ ਮੈਨੂੰ ਵੇਖ ਕੇ ਕਹਿਣ ਲਗੇ ਕਿ ਆਪ ਅਗੇ ਨਾਲੋਂ ਤਕੜੇ ਹੋ ਗਏ ਹੋ, ਚਿਹਰਾ ਲਾਲ ਹੈ। ਡਾਕਟਰ ਗਰੇਵਾਲ ਨੂੰ ਮਿਲੇ ਤੇ ਕਹਿਣ ਲੱਗਾ, ਕੀ ਆਪ ਪੇਸ਼ੈਂਟ (ਬੀਮਾਰ) ਹੋ? ਆਪਣਾ ਚਿਹਰਾ ਤਾਂ ਦੇਖੋ, ਲਾਲ ਹੈ। ਇਹ ਪ੍ਰਤੱਖ ਕਲਾ ਗੁਰਮੁਖਾਂ ਪਿਆਰਿਆਂ ਦੀ ਹਮਦਰਦੀ, ਅਰਦਾਸਾਂ ਤੇ ਅਖੰਡਪਾਠਾਂ ਦੇ ਭੋਗਾਂ ਦੀ ਵਰਤੀ ਹੈ। ਅੱਜ ਮੈਨੂੰ ਨਾਮ-ਰੰਗਾਂ ਵਿਚ ਲੀਨ ਹੋਏ ਨੂੰ ਇਹ ਸਭ ਕੁਝ ਨਜ਼ਾਰਾ ਸਨਮੁਖ ਹੋਇਆ ਹੈ ਤੇ ਮੈਂ ਨਾਮ-ਰੰਗਾਂ ਵਿਚ ਲੀਨ ਖ਼ੂਬ ਖ਼ੂਬ, ਮੈਂ ਜਲ ਭਰਿਆ ਰੋਇ, ਤੇ ਨੇਤਰਾਂ ਨੇ ਜਲ ਨਹੀਂ ਡੋਲ੍ਹਿਆ, ਗੁਰਮੁਖ ਪਿਆਰੇ ਵੀਰਾਂ ਭੈਣਾਂ ਦਾ ਉਪਕਾਰ ਚੇਤੇ ਕਰ ਕਰ, ਉਨ੍ਹਾਂ ਪਿਆਰਿਆਂ ਦੇ ਚਰਨ ਪਰਸ ਕੀਤੇ ਹਨ। ਇਹ ਲੇਖ ਪਿਆਰ ਭਰਿਆ, ਦਰਦ ਭਰਿਆ, ਉਨ੍ਹਾਂ ਪਿਆਰਿਆਂ ਦੇ ਚਰਨ ਪਰਸ, ਪ੍ਰਕਰਮਾਂ ਕਰ, ਹੱਥ ਜੋੜ, ਗਲਵਕੜੀ ਪਾ, ਗੁਰਮੁਖਾਂ ਦੇ ਚਰਨ ਮਸਤਕ ਲਾ, ਆਪਣੀ ਜੀਭਾ ਨਾਲ ਚਰਨ ਚਟ ਚਟ, ਰਸ-ਲੀਨ ਹੋਇ ਗੁਰੂ ਫਤਿਹ ਤੇ ਖਿਮਾ ਦੀ ਬੇਨਤੀ ਨਿਮਰਤਾ ਸਹਿਤ ਪਹੁੰਚੇ।

ਨਾਲੇ ਹੱਥ ਜੋੜ ਬੇਨਤੀ ਹੈ ਕਿ ਜਦੋਂ ਮੇਰਾ ਅੰਤ, ਅਕਾਲ ਚਲਾਣਾ ਸੁਣੋ ਤਾਂ ਫਿਰ ਵੀ ਮੇਰੀ ਅਰਦਾਸ ਜ਼ਰੂਰ ਕਰਨੀ, ਭਾਵੇਂ ਉਹ ਵੀਰ ਉਸ ਵਕਤ ਮਾਤ ਲੋਕ ਵਿਚ ਹੋਵਣ ਤੇ ਭਾਵੇਂ ਬੇਗਮਪੁਰੇ ਸ਼ਹਿਰ ਹੋਵਣ, ਪਰ ਮੇਰੀ ਸਹਾਇਤਾ ਬਖ਼ਸ਼ਿਸ਼ ਅਰਦਾਸ ਜ਼ਰੂਰ ਕਰਨ। ਗੁਰੂ ਦਾ ਵਾਸਤਾ ਹੈ। ਪਿਆਰੇ ਜੀ, ਵਾਕਿਆ ਪ੍ਰਤੱਖ ਵੇਖਿਆ ਹੈ, ਪਰਮਾਣ ਦੀ ਲੋੜ ਨਹੀਂ ਹੈ। ਧੰਨ ਸਤਿਗੁਰੂ, ਧੰਨ ਸਤਿਗੁਰੂ ਦੀ ਸੰਗਤ, ਧੰਨ ਗੁਰਸਿਖ। "ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ", ਪਰ ਮੈਂ ਅੱਖੀਂ ਵੇਖਿਆ ਹੈ, ਸੱਚ ਹੈ ਸੱਚ, ਸੱਚ ਹੈ। ਮੇਰਾ ਹਿਰਦਾ, ਮੇਰੀ ਜ਼ਮੀਰ, ਮੇਰਾ ਦਿਲ ਗੁਰਮੁਖ ਪਿਆਰਿਆਂ ਤੋਂ ਵਾਰਨੇ, ਬਲਿਹਾਰਨੇ ਲੱਖ ਵਾਰ ਹੈ, ਮੈਨੂੰ ਮੋਏ ਨੂੰ ਜ਼ਿੰਦਾ ਕਰ ਕੇ ਨਵੀਂ ਜ਼ਿੰਦਗੀ ਬਖ਼ਸ਼ੀ ਹੈ। ਹਾਂ ਜੀਓ, ਮੈਨੂੰ ਭੁਲਾਵਣਾ ਨਹੀਂ।

ਤੁਹਾਡਾ ਪਿਆਰਾ

ਸੇਵਾਦਾਰ, ਲਾਲ ਗੋਲਾ, ਦਾਸ-ਮੱਲ ਸਿੰਘ, ਨਾਭਾ

ਇਸ ਘਟਨਾ ਤੋਂ ਛੇਤੀ ਪਿਛੋਂ ਰਾਜ਼ੀ ਹੋਣ ਸਾਰ ਹੀ, ਸੰਗਤਾਂ ਦੇ ਧੰਨਵਾਦ ਵਜੋਂ ਮਾਨਯੋਗ ਬਾਊ ਜੀ ਨੇ ਇਕ ਬਿਆਨ ਸਾਂਝੇ ਤੌਰ 'ਤੇ ਭੇਜਿਆ, ਜੋ ਜੂਨ 1975 ਦੇ 'ਸੂਰਾ' ਪੱਤਰ ਵਿਚ ਇਉਂ ਛਪਿਆ ਸੀ-

**ਨਖ ਸਿਸ ਲਉ ਸਗਲ ਅੰਗ ਰੋਮ ਰੋਮ ਕਰਿ**
**ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ॥**
**ਅਗਨਿ ਜਲਾਇ ਫੁਨਿ ਪੀਸਨ ਪਸਾਇ ਤਾਂਹਿ**
**ਲੈ ਉਡੈ ਪਵਨ ਹੋਇ ਅਨਿਕ ਪ੍ਰਕਾਰੀਐ॥**
**ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ**
**ਤਾਹੂ ਤਾਹੂ ਮਾਰਗ ਮਹਿ ਭਸਮ ਕੈ ਡਾਰੀਐ॥**

**ਤਿਹ ਪਦ ਪਾਦਕ ਚਰਨ ਲਿਵ ਲਾਗੀ**
**ਰਹੈ ਦਯਾ ਕੈ ਦਯਾਲ ਮੋਹਿ ਪਤਿਤ ਉਧਾਰੀਐ ॥੬੭੨॥**

*(ਭਾਈ ਗੁਰਦਾਸ ਜੀ, ਕਬਿਤ ਸਵਈਏ)*

ਦਾਸ ਨੂੰ ਅਚਾਨਕ ਸ੍ਰੀ ਅਖੰਡਪਾਠ ਜੀ ਦੇ ਦਰਸ਼ਨ ਪਰਸਨ ਗਇਆਂ ਨੂੰ ਸਖ਼ਤ ਐਕਸੀਡੈਂਟ ਮੌਤ ਬਰਾਬਰ ਹੋਇਆ। ਹੁਕਮ ! ਭਾਣਾ !! ਸ਼ੁਕਰ !!! ਸਤਿਗੁਰੂ ਜੀ ਨੇ ਮਰਦਾ ਬਹੁਰ ਜੀਵਾਇਆ ਹੈ। ਗੁਰਸਿੱਖ ਸੰਗਤਾਂ ਤੇ ਗੁਰਮੁਖ ਪਿਆਰਿਆਂ ਵਲੋਂ ਬੇਅੰਤ ਤਾਰਾਂ ਤੇ ਪ੍ਰੇਮ-ਪੱਤਰ ਹਮਦਰਦੀ ਭਰੇ ਪੁਜੇ ਹਨ। ਕਈ ਗੁਰਮੁਖ ਪਿਆਰੇ ਸਹਿਤ ਪਰਿਵਾਰਾਂ ਦੇ ਵੱਖ-ਵੱਖ ਸ਼ਹਿਰਾਂ ਤੋਂ ਮੈਂ ਨੀਂਚ, ਮਨਮੁਖ, ਮਤ-ਹੀਣ ਤੇ ਔਗੁਣ ਭਰੇ ਨੂੰ ਬੜੇ ਹਿਤ ਨਾਲ ਮਿਲਣ ਆਏ ਹਨ। ਇਥੇ ਹੀ ਬਸ ਨਹੀਂ, ਦਾਸ ਨਮਿਤ ਕਈ ਗੁਰੂ ਕੇ ਲਾਲ ਚੌਪਈ ਦੇ ਪਾਠ ਕਰ ਅਤੇ ਕਈ ਪਿਆਰੇ ਰਾਮਕਲੀ ਕੀ ਵਾਰ ਦੇ ਪਾਠ ਕਰ ਕਰ, ਦਾਸ ਦੀ ਸਿਹਤਯਾਬੀ ਲਈ ਅਰਦਾਸੇ ਕਰਦੇ ਰਹੇ ਹਨ। ਕਈ ਥਾਈਂ ਸਮਾਗਮਾਂ ਵਿਚ ਸੰਗਤਾਂ ਵਲੋਂ ਇਸ ਕੀਟ ਨਮਿਤ ਅਰਦਾਸੇ ਹੋਏ, ਜਿਨ੍ਹਾਂ ਦਾ ਸਦਕਾ ਦਾਸ ਫਿਰ ਜੀ ਪਿਆ ਹੈ। ਮੈਂ ਕਿਵੇਂ ਤੇ ਕਿੰਨਾ ਅੱਖਰਾਂ ਨਾਲ ਗੁਰਸਿੱਖਾਂ ਦਾ ਧੰਨਵਾਦ ਕਰਾਂ ! ਗੁਰਸਿੱਖਾਂ ਨੇ ਬੜੀ ਮਿਹਰ, ਤਰਸ ਤੇ ਪਰਉਪਕਾਰ ਕੀਤਾ ਹੈ। ਦਾਸ ਵਲੋਂ ਹੱਥ ਜੋੜ, ਗਲ ਪਲੂ ਪਾ, ਪਰਕਰਮਾਂ ਕਰਿ, ਡਾਢੇ ਪ੍ਰੇਮ ਪਿਆਰ ਤੇ ਨਿਮਰਤਾ ਸਹਿਤ ਚਰਨ ਚੁੰਮ ਚੁੰਮ, ਡੰਡਉਤ ਬੰਦਨਾ ਕਰਿ, ਸਭ ਵੀਰਾਂ ਭੈਣਾਂ ਦਾ ਤਹਿ-ਦਿਲੋਂ ਧੰਨਵਾਦ ਤੇ ਸ਼ੁਕਰੀਆ ਹੈ। ਦਾਸ ਇਨ੍ਹਾਂ ਪਿਆਰਿਆਂ ਦਾ ਸੇਵਕ, ਲਾਲਾ ਗੋਲਾ, ਹੁਕਮੀ ਬੰਦਾ, ਸਦਾ ਸਦਾ ਲੋਕ ਪਰਲੋਕ ਵਿਚ ਚਰਨ-ਧੂੜ ਬਣਨ ਦਾ ਜਾਚਕ ਹੈ। ਜਾਚਕ ਹਰ ਵੇਲੇ ਬੈਖ਼ਰੀਦ ਦਾਸਰਾ ਬਣ ਕੇ ਰਹੇਗਾ।

ਅਵਗੁਣੀ ਭਰਿਆ ਦਾਸਰਾ-
"ਮੱਲ ਸਿੰਘ, ਤਰਨ ਤਾਰਨ"

## ਦੂਜਾ ਸੁਪਨ-ਚਮਤਕਾਰ

ਦੂਜਾ ਸੁਪਨ-ਚਮਤਕਾਰ ਸ੍ਰੀਮਾਨ ਬਾਊ ਜੀ ਦੀ ਜ਼ੁਬਾਨੀ ਇਉਂ 'ਸੂਰਾ' ਵਿਚ ਛਪਿਆ ਸੀ:-

"ਜਨਵਰੀ 1975 ਵਿਚ ਮੈਂ ਆਪਣੇ ਲੜਕੇ ਕਰਨਲ ਕੁਲਵੰਤ ਸਿੰਘ ਪਾਸ ਅੰਬਾਲੇ ਛਾਉਣੀ ਠਹਿਰਿਆ ਹੋਇਆ ਸੀ ਕਿ ਗੁਰੂ ਨੇਤ ਨਾਲ ਇਕ ਦਿਨ ਅੰਮ੍ਰਿਤ ਵੇਲੇ ਨਿਤਨੇਮ ਅਭਿਆਸ ਤੋਂ ਬਾਅਦ ਅੱਖ ਲਗ ਗਈ। ਤਾਂ ਕੀ ਵੇਖਦਾ ਹਾਂ ਕਿ ਦਾਸ ਨੇ ਇਹ ਪੰਜਭੂਤਕੀ ਚੋਲਾ ਛੱਡ ਦਿੱਤਾ ਹੈ ਤੇ ਸ੍ਰੀਮਾਨ ਭਾਈ ਸਾਹਿਬ ਜੀ ਲੈਣ ਆਏ ਹਨ। ਉਨ੍ਹਾਂ ਨੇ ਪੁਛਿਆ, 'ਕਿਸੇ ਨੂੰ ਮਿਲਣਾ ਹੈ?' ਦਾਸ ਨੇ ਕਿਹਾ, 'ਕਿਸ ਨੂੰ ਮਿਲਣਾ ਹੈ ! ਔਹ ਨੂੰਹ ਖੜੀ ਹੈ, ਖੜੀ ਰਹਿਣ ਦਿਓ।'

ਅਸੀਂ ਚਲ ਪਏ ਅਤੇ ਜੈਸੇ ਅਸਥਾਨ 'ਤੇ ਪੁਜੇ ਜਿਥੇ ਇਕ ਬੜੇ ਤੇਜ-ਪਰਤਾਪ ਤੇ ਨੂਰਾਨੀ ਚਿਹਰੇ ਵਾਲਾ ਵਿਅਕਤੀ ਬਿਰਾਜਮਾਨ ਹੈ, ਸ਼ਾਇਦ ਧਰਮਰਾਜ ਹੋਣਾ ਹੈ ! ਉਥੇ ਹੋਰ ਬਹੁਤ ਲੋਕ ਖੜੇ ਸਨ। ਉਨ੍ਹਾਂ ਵਲ ਇਸ਼ਾਰਾ ਕਰ ਕੇ ਮੈਨੂੰ ਉਸਨੇ ਪੁਛਿਆ,

'ਇਨ੍ਹਾਂ ਨੂੰ ਜਾਣਦਾ ਹੈਂ, ਇਹ ਕੌਣ ਹਨ ?' ਮੈਂ ਕਿਹਾ, 'ਮੈਨੂੰ ਕੀ ਪਤਾ, ਇਹ ਕੌਣ ਹਨ।'

ਉਸ ਨੇ ਕਿਹਾ, 'ਇਹ ਉਹ ਜੀਵ ਹਨ ਜਿਨ੍ਹਾਂ ਦੀਆਂ ਤੂੰ ਅਰਦਾਸਾਂ ਕਰਦਾ ਰਿਹਾ ਹੈਂ।'

ਦਾਸ ਨੇ ਉੱਤਰ ਦਿੱਤਾ, 'ਮੈਂ ਅਰਦਾਸ ਸੰਗਤ ਵਲੋਂ ਕਰਦਾ ਰਿਹਾ ਹਾਂ, ਆਪ-ਹੁਦਰੀ ਨਹੀਂ।'

ਉਸ ਨੇ ਫਿਰ ਕਿਹਾ, 'ਨਹੀਂ ਨਹੀਂ, ਚਾਹੇ ਅਰਦਾਸ ਸੰਗਤ ਵਿਚ ਹੀ ਹੁੰਦੀ ਸੀ, ਪਰ ਕਰਦਾ ਤਾਂ ਤੂੰ ਹੀ ਰਿਹਾ ਹੈਂ।'

ਚਾਹੇ ਇਹ ਦ੍ਰਿਸ਼ ਸੁਪਨੇ ਵਿਚ ਹੀ ਦੇਖਿਆ, ਪਰ ਇਹ ਠੀਕ ਹੀ ਪਰਤੀਤ ਹੁੰਦਾ ਹੈ। ਜਿਉਂ ਹੀ ਭਾਈ ਸਾਹਿਬ ਨਾਲ ਮੇਲ ਹੋਇਆ, ਓਦੋਂ ਤੋਂ ਹੀ ਅਰਦਾਸ ਮੇਰੇ ਖਾਤੇ ਵਿਚ ਲਿਖੀ ਗਈ। ਹੁਣ ਤਕ ਸਾਰੀ ਆਯੂ ਵਿਚ ਬੇਅੰਤ ਅਰਦਾਸਾਂ ਦਾਸ ਵਲੋਂ ਗੁਰਮੁਖ ਪਿਆਰਿਆਂ ਲਈ ਕੀਤੀਆਂ ਗਈਆਂ ਹਨ। ਹੁਣ ਸੰਗਤਾਂ ਦੇ ਚਰਨਾਂ ਵਿਚ ਸਨਿਮਰ ਜੋਦੜੀ ਹੈ ਕਿ ਦਾਸ ਅਉਗੁਣਹਾਰੇ ਨੂੰ ਬਖਸ਼ਵਾਇ ਲਵੋ ਜੀ।"

## ਧਰਮਸਾਲਾ ਵਿਚ ਦੂਜੀ ਫੇਰੀ

ਦੂਜੀ ਵਾਰ ਧਰਮਸਾਲਾ ਵਿਖੇ ਸ੍ਰੀਮਾਨ ਬਾਊ ਮੱਲ ਸਿੰਘ ਜੀ ਦੇ ਨਾਲ ਜੂਨ 1979 ਵਿਚ ਜਾਣ ਦੇ ਅਉਸਰ ਬਣੇ। ਪ੍ਰਿੰਸੀਪਲ ਇੰਦਰ ਕੌਰ ਜੀ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਲਈ ਧਰਮਸਾਲਾ ਗਏ ਹੋਏ ਸਨ। ਬਾਊ ਜੀ ਨੇ ਉਥੇ ਗੁਰਦੁਆਰਾ ਸਾਹਿਬ ਵਿਖੇ ਪੰਚਮ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਸਮੇਂ ਵਖਿਆਨ ਕਰਦਿਆਂ ਦਸਿਆ ਕਿ "ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਅਗੇ ਹਰੇਕ ਸਿੱਖ ਦਾ ਸਿਰ ਝੁਕਦਾ ਹੈ। ਉਨ੍ਹਾਂ ਦਾ ਇਹ ਮਹਾਨ ਉਪਕਾਰ ਸਾਰੇ ਸੰਸਾਰ ਲਈ ਹੈ, ਜਿਨ੍ਹਾਂ ਦੇ ਉਪਦੇਸ਼ਾਂ ਦੁਆਰਾ ਸਾਰੀ ਦੁਨੀਆਂ ਦਾ ਵਿਕਾਰੀ ਜੀਵਨ ਤੋਂ ਛੁਟਕਾਰਾ ਹੋ ਕੇ ਖਲਾਸੀ ਹੋਣੀ ਹੈ।" ਆਪ ਦੇ ਹਿਰਦੇ ਵਿਚੋਂ ਨਿਕਲੇ ਬਚਨਾਂ ਦਾ ਸੰਗਤਾਂ 'ਤੇ ਬੜਾ ਪ੍ਰਭਾਵ ਪਿਆ।

ਕੁਝ ਗੁਰਮੁਖ ਸੱਜਣਾਂ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੇ ਸ੍ਰੀਮਾਨ ਬਾਊ ਜੀ ਦੇ ਦਰਸ਼ਨ ਅਨੰਦਪੁਰ ਸਾਹਿਬ ਕੀਤੇ ਹੋਏ ਸਨ। ਦੀਵਾਨ ਦੀ ਸਮਾਪਤੀ 'ਤੇ ਉਨ੍ਹਾਂ ਬੀਬੀ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਬਾਊ ਜੀ ਨੂੰ ਇਥੇ ਦਰਸ਼ਨ ਦੇਣ ਲਈ ਦਾਸਾਂ ਵਲੋਂ ਬਿਨੈ ਕਰ ਭੇਜੋ, ਉਨ੍ਹਾਂ ਦੀ ਰਿਹਾਇਸ਼ ਲਈ ਇਕ ਪੂਰਾ ਫ਼ਲੈਟ ਤਿਆਰ ਹੈ। ਦੇਖ-ਭਾਲ ਲਈ ਡਾਕਟਰੀ ਸਹਾਇਤਾ ਤੇ ਹੋਰ ਸਾਰਾ ਯੋਗ ਪ੍ਰਬੰਧ ਕੀਤਾ ਜਾਵੇਗਾ।

ਇਨ੍ਹਾਂ ਪਿਆਰਿਆਂ ਦੀ ਸ਼ਰਧਾ-ਭਾਵਨਾ ਦੇ ਖਿਚੇ ਹੋਏ ਸ੍ਰੀਮਾਨ ਬਾਊ ਜੀ ਧਰਮਸਾਲਾ ਪੁਜ ਗਏ। ਉਥੇ ਇਕ ਗੁਰਮੁਖ ਡਾਕਟਰ ਜਗਜੀਤ ਸਿੰਘ ਨੇ ਆਪਣੀ ਪਿਆਰ-ਭਰੀ ਸੇਵਾ ਨਾਲ ਬਾਊ ਜੀ ਦੀ ਸਰੀਰਕ ਸਿਹਤ ਨੂੰ ਨੌਂ-ਬਰ-ਨੌਂ ਕਰ ਦਿੱਤਾ। ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਕੀਰਤਨ-ਅਨੰਦ ਮਾਣਦੇ ਰਹੇ ਅਤੇ ਬਾਕੀ ਸਮਾਂ ਸਿਮਰਨ-ਅਭਿਆਸ ਅਤੇ ਗੁਰਮੁਖ ਪਿਆਰਿਆਂ ਨਾਲ ਮੇਲ-ਮਿਲਾਪ ਵਿਚ ਬੀਤਦਾ ਰਿਹਾ। ਉਥੇ ਹੀ ਬੀਬੀ ਇੰਦਰ ਕੌਰ ਜੀ ਨੇ ਆਪਣੇ ਨਾਨਾ ਸ. ਬ. ਬੂਟਾ ਸਿੰਘ ਜੀ ਨਮਿਤ ਸ੍ਰੀ ਅਖੰਡਪਾਠ ਕਰਵਾਇਆ। ਉਪਰੰਤ ਅਤੁਟ ਗੁਰੂ ਕਾ ਲੰਗਰ ਚਲਿਆ। ਗੁਰਮੁਖ ਸਜਣਾਂ ਅਤੇ ਬੀਬੀਆਂ ਦੇ ਸਤਸੰਗੀ ਜਥੇ ਨੇ ਤਨੋਂ ਮਨੋਂ ਸੇਵਾ ਕੀਤੀ।

ਧਰਮਸਾਲਾ ਵਿਖੇ 5 ਤੋਂ 23 ਜੂਨ ਤਕ ਸਤਸੰਗ-ਸਮਾਗਮਾਂ ਦੇ ਖ਼ੂਬ ਲਾਹੇ ਮਾਣੇ। ਤੁਰਨ ਲਗਿਆਂ ਸੰਗਤਾਂ ਨੇ ਬੜਾ ਪਿਆਰ ਕੀਤਾ ਅਤੇ ਮਾਨਯੋਗ ਬਾਊ ਜੀ ਤੇ ਬੀਬੀ ਜੀ ਨੂੰ ਸਿਰੋਪਾਉ ਭੇਟ ਕਰ ਪੂਰਨ ਸਤਿਕਾਰ ਸਹਿਤ ਵਿਦਾਇਗੀ ਦਿੱਤੀ।

## ਅਕਾਲ ਚਲਾਣਾ

ਸਮਾਂ ਲੰਘਦਾ ਲੰਘਦਾ ਕਈ ਰੰਗ ਵਰਤਾਉਂਦਾ ਜੁਲਾਈ 1979 ਵਿਚ ਪਹੁੰਚ ਪਿਆ। ਤਿੰਨ ਜੁਲਾਈ ਨੂੰ ਮਾਨਯੋਗ ਬਾਊ ਮੱਲ ਸਿੰਘ ਜੀ ਨੂੰ ਅਚਨਚੇਤ ਹੀ ਬੁਖ਼ਾਰ ਹੋ ਗਿਆ, ਜੋ ਘਟਦਾ-ਵਧਦਾ ਰਿਹਾ। 11 ਤਰੀਕ ਨੂੰ ਪਿਸ਼ਾਬ ਰੁਕਣ ਦੀ ਕੁਝ ਖੇਚਲ ਹੋਣ ਕਰਕੇ ਪਰਿਵਾਰ ਦੇ ਜੀਆਂ ਨੇ ਸ੍ਰੀ ਅੰਮ੍ਰਿਤਸਰ ਗੁਰ ਤੇਗ ਬਹਾਦਰ ਹਸਪਤਾਲ ਦੇ ਸਪੈਸ਼ਲ ਵਾਰਡ ਵਿਚ ਲੈ ਆਂਦਾ। ਡਾਕਟਰੀ ਸਹਾਇਤਾ ਨਾਲ ਪਿਸ਼ਾਬ ਵੀ ਚੱਲ ਪਿਆ ਤੇ ਬੁਖ਼ਾਰ ਵੀ ਉਤਰ ਗਿਆ। ਪਰਿਵਾਰ ਦੇ ਜੀਆਂ ਨੇ ਖ਼ੂਬ ਸੇਵਾ-ਸੰਭਾਲ ਕੀਤੀ। ਸਿਖ-ਸੰਗਤਾਂ ਭੀ ਗੁਰਬਾਣੀ ਦੇ ਪਾਠ ਤੇ ਦੇਖ-ਭਾਲ ਕਰਦੀਆਂ ਰਹੀਆਂ।

ਇਨ੍ਹਾਂ ਦਿਨਾਂ ਵਿਚ ਆਪ ਜੀ ਬਿਲਕੁਲ ਅੰਤਰਮੁਖੀ ਹੋ ਗਏ ਸਨ, ਬਾਹਰਮੁਖੀ ਕੋਈ ਬਚਨ ਬਿਲਾਸ ਜਾਂ ਇਧਰ ਉਧਰ ਦੀ ਝਾਕ ਨਹੀਂ ਸੀ। ਸਗੋਂ ਮੁੰਦੇ ਜਾਂ ਅੱਧ-ਮੁੰਧੇ ਨੇਤਰਾਂ ਨਾਲ, ਸੁਰਤੀ ਬਿਰਤੀ ਗਗਨ ਚੜ੍ਹੀ, ਆਪਣੇ ਹੀ ਰੰਗਾਂ ਵਿਚ ਮਸਤ ਸੀ ਤੇ ਚਿਹਰੇ ਦਾ ਜਲਾਲ ਦੇਖਣ ਵਾਲਾ ਸੀ। ਸੰਗਤਾ ਦੇ ਪਾਠ ਸੁਣਾਉਂਦਿਆਂ, ਕਦੀ ਕਦੀ ਨਾਲ ਤੁਕਾਂ ਗੁਣਗੁਣਾਉਣ ਲਗ ਪੈਂਦੇ ਸਨ। "ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ" (ਤਿਲੰਗ ਨਾਮਦੇਵ ਜੀ, ਪੰਨਾ ੭੨੭) "ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ", (ਆਸਾ ਸੇਖ ਫਰੀਦ ਜੀ, ਪੰਨਾ ੪੮੮) "ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ" (ਆਸਾ ਮ: ੫, ਪੰਨਾ ੩੯੭) "ਮਰਣੁ ਲਿਖਾਇ ਮੰਡਲ ਮਹਿ ਆਏ" (ਮਾਰੂ ਮ: ੧, ਪੰਨਾ ੧੦੨੨) ਗੁਰਬਾਣੀ ਦੀਆਂ ਤੁਕਾਂ ਉਚਾਰਦੇ, ਜੈਕਾਰੇ ਤੇ ਫਤਿਹ ਬੁਲਾਉਂਦਿਆਂ ਕਹਿੰਦੇ ਕਿ ਚਲੋ ਲੈ ਚਲੋ, ਫਿਰ ਕਹਿੰਦੇ, ਕੀ ਅਜੇ ਨਹੀਂ ਜਾਣਾ, ਹੱਛਾ। ਸਰੀਰਕ ਖੇਚਲ ਕੋਈ ਵੀ ਨਹੀਂ ਸੀ, ਪਰ ਸਰੀਰ ਦਾ ਬਲ ਖੀਣ ਹੋ ਰਿਹਾ ਸੀ ਤੇ ਘਟਦਾ ਘਟਦਾ ਇੰਨਾ ਘਟ ਗਿਆ ਕਿ 22 ਜੁਲਾਈ ਸ਼ਾਮ ਨੂੰ ਨਬਜ਼ ਮਧਮ ਹੋ ਕੇ 52 'ਤੇ ਪੁਜ ਗਈ ਸੀ। 23 ਜੁਲਾਈ ਸੋਮਵਾਰ ਦਿਨੇ ਸਾਢੇ ਗਿਆਰ੍ਹਾਂ ਵਜੇ, ਆਪ ਜੀ ਦਾ ਰੂਹ ਪੰਖੇਰੂ ਉਡਾਰੂ ਮਾਰ ਗਿਆ ਅਤੇ ਕੋਲ ਬੈਠਿਆਂ ਨੂੰ ਪਤਾ ਹੀ ਨਾ ਲਗਾ। ਜਦੋਂ 'ਜਪੁ' ਕਹਿ ਰਿਹਾ ਸੀ :-

**ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥**

.......॥.......॥.......॥

**ਜੇ ਕੋ ਮੰਨਿ ਜਾਣੈ ਮਨਿ ਕੋਇ ॥**

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥**

**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**

*(ਬਿਲਾਵਲ ਮ: ੫, ਛੰਤ, ਪੰਨਾ ੮੪੬)*

ਮਾਨਯਵਰ ਬਾਊ ਮੱਲ ਸਿੰਘ ਜੀ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ 23 ਜੁਲਾਈ ਨੂੰ ਦਿਨ ਦੇ ਸਾਢੇ ਗਿਆਰ੍ਹਾਂ ਵਜੇ ਸ੍ਰੀ ਅੰਮ੍ਰਿਤਸਰ ਹਸਪਤਾਲ ਦੇ ਸਪੈਸ਼ਲ ਵਾਰਡ ਵਿਚ,

"ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ" (ਵਾਰ ਸਾਰੰਗ ਮ: ੨, ਪੰਨਾ ੧੨੩੯) ਮਹਾਂਵਾਕ ਅਨੁਸਾਰ, ਸਹਿਜ-ਸਮਾਧ ਹੋ ਕੇ, ਸੁੰਨ ਸਮਾਧੀ ਵਿਚ ਪਰਵੇਸ਼ ਕਰਦਿਆਂ, ਗੁਰਪੁਰੀ ਨੂੰ ਉਡਾਰੀਆਂ ਮਾਰ ਗਏ।

ਆਪ ਜੀ ਦੀ ਦੇਹ ਐਂਬੂਲੈਂਸ ਵਿਚ ਸ੍ਰੀ ਤਰਨ ਤਾਰਨ ਸਾਹਿਬ ਲਿਜਾਈ ਗਈ। ਆਪ ਜੀ ਦੀ ਦੇਹ ਨੂੰ, ਸ਼ਬਦ-ਕੀਰਤਨ ਦੀਆਂ ਗੂੰਜਾਂ ਵਿਚ ਸੰਗਤਾਂ ਦੇ ਭਾਰੀ ਜਲੂਸ ਨਾਲ, ਸ੍ਰੀ ਦਰਬਾਰ ਸਾਹਿਬ ਤੋਂ ਸਿਰੋਪਾ ਦੀ ਬਖ਼ਸ਼ਿਸ਼ ਲੈ ਕੇ, ਸ਼ਮਸ਼ਾਨ ਭੂਮੀ ਵਿਚ ਲਿਆਂਦਾ ਗਿਆ ਅਤੇ ਛੇ ਵਜੇ ਸਸਕਾਰ ਕਰ ਦਿੱਤਾ ਗਿਆ। ਸਾਈਂ ਰੰਗਿ-ਰੰਗਾਰੀ ਪਵਿਤ੍ਰ ਪਾਵਨ ਨਿਆਰੀ ਆਤਮਾ, ਜਦ ਉਡਾਰੀ ਮਾਰ ਗਈ ਤਾਂ ਦੇਹ ਵਿਚਾਰੀ ਸਸਕਾਰੀ ਹੀ ਜਾਣੀ ਸੀ। ਉਪਰੰਤ ਘਰ ਪੁਜ ਕੇ ਸੋਦਰ ਦੀ ਚੌਂਕੀ ਕਰ ਕੇ ਉਸੇ ਵਕਤ ਸਹਿਜ ਪਾਠ ਦਾ ਅਰੰਭ ਕਰ ਦਿੱਤਾ ਗਿਆ। ਆਪ ਜੀ ਸਦਾ ਇਹੋ ਕਿਹਾ ਕਰਦੇ ਸਨ ਕਿ ਪ੍ਰਾਣੀ ਦੇ ਸਰੀਰ ਛੱਡਣ ਉਪਰੰਤ, ਉਸ ਦੇ ਨਮਿਤ ਛੇਤੀ ਤੋਂ ਛੇਤੀ ਪਾਠ ਆਰੰਭ ਕਰ ਦੇਣਾ ਚਾਹੀਦਾ ਹੈ, ਇਸ ਨਾਲ ਪ੍ਰਾਣੀ ਦੀ ਆਤਮਾ ਨੂੰ ਬਹੁਤ ਸਹਾਇਤਾ ਪੁਜਦੀ ਹੈ। ਆਪ ਦੇ ਨਮਿਤ ਪਾਠ ਦੇ ਅੰਦਰ ਦਾ ਹੁਕਮਨਾਮਾ ਬਹੁਤ ਹੀ ਵਧਾਈ ਜਨਕ ਸੀ, ਜੋ ਹੇਠ ਲਿਖੇ ਅਨੁਸਾਰ ਹੈ:-

**ਗੋਂਡ ਮਹਲਾ ੫**

**ਕਲਿ ਕਲੇਸ ਮਿਟੇ ਹਰਿ ਨਾਇ ॥ ਦੁਖ ਬਿਨਸੇ ਸੁਖ ਕੀਨੋ ਠਾਉ ॥**
**ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥**
**ਰਾਮ ਜਪਤ ਜਨ ਪਾਰਿ ਪਰੇ ॥ ਜਨਮ ਜਨਮ ਕੇ ਪਾਪ ਹਰੇ ॥੧॥ ਰਹਾਉ ॥**
**ਗੁਰ ਕੇ ਚਨ ਰਿਦੈ ਉਰਿ ਧਾਰੇ ॥ ਅਗਨਿ ਸਾਗਰ ਤੇ ਉਤਰੇ ਪਾਰੇ ॥**
**ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥੨॥**
**ਥਾਨ ਥਨੰਤਰਿ ਏਕੋ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥**
**ਕਰਿ ਕਿਰਪਾ ਜਾ ਕਉ ਮਤਿ ਦੇਇ ॥ ਆਠ ਪਹਰ ਪ੍ਰਭ ਕਾ ਨਾਉ ਲੇਇ ॥੩॥**
**ਜਾ ਕੈ ਅੰਤਰਿ ਵਸੈ ਪ੍ਰਭੁ ਆਪਿ ॥ ਤਾ ਕੈ ਹਿਰਦੈ ਹੋਇ ਪ੍ਰਗਾਸੁ ॥**
**ਭਗਤਿ ਭਾਇ ਹਰਿ ਕੀਰਤਨੁ ਕਰੀਐ ॥ ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥**

*(ਪੰਨਾ ੮੬੫)*

ਸਸਕਾਰ ਤੋਂ ਚੌਥੇ ਦਿਨ ਬਾਅਦ, ਅੰਗੀਠਾ ਠੰਢਾ ਹੋ ਜਾਣ 'ਤੇ, ਅੰਗੀਠੇ ਦੀ ਰਾਖ ਤੇ ਅਸਥੀਆਂ ਆਦਿ ਸਾਰੀ ਸਮੱਗਰੀ ਇਕੱਠੀ ਕੀਤੀ ਗਈ* ਤੇ ਸ੍ਰੀ ਗੋਇੰਦਵਾਲ ਸਾਹਿਬ ਲਿਜਾ ਕੇ ਵਗਦੇ ਬਿਆਸਾ ਦਰਿਆ ਦੇ ਵਹਿਣ ਵਿਚ ਜਲ-ਪ੍ਰਵਾਹ ਕਰ ਦਿੱਤੀ ਗਈ। ਇਹ ਰਾਖ ਸਮੱਗਰੀ ਲਿਜਾਣ ਲਈ ਕੋਈ ਅਡੰਬਰ ਨਹੀਂ ਰਚਿਆ ਗਿਆ, ਸਗੋਂ ਸਧਾਰਨ ਤੌਰ 'ਤੇ ਹੀ ਭਾਈ ਸਾਹਿਬ ਰਾਮ ਸਿੰਘ ਜੀ ਅਤੇ ਪਰਿਵਾਰ ਦੇ ਦੋ ਹੋਰ ਮੈਂਬਰ ਕਾਰ ਵਿਚ ਰਖ ਕੇ ਲੈ ਗਏ ਸਨ।

ਆਪ ਜੀ ਦੇ ਪਿਆਰਿਆਂ, ਹਿਤੂਆਂ, ਮੇਲੀਆਂ ਤੇ ਗੁਰਮੁਖ ਸਖੀ ਸਹੇਲੀਆਂ ਦਾ

* ਅਸਥੀਆਂ (ਫੁਲ) ਰੀਸੋ ਰੀਸੀ ਹਰਿਦੁਆਰ ਜਾਂ ਕੀਰਤਪੁਰ ਲਿਜਾ ਕੇ ਜਲ-ਪ੍ਰਵਾਹ ਕਰਨਾ ਮਨਮਤਿ ਹੈ। ਇਸੇ ਆਸ਼ੇ ਨੂੰ ਮੁਖ ਰਖ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸਮੁਚੀ ਰਾਖ-ਅਸਥੀਆਂ-ਸਮੱਗਰੀ ਲਾਗਲੀ ਨਹਿਰ ਵਿਚ ਹੀ ਜਲ-ਪਰਵਾਹ ਕੀਤੀ ਗਈ ਸੀ।

ਦਾਇਰਾ ਬਹੁਤ ਵੱਡਾ ਸੀ, ਜਿਸ ਕਰਕੇ ਸਾਰਿਆਂ ਨੂੰ ਸੂਚਨਾ ਪੁਚਾ ਸਕਣ ਤੇ ਭੋਗ ਵਿਚ ਸ਼ਾਮਲ ਹੋ ਸਕਣ ਦੀ ਸੌਖ ਨੂੰ ਮੁਖ ਰਖ ਕੇ, ਭੋਗ ਦੇ ਅਖੰਡਪਾਠ ਦੀਆਂ ਤਰੀਕਾਂ 3 ਤੋਂ 5 ਅਗਸਤ ਦੀਆਂ ਰਖੀਆਂ ਗਈਆਂ। ਆਪ ਜੀ ਦੇ ਵਿਛੋੜੇ ਦੀ ਸੋਅ ਅਖ਼ਬਾਰਾਂ ਵਿਚ ਪੜ੍ਹ ਕੇ ਥਾਂ ਥਾਂ ਤੋਂ ਸੱਜਣਾਂ ਪਿਆਰਿਆਂ ਨੇ ਟੈਲੀਫ਼ੋਨ, ਚਿਠੀਆਂ ਤੇ ਤਾਰਾਂ ਭੇਜੀਆਂ। 'ਸੂਰਾ' ਮਾਸਕ ਪੱਤਰ ਰਾਹੀਂ ਅਤੇ ਉਚੇਚੀਆਂ ਚਿੱਠੀਆਂ ਰਾਹੀਂ ਸਿਖ ਸੰਗਤਾਂ ਨੂੰ ਅੰਤਮ ਭੋਗ ਦੇ ਪ੍ਰੋਗਰਾਮ ਦੀ ਸੂਚਨਾ ਦੇ ਦਿੱਤੀ ਗਈ।

3 ਅਗਸਤ ਨੂੰ ਅੰਮ੍ਰਿਤ ਵੇਲੇ ਮਾਨਯਵਰ ਬਾਊ ਜੀ ਦੇ ਗ੍ਰਿਹਿ ਵਿਖੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਤੇ ਅਰਦਾਸ ਉਪਰੰਤ ਇਸ ਹੁਕਮਨਾਮੇ ਨਾਲ ਸ੍ਰੀ ਅਖੰਡਪਾਠ ਅਰੰਭ ਹੋਇਆ-

**ੴ ਸਤਿਗੁਰ ਪ੍ਰਸਾਦਿ ॥**
**ਸੂਹੀ ਮਹਲਾ ੪ ਘਰੁ ੫**
**ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ**
**ਮੇਰੀ ਤ੍ਰਿਸਨਾ ਬੁਝਿ ਗਈਆਸੇ . . . . . . ॥੧॥**
**ਗੁਰੁ ਸਜਣੁ ਪਿਆਰਾ ਮੈ ਮਿਲਿਆ**
**ਹਰਿ ਮਾਰਗੁ ਪੰਥੁ ਦਸਾਹਾ ॥**
**ਘਰਿ ਆਵਹੁ ਚਿਰੀ ਵਿਛੁੰਨਿਆ**
**ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥**
**ਹਉ ਤੁਝੁ ਬਾਝਹੁ ਖਰੀ ਉਡੀਣੀਆ**
**ਜਿਉ ਜਲ ਬਿਨੁ ਮੀਨੁ ਮਰਾਹਾ ॥**

*(ਪੰਨਾ ੭੭੬)*

ਸ਼ਬਦ ਦੀ ਇਹ ਤੁਕ "ਹਉ ਤੁਝੁ ਬਾਝਹੁ ਖਰੀ ਉਡੀਣੀਆ" ਸ੍ਰੀਮਾਨ ਬਾਊ ਜੀ ਬੜੇ ਵੈਰਾਗ-ਤਰੰਗਾਂ ਵਿਚ ਪੜ੍ਹਦਿਆਂ ਬਿਹਬਲ ਹੋ ਜਾਇਆ ਕਰਦੇ ਸਨ।

. . . . . . . . . . . . . . . . . . . . . ॥ ॥
. . . . . . . . . . . . . . . . . . . . . ॥ ॥

**ਗੁਰੁ ਸੁੰਦਰੁ ਮੋਹਨੁ ਪਾਇ ਕਰੇ**
**ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥**
**ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ**
**ਮਨ ਆਸਾ ਚਿੰਤ ਵਿਸਾਰਿਆ ॥**
**ਮੈ ਅੰਤਰਿ ਵੇਦਨ ਪ੍ਰੇਮ ਕੀ**
**ਗੁਰ ਦੇਖਤ ਮਨੁ ਸਾਧਾਰਿਆ ॥**
**ਵਡਭਾਗੀ ਪ੍ਰਭ ਆਇ ਮਿਲੁ**
**ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥੪॥੧॥੫॥**

ਪ੍ਰੇਮੀ ਜੀਊੜੇ ਅਰੰਭ ਤੋਂ ਆਉਣੇ ਸ਼ੁਰੂ ਹੋ ਗਏ। ਅਖੰਡਪਾਠ ਵਿਚ ਕਈਆਂ ਸਿੰਘਾਂ

ਨੂੰ ਇਕ ਇਕ ਰੋਲ ਹੀ ਹਿੱਸੇ ਆਈ। ਚਾਰ ਅਗਸਤ ਸ਼ਾਮ ਤਕ ਸੰਗਤਾਂ ਦੀ ਚੰਗੀ ਗਹਿਮਾ ਗਹਿਮ ਹੋ ਗਈ। ਰਾਤ ਭਰ ਸੰਗਤਾਂ ਪੁਜਦੀਆਂ ਰਹੀਆਂ। ਪੰਜ ਤਰੀਕ ਸਵੇਰ ਤਕ ਦਿੱਲੀ ਤੋਂ ਸਾਲਮ ਬਸ, ਲੁਧਿਆਣਾ ਤੋਂ ਛੋਟੀ ਬਸ, ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਨਗਰਾਂ ਤੋਂ ਇਲਾਵਾ ਕਾਨਪੁਰ, ਜੰਮੂ, ਚੰਡੀਗੜ੍ਹ, ਅੰਬਾਲਾ, ਜੈਪੁਰ ਆਦਿ ਦੂਰ-ਦੁਰਾਡੇ ਸ਼ਹਿਰਾਂ ਤੋਂ ਵੀ ਸੰਗਤਾਂ ਪੁਜ ਗਈਆਂ ਹਨ।

ਭਾਵੇਂ ਸ੍ਰੀ ਅਖੰਡਪਾਠ ਅਸਥਾਨ ਦਾ ਸਿਹਨ ਤੇ ਵੇਹੜਾ ਕਾਫ਼ੀ ਖੁਲ੍ਹਾ ਸੀ, ਪਰ ਬਹੁਤੀਆਂ ਸੰਗਤਾਂ ਦੀ ਆਮਦ ਨੂੰ ਮਹਿਸੂਸ ਕਰ ਕੇ ਪਰਿਵਾਰ ਨੇ, ਵਿਹੜੇ ਦਾ ਪਿਛਲੇ ਪਾਸੇ ਲਗਦਾ ਪਲਾਟ ਕੰਧ ਤੋੜ ਕੇ ਨਾਲ ਰਲਾ ਲਿਆ ਸੀ। ਇਸ ਤਰ੍ਹਾਂ ਸ਼ਮਿਆਨੇ ਲਾ ਕੇ ਇਕ ਵਿਸ਼ਾਲ ਪੰਡਾਲ ਤਿਆਰ ਕਰ ਲਿਆ ਗਿਆ ਸੀ।

ਠੀਕ ਸਾਢੇ ਪੰਜ ਵਜੇ ਸ੍ਰੀ ਅਖੰਡਪਾਠ ਦੇ ਭੋਗ, ਮਾਨਯਵਰ ਬਾਊ ਜੀ ਦੇ ਪਿਆਰੇ ਹਮਜੋਲੀ-ਸਜਣ ਮਾਸਟਰ ਕੁੰਦਨ ਸਿੰਘ ਜੀ ਨੇ ਬੜੇ ਵੈਰਾਗ-ਉਛਾਲਿਆਂ ਵਿਚ ਬੁਲੰਦ ਅਵਾਜ਼ ਨਾਲ ਸਲੋਕ ਪੜ੍ਹ ਕੇ ਭੋਗ ਪਾਇਆ। ਅਰਦਾਸੇ ਤੇ ਹੁਕਮਨਾਮੇ ਉਪਰੰਤ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨੇ ਬੜੇ ਵੈਰਾਗ-ਮਈ ਮੰਡਲ ਵਿਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ। ਭਾਈ ਜੋਗਿੰਦਰ ਸਿੰਘ ਜੀ ਨੇ ਡਾਢੇ ਰੰਗਾਂ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ-

**ਸਤਿਗੁਰ ਖੇਪ ਨਿਬਾਹੀ ਸੰਤਹੁ ॥**
**ਹਰਿ ਨਾਮੁ ਲਾਹਾ ਦਾਸ ਕਉ ਦੀਆ ਸਗਲੀ ਤ੍ਰਿਸਨ ਉਲਾਹੀ ਸੰਤਹੁ ॥**

*(ਰਾਮਕਲੀ ਮ: ੫, ਪੰਨਾ ੯੧੬)*

**ਗੁਰਮੁਖਿ ਆਪੇ ਬਖਸਿਓਨੁ ਹਰਿ ਨਾਮਿ ਸਮਾਣੇ ॥**
**ਆਪੇ ਭਗਤੀ ਲਾਇਓਨੁ ਗੁਰ ਸਬਦਿ ਨੀਸਾਣੇ ॥**
**ਸਨਮੁਖ ਸਦਾ ਸੋਹਣੇ ਸਚੈ ਦਰਿ ਜਾਣੇ ॥**
**ਐਥੈ ਓਥੈ ਮੁਕਤਿ ਹੈ ਜਿਨ ਰਾਮ ਪਛਾਣੇ ॥**
**ਧੰਨੁ ਧੰਨੁ ਸੇ ਜਨ ਜਿਨ ਹਰਿ ਸੇਵਿਆ ਤਿਨ ਹਉ ਕੁਰਬਾਣੇ ॥੪॥**

*(ਪੰਨਾ ੧੦੮੮)*

ਉਪਰੰਤ ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ ਖੇਤੀ ਯੂਨੀਵਰਸਿਟੀ ਅਤੇ ਭਾਈ ਹਰਦਿਆਲ ਸਿੰਘ ਜੀ ਲੁਧਿਆਣਾ ਵਾਲਿਆਂ ਨੇ ਰੰਗ-ਰਤੜੀ ਆਤਮਾ ਨੂੰ ਕੀਰਤਨ ਦੁਆਰਾ ਸ਼ਰਧਾਂਜਲੀਆਂ ਪੇਸ਼ ਕੀਤੀਆਂ।

ਸ੍ਰੀ ਬਾਊ ਜੀ ਦੇ ਨਿਵਾਜੇ ਹੋਏ ਭਾਈ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਨੇ, ਅਖੰਡ ਕੀਰਤਨੀ ਜਥੇ ਨਾਲ ਮੇਲ ਕਰਾਉਣ ਵਾਲੀ ਗੁਰਮੁਖ ਆਤਮਾ ਨੂੰ ਸੰਬੋਧਨ ਕਰ ਕੇ, ਗੁਰਬਾਣੀ ਦੀਆਂ ਧੁੰਨੀਆਂ ਗੁੰਜਾਈਆਂ :

**ਹਉ ਸਦਕੇ ਤਿਨ ਗੁਰਸਿਖਾਂ ਸਤਿਗੁਰ ਨੋ ਮਿਲਿ ਆਪੁ ਗਵਾਇਆ ॥੬॥**
**ਅਤੇ-ਬਲਿਹਾਰੀ ਤਿਨ੍ਹਾਂ ਗੁਰਸਿਖਾਂ ਜਾਇ ਜਿਨਾ ਗੁਰ ਦਰਸਨੁ ਡਿਠਾ ॥੧॥**

*(ਭਾਈ ਗੁਰਦਾਸ ਜੀ, ਵਾਰ ੧੨)*

ਉਪਰੰਤ ਅਖੰਡ ਕੀਰਤਨੀ ਜਥੇ ਦੇ ਪੁਰਾਤਨ ਤੇ ਪ੍ਰਸਿੱਧ, ਭਾਈ ਸਾਹਿਬ ਜੀ ਦੇ

ਮੇਲੀ ਕੀਰਤਨੀਏ ਭਾਈ ਮੇਹਰ ਸਿੰਘ ਜੀ ਦਿੱਲੀ ਵਾਲਿਆਂ ਨੇ ਕੀਰਤਨ-ਅਖਾੜੇ ਵਿਚ ਅਜਬ ਰੰਗ ਬੰਨ੍ਹ ਦਿੱਤੇ। ਉਨ੍ਹਾਂ ਆਰੰਭ ਇਸ ਸ਼ਬਦ ਤੋਂ ਕੀਤਾ :

**ਮੇਰੇ ਮਨ ਸਾਧ ਸਰਣਿ ਛੁਟਕਾਰਾ ... ॥**

*(ਪੰਨਾ ੬੧੧)*

ਅਤੇ ਇਸ ਸ਼ਬਦ ਨਾਲ ਸਮਾਪਤੀ ਕੀਤੀ -

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ .....**
**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥**
**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ......**

*(ਪੰਨਾ ੪੮੮)*

ਫਿਰ ਆਈ ਵਾਰੀ ਬੀਬੀ ਭੁਪਿੰਦਰ ਕੌਰ ਜੀ ਦੀ। ਬੀਬੀ ਜੀ ਨੇ ਡਾਢੇ ਉਮਾਹ ਤੇ ਉਤਸ਼ਾਹ ਵਿਚ ਰੰਗੀਜ ਕੇ ਗੁਰਬਾਣੀ ਦੀ ਵਰਖਾ ਨਾਲ ਕੀਰਤਨ-ਮੰਡਲ ਨੂੰ ਸਰਸ਼ਾਰ ਕਰ ਦਿੱਤਾ। ਫਿਰ ਬੀਬੀ ਦਲਜੀਤ ਕੌਰ ਜੀ ਅੰਮ੍ਰਿਤਸਰ ਨੇ ਪਿਆਰ-ਤਰੰਗਾਂ ਵਿਚ ਕੀਰਤਨ ਕੀਤਾ।

ਸਭ ਤੋਂ ਅਖ਼ੀਰ ਭਾਈ ਮਹਿੰਦਰ ਸਿੰਘ ਜੀ ਐਸ.ਡੀ.ਓ. ਨੇ ਕੀਰਤਨ-ਅਖਾੜੇ ਵਿਚ ਇਉਂ ਗੂੰਜਾਂ ਪਾ ਦਿੱਤੀਆਂ-

**ਧਰਮ ਰਾਇ ਹੈ ਹਰਿ ਕਾ ਕੀਆ**
**ਹਰਿ ਜਨ ਸੇਵਕ ਨੇੜਿ ਨ ਆਵੈ ॥**
**ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ**
**ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥**

*(ਪੰਨਾ ੫੫੫)*

ਤੇ -

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥**

*(ਪੰਨਾ ੩੦੬)*

ਅੰਤ ਵਿਚ ਸਹਿਜ ਪਾਠ ਦਾ ਭੋਗ, ਜੋ ਕਿ ਸ੍ਰੀ ਬਾਊ ਜੀ ਦੀ ਦੇਹ ਦਾ ਸਸਕਾਰ ਕਰਨ ਉਪਰੰਤ ਹੀ ਅਰੰਭ ਕਰ ਦਿੱਤਾ ਗਿਆ ਸੀ, ਪਾ ਕੇ ਦੀਵਾਨ ਦੀ ਸਮਾਪਤੀ ਕੀਤੀ ਗਈ। ਸਮਾਪਤੀ ਦੀ ਅਰਦਾਸ ਸਰਦਾਰ ਦਰਸ਼ਨ ਸਿੰਘ ਜੀ ਦਿੱਲੀ ਵਾਲਿਆਂ ਨੇ ਬੜੇ ਕਰੁਣਾ-ਰਸ ਵਿਚ, ਹਿਰਦੇ ਦੀਆਂ ਡੂੰਘਾਈਆਂ 'ਚੋਂ, ਬਾਊ ਜੀ ਦੇ ਪਿਆਰ-ਉਪਕਾਰ ਦਰਸਾ ਕੇ ਵਲਵਲਿਆਂ ਵਿਚ ਕੀਤੀ।

ਇਸ ਸਮਾਗਮ ਵਿਚ ਜਿਥੇ ਅਖੰਡ ਕੀਰਤਨੀ ਜਥੇ ਦੇ ਪੁਰਾਤਨ ਤੇ ਬਾਊ ਜੀ ਦੇ ਪੰਚਮ (ਅੰਮ੍ਰਿਤ ਸੰਚਾਰ ਸਮਾਗਮ) ਦੇ ਮੇਲੀ ਗਿ: ਦਲੀਪ ਸਿੰਘ ਜੀ ਫੁਲਾਂਵਾਲ, ਸ. ਦਰਸ਼ਨ ਸਿੰਘ ਜੀ ਦਿੱਲੀ, ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ, ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ, ਭਾਈ ਹਰਚਰਨ ਸਿੰਘ ਜੀ ਅੰਬਾਲਾ, ਭਾਈ ਮੋਹਨ ਸਿੰਘ ਜੀ ਗਾਰਡ ਕਾਨਪੁਰ, ਪੂਰਨ ਜੀ, ਭਾਈ ਚਰਨ ਸਿੰਘ ਜੀ ਮੈਣ ਦੁਆਬ ਅਤ ਹੋਰ ਅਨੇਕਾਂ ਗੁਰੂ ਕੇ

ਲਾਲ ਪੁੱਜੇ ਹੋਏ ਸਨ, ਉਥੇ ਨਾਲ ਹੀ ਪੰਥ ਦੇ ਮੁਖੀ ਆਗੂ ਸ਼੍ਰੋਮਣੀ ਕਮੇਟੀ ਦੇ ਪਰਧਾਨ ਸ. ਗੁਰਚਰਨ ਸਿੰਘ ਜੀ ਟੌਹੜਾ, ਸ. ਪ੍ਰੇਮ ਸਿੰਘ ਜੀ ਲਾਲਪੁਰਾ, ਜਥੇਦਾਰ ਉਜਾਗਰ ਸਿੰਘ ਜੀ ਸੇਖਵਾਂ, ਗਿ: ਭਰਪੂਰ ਸਿੰਘ ਜੀ ਸਕੱਤਰ, ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ, ਸ. ਉਮਰਾਉ ਸਿੰਘ ਜੀ ਪੱਟੀ, ਗਿ: ਗੁਰਦਿਤ ਸਿੰਘ ਜੀ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਆਦਿ ਪੁਜੇ ਹੋਏ ਸਨ।

ਇਸ ਸਮੇਂ ਕਈ ਸੰਸਥਾਵਾਂ ਵਲੋਂ ਸਿਰੋਪਾਉ ਪੁਜੇ ਹੋਏ ਸਨ, ਜਿਹਾ ਕਿ ਸ਼੍ਰੋ. ਗੁ. ਪ੍ਰ. ਕਮੇਟੀ, ਦਰਬਾਰ ਸਾਹਿਬ ਸ੍ਰੀ ਤਰਨਤਾਰਨ, ਗੁਰਦੁਆਰਾ ਡੇਰਾ ਬਾਬਾ ਦਰਬਾਰਾ ਸਿੰਘ ਲੋਪੋਂ (ਫ਼ਰੀਦਕੋਟ) ਅਤੇ ਗੁਰਦੁਆਰਾ ਕਮੇਟੀ ਸ੍ਰੀ ਗੋਇੰਦਵਾਲ ਸਾਹਿਬ ਜੀ।

ਅਖ਼ੀਰ ਵਿਚ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨੇ ਆਏ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਨਯੋਗ ਬਾਊ ਮੱਲ ਸਿੰਘ ਜੀ ਨੂੰ ਸ਼ਰਧਾਂਜਲੀਆਂ ਤੇ ਕੀਰਤਨ ਦੁਆਰਾ ਬੇਅੰਤ ਪੇਸ਼ ਕੀਤੀਆਂ ਗਈਆਂ ਹਨ, ਹੁਣ ਇਸ ਤੋਂ ਬਾਅਦ ਹੋਰ ਕੁਝ ਕਹਿਣਾ ਨਹੀਂ ਬਣਦਾ। ਅਸੀਂ ਬੇਨਤੀ ਕਰਦੇ ਹਾਂ ਕਿ ਪੰਥ ਦੇ ਮੁਖੀ ਸਜਣ ਇਸੇ ਤਰ੍ਹਾਂ ਜਥੇ ਦੇ ਕੀਰਤਨ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਆਪਣਾ ਜਨਮ ਸਫਲ ਕਰਨ ਅਤੇ ਸੇਵਕਾਂ ਦੇ ਹੌਂਸਲੇ ਵਧਾਉਂਦੇ ਰਹਿਣ।

ਗੁਰੂ ਕਾ ਅਤੁਟ ਲੰਗਰ ਵਰਤਿਆ ਤੇ ਸਭ ਸੰਗਤਾਂ ਨੇ ਪ੍ਰਸ਼ਾਦ ਛਕ ਕੇ ਚਾਲੇ ਪਾਏ।

## ਸੰਗਤਾਂ ਵਲੋਂ ਵਿਜੋਗ ਪੀੜਾ ਦਾ ਪ੍ਰਗਟਾਅ

ਮਾਨਯੋਗ ਬਾਊ ਮੱਲ ਸਿੰਘ ਜੀ ਦੇ ਅਕਾਲ ਚਲਾਣੇ ਦੀ ਸੋਇ ਸੁਣ ਕੇ ਦੇਸ ਪ੍ਰਦੇਸ਼ਾਂ ਵਿਚ ਰਹਿੰਦੇ ਅਖੰਡ ਕੀਰਤਨੀ ਜਥੇ ਦੇ ਗੁਰਸਿਖ ਪਰਿਵਾਰਾਂ ਵਿਚ, ਉਨ੍ਹਾਂ ਦੇ ਵਿਛੋੜੇ ਨੂੰ ਮਹਿਸੂਸ ਕੀਤਾ ਗਿਆ। ਬਾਊ ਜੀ ਪ੍ਰਥਾਇ ਥਾਂ-ਪਰ-ਥਾਂ ਕੀਰਤਨ ਤੇ ਅਖੰਡਪਾਠ ਸਮਾਗਮ ਕੀਤੇ ਗਏ ਅਨੇਕਾਂ ਥਾਵਾਂ 'ਤੇ ਉਨ੍ਹਾਂ ਦੇ ਵਿਛੋੜੇ ਵਿਚ ਲੁਛਦੇ ਵੀਰਾਂ ਭੈਣਾਂ ਵਲੋਂ ਜਥੇਦਾਰ ਸਾਹਿਬ ਅਖੰਡ ਕੀਰਤਨੀ ਜਥਾ ਵਲ ਅਤੇ 'ਸੂਰਾ' ਮਾਸਕ ਪੱਤਰ ਵਲ ਬੈਰਾਗ-ਪੱਤਰ ਪੁਜੇ।

ਮਾਨਯਵਰ ਬਾਊ ਮੱਲ ਸਿੰਘ ਜੀ ਹਰੇਕ ਗੁਰਸਿਖ ਵਿਚ ਇਉਂ ਰਚੇ ਮਿਚੇ ਹੋਏ ਸਨ ਕਿ ਹਰੇਕ ਪਰਿਵਾਰ ਇਉਂ ਹੀ ਮਹਿਸੂਸ ਕਰਦਾ ਸੀ ਕਿ ਉਹ ਜਿੰਨਾ ਪਿਆਰ ਉਨ੍ਹਾਂ ਨੂੰ ਕਰਦੇ ਸਨ, ਹੋਰ ਕਿਸੇ ਨੂੰ ਨਹੀਂ। ਇਥੋਂ ਤੱਕ ਕਿ ਪਰਿਵਾਰਾਂ ਦੇ ਛੋਟੇ ਛੋਟੇ ਬੱਚੇ ਵੀ ਉਨ੍ਹਾਂ ਦੇ ਪਿਆਰ ਨੂੰ ਤਰਸਦੇ ਸਨ। ਕਈ ਬੀਬੀਆਂ ਦੇ ਤਾਂ ਪਿਆਰ-ਬਿਹਬਲਤਾ ਵਿਚ ਕਈ ਦਿਨ ਅੱਖਾਂ ਵਿਚੋਂ ਜਲ ਚਲਦਾ ਰਿਹਾ। ਸਤਿਗੁਰੂ ਸਭ ਪਰਿਵਾਰਾਂ ਨੂੰ ਚੜ੍ਹਦੀਆਂ ਕਲਾਂ ਬਖ਼ਸ਼ਣ ਅਤੇ ਗੁਰਸਿੱਖੀ ਪਿਆਰ ਵਿਚ ਵਾਧਾ ਪਰਦਾਨ ਕਰਦੇ ਰਹਿਣ।

## ਦਸਵੰਧ ਸਫਲ ਕੀਤਾ

1970 ਦੇ ਕਰੀਬ ਸ੍ਰੀਮਾਨ ਬਾਊ ਮੱਲ ਸਿੰਘ ਜੀ ਦੇ ਅੰਦਰ ਸ੍ਰੀ ਅਖੰਡਪਾਠਾਂ ਦੀ

ਮਹਾਨਤਾ ਦਾ ਇਤਨਾ ਵਿਸ਼ਵਾਸ ਵਧ ਗਿਆ ਕਿ ਉਨ੍ਹਾਂ ਨੇ ਬੈਂਕ ਵਿਚ ਇਤਨੀ ਇਤਨੀ ਰਕਮ ਜਮ੍ਹਾ ਕਰਵਾ ਦਿੱਤੀ, ਜਿਸ ਦੇ ਸੂਦ ਨਾਲ ਹਰ ਸਾਲ ਇਕ ਇਕ ਸ੍ਰੀ ਅਖੰਡਪਾਠ ਹੋ ਸਕੇ।

ਸਭ ਤੋਂ ਪਹਿਲਾਂ ਜਿਥੇ ਆਪਣੇ ਨਮਿਤ ਸ੍ਰੀ ਗੋਇੰਦਵਾਲ ਸਾਹਿਬ ਦੇ ਗੁਰੂ-ਅਸਥਾਨ ਵਿਖੇ ਸ੍ਰੀ ਅਖੰਡਪਾਠ ਰਖਣ ਲਈ ਬੈਂਕ ਲਈ ਵੀ ਮਾਇਆ ਜਮ੍ਹਾ ਕਰਵਾ ਦਿੱਤੀ ਅਤੇ ਆਪਣੇ ਵੀਰ ਜੀ ਨੂੰ ਮਨਾ ਲਿਆ ਕਿ ਆਪਣੇ ਸੁਆਸਾਂ ਤਕ ਉਹ ਵੈਰੋਵਾਲ ਤੋਂ ਗੋਇੰਦਵਾਲ ਸਾਹਿਬ ਪੁਜ ਕੇ ਹਰ ਸਾਲ ਸ੍ਰੀ ਅਖੰਡਪਾਠ ਸ੍ਰਵਣ ਕਰਦੇ ਰਿਹਾ ਕਰਨਗੇ। ਬਾਊ ਜੀ ਦੇ ਵੱਡੇ ਵੀਰ ਨੇ ਇਸ ਬਚਨ ਨੂੰ ਅੰਤ ਤਕ ਨਿਭਾਇਆ। ਸ੍ਰੀ ਮਾਨ ਬਾਊ ਜੀ ਪਿਤਾ ਸਮਾਨ ਆਪਣੇ ਵੱਡੇ ਵੀਰ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਵੇਲੇ ਕੁਵੇਲੇ ਉਹ ਵੈਰੋਵਾਲ ਪੁਜ ਕੇ ਉਨ੍ਹਾਂ ਦੇ ਦਰਸ਼ਨ ਕਰਦੇ ਅਤੇ ਹਮੇਸ਼ਾਂ ਹੀ ਇਕ ਸੌ ਦਮੜੇ ਦਰਸ਼ਨ ਭੇਟ ਕਰਦੇ ਸਨ।

ਇਨ੍ਹਾਂ ਦੋ ਅਖੰਡਪਾਠਾਂ ਤੋਂ ਇਲਾਵਾ ਹੋਰ ਆਪਣੇ ਪਿਆਰਿਆਂ ਸਨੇਹੀਆਂ ਦੇ ਕਈ ਪੱਕੇ ਸ੍ਰੀ ਅਖੰਡਪਾਠ ਸ੍ਰੀ ਗੋਇੰਦਵਾਲ ਵਿਖੇ ਜਾਰੀ ਕਰਵਾਏ।

ਇਸੇ ਤਰ੍ਹਾਂ ਕੁਝ ਪੱਕੇ ਸ੍ਰੀ ਅਖੰਡਪਾਠ ਖਾਲਸਾ ਯਤੀਮਖਾਨਾ ਸ੍ਰੀ ਅੰਮ੍ਰਿਤਸਰ ਵਿਖੇ, ਆਪਣੇ ਤੇ ਆਪਣੇ ਮਾਤਾ ਪਿਤਾ, ਸਿੰਘਣੀ ਤੇ ਹੋਰ ਸਨੇਹੀਆਂ ਨਮਿਤ ਜਾਰੀ ਕਰਵਾਏ।

ਸ੍ਰੀ ਅਖੰਡਪਾਠਾਂ ਤੋਂ ਇਲਾਵਾ ਆਪ ਜੀ ਹਰ ਸਾਲ ਦਸਵੰਧ ਕਢਦੇ ਅਤੇ ਉਸ ਨੂੰ ਯੋਗ ਥਾਵਾਂ ਜਾਂ ਲੋੜਵੰਦਾਂ ਤਕ ਪਹੁੰਚਾਉਂਦੇ ਸਨ। 1975-79 ਦੇ ਸਾਲਾਂ ਵਿਚ ਆਪ ਨੂੰ ਗੁਰੂ-ਲੇਖੇ ਮਾਇਆ ਲਾਉਣ ਦਾ ਵਿਸ਼ੇਸ਼ ਖ਼ਿਆਲ ਬਣ ਗਿਆ। ਇਸੇ ਸੰਬੰਧ ਵਿਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਵਿਖੇ 5000/- ਅੰਮ੍ਰਿਤ ਵੇਲੇ ਰੋਜ਼ਾਨਾ ਕੜਾਹ ਪ੍ਰਸ਼ਾਦ ਦੀ ਦੇਗ ਹੋਣ ਲਈ ਅਰਦਾਸ ਕੀਤੇ। 5000/- ਸ੍ਰੀ ਗੋਇੰਦਵਾਲ ਗੁਃ ਬਾਉਲੀ ਸਾਹਿਬ, 2000/- ਗੁਰਦੁਆਰਾ ਸ੍ਰੀ ਖਡੂਰ ਸਾਹਿਬ ਅਤੇ 2000/- ਆਪਣੇ ਬਜ਼ੁਰਗਾਂ ਦੇ ਅਸਥਾਨ ਗੁਰਦੁਆਰਾ ਬਾਬਾ ਪਰੋਜ਼ ਵਿਖੇ ਭੇਟ ਕੀਤੇ। 1000/- ਬੀਬੀ ਰਜਨੀ ਕਾਲਜ ਪੱਟੀ, 500/- ਪਿੰਗਲਵਾੜਾ, ਅਤੇ 500/- ਸੂਰਾ ਮਾਸਕ ਪੱਤਰ ਅੰਮ੍ਰਿਤਸਰ ਨੂੰ ਅਰਪਣ ਕੀਤੇ।

# ਦੂਜਾ ਭਾਗ

# ਬਾਊ ਮਲ ਸਿੰਘ ਜੀ ਦੀ ਵੰਸ਼ ਅਤੇ

# ਉਨ੍ਹਾਂ ਦੇ ਨਿਕਟਵਰਤੀਆਂ ਵੱਲੋਂ ਅੱਖੀਂ ਡਿੱਠੇ ਹੱਡੀ ਵਾਪਰੇ ਬਿਰਤਾਂਤ

ਇਸ ਭਾਗ ਵਿਚ ਸਭ ਤੋਂ ਪਹਿਲਾਂ ਬਾਊ ਮੱਲ ਸਿੰਘ ਜੀ ਦੀ ਬੰਸਾਵਲੀ ਅਤੇ ਉਨ੍ਹਾਂ ਦੀ ਵੰਸ਼ ਦੇ ਮੋਢੀ ਬਜ਼ੁਰਗ ਬਾਬਾ ਪਰੋਜ਼ ਜੀ ਦੀ ਸ਼ਹੀਦੀ ਦੇ ਅਲੌਕਿਕ ਚਮਤਕਾਰ ਦਿੱਤੇ ਗਏ ਹਨ।

ਇਸ ਤੋਂ ਉਪਰੰਤ 'ਤੇ ਸ੍ਰੀਮਾਨ ਬਾਊ ਜੀ ਦੇ ਵੱਡੇ ਵੀਰ ਭਾਈ ਵਰਿਆਮ ਸਿੰਘ ਜੀ ਦੀ ਗੁਰਮਤੀ ਜੀਵਨੀ ਸੰਖੇਪ ਰੂਪ ਵਿਚ ਪੇਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਸਪੁੱਤਰ, ਇਸ ਪੁਸਤਕ ਦੇ ਲੇਖਕ, ਪ੍ਰੋ. ਠਾਕੁਰ ਸਿੰਘ ਜੀ ਦੀ ਸੰਖੇਪ ਜੀਵਨੀ ਅਤੇ ਕੁਝ ਯਾਦਾਂ ਦਿੱਤੀਆਂ ਗਈਆਂ ਹਨ।

ਅਖੀਰ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਮਾਨਯੋਗ ਬਾਊ ਮੱਲ ਸਿੰਘ ਜੀ ਦੇ ਨਿਕਟਵਰਤੀ ਪਿਆਰਿਆਂ ਦੇ ਨਿਜੀ ਜੀਵਨ ਵਿਚ ਆਪਣੀ ਅੱਖੀਂ ਵੇਖੀਆਂ ਅਤੇ ਨਿਜ-ਹੱਡੀਂ ਵਾਪਰੀਆਂ ਕੁਝ ਘਟਨਾਵਾਂ ਹਨ, ਜੋ ਉਨ੍ਹਾਂ ਗੁਰਮੁਖ ਪਿਆਰਿਆਂ ਨੇ ਆਪ ਹੀ ਲਿਖੀਆਂ ਸਨ ਦਰਜ ਕੀਤੀਆਂ ਹਨ ਜਿਨ੍ਹਾਂ ਦਾ ਵੇਰਵਾ ਇਉਂ ਹੈ-

1. ਪ੍ਰੋ. ਠਾਕਰ ਸਿੰਘ ਜੀ ਵਲੋਂ
   (ੳ) ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ
   - ਪਰਉਪਕਾਰੀ ਜਗ ਵਿਚਿ ਆਏ
   (ਅ) ਪਿਆਰਿਆਂ ਦੀਆਂ ਪਿਆਰ-ਯਾਦਾਂ
2. ਪ੍ਰਿੰਸੀਪਲ ਇੰਦਰ ਕੌਰ ਜੀ ਵਲੋਂ
   (ੳ) ਮਾਨਯੋਗ ਬਾਊ ਮੱਲ ਸਿੰਘ ਜੀ
   ਦਿਬ ਦ੍ਰਿਸ਼ਟੀ ਦੇ ਮਾਲਕ ਗੁਰੂ-ਪਿਆਰੇ
   (ਅ) ਕਲਾ-ਕ੍ਰਿਸ਼ਮਾਇਣੀ ਅਰਦਾਸ
   (ੲ) ਓਇ ਮੁਇਆ ਨ ਜਾਹੀ ਛੋੜਿ
3. ਜਥੇਦਾਰ ਭਾਈ ਰਾਮ ਸਿੰਘ ਜੀ ਵਲੋਂ
   (ੳ) ਭਾਈ ਸਾਹਿਬ ਜੀ ਦੇ ਪਹਿਲੇ ਦਰਸ਼ਨ
   (ਅ) ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ

# ਬੰਸਾਵਲੀ

1. ਬਾਬਾ ਪਰੋਜ਼ ਜੀ
2. ਬਾਬਾ ਸਾਲ੍ਹੋ ਜੀ
3. ਬਾਬਾ ਵਜ਼ੀਰ ਜੀ
4. ਬਾਬਾ ਹੁੰਦਲ ਜੀ
5. ਬਾਬਾ ਸ਼ਾਹੂ ਜੀ
6. ਬਾਬਾ ਲਾਲੋ ਜੀ
7. ਬਾਬਾ ਮੇਹਰਾ ਜੀ (ਬਾਊ ਜੀ ਦੀ ਪੱਤੀ ਬਾਬੇ ਮੇਹਰੇ ਦੀ ਮਸ਼ਹੂਰ ਹੈ)
8. ਬਾਬਾ ਸਦਰਾ ਜੀ
9. ਬਾਬਾ ਸੁਜਾਨ ਸਿੰਘ ਜੀ ਇਹ ਸਿੱਖ ਮਿਸਲਾਂ ਦੇ ਵੇਲੇ ਹੋਏ ਹਨ, ਜਦੋਂ ਸਿੱਖ 'ਸਿੰਘ' ਸਜਦੇ ਸਨ।
10. ਬਾਬਾ ਕਾਹਨ ਸਿੰਘ ਜੀ (ਪਿਤਾ)।

## ਬਾਬਾ ਕਾਹਨ ਸਿੰਘ ਜੀ ਦੇ ਚਾਰ ਸਪੁੱਤਰ

1. ਭਾਈ ਵਰਿਆਮ ਸਿੰਘ ਜੀ (ਜਨਮ 1871)
2. ਭਾਈ ਰਾਮ ਸਿੰਘ ਜੀ (ਜਨਮ 1874)
3. ਭਾਈ ਵਡਭਾਗ ਸਿੰਘ ਜੀ (ਜਨਮ 1876)
4. ਬਾਊ ਮੱਲ ਸਿੰਘ ਜੀ (ਜਨਮ 1879)

ਅਤੇ ਦੋ ਭੈਣਾਂ ਸਨ।

## ਸ੍ਰੀ ਬਾਊ ਜੀ ਦੀ ਸੰਤਾਨ

(ਬਾਊ ਮੱਲ ਸਿੰਘ ਜੀ ਦਾ ਪਰਿਵਾਰ -- 4 ਸਪੁੱਤਰ ਤੇ 3 ਸਪੁੱਤਰੀਆਂ)

1. ਸ. ਹਰਬੰਸ ਸਿੰਘ, ਇਹ 1909 'ਚ ਜਨਮੇ, ਲੇਖਕ ਪਾਸ ਹੀ ਪੜ੍ਹੇ, ਬਹੁਤ ਲਾਇਕ ਸਨ, ਆਲ ਇੰਡੀਆ ਸਰਵਿਸ ਕਮਿਸ਼ਨ ਪਾਸ ਕਰ ਕੇ ਵਾਇਰਲੈਸ ਮਹਿਕਮੇ ਵਿਚ ਲਗੇ, ਸਿਵਲ ਐਵੀਏਸ਼ਨ (Civil Aviation) ਵਿਚ ਡਿਪਟੀ ਡਾਇਰੈਕਟਰ ਬਣ ਕੇ ਰੀਟਾਇਰ ਹੋਏ। ਦਿੱਲੀ ਰਹਿ ਰਹੇ ਸਨ। 24 ਮਾਰਚ, 2002 ਨੂੰ ਪਰਲੋਕ ਸਿਧਾਰ ਗਏ।
2. ਸ. ਪ੍ਰੀਤਮ ਸਿੰਘ, ਇਹ 1913 ਵਿਚ ਪੈਦਾ ਹੋਏ, ਸ੍ਰੀ ਤਰਨ ਤਾਰਨ ਵਿਖੇ ਹੀ ਆਪਣੀਆਂ ਜ਼ਮੀਨਾਂ ਦਾ ਪ੍ਰਬੰਧ ਕਰਦੇ ਸਨ। ਆਪਣੀ ਮਾਤਾ ਨਿਹਾਲ ਕੌਰ ਜੀ

ਦੀ ਅਤੁਟ ਸੇਵਾ ਕੀਤੀ, ਜਦੋਂ ਕਿ ਉਹ ਅੰਤਲੇ ਦਿਨਾਂ ਵਿਚ ਕਾਫ਼ੀ ਚਿਰ ਮੰਜੇ 'ਤੇ ਰਹੇ। ਇਹ 23-2-2001 ਨੂੰ ਚੜ੍ਹਾਈ ਕਰ ਗਏ।

3. ਸ. ਕੁਲਵੰਤ ਸਿੰਘ, ਜਨਮ ਮਿਤੀ 23-11-22 ਹੈ, ਲੇਖਕ ਪਾਸ ਰਹਿ ਕੇ ਬੀ.ਏ. ਕੀਤੀ। ਉੱਘਾ ਹਾਕੀ-ਖਿਲਾੜੀ ਹੋਣ ਕਰਕੇ ਫ਼ੌਜ ਵਿਚ ਕਮਿਸ਼ਨ ਮਿਲ ਗਿਆ। ਪਾਕਿਸਤਾਨ ਜੰਗ ਵਿਚ ਫ਼ਾਜ਼ਿਲਕਾ ਸੈਕਟਰ ਵਿਚ ਇਕ ਪਲਟਨ ਦੀ ਕਮਾਨ ਕੀਤੀ। ਨੌਕਰੀ ਪੂਰੀ ਕਰਕੇ ਲੈਫਟੀਨੈਂਟ ਕਰਨਲ ਦੇ ਪਦ ਤੋਂ ਰੀਟਾਇਰ ਹੋ ਕੇ ਅੰਮ੍ਰਿਤਸਰ ਹੀ ਸੈੱਟ ਹੋ ਗਏ ਹਨ।
4. ਸ. ਜੋਗਿੰਦਰਜੀਤ ਸਿੰਘ, ਦਸੰਬਰ 1930 ਵਿਚ ਜਨਮੇ, ਏਅਰ ਫ਼ੋਰਸ ਤੋਂ ਰੀਟਾਇਰ ਹੋ ਕੇ ਸ੍ਰੀ ਤਰਨ ਤਾਰਨ ਆਪਣੇ ਬੁੰਗਿਆਂ ਵਿਚ ਗੁਰਸਿਖੀ ਦਾ ਬੜਾ ਸੁਚੱਜਾ ਤੇ ਉਪਕਾਰੀ ਜੀਵਨ ਬਿਤਾਇਆ। ਇਹ 12-11-2009 ਨੂੰ ਤਰਨ ਤਾਰਨ ਵਿਚ ਚੜਾਈ ਕਰ ਗਏ।
5. ਵੱਡੀ ਬੀਬੀ ਸੰਤ ਕੌਰ, 1906 ਵਿਚ ਜਨਮੇ, ਜੈਪੁਰ ਵਿਖੇ ਆਪਣਾ ਜੀਵਨ ਬਤੀਤ ਕਰ ਰਹੇ ਸਨ। 1999 ਵਿਚ ਚੜ੍ਹਾਈ ਕਰ ਗਏ।
6. ਬੀਬੀ ਨਰਿੰਦਰ ਕੌਰ, 1908 ਵਿਚ ਜਨਮੇ, ਆਪਣੇ ਸਪੁੱਤਰ ਕਾਕਾ ਗੁਰਬਖ਼ਸ਼ ਸਿੰਘ ਪਾਸ ਹੀ ਕੈਰੋਂ ਟਿਕੇ ਹੋਏ ਸਨ। ਇਸ ਬੀਬੀ ਨਾਲ ਬਾਊ ਜੀ ਦਾ ਅਧਿਕ ਪ੍ਰੇਮ ਸੀ। 24 ਜੂਨ, 1983 ਵਿਚ ਪਿਆਨੇ ਕਰ ਗਏ।
7. ਸਭ ਤੋਂ ਛੋਟੀ ਬੀਬੀ ਗਿਆਨ ਕੌਰ, 1920 'ਚ ਜਨਮ ਲੈ ਕੇ 1998 'ਚ ਚੜ੍ਹਾਈ ਕੀਤੀ। ਸੁਪਤਨੀ ਵਿੰਗ ਕਮਾਂਡਰ ਸ. ਜਗੀਰ ਸਿੰਘ, ਇਨ੍ਹਾਂ ਦੇ ਅਨੰਦ ਕਾਰਜ ਸਮੇਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪ ਮਹਾਰਾਜ ਜੀ ਦੀ ਤਾਬਿਆ ਬੈਠ ਕੇ ਲਾਵਾਂ ਦਾ ਪਾਠ ਕੀਤਾ ਸੀ।

ਮਾਨਯੋਗ ਬਾਊ ਮੱਲ ਸਿੰਘ ਜੀ ਵਡ-ਪਰਵਾਰੇ ਸਨ। ਉਨ੍ਹਾਂ ਦੇ ਪੁੱਤਰ, ਪੋਤਰੇ, ਪੜਪੋਤਰੇ, ਦੋਹਤਰੇ, ਪੜਦੋਹਤਰੇ ਆਦਿ ਫ਼ੌਜ ਅਤੇ ਸਿਵਲ ਵਿਚ ਬੜੇ ਉਚੇ ਉਚੇ ਅਹੁਦਿਆਂ ਤਕ ਪੁਜੇ ਹੋਏ ਹਨ।

ਬਾਊ ਜੀ ਦੇ ਇਤਨੇ ਵੱਡੇ ਪਰਿਵਾਰ ਵਿਚੋਂ ਸਭ ਤੋਂ ਵਧ ਪਿਆਰ ਦੇ ਪਾਤਰ ਉਨ੍ਹਾਂ ਦੀ ਦੋਹਤਰੀ ਬੀਬੀ ਬਲਵੰਤ ਕੌਰ ਅਤੇ ਉਸ ਦੇ ਪਤੀ ਭਾਈ ਰਾਮ ਸਿੰਘ ਜੀ ਸਨ। ਇਹ ਸੁਕੈਡਰਨ ਲੀਡਰ ਦੀ ਪਦਵੀ ਤੋਂ ਰਿਟਾਇਰ ਹੋ ਕੇ ਸ੍ਰੀ ਅੰਮ੍ਰਿਤਸਰ ਜੀ ਰਹਿੰਦੇ ਰਹੇ ਹਨ। ਇਨ੍ਹਾਂ ਨਾਲ ਜਿਗਰੀ ਪਿਆਰ ਹੋਣ ਕਰਕੇ 1965 ਤੋਂ ਪਿਛੋਂ ਤਾਂ ਦਿੱਲੀ ਸਮਾਗਮ ਕਰ ਕੇ ਕਾਨਪੁਰ ਵਿਖੇ ਇਨ੍ਹਾਂ ਪਾਸ ਜਾ ਟਿਕਦੇ ਸਨ। ਇਸ ਸੰਗਤ ਸਦਕਾ ਹੀ ਭਾਈ ਰਾਮ ਸਿਘ ਜੀ ਦਾ ਪਿਛਲੀ ਰਾਤ ਬਾਰਾਂ ਵਜੇ ਜਾਗਣਾ, ਅੰਮ੍ਰਿਤ ਵੇਲੇ ਦਾ ਸਿਮਰਨ, ਸਤਿਗੁਰੂ ਜੀ ਦੇ ਦਰਸ਼ਨ ਤੇ ਕੀਰਤਨ ਦੇ ਅਨੰਦ ਮਾਣਨ ਦੀ ਨਿਤ ਦੀ ਕਿਰਿਆ ਬਣ ਗਈ।

## ਬਾਊ ਮੱਲ ਸਿੰਘ ਜੀ ਦੀ ਵੰਸ਼ ਦੇ ਮੋਢੀ

# ਬਾਬਾ ਪਰੋਜ਼ ਜੀ

ਜਿਸ ਬੰਸ ਵਿਚ ਸ੍ਰੀਮਾਨ ਬਾਊ ਮੱਲ ਸਿੰਘ ਜੀ ਦਾ ਜਨਮ ਹੋਇਆ, ਦਸ ਕੁ ਪੀੜ੍ਹੀਆਂ ਪਹਿਲਾਂ ਉਸ ਬੰਸ ਵਿਚ ਇਕ ਮਾਨਨੀਯ ਸ਼ਹੀਦ ਗੁਰਮੁਖ ਪਿਆਰੇ ਹੋਏ ਹਨ, ਜਿਨ੍ਹਾਂ ਦਾ ਨਾਮ ਬਾਬਾ ਪਰੋਜ਼ ਸੀ।

ਬਾਬਾ ਪਰੋਜ਼ ਜੀ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਵਿਚ ਨਾਮਵਰ ਜੋਧੇ ਹੋਏ ਹਨ। ਜੋ ਸੜਕ ਸ੍ਰੀ ਗਇੰਦਵਾਲ ਤੋਂ ਸ੍ਰੀ ਖਡੂਰ ਸਾਹਿਬ ਦੇ ਰਸਤੇ, ਜੰਡਿਆਲੇ ਤੋਂ ਹੁੰਦੀ ਹੋਈ ਸ੍ਰੀ ਅੰਮ੍ਰਿਤਸਰ ਪੁਜਦੀ ਹੈ, ਉਸ ਸੜਕ ਦੇ ਤਕਰੀਬਨ ਅੱਧ ਵਿਚ, ਸੱਚੇ ਪਾਤਸ਼ਾਹ ਜੀ ਨੇ ਪਿੰਡ ਤਿੰਮੋਵਾਲ ਵਿਖੇ ਸਿੱਖੀ ਪਰਚਾਰ ਲਈ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ, ਜੋ ਅੱਜ ਕਲ੍ਹ ਵੀ ਬੜੀ ਸੁੰਦਰ ਇਮਾਰਤ ਦੇ ਰੂਪ ਵਿਚ ਛੇਵੀਂ ਪਾਤਸ਼ਾਹੀ ਦਾ ਅਸਥਾਨ ਅਖਵਾਉਂਦਾ ਹੈ। ਇਹ ਪਿੰਡ ਸਰਲੀ ਪਿੰਡ ਤੋਂ ਮੀਲ ਕੁ ਦੀ ਵਿਥ 'ਤੇ ਹੈ। ਇਸ ਗੁਰ-ਅਸਥਾਨ ਦੀ ਸਾਂਭ-ਸੰਭਾਲ ਲਈ ਸੱਚੇ ਪਾਤਸ਼ਾਹ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਨੀਯਤ ਕੀਤਾ।

ਬਾਬਾ ਗੁਰਦਿੱਤਾ ਜੀ ਨੇ ਸਿੱਖੀ ਪਰਚਾਰ ਦੇ ਨਾਲ ਨਾਲ ਇਥੇ ਸ਼ਸਤਰ-ਵਿਦਿਆ ਦੇ ਅਭਿਆਸ ਕਰਨੇ ਕਰਾਉਣੇ ਵੀ ਅਰੰਭ ਦਿੱਤੇ। ਇਸੇ ਕਾਰਨ ਇਸ ਇਲਾਕੇ ਦੇ ਸ਼ਰਧਾਵਾਨ ਗੁਰੂ ਕੇ ਲਾਲ, ਸੂਰਬੀਰ ਜੋਧੇ ਬਣ ਗਏ। ਬਾਬਾ ਪਰੋਜ਼ ਜੀ ਇਸ ਸੂਰਬੀਰ ਜਥੇ ਦੇ ਮੋਢੀਆਂ ਵਿਚੋਂ ਸਨ।

ਕਿਸੇ ਇਕ ਦਿਨ ਵਿਚਾਰ-ਵਟਾਂਦਰਾ ਕਰਦਿਆਂ, ਗੱਲ ਚੱਲੀ ਕਿ ਇਸ ਇਲਾਕੇ ਦੇ ਮੁਸਲਮਾਨ, ਸਾਨੂੰ ਜ਼ਮੀਨ ਵਾਹੁਣ ਲਈ ਆਪਣੇ ਮੌਰੂਸ ਸਮਝਦੇ ਹਨ ਤੇ ਵਿਆਹ ਸ਼ਾਦੀਆਂ 'ਤੇ ਸਾਥੋਂ ਦੁੱਧ ਮੰਗਦੇ ਹਨ। ਸਾਡੀ ਗ਼ੈਰਤ ਸਾਨੂੰ ਮਜਬੂਰ ਕਰਦੀ ਹੈ ਕਿ ਇਹ ਗ਼ੁਲਾਮੀ ਦਾ ਜੂਲਾ, ਕਿਸੇ ਨਾ ਕਿਸੇ ਦਿਨ ਗਲੋਂ ਲਾਹ ਦਿੱਤਾ ਜਾਵੇ, ਭਾਵੇਂ ਇਸ ਲਈ ਸ਼ਹੀਦੀਆਂ ਵੀ ਕਿਉਂ ਨਾ ਦੇਣੀਆਂ ਪੈਣ। ਸੋ ਉਥੇ ਹੀ ਫੈਸਲਾ ਹੋ ਗਿਆ ਕਿ ਬਾਬਾ ਜੀ ਇਹ ਬੀੜਾ ਚੁਕਣ। ਬਾਕੀ ਸਾਰੇ ਸੂਰਬੀਰ ਉਨ੍ਹਾਂ ਦਾ ਪੂਰਾ ਪੂਰਾ ਸਾਥ ਦੇਣਗੇ।

ਭੋਰਛੀ ਪਿੰਡ ਦੇ ਰੰਘੜ ਮੁਸਲਮਾਨ, ਆਪਣੇ ਆਪ ਨੂੰ ਇਸ ਇਲਾਕੇ ਦੇ ਮਾਲਕ ਸਮਝਦੇ ਸਨ ਤੇ ਜ਼ਮੀਨ ਦੂਜਿਆਂ ਨੂੰ ਮੌਰੂਸੀ ਕਬਜ਼ੇ 'ਤੇ ਦਿੰਦੇ ਸਨ ਅਤੇ ਇਸ ਜ਼ਮੀਨ ਉਪਰ ਉਹ ਨਾਂ ਮਾਤਰ ਲਗਾਨ ਵੀ ਲੈਂਦੇ ਸਨ। ਉਪਰੋਕਤ ਫ਼ੈਸਲੇ ਪਿਛੋਂ, ਜਦੋਂ ਕਿਸੇ ਸ਼ਾਦੀ ਦੇ ਮੌਕੇ 'ਤੇ, ਇਨ੍ਹਾਂ ਰੰਘੜਾਂ ਨੇ ਬਾਬਾ ਜੀ ਨੂੰ ਦੁੱਧ ਭੇਜਣ ਲਈ ਸੁਨੇਹਾ ਭੇਜਿਆ ਤਾਂ ਆਪ ਨੇ ਦੁੱਧ ਦੇ ਮਟਕਿਆਂ ਵਿਚ ਮੱਝਾਂ ਦਾ ਸੁੱਕਾ ਗੋਹਾ ਭਰ ਦਿੱਤਾ ਅਤੇ ਉਪਰ ਥੋੜਾ

ਥੋੜ੍ਹਾ ਦੁੱਧ ਪਾ ਭੇਜਿਆ। ਇਸ ਦੇ ਨਾਲ ਹੀ ਬਾਬਾ ਜੀ ਨੇ ਆਪਣੇ ਸਾਥੀ ਵਰਿਆਮ-ਸੂਰਮਿਆਂ ਨੂੰ ਖ਼ਬਰਦਾਰ ਕਰ ਦਿੱਤਾ।

ਜਦੋਂ ਇਸ ਗੰਦੇ ਦੁੱਧ ਦੇ ਮਟਕੇ ਭੋਰਛੀ ਪੁਜੇ ਤਾਂ ਪਿੰਡ ਦੇ ਸਾਰੇ ਮੁਸਲਮਾਨਾਂ ਨੂੰ ਅੱਗ ਲਗ ਗਈ ਕਿ ਸਾਡੇ ਮੁਜ਼ਾਰਿਆਂ ਦੀ ਇੰਨੀ ਜੁਰਅਤ ਅਤੇ ਉਹ ਸਾਡੀ ਇਸ ਤਰ੍ਹਾਂ ਬੇਪਤੀ ਕਰਨ ! ਉਨ੍ਹਾਂ ਨੇ ਵਿਆਹ ਕਰ ਕੇ ਡੋਲਾ ਪਿੰਡ ਭੇਜ ਦਿੱਤਾ ਤੇ ਬਾਕੀ ਸਾਰੀ ਜੰਞ ਸਮੇਤ ਆਲੇ ਦੁਆਲੇ ਦਾ ਮੁਲਖਈਆ, ਸਨੱਧ-ਬੱਧ ਹੋ ਕੇ ਐਲੀ ਐਲੀ ਕਰਦਾ ਬਾਬਾ ਜੀ ਦੇ ਡੇਰੇ ਸਰਲੀ ਚੜ੍ਹ ਆਇਆ। ਬਾਬਾ ਜੀ ਤੇ ਇਨ੍ਹਾਂ ਦੇ ਸੰਗੀ ਸਾਥੀ ਬਲੀ-ਸੂਰਮੇ, ਅੱਗੇ ਹੀ ਜੈਕਾਰੇ ਛਡਦੇ, ਇਨ੍ਹਾਂ ਰੰਘੜਾਂ ਨੂੰ ਉਡੀਕ ਰਹੇ ਸਨ। ਪਲੋ ਪਲੀ ਵਿਚ ਯੁੱਧ ਸ਼ੁਰੂ ਹੋ ਗਿਆ। ਦੋਹਾਂ ਪਾਸਿਆਂ ਦੇ ਬਹਾਦਰ ਜੋਧਿਆਂ ਨੂੰ ਆਪੋ ਆਪਣੇ ਟਿਕਾਣੇ ਮੱਲ ਲਏ ਅਤੇ ਦੁਪਾਸੜ ਵਾਰ ਹੋਣੇ ਆਰੰਭ ਹੋ ਗਏ। ਖ਼ੂਬ ਗਹਿ-ਗਡਵੀਂ ਲੜਾਈ ਹੋਈ। ਰੰਘੜਾਂ ਵਾਲੇ ਪਾਸਿਓਂ ਤਾਂ ਇਲਾਕੇ ਭਰ ਦਾ ਸਾਰਾ ਮੁਲਖਈਆ ਟੁਟ ਕੇ ਆ ਪਿਆ ਸੀ, ਪਰ ਦੂਜੇ ਪਾਸੇ ਗਿਣਤੀ ਦੇ ਸੂਰਬੀਰ ਬਹਾਦਰ ਉਹ ਗੁਰੂ ਕੇ ਲਾਲ ਹੀ ਸਨ, ਜਿਨ੍ਹਾਂ ਨੇ ਸਿਰ-ਧੜ ਦੀ ਬਾਜ਼ੀ ਲਾਈ ਹੋਈ ਸੀ। ਉਹ ਸਿਰਾਂ 'ਤੇ ਕਫਣ ਬੰਨ੍ਹ ਕੇ ਸ਼ਹੀਦੀਆਂ ਪਾਉਣ ਲਈ ਡਟ ਖਲੋਤੇ ਸਨ। ਇਸ ਕਰਕੇ ਇਨ੍ਹਾਂ ਜੋਧਿਆਂ ਦੀ ਤਲਵਾਰ, ਇਸ ਜੋਸ਼ ਨਾਲ ਚਲ ਰਹੀ ਸੀ ਕਿ ਜਿਸ ਦੇ ਸਾਹਮਣੇ ਖੜਾ ਹੋਣਾ ਸੌਖਾ ਨਹੀਂ ਸੀ। ਤਿੰਨ ਚਾਰ ਘੜੀਆਂ ਦੀ ਸਖ਼ਤ ਹਥੋ-ਹਥੀ ਲੜਾਈ ਪਿਛੋਂ ਰੰਘੜਾਂ ਦੇ ਪੈਰ ਉਖੜ ਗਏ ਅਤੇ ਉਹ ਪਿਛਾਂਹ ਨੂੰ ਖਿਸਕਣ ਲਗ ਪਏ।

ਹੁਣ ਸਿੰਘਾਂ ਨੇ ਜੈਕਾਰੇ ਗੂੰਜਾਉਂਦਿਆਂ ਹੋਇਆਂ, ਹੋਰ ਵੀ ਤ੍ਰਾਣ ਲਾ ਕੇ ਡਾਢੇ ਜ਼ੋਰ ਦਾ ਹੱਲਾ ਬੋਲ ਦਿੱਤਾ ਅਤੇ ਉਨ੍ਹਾਂ ਰੰਘੜਾਂ ਨੂੰ ਧੱਕਦੇ ਧੱਕਦੇ ਪਿੰਡ ਜਸੋਵਾਲ ਲਾਗੇ ਪੁਜ ਗਏ। ਇਹ ਪਿੰਡ ਸਰਲੀ ਤੇ ਭੋਰਛੀ ਦੇ ਅੱਧ ਵਿਚ ਹੈ। ਗੁਰੂ ਕੇ ਸਿੱਖਾਂ ਦਾ ਪਲੜਾ ਇਸ ਵੇਲੇ ਭਾਰਾ ਸੀ, ਪਰ ਗੁਰੂ ਨੇਤ ਨਾਲ ਬਾਬਾ ਜੀ ਦੁਸ਼ਮਣਾਂ ਦੇ ਇਕ ਗੋ੍ਹ ਵਿਚ ਘਿਰ ਕੇ ਭਾਰੀ ਜ਼ਖ਼ਮੀ ਹੋ ਗਏ, ਅਤੇ ਖ਼ੂਨ ਦੀਆਂ ਤਤੀਰੀਆਂ ਵਗ ਟੁਰੀਆਂ।

"ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ॥" ਬਾਬਾ ਜੀ ਦਾ ਜੋਸ਼ ਚਮਕ ਉਠਿਆ। ਆਪ ਨੇ ਬੜਾ ਉਚਾ ਜੈਕਾਰਾ ਛਡਿਆ ਅਤੇ ਸੱਚੇ ਪਾਤਸ਼ਾਹ ਨੂੰ ਧਿਆਇਆ। ਫਿਰ ਚੰਡੀ ਰੂਪ ਸ੍ਰੀ ਸਾਹਿਬ ਨੂੰ ਇਸ ਜ਼ੋਰ ਨਾਲ ਘੁਮਾ ਕੇ, ਦੁਸ਼ਮਣ ਨੂੰ ਲਲਕਾਰਦੇ ਹੋਏ ਉਨ੍ਹਾਂ 'ਤੇ ਟੁਟ ਪਏ ਕਿ ਉਹ ਘਬਰਾ ਉਠੇ। ਲਹੂ ਨਾਲ ਲੱਥ-ਪੱਥ ਹੋਏ ਬਾਬਾ ਜੀ ਨੂੰ ਦੇਖ ਕੇ ਉਹ ਇਤਨੇ ਸਹਿਮੇ ਕਿ ਉਹ ਮੂੰਹ ਭਵਾ ਕੇ, ਪਿੰਡ ਭੋਰਛੀ ਵਲ ਨੱਠ ਉਠੇ। ਸਤਿਗੁਰੂ ਜੀ ਦੀ ਪ੍ਰਤੱਖ ਕਲਾ ਵਰਤੀ, ਬਾਬਾ ਜੀ ਸਾਰੇ ਮੁਲਖਈਏ ਨੂੰ ਅੱਗੇ ਲਾ ਕੇ ਪਿੰਡ ਤਕ ਧੱਕ ਲੈ ਗਏ। ਜਦੋਂ ਪਿੰਡ ਦੀਆਂ ਜ਼ਨਾਨੀਆਂ ਨੇ ਇਹ ਭਿਆਨਕ ਦ੍ਰਿਸ਼ ਵੇਖਿਆ ਤਾਂ ਉਨ੍ਹਾਂ ਨੇ ਕੋਠਿਆਂ 'ਤੇ ਚੜ੍ਹ ਕੇ ਖ਼ੁਦਾ ਦਾ ਵਾਸਤਾ ਪਾਂਦਿਆਂ ਦੁਹਾਈ ਦਿੱਤੀ, "ਬਾਬਾ ਜੀ, ਹੁਣ ਇਨ੍ਹਾਂ ਨੂੰ ਮੁਆਫ਼ ਕਰ ਦੇਵੋ।" ਬਾਬਾ ਜੀ ਉਥੇ ਹੀ ਰੁਕ ਗਏ, ਜ਼ਮੀਨ 'ਤੇ ਡਿਗ ਪਏ ਅਤੇ ਉਥੇ ਹੀ ਸ਼ਹੀਦੀ ਪ੍ਰਾਪਤ ਕਰ ਗਏ। ਪਿਛੋਂ ਨਾਲ ਦੇ ਸਾਥੀ ਵੀ ਪੁਜ ਗਏ ਸਨ। ਉਹ ਬਾਬਾ ਜੀ ਦੇ ਸਰੀਰ ਨੂੰ ਮੰਜੇ 'ਤੇ ਪਾ ਕੇ ਅਦਬ ਸਤਿਕਾਰ ਨਾਲ ਪਿੰਡ ਲੈ ਆਏ। ਸਾਰੇ ਇਲਾਕੇ ਵਿਚ ਬਾਬਾ ਜੀ ਦੀ ਇਸ ਸੂਰਮਗਤੀ ਅਤੇ ਸ਼ਹੀਦੀ ਦੀ ਜੈ ਜੈਕਾਰ ਹੋ ਰਹੀ ਸੀ।

ਸਾਰਾ ਇਲਾਕਾ ਇਕੱਠਾ ਹੋਇਆ ਅਤੇ ਪੂਰੇ ਸਤਿਕਾਰ ਨਾਲ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਲੋਹਗੜ੍ਹ ਦੇ ਕਿਲ੍ਹੇ ਵਿਚ ਵੈਰੀਆਂ ਦੇ ਸਾਹਮਣੇ ਆਪ ਸ੍ਰੀ ਸਾਹਿਬ ਚੁਕੀ ਅਤੇ ਉਨ੍ਹਾਂ ਨੂੰ ਭਾਜੜਾਂ ਪਾ ਕੇ ਪ੍ਰਤੱਖ ਕਰ ਦਿੱਤਾ ਕਿ ਹੁਣ ਗੁਰੂ ਕੇ ਸਿੱਖ, ਨਵੀਂ ਕੌਮ ਬਣ ਕੇ, ਸ਼ਸਤਰ ਪਹਿਨ ਕੇ ਜੰਗਾਂ ਜੁੱਧਾਂ ਲਈ ਤਿਆਰ ਹੋ ਗਏ ਹਨ, ਇਹ ਸ਼ਹੀਦੀਆਂ ਪਾ ਲੈਣਗੇ, ਪਰ ਅਣਖ ਪਿਛੇ ਸਭ ਕੁਝ ਕੁਰਬਾਨ ਕਰ ਦੇਣਗੇ।

ਗੁਰੂ ਪਾਤਸ਼ਾਹ ਦੀ ਬਖ਼ਸ਼ੀ ਅਲੌਕਿਕ ਸ਼ਕਤੀ ਸਦਕਾ ਹੀ, ਇਹ ਧਰਮ-ਯੁਧ ਗੁਰੂ ਕੇ ਸਿੱਖਾਂ ਨੇ ਰਚਿਆ ਅਤੇ ਦੁਸ਼ਮਣਾਂ ਨੂੰ ਉਨ੍ਹਾਂ ਦੇ ਘਰ ਵਾੜ ਕੇ ਸਬਕ ਸਿਖਾਇਆ ਕਿ ਗੁਰੂ ਕਾ ਸਿੱਖ ਮਿਟ ਸਕਦਾ ਹੈ, ਪਰ ਲਿਫ ਨਹੀਂ ਸਕਦਾ। ਸੱਚੇ ਪਾਤਸ਼ਾਹ ਦੀ ਇਸ ਸ਼ਕਤੀ ਦਾ ਸਦਕਾ ਰੰਘੜਾਂ ਨੂੰ ਅਕਲ ਆ ਗਈ ਕਿ ਇਹ ਕੌਮ ਹੁਣ ਰਾਹਕ ਬਣ ਕੇ ਈਨ ਨਹੀਂ ਮੰਨੇਗੀ। ਸੋ ਉਨ੍ਹਾਂ ਨੇ ਕੁਝ ਦੇਰ ਪਿਛੋਂ, ਇਨ੍ਹਾਂ ਨੂੰ ਸੁਨੇਹਾ ਭੇਜਿਆ ਕਿ ਅੱਗੇ ਤੋਂ ਅਸੀਂ ਆਪ ਨਾਲ ਭਰਾਵਾਂ ਵਾਂਗ ਰਵ੍ਹਾਂਗੇ ਅਤੇ ਲੜਾਈ ਝਗੜੇ ਤੋਂ ਸਦਾ ਲਈ ਤੋਬਾ ਕਰਦੇ ਹਾਂ। ਬਾਬਾ ਜੀ ਦੀ ਕੁਰਬਾਨੀ ਸਦਕਾ ਸਾਰੇ ਇਲਾਕੇ ਵਿਚ ਠੰਢ ਤੇ ਸ਼ਾਂਤੀ ਵਰਤ ਗਈ।

# ਸ੍ਰੀ ਬਾਊ ਜੀ ਦੇ ਵੱਡੇ ਭਰਾਤਾ
# ਭਾਈ ਵਰਿਆਮ ਸਿੰਘ ਜੀ ਵੈਰੋਵਾਲ

ਦਾਸ ਦੇ ਪਿਤਾ ਭਾਈ ਵਰਿਆਮ ਸਿੰਘ ਜੀ ਬਾਊ ਮੱਲ ਸਿੰਘ ਜੀ ਦੇ ਸਭ ਤੋਂ ਵੱਡੇ ਵੀਰ ਸਨ। ਜਿਨ੍ਹਾਂ ਦਾ ਜਨਮ ਸੰਨ 1871 ਪਿੰਡ ਸਰਲੀ ਨੇੜੇ ਨਾਗੋਕੇ ਜ਼ਿਲ੍ਹਾ ਅੰਮ੍ਰਿਤਸਰ ਪਿਤਾ ਕਾਹਨ ਸਿੰਘ ਜੀ ਅਤੇ ਮਾਤਾ ਗੁਲਾਬ ਕੌਰ ਜੀ ਦੇ ਘਰ ਹੋਇਆ। 16 ਸਾਲ ਦੀ ਉਮਰ ਵਿਚ ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਾਰੇ ਪਰਿਵਾਰ-ਤਿੰਨ ਛੋਟੇ ਵੀਰਾਂ ਤੇ ਦੋ ਭੈਣਾਂ ਦੀ ਸੰਭਾਲ ਕਰਨੀ ਪਈ। ਬਾਊ ਜੀ ਨੂੰ ਪੜ੍ਹਾਈ ਵਲ ਲਾਇਆ ਅਤੇ ਬਾਕੀ ਸਾਰੇ ਪਰਿਵਾਰ ਦੀ ਸੰਭਾਲ ਬੜੇ ਸੁਚੱਜੇ ਢੰਗ ਨਾਲ ਕੀਤੀ।

ਬਾਅਦ ਵਿਚ ਜਦੋਂ ਬਾਊ ਮੱਲ ਸਿੰਘ ਜੀ ਦੇ ਉਦਮ ਨਾਲ ਵੱਡੇ ਵੀਰ ਸਮੇਤ ਸਾਰੇ ਪਰਿਵਾਰ ਨੇ ਅੰਮ੍ਰਿਤ ਛਕਿਆ ਇਨ੍ਹਾਂ ਦੇ ਪਰਿਵਾਰ ਸਮੇਤ ਅੰਮ੍ਰਿਤ ਛਕਣ ਦਾ ਬਿਰਤਾਂਤ ਪੁਸਤਕ ਦੇ ਪੰਨਾ 27 ਅਤੇ 28 ਉੱਪਰ ਦਿੱਤਾ ਗਿਆ ਹੈ। ਤਾਂ ਬਿਬੇਕ ਧਾਰਨ ਕਰ ਕੇ ਸਾਰੇ ਪਰਿਵਾਰ ਲਈ ਖ਼ੁਦ ਚੌਦ੍ਹਾਂ ਸਾਲ ਪਿੰਡ ਦੀ ਖ਼ੂਹੀ ਤੋਂ ਵਹਿੰਗੀ 'ਤੇ ਪਾਣੀ ਢੋਣ ਦੀ ਸੇਵਾ ਨਿਭਾਈ। ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਆਪ ਜੀ ਨੂੰ ਪਿਆਰ ਸਤਿਕਾਰ ਵਜੋਂ "ਗਵਰਨਰ ਸਾਹਿਬ" ਕਹਿ ਕੇ ਬੁਲਾਉਂਦੇ ਹੁੰਦੇ ਸਨ ਅਤੇ ਦੂਰ ਬੈਠੇ ਹੋਇਆਂ ਨੂੰ ਕੀਰਤਨ-ਸਮਾਗਮਾਂ 'ਤੇ ਸਦ ਭੇਜਦੇ ਹੁੰਦੇ ਸਨ। ਸ੍ਰੀ ਕਰਤਾਰਪੁਰ ਰਾਵੀ, ਗੁਰਦੁਆਰਾ ਡੇਹਰਾ ਬਾਬਾ ਨਾਨਕ ਸਾਹਿਬ, ਸ੍ਰੀ ਅੰਮ੍ਰਿਤਸਰ ਤੇ ਸਚਖੰਡ ਹਜ਼ੂਰ ਸਾਹਿਬ ਵਿਖੇ ਸ੍ਰੀਮਾਨ ਭਾਈ ਸਾਹਿਬ ਜੀ ਆਪ ਜੀ ਨੂੰ ਜਥੇ ਦੇ ਨਾਲ ਲੈ ਕੇ ਗਏ ਸਨ।

ਸਿੱਖੀ ਦੀ ਲਗਨ, ਗੁਰਬਾਣੀ, ਨਿਤਨੇਮ, ਸ਼ਬਦ ਕੀਰਤਨ ਤੇ ਗੁਰਦੁਆਰੇ ਨਾਲ ਪ੍ਰੇਮ ਤਾਂ ਆਪ ਨੂੰ ਬਚਪਨ ਤੋਂ ਹੀ ਵਿਰਸੇ ਵਿਚ ਮਿਲਿਆ ਸੀ। ਪਿਤਾ ਜੀ ਦੀ ਸੰਗਤ ਤੇ ਮਾਨਯੋਗ ਬਾਊ ਜੀ ਦੇ ਨਾਲ ਹੋਣ ਕਰਕੇ ਸਾਰੇ ਇਲਾਕੇ ਵਿਚ ਕੀਰਤਨ ਸਮਾਗਮ ਸ਼ੁਰੂ ਹੋ ਗਏ ਅਤੇ ਦੂਰ ਨੇੜੇ ਇਨ੍ਹਾਂ ਦੇ ਪਰਿਵਾਰ ਦੀ "ਭਗਤੁ ਭਗਤੁ ਜਗਿ ਵਜਿਆ" ਵਾਲੀ ਸ਼ੋਭਾ ਫੈਲ ਗਈ। ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਸੰਚਾਰ ਸਮਾਗਮ ਕੀਤੇ ਜਾਂਦੇ ਰਹੇ।

ਜਿਥੇ ਆਪ ਨੂੰ ਪੰਥ ਸੇਵਾ ਦਾ ਸ਼ੁਰੂ ਤੋਂ ਹੀ ਬੜਾ ਚਾਅ ਸੀ, ਉਥੇ ਵਿਦਿਆ-ਪਰਚਾਰ ਦਾ ਸ਼ੌਕ ਕੋਈ ਘਟ ਨਹੀਂ ਸੀ। ਖਾਲਸਾ ਹਾਈ ਸਕੂਲ ਚੱਕ 41 ਝੰਗ ਬਰਾਂਚ ਅਤੇ ਖਾਲਸਾ ਹਾਈ ਸਕੂਲ ਲਾਇਲਪੁਰ ਦੇ ਆਪ ਮੋਢੀਆਂ ਵਿਚੋਂ ਸਨ। ਆਪ "ਬਾਰ ਖਾਲਸਾ ਦੀਵਾਨ" ਦੇ ਉਘੇ ਮੈਂਬਰ ਬਣ ਗਏ। ਇਸ ਨਾਲ ਆਪ ਦਾ ਮੇਲ ਸ. ਤੇਜਾ ਸਿੰਘ ਜੀ ਸਮੁੰਦਰੀ, ਸ. ਹਰਚਰਨ ਸਿੰਘ ਤੇ ਮਾਸਟਰ ਤਾਰਾ ਸਿੰਘ ਜੀ ਨਾਲ ਹੋ ਗਿਆ, ਜੋ ਉਸ ਵੇਲੇ ਲਾਇਲਪੁਰ ਸਕੂਲ ਦੇ ਹੈੱਡ-ਮਾਸਟਰ ਸਨ।

## ਗੁ: ਰਕਾਬਗੰਜ ਦੀ ਕੰਧ ਦਾ ਮੋਰਚਾ

1911 ਵਿਚ ਜਦੋਂ ਅੰਗਰੇਜ਼ਾਂ ਨੇ ਕਲਕਤੇ ਦੀ ਥਾਂ ਦਿੱਲੀ ਰਾਜਧਾਨੀ ਬਣਾਈ ਤਾਂ 'ਰਾਏ ਸੀਨਾ' ਵਾਇਸਰਾਏ ਦੇ ਦਫ਼ਤਰ ਬਣਾਉਣ ਦੇ ਨਕਸ਼ੇ ਵਿਚ ਗੁ: ਰਕਾਬਗੰਜ ਦੀਵਾਰ ਆਉਂਦੀ ਸੀ। ਸਿਖ ਸੰਗਤਾਂ ਵਿਚ ਇਸ ਦੇ ਵਿਰੁੱਧ ਬੜਾ ਜੋਸ਼ ਜਾਗ ਪਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ, ਬਾਬਾ ਕੇਹਰ ਸਿੰਘ ਜੀ ਪੱਟੀ ਅਤੇ ਲਾਇਲਪੁਰ ਦੇ ਬਾਰ ਖਾਲਸਾ ਦੀਵਾਨ ਦੇ ਮੁਖੀ ਸ. ਤੇਜਾ ਸਿੰਘ ਸਮੁੰਦਰੀ, ਸ. ਤਾਰਾ ਸਿੰਘ, ਸ. ਹਰਚਰਨ ਸਿੰਘ ਤੇ ਭਾਈ ਵਰਿਆਮ ਸਿੰਘ ਜੀ ਇਸ ਧਰਮ ਲਹਿਰ ਵਿਚ ਕੁੱਦ ਪਏ।

ਚੀਫ਼ ਖਾਲਸਾ ਦੀਵਾਨ ਨੇ ਸਿਖ ਸੰਗਤਾਂ ਦੀ ਰਾਏ ਲੈਣ ਲਈ ਅੰਮ੍ਰਿਤਸਰ ਵਿਖੇ ਇਕ ਪ੍ਰਤੀਨਿਧ ਕਾਨਫ਼ਰੰਸ ਸੱਦੀ, ਜਿਸ ਵਿਚ ਬਾਰ ਖਾਲਸਾ ਦੀਵਾਨ ਦੇ ਉਪਰੋਕਤ ਮੁਖੀ ਵੀ ਪੁਜ ਗਏ ਅਤੇ ਭਾਈ ਵਰਿਆਮ ਸਿੰਘ ਜੀ ਦੀ ਤਾਂ ਉਚੇਚੀ ਡਿਊਟੀ ਇਸ ਕਾਨਫ਼ਰੰਸ ਵਿਚ ਸ਼ਾਮਲ ਹੋਣ ਦੀ ਲਾਈ ਗਈ ਸੀ। ਜਦੋਂ ਚੀਫ਼ ਖਾਲਸਾ ਦੀਵਾਨ ਨੇ ਕੰਧ ਢਾਹੇ ਜਾਣ ਦੇ ਹੱਕ ਵਿਚ ਬੋਲੇ ਤਾਂ ਆਪ ਨੇ ਬੜੇ ਗਰਜਵੇਂ ਸ਼ਬਦਾਂ ਵਿਚ ਕਿਹਾ, "ਸਾਨੂੰ ਇਹ ਮਤਾ ਨਹੀਂ ਮਨਜ਼ੂਰ, ਅਸੀਂ ਕੰਧ ਨਹੀਂ ਢਾਹੁਣ ਦਿਆਂਗੇ, ਕਰਾਂਗੇ ਜਾਂ ਮਰਾਂਗੇ।" ਸਾਰੇ ਸਮਾਗਮ ਵਿਚ ਖੱਪ ਪੈ ਗਈ, ਕੁਝ ਹਥੋਪਾਈ ਵੀ ਹੋਈ। ਚੀਫ਼ ਖਾਲਸਾ ਦੀਵਾਨ ਦੇ ਮੁਖੀ ਤਾਂ ਸਟੇਜ ਛਡ ਕੇ ਹੀ ਹਰਨ ਹੋ ਗਏ।

ਇਸ ਤੋਂ ਇਲਾਵਾ ਥਾਂ-ਪਰ-ਥਾਂ ਸਿਖੀ ਜਜ਼ਬੇ ਵਿਚ ਇਨ੍ਹਾਂ ਗੁਰਸਿਖ ਮਰਜੀਵੜਿਆਂ ਵਲੋਂ ਇਸ ਸਰਕਾਰ-ਵਿਰੋਧੀ ਮੁਹਿੰਮ ਦੇ ਹੱਕ ਵਿਚ ਦੀਵਾਨ ਹੋਏ। ਅਖ਼ੀਰ ਸਰਕਾਰ ਨੂੰ ਝੁਕਣਾ ਪਿਆ ਅਤੇ ਦੁਬਾਰਾ ਕੰਧ ਨੂੰ ਉਸਾਰਨਾ ਪਿਆ।

## ਗੁਰੂ ਕੇ ਬਾਗ ਦਾ ਮੋਰਚਾ

ਗੁਰਦੁਆਰਾ ਸੁਧਾਰ ਲਹਿਰ (1921-25) ਵਿਚ ਕਈ ਮੋਰਚੇ ਲਗੇ। ਉਨ੍ਹਾਂ ਵਿਚੋਂ ਗੁਰੂ ਕੇ ਬਾਗ਼ ਦਾ ਮੋਰਚਾ ਵਿਸ਼ੇਸ਼ ਮਹੱਤਤਾ ਰਖਦਾ ਹੈ। ਇਸ ਮੋਰਚੇ ਵਿਚ ਲਾਇਲਪੁਰ ਦੇ ਪੰਜਵੇਂ ਜਥੇ ਦੀ ਖਾਸ ਮਹੱਤਤਾ ਹੈ। ਸੌ ਸਿੰਘਾਂ ਦੇ ਇਸ ਜਥੇ ਨੇ ਜ਼ਾਲਮ ਬੀ. ਟੀ. ਅਤੇ ਉਸ ਦੇ ਪੁਲਸ-ਧਾੜਵੀਆਂ ਦੀਆਂ ਕਹਿਰੀ ਡਾਂਗਾਂ ਦੀ ਮਾਰ, ਜਿਸ ਸ਼ਾਨਦਾਰ ਸਿੰਘਾਊ ਜਜ਼ਬੇ ਨਾਲ ਖਾਧੀ, ਉਸ ਨੇ ਸ਼ਾਂਤਮਈ ਅਕਾਲੀ ਸਤਿਆਗ੍ਰਹਿ ਦੀ ਧਾਂਕ ਦੇਸ-ਪਰਦੇਸ ਵਿਚ ਬਿਠਾ ਦਿੱਤੀ। ਇਹ ਸਭ ਕੁਝ ਅੱਖੀਂ ਵੇਖ ਕੇ ਹੀ ਕਾਂਗਰਸ ਦੇ ਪ੍ਰਸਿੱਧ ਨੇਤਾ ਪੰ: ਮਦਨ ਮੋਹਨ ਮਾਲਵੀਆ ਜੀ ਚਕ੍ਰਿਤ ਰਹਿ ਗਏ ਅਤੇ ਉਨ੍ਹਾਂ ਨੂੰ ਕਹਿਣਾ ਪਿਆ ਕਿ ਸਿੱਖ ਕੌਮ ਬੜੇ ਹੌਂਸਲੇ ਵਾਲੀ ਅਤੇ ਅਤਿ ਦਰਜੇ ਦੀ ਸ਼ਾਂਤਮਈ ਨਿਭਾ ਸਕਣ ਵਾਲੀ ਬਹੁਤ ਬਹਾਦਰ ਕੌਮ ਹੈ ਅਤੇ ਨਾਲ ਹੀ ਕਿਹਾ ਕਿ ਜੇ ਭਾਰਤ ਅਜ਼ਾਦ ਕਰਾਉਣਾ ਹੈ ਤਾਂ ਹਰੇਕ ਹਿੰਦੂ ਘਰ ਵਿਚੋਂ ਇਕ ਇਕ ਬੱਚਾ ਸਿੰਘ ਬਨਾਉਣਾ ਚਾਹੀਦਾ ਹੈ।

ਇਸ ਪੰਜਵੇਂ ਸ਼ਹੀਦੀ ਜਥੇ ਵਿਚ ਸਾਡੇ ਬਜ਼ੁਰਗ ਭਾਈ ਵਰਿਆਮ ਸਿੰਘ ਜੀ, ਸ੍ਰ. ਪ੍ਰਿਥੀਪਾਲ ਸਿੰਘ ਜੀ ਜਥੇਦਾਰੀ ਵਿਚ ਸ਼ਾਮਲ ਹੋਏ। ਇਹ ਪ੍ਰਿਥੀਪਾਲ ਸਿੰਘ ਦੁੱਧਾਂ ਮੱਖਣਾਂ ਦਾ ਪਲਿਆ ਹੋਇਆ ਸ਼ੇਰਨੀ (ਸਿੰਘਣੀ) ਮਾਂ ਦਾ ਪਾਲਿਆ ਹੋਇਆ ਛੇ-ਫੁਟ ਲੰਮਾ ਭਰਵਾਂ

ਜਵਾਨ ਸੀ। ਖਾਲਸਾ ਕਾਲਜ ਵਿਚ ਪੜ੍ਹਨ ਸਮੇਂ ਬਦਾਮਾਂ ਦੀ ਬੋਰੀ ਅਤੇ ਦੋ ਦੋ ਪੀਪੇ ਘਿਓ ਦੇ ਇਸ ਦੇ ਛਕਣ ਲਈ ਪਏ ਰਹਿੰਦੇ ਸਨ। ਇਸ ਦੀ ਮਾਂ ਨੇ ਇਸ ਨੂੰ ਇਹ ਗਲ ਪੱਕੀ ਕਰ ਕੇ ਘਰੋਂ ਤੋਰਿਆ, "ਵੇਖੀਂ ਪੁੱਤਰਾ, ਮੇਰੇ ਦੁੱਧ ਨੂੰ ਲਾਜ ਨਾ ਲਾਈਂ, ਗੁਰੂ ਪੰਥ ਦਾ ਸ੍ਰੀ ਅਕਾਲ ਤਖ਼ਤ ਤੋਂ ਮਿਲਿਆ ਹੁਕਮ ਸਿਰ ਨਾਲ ਨਿਭਾਈਂ।"

ਸ. ਪ੍ਰਿਥੀਪਾਲ ਸਿੰਘ ਤੇ ਦਾਸ ਕਾਲਜ ਵਿਚ ਬੜੇ ਮਿੱਤਰ ਸਾਂ। ਦਾਸ ਹਾਕੀ ਦਾ ਅਤੇ ਉਹ ਕ੍ਰਿਕਟ ਦੀ ਟੀਮ ਦਾ ਬਹੁਤ ਮਸ਼ਹੂਰ ਖਿਲਾੜੀ ਸੀ। ਜਦੋਂ ਲਾਇਲਪੁਰ ਤੋਂ ਇਹ ਜਥਾ ਆ ਰਿਹਾ ਸੀ ਤਾਂ ਦਾਸ ਓਦੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਐੱਮ.ਏ. (ਇੰਗਲਿਸ਼) ਵਿਚ ਪੜ੍ਹਦਾ ਸੀ। ਹੋਰ ਮਿਤਰਾਂ ਸਾਥੀਆਂ ਨਾਲ ਜਥੇ ਦਾ ਕਾਲਜ ਦੇ ਸਾਹਮਣੇ ਆਦਰ ਸਤਿਕਾਰ ਕੀਤਾ। ਪ੍ਰਿਥੀਪਾਲ ਸਿੰਘ ਨਾਲ ਖ਼ੂਬ ਜੱਫੀਆਂ ਪਾਈਆਂ ਅਤੇ ਫਿਰ ਸ਼ਬਦ ਕੀਰਤਨ ਕਰਦੇ ਸਾਰੇ ਜਥੇ ਨੂੰ ਕਾਲਜ ਦੇ ਗੁਰਦੁਆਰੇ ਲੈ ਗਏ। ਦੁੱਧ ਤੇ ਮਿਠਿਆਈ ਆਦਿ ਨਾਲ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਕਾਲਜ ਤੋਂ ਤੁਰਨ ਲਗਿਆਂ ਪ੍ਰਿਥੀਪਾਲ ਸਿੰਘ ਜੀ ਨੇ ਦਾਸ ਨੂੰ ਕਿਹਾ ਕਿ ਆਪਾਂ ਇਕੱਠੇ ਕਾਲਜ ਵਿਚ ਖੇਡਦੇ ਰਹੇ ਹਾਂ, ਹੁਣ ਵੀ ਇਕੱਠੇ ਹੀ ਜਥੇ ਵਿਚ ਡਾਂਗਾਂ ਖਾਣ ਲਈ ਚਲੀਏ। ਦਾਸ ਮੰਨ ਗਿਆ। ਸ਼ਾਮ ਨੂੰ ਅਸੀਂ ਦੋਵੇਂ ਮਿੱਤਰ, ਸ. ਤੇਜਾ ਸਿੰਘ ਸਮੁੰਦਰੀ, ਜੋ ਮੋਰਚੇ ਦੇ ਮੁਖੀ ਪ੍ਰਬੰਧਕ ਸਨ, ਨੂੰ ਮਿਲੇ। ਪ੍ਰਿਥੀਪਾਲ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਦੋਹਾਂ ਨੂੰ ਜਥੇ ਵਿਚ ਜਾਣ ਦੀ ਆਗਿਆ ਦਿੱਤੀ ਜਾਵੇ। ਸਮੁੰਦਰੀ ਜੀ ਨੇ ਉੱਤਰ ਵਿਚ ਕਿਹਾ, "ਪ੍ਰਿਥੀਪਾਲ ਸਿੰਘ ਜੀ, ਇਸ ਵਿਚ ਮੁਸ਼ਕਿਲ ਇਹ ਹੈ ਕਿ ਠਾਕਰ ਸਿੰਘ ਅੱਜ ਕਲ੍ਹ ਇਥੇ ਖਾਸ ਡਿਊਟੀ 'ਤੇ ਲੱਗਾ ਹੋਇਆ ਹੈ। ਸਾਡੇ ਪਾਸ ਹਿੰਦੋਸਤਾਨ ਦੀਆਂ ਤਿੰਨ ਮਸ਼ਹੂਰ ਅਖ਼ਬਾਰਾਂ-

1. Hindu (ਹਿੰਦੂ) ਮਦਰਾਸ,
2. ਅੰਮ੍ਰਿਤ ਬਜ਼ਾਰਾਂ ਪੱਤ੍ਰਕਾ ਕਲਕੱਤਾ ਤੇ
3. Leader (ਲੀਡਰ) ਅਲਾਹਾਬਾਦ ਦੇ ਸੰਪਾਦਕ ਆਏ ਹੋਏ ਹਨ, ਠਾਕਰ ਸਿੰਘ ਉਨ੍ਹਾਂ ਨੂੰ ਪੰਜਾਬੀ ਤੋਂ ਅੰਗਰੇਜ਼ੀ ਤਰਜਮਾ ਕਰ ਕੇ ਦਿੰਦਾ ਹੈ ਤੇ ਫਿਰ ਤਾਰ-ਘਰ ਜਾ ਕੇ ਉਹ ਆਪੋ ਆਪਣੇ ਅਖ਼ਬਾਰਾਂ ਨੂੰ ਤਾਰਾਂ ਭੇਜਦੇ ਹਨ। ਇਹ ਕੰਮ ਬਹੁਤ ਜ਼ਰੂਰੀ ਹੈ ਅਤੇ ਸਿਰਫ਼ ਇਹੋ ਹੀ ਕਰ ਸਕਦਾ ਹੈ। ਇਹ ਮੇਰਾ ਵਾਕਫ਼ ਹੈ ਤੇ ਮੈਂ ਇਸ ਨੂੰ ਕਾਲਜ ਵਿਚੋਂ 'ਸੇਵਾ' ਕਰਨ ਲਈ ਸਦ ਭੇਜਿਆ ਹੈ। ਨਾਲੇ ਇਹ ਉਨ੍ਹਾਂ ਪੱਤਰਕਾਰਾਂ ਦੇ ਰਹਿਣ ਤੇ ਖਾਣੇ ਦਾ ਪ੍ਰਬੰਧ ਵੀ ਕਰ ਰਿਹਾ ਹੈ। ਸੋ ਮੇਰੀ ਮਜਬੂਰੀ ਹੈ। ਨਾਲੇ ਇਨ੍ਹਾਂ ਦੇ ਪਿਤਾ ਜੀ ਜਥੇ ਵਿਚ ਹਿੱਸਾ ਪਾ ਹੀ ਰਹੇ ਹਨ।" ਸਮੁੰਦਰੀ ਜੀ ਨੇ ਪ੍ਰਿਥੀਪਾਲ ਸਿੰਘ ਜੀ ਨੂੰ ਗਲੇ ਲਾ ਕੇ ਵਿਦਾ ਕੀਤਾ।

ਇਹ ਜਥਾ ਇਸ ਮੋਰਚੇ ਵਿਚ ਪਹਿਲਾ ਨੰਬਰ ਲੈ ਗਿਆ। ਬੜੇ ਬਲੀ ਸਿੰਘ ਸੂਰਮੇ ਇਸ ਜਥੇ ਵਿਚ ਸਨ। ਸਿੰਘ ਡਾਂਗਾਂ ਖਾ ਕੇ ਬੇਹੋਸ਼ੀ ਦੀ ਹਾਲਤ ਵਿਚ ਡਿੱਗ ਪੈਂਦੇ ਸਨ, ਪਰ ਹੋਸ਼ ਵਿਚ ਆ ਕੇ ਦੋ ਦੋ ਤਿੰਨ ਤਿੰਨ ਵਾਰੀ ਅੱਗੇ ਵਧਦੇ ਸਨ। ਜਥੇ ਦੇ ਜਥੇਦਾਰ ਪ੍ਰਿਥੀਪਾਲ ਸਿੰਘ ਜੀ ਨੇ ਤਾਂ ਮਾਂ ਦੀ ਸਿਖਿਆ ਨੂੰ ਪੂਰੀ ਸਿਦਕ-ਦਿਲੀ ਨਾਲ ਨਿਭਾਇਆ ਅਤੇ ਬੇਹੋਸ਼ੀ ਤੋਂ ਮੁੜ ਮੁੜ ਉਠ ਕੇ ਡਾਂਗਾਂ ਖਾਂਦਾ ਰਿਹਾ।

ਫਿਰ ਇਸ ਬਹਾਦਰ ਯੋਧੇ ਪ੍ਰਿਥੀਪਾਲ ਸਿੰਘ ਨੂੰ, ਜਥੇ ਦੇ ਬਾਕੀ ਜ਼ਖ਼ਮੀ ਸਿੰਘਾਂ ਦੇ ਨਾਲ, ਐਂਬੂਲੈਂਸ ਗੱਡੀਆਂ ਵਿਚ ਪਾ ਕੇ ਸ੍ਰੀ ਅੰਮ੍ਰਿਤਸਰ ਅਕਾਲੀ ਬਾਗ਼ ਕੈਂਪ ਵਿਚ ਲਿਆਂਦਾ ਗਿਆ। ਇਸ ਦਲੇਰ ਨੌਜੁਆਨ ਦੀ ਕੁਟ ਦੀ ਖ਼ਬਰ ਸ਼ਹਿਰ ਪੁਜ ਗਈ ਸੀ। ਸੋ ਇਕ ਡਾਕਟਰ ਇਸ ਉਪਰ ਮਲ੍ਹਮ ਪੱਟੀ ਲਈ ਪਹਿਲਾਂ ਹੀ ਲਗ ਗਿਆ। ਉਸ ਨੇ ਦੇਖਿਆ ਕਿ ਸਾਰੇ ਸਰੀਰ, ਲੱਤਾਂ ਬਾਹਾਂ ਨੂੰ ਡਾਂਗਾਂ ਮਾਰ ਮਾਰ ਕੇ ਚਕਨਾ ਚੂਰ ਕਰ ਸੁੱਟਿਆ ਹੈ। ਵੱਖ-ਵੱਖ ਅੰਗਾਂ ਵਿਚੋਂ ਜਾਂ ਖ਼ੂਨ ਵਗ ਰਿਹਾ ਸੀ ਜਾਂ ਨੀਲ ਪਏ ਹੋਏ ਸਨ। ਅੰਮ੍ਰਿਤਸਰ ਸ਼ਹਿਰ ਦੇ ਹਿੰਦੂ, ਮੁਸਲਮਾਨ, ਸਿੱਖ ਅਤੇ ਮਾਈਆਂ ਬੀਬੀਆਂ, ਇਸ ਸਿੰਘ ਸੂਰਮੇ ਤੇ ਬਾਕੀ ਜਥੇ ਦੇ ਸਿੰਘਾਂ ਦੇ ਦਰਸ਼ਨ ਲਈ ਆਏ ਹੋਏ ਸਨ। ਦਾਸ ਵੀ ਆਪਣੇ ਮਿੱਤਰ ਦੀ ਮਲ੍ਹਮ ਪੱਟੀ ਤੇ ਇਲਾਜ ਲਈ ਪੁਜ ਗਿਆ ਸੀ। ਅਸਾਂ ਸਾਰਿਆਂ ਨੇ ਉਨ੍ਹਾਂ ਦੀ ਖ਼ੂਬ ਸੇਵਾ ਕੀਤੀ। ਬਾਕੀ ਜਥੇ ਦੇ ਸਿੰਘਾਂ ਦੀ ਅਤੇ ਪਿਤਾ ਜੀ ਦੀ ਮਲ੍ਹਮ ਪੱਟੀ ਕੀਤੀ। ਦੋ ਦਿਨ ਆਰਾਮ ਕਰ ਕੇ ਜਥਾ ਵਾਪਸ ਹੋ ਗਿਆ। ਪਿਤਾ ਜੀ ਵੀ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਤੇ ਸਰੋਵਰ ਦੇ ਇਸ਼ਨਾਨ ਕਰ ਕੇ ਵਾਪਸ ਪਿੰਡ ਚਲੇ ਗਏ।

ਇਸ ਜਥੇ ਦੀ ਸਿਦਕ-ਦਿਲੀ 'ਅਕਾਲੀ ਲਹਿਰ ਦੇ ਇਤਿਹਾਸ' ਵਿਚ ਗਿਆਨੀ ਪ੍ਰਤਾਪ ਸਿੰਘ ਜੀ ਨੇ ਇਉਂ ਬਿਆਨ ਕੀਤੀ ਹੈ-

"5 ਸਤੰਬਰ 1922 ਨੂੰ ਸਵੇਰੇ 10 ਵਜੇ ਜ਼ਿਲ੍ਹਾ ਲਾਇਲਪੁਰ ਦੇ ਇਕ ਸੌ ਸਿੰਘਾਂ ਦਾ ਜਥਾ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ, ਗੁਰੂ ਕੇ ਬਾਗ਼ ਨੂੰ ਰਵਾਨਾ ਹੋਇਆ। ਇਸ ਦੇ ਜਥੇਦਾਰ ਸ. ਪ੍ਰਿਥੀਪਾਲ ਸਿੰਘ ਪੁਤਰ ਸੂਬੇਦਾਰ ਨਿਹਾਲ ਸਿੰਘ ਚੱਕ 52 ਮੁਲਾਂਪੁਰ ਤੇ ਮੀਤ ਜਥੇਦਾਰ ਨਾਦਰ ਸਿੰਘ ਪੁਤਰ ਸੂਬੇਦਾਰ ਈਸ਼ਰ ਸਿੰਘ ਸਨ। ਜਥਾ ਰਾਜਾਸਾਂਸੀ ਤੋਂ ਮੀਲ ਉਰੇ ਸੀ ਤਾਂ ਬੱਦਲ ਸ਼ੁਰੂ ਹੋ ਗਿਆ, ਪਰ ਰਾਜਾਸਾਂਸੀ ਪੁਜਣ ਤਕ ਬੱਦਲ ਬੰਦ ਹੋ ਗਿਆ। ਛੀਨੇ ਦੇ ਪੁਲ 'ਤੇ ਡਿਪਟੀ ਕਮਿਸ਼ਨਰ ਨੇ ਜਥੇ ਨੂੰ ਕਿਹਾ, "ਚੰਗਾ ਹੋਵੇ ਜੇ ਤੁਸੀਂ ਮੁੜ ਜਾਉ।" ਜਥੇਦਾਰ ਦਾ ਉਤਰ ਸੀ, "ਇਹ ਗੱਲ ਸਾਡੀ ਪ੍ਰਤਿੱਗਿਆ ਦੇ ਉਲਟ ਹੈ। ਅਸੀਂ ਵਾਪਸ ਨਹੀਂ ਜਾਣਾ।"

"ਇਸ ਪਰ ਪੁਲਸ ਨੇ ਮਾਰ ਕੁਟਾਈ ਸ਼ੁਰੂ ਕਰ ਦਿੱਤੀ। ਸਤ ਮਿੰਟ ਤਕ ਮਾਰ ਪੈਂਦੀ ਰਹੀ।" ਸੁੰਮਦਾਰ ਲਾਠੀਆਂ ਸਿੰਘਾਂ 'ਤੇ ਇਸ ਤਰ੍ਹਾਂ ਵਰ੍ਹ ਰਹੀਆਂ ਸਨ ਜਿਵੇਂ ਤੂੜੀ ਕੁਟੀ ਜਾ ਰਹੀ ਹੋਵੇ। ਲਾਠੀਆਂ ਦੀ ਦੜਾਹ ਦੜਾਹ ਦੀ ਅਵਾਜ਼ 'ਵਾਹਿਗੁਰੂ' 'ਵਾਹਿਗੁਰੂ' ਦੀ ਗੂੰਜ ਵਿਚ ਮਿਲ ਕੇ ਸਿਖੀ ਸਿਦਕ ਦੇ ਅਨੋਖੇ ਦ੍ਰਿਸ਼ ਬੰਨ੍ਹ ਰਹੀ ਸੀ। ਮਿ. ਸੁਲੀਰ ਆਪ ਸਿੰਘਾਂ ਨੂੰ ਹੰਟਰ ਮਾਰ ਮਾਰ ਕੇ ਪੁਲਸ ਨੂੰ ਤੈਸ਼ ਦੇ ਰਿਹਾ ਸੀ। ਜਦ ਕਾਫ਼ੀ ਮਾਰ ਹੋ ਚੁਕੀ ਤਾਂ ਪੁਲਸ ਨੇ ਬੇਹੋਸ਼ ਤੇ ਜ਼ਖ਼ਮੀ ਸਿੰਘਾਂ ਨੂੰ ਲਾਗੇ ਨਹਿਰ ਦੇ ਸੂਏ ਵਿਚ ਸੁੱਟ ਦਿੱਤਾ।

"ਸ੍ਰ. ਪ੍ਰਿਥੀਪਾਲ ਸਿੰਘ ਛੇ ਫੁਟ ਦਾ ਸੋਹਣਾ ਜਵਾਨ ਸੀ। ਉਸ ਨੂੰ ਬਹੁਤ ਮਾਰਿਆ ਗਿਆ। ਉਸ ਦੀ ਛਾਤੀ ਬੜੀ ਚੌੜੀ ਸੀ। ਛੇ ਸਤ ਪੁਲਸੀਆਂ ਨੇ ਉਸ ਦੀ ਹਿੱਕ 'ਤੇ ਚੜ੍ਹ ਕੇ ਉਸ ਨੂੰ ਮਾਰ-ਕੁਟਾਈ ਕੀਤੀ ਅਤੇ ਜ਼ਖ਼ਮੀ ਕਰ ਕੇ ਸੂਏ ਵਿਚ ਸੁਟ ਦਿੱਤਾ। ਉਹ ਸ਼ੇਰ ਮਾਰ ਖਾ ਕੇ ਸਤ ਵੇਰ ਉਠਿਆ ਤੇ ਹਰ ਵਾਰ ਜ਼ਾਲਮਾਂ ਨੇ ਉਸ ਨੂੰ ਮਾਰ ਕੇ ਸੁਟ ਵਗਾਇਆ। ਉਸ ਦੇ ਮੂੰਹ, ਸਿਰ, ਛਾਤੀ ਤੇ ਪਿੱਠ ਉੱਤੇ ਬਹੁਤ ਸੱਟਾਂ ਲੱਗੀਆਂ। ਉਹ ਲਹੂ-ਲੁਹਾਨ ਹੋ ਚੁੱਕਾ ਸੀ। ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਅੰਮ੍ਰਿਤਸਰ ਪੁਚਾਇਆ

ਗਿਆ। ..... ਸ. ਪ੍ਰਿਥੀਪਾਲ ਸਿੰਘ ਕਈ ਦਿਨ ਹਸਪਤਾਲ ਰਹਿ ਕੇ ਰਾਜ਼ੀ ਹੋ ਗਏ। ਪਰ ਸੱਟਾਂ ਗੁੱਝੀਆਂ ਹੋਣ ਕਰਕੇ ਉਨ੍ਹਾਂ ਨਾਲ ਹੀ ਬੀਮਾਰ ਹੋ ਗਏ ਅਤੇ 2 ਅਪ੍ਰੈਲ 1924 ਨੂੰ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ ਵਿਚ ਅਕਾਲ ਚਲਾਣਾ ਕਰ ਗਏ। ਸ਼੍ਰੋਮਣੀ ਕਮੇਟੀ ਤੇ ਸੰਗਤਾਂ ਨੇ ਉਨ੍ਹਾਂ ਦਾ ਅੰਤਮ ਸੰਸਕਾਰ ਬੜੇ ਸਤਿਕਾਰ ਨਾਲ ਕੀਤਾ। ਸ. ਪ੍ਰਿਥੀਪਾਲ ਸਿੰਘ ਨੂੰ 1923 ਵਿਚ ਸ਼੍ਰੋਮਣੀ ਕਮੇਟੀ ਦਾ ਮੈਂਬਰ ਚੁਣਿਆ ਗਿਆ, ਪਰ ਮੌਤ ਨੇ ਉਨ੍ਹਾਂ ਨੂੰ ਇਹ ਸੇਵਾ ਕਰਨ ਦਾ ਮੌਕਾ ਨਾ ਦਿੱਤਾ।"

*(ਅਕਾਲੀ ਲਹਿਰ ਦਾ ਇਤਿਹਾਸ,*

*(ਪਹਿਲੀ ਐਡੀਸ਼ਨ ੧੯੫੧, ਪੰਨਾ ੧੬੯)*

ਬਾਅਦ ਵਿਚ ਪਿਤਾ ਜੀ (ਭਾਈ ਵਰਿਆਮ ਸਿੰਘ ਜੀ) ਨੇ ਆਪਣੇ ਛੋਟੇ ਵੀਰ ਵਡਭਾਗ ਸਿੰਘ ਜੀ ਨੂੰ ਗੁ: ਗੰਗਸਰ ਜੈਤੋ ਵਾਲੇ ਮੋਰਚੇ ਦੇ ਪਹਿਲੇ ਪੰਜ ਸੌ ਸਿੰਘਾਂ ਦੇ ਜਥੇ ਵਿਚ ਭੇਜਿਆ। ਉਸ ਜਥੇ ਉਪਰ ਅੰਧਾ-ਧੁੰਦ ਗੋਲੀ ਚਲਾਈ ਗਈ ਅਤੇ ਅਨੇਕਾਂ ਸਿੰਘ ਸ਼ਹੀਦੀਆਂ ਪਾ ਗਏ। ਭਾਈ ਵਡਭਾਗ ਸਿੰਘ ਜੀ ਸਤਿਗੁਰੂ ਦੀ ਕਿਪਾ ਨਾਲ ਉਸ ਕਰੜੀ ਪ੍ਰੀਖਿਆ ਵਿਚ ਪੂਰਾ ਉਤਰੇ ਸਨ।

## ਕਿਸਾਨ ਮੋਰਚੇ ਦੇ ਆਗੂ

ਗੁਰੂ ਕੇ ਬਾਗ਼ ਦੇ ਮੋਰਚੇ ਤੋਂ ਵਾਪਸ ਆਪਣੇ ਚੱਕ ਪਿੰਡ ਨਾਗੋਕੀ ਸਰਲੀ (ਲਾਇਲਪੁਰ) ਪੁਜਿਆ ਕੁਝ ਸਮਾਂ ਹੀ ਬੀਤਿਆ ਸੀ ਜੁ ਸਰਕਾਰ ਨੇ ਨਹਿਰੀ ਮਾਮਲੇ ਵਿਚ ਵਾਧੇ ਦਾ ਐਲਾਨ ਕਰ ਦਿੱਤਾ। ਭਾਈ ਵਰਿਆਮ ਸਿੰਘ ਜੀ ਇਲਾਕੇ ਦੇ ਅਕਾਲੀ ਜਥੇ ਦੇ ਜਥੇਦਾਰ ਸਨ। ਇਸ ਸਰਕਾਰੀ ਚੈਲੰਜ ਨੂੰ ਕਬੂਲ ਕਰਦਿਆਂ, ਜ਼ਿਲ੍ਹਾ-ਪੱਧਰ 'ਤੇ 'ਮਾਮਲਾ ਵਿਰੋਧੀ ਐਜੀਟੇਸ਼ਨ' ਸ਼ੁਰੂ ਹੋ ਗਈ। ਪਿੰਡ ਪਿੰਡ ਦੀਵਾਨ ਲੱਗਣੇ ਸ਼ੁਰੂ ਹੋ ਗਏ। ਸਿੰਘਾਂ ਨੇ ਮੁਸਲਮਾਨਾਂ ਨੂੰ ਵੀ ਨਾਲ ਲੈਣ ਦੇ ਪੂਰੇ ਉਪਰਾਲੇ ਕੀਤੇ ਅਤੇ ਉਨ੍ਹਾਂ ਵਲੋਂ ਪੂਰੇ ਤੌਰ 'ਤੇ ਦਿਲਚਸਪੀ ਨਾ ਲੈਣ ਦੀ ਹਾਲਤ ਵਿਚ ਵੀ ਐਜੀਟੇਸ਼ਨ ਖ਼ੂਬ ਭਖ ਪਈ। ਇਸ ਮਾਮਲਾ-ਵਿਰੋਧੀ ਪਰਚਾਰ ਨਾਲ ਜਨਤਾ ਡਟ ਕੇ ਮੁਕਾਬਲਾ ਕਰਨ ਲਈ ਤਿਆਰ ਹੋ ਗਈ।

ਦੂਜੇ ਪਾਸੇ ਪੰਜਾਬ ਸਰਕਾਰ ਨੇ, ਜਨਤਾ ਨੂੰ ਡਰਾਉਣ-ਧਮਕਾਉਣ ਲਈ, ਪੰਜ ਕੁ ਹਜ਼ਾਰ ਪੁਲਸ ਤੇ ਫ਼ੌਜ ਬੰਦੂਕਾਂ ਨਾਲ ਸਨੱਧਬੱਧ, ਭੇਜ ਦਿੱਤੀ। ਡਿਪਟੀ ਕਮਿਸ਼ਨਰ ਨੇ ਜ਼ਿਮੀਂਦਾਰਾਂ ਦੇ ਪੰਜ ਨੁਮਾਇੰਦੇ ਗੱਲਬਾਤ ਕਰਨ ਲਈ ਸੱਦ ਭੇਜੇ। ਇਨ੍ਹਾਂ ਪੰਜਾਂ ਨੁਮਾਇੰਦਿਆਂ ਨੇ ਗੱਲਬਾਤ ਕਰਨ ਲਈ ਆਪਣਾ ਮੁਖੀ ਭਾਈ ਵਰਿਆਮ ਸਿੰਘ ਜੀ ਨੂੰ ਚੁਣਿਆ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ, ਹਿੰਦੂ ਅਤੇ ਮੁਸਲਮਾਨ ਜ਼ਿਲ੍ਹਾ ਕਚਹਿਰੀ ਵਿਚ ਜਾ ਪੁਜੇ। ਕਮਰੇ ਅੰਦਰ ਹੋਰ ਅਫ਼ਸਰਾਂ ਦੇ ਨਾਲ, ਨਹਿਰੀ ਮਹਿਕਮੇ ਦਾ ਵੱਡਾ ਇੰਜੀਨੀਅਰ ਲਾਹੌਰ ਤੋਂ ਆਇਆ ਹੋਇਆ ਸੀ, ਜੋ ਪਠਾਣ ਸੀ।

ਨੁਮਾਇੰਦਿਆਂ ਨੂੰ ਇੰਜੀਨੀਅਰ ਬੜੇ ਰੁਅਬ ਤੇ ਗੁੱਸੇ ਵਿਚ ਕਹਿਣ ਲੱਗਾ, "ਓਇ ਸਰਦਾਰੋ, ਇਹ ਕੀ ਖੱਪ ਪਾਈ ਹੋਈ ਜੇ, ਲੋਕਾਂ ਨੂੰ ਭੜਕਾ ਰਹੇ ਹੋ ਕਿ ਮਾਮਲਾ ਨਹੀਂ ਦੇਣਾ। ਕੀ ਅਸੀਂ ਇਨ੍ਹਾਂ ਡਰਾਵਿਆਂ ਨਾਲ ਹਕੂਮਤ ਕਰ ਸਕਦੇ ਹਾਂ? ਅਸੀਂ ਇਸ ਲਈ

ਇਥੇ ਆਏ ਹਾਂ ਕਿ ਮਾਮਲਾ ਦੇਣ ਵਾਲਾ ਹੁਕਮ ਆਪੇ ਮੰਨ ਲਵੇ, ਨਹੀਂ ਤਾਂ ਸਾਨੂੰ ਤਾਕਤ ਵਰਤਣੀ ਪਵੇਗੀ।"

ਭਾਈ ਸਾਹਿਬ ਵਰਿਆਮ ਸਿੰਘ ਜੀ ਜੁਆਬ ਵਿਚ ਬੋਲੇ, "ਖ਼ਾਨ ਸਾਹਿਬ, ਠੀਕ ਗੱਲ ਤਾਂ ਇਹ ਹੈ ਕਿ ਹਕੂਮਤ ਵਾੜ ਹੁੰਦੀ ਹੈ, ਅਸੀਂ ਜਨਤਾ ਆਪ ਦੀ ਖੇਤੀ ਹਾਂ ਤੇ ਤੁਸਾਂ ਸਾਡੀ ਸੰਭਾਲ ਤੇ ਰਾਖੀ ਕਰਨੀ ਹੈ। ਹੁਣ ਇਥੇ ਸਵਾਲ ਨਹਿਰੀ ਮਾਮਲਾ ਵਧਣ ਦਾ ਹੈ। ਝਨਾਂ ਦਰਿਆ ਦਾ ਪਾਣੀ ਅੱਗੇ ਜਿੰਨਾ ਹੀ ਆ ਰਿਹਾ ਹੈ, ਓਹੋ ਨਹਿਰਾਂ ਪਾਣੀ ਦੇ ਰਹੀਆਂ ਹਨ, ਜ਼ਿਮੀਂਦਾਰਾਂ ਨੂੰ ਅਗੇ ਜਿੰਨਾ ਹੀ ਪਾਣੀ ਮਿਲ ਰਿਹਾ ਹੈ, ਤੁਹਾਡਾ ਪਾਣੀ ਉਪਰ, ਨਵਾਂ ਖ਼ਰਚ ਵੀ ਕੋਈ ਨਹੀਂ ਹੋਇਆ ਤਾਂ ਫਿਰ ਮਾਮਲਾ ਜ਼ਿਆਦਾ ਕਰਨ ਦਾ ਕੀ ਹੱਕ ਹੈ? ਤੁਹਾਨੂੰ ਇਹ ਫ਼ੌਜ ਤੇ ਪੁਲਸ ਦੀ ਨੁੰਮਾਇਸ਼ ਕਰ ਕੇ, ਸਾਡੇ ਉਪਰ ਰੁਅਬ ਪਾਉਣ ਦਾ ਖ਼ਿਆਲ ਹੈ ਕਿ ਸਖ਼ਤੀ ਕਰੋਗੇ। ਸਾਡੀ ਅਕਾਲੀ ਫ਼ੌਜ ਵੀ ਜ਼ੁਲਮ ਸਹਾਰਨ ਲਈ ਤਿਆਰ ਹੈ। ਤੁਸੀਂ ਆਪਣਾ ਜ਼ੋਰ ਦੇਖ ਲਵੋ। ਸਾਡੀਆਂ ਬਹਾਦਰ ਫ਼ੌਜਾਂ, ਜੋ ਅਜੇ ਹੁਣੇ ਹੀ ਗੁਰੂ ਕੇ ਬਾਗ਼ ਦਾ ਮੋਰਚਾ ਜਿੱਤ ਕੇ ਆਈਆਂ ਹਨ, ਉਹ ਆਪ ਦੀ ਸਖ਼ਤੀ ਸਹਾਰਨ ਲਈ ਉਡੀਕ ਕਰ ਰਹੀਆਂ ਹਨ।"

ਪਹਿਲੇ ਮਿਥੇ ਪ੍ਰੋਗਰਾਮ ਅਨੁਸਾਰ ਬਾਹਰ ਤੋਂ ਜੈਕਾਰਿਆਂ ਦੀ ਉਹ ਗੂੰਜ ਪਈ ਕਿ ਸਾਰੀ ਕਚਹਿਰੀ ਕੰਬ ਉਠੀ। ਕਚਹਿਰੀ ਦੇ ਅੰਦਰ ਵੀ ਜੈਕਾਰਿਆਂ ਦੀ ਆਵਾਜ਼ ਪੁੱਜ ਗਈ। ਇੰਜੀਨੀਅਰ ਸਾਹਿਬ ਤੇ ਡਿਪਟੀ ਕਮਿਸ਼ਨਰ ਬਾਹਰ ਆਏ ਤਾਂ ਦੇਖਿਆ ਕਿ ਅੱਠ ਦਸ ਹਜ਼ਾਰ ਲੋਕ ਜੈਕਾਰੇ ਬੋਲ ਰਹੇ ਹਨ ਅਤੇ ਕਈ ਬਹਾਦਰ ਤਾਂ ਜ਼ਮੀਨ 'ਤੇ ਲਾਠੀਆਂ ਮਾਰ ਰਹੇ ਹਨ। ਉਨ੍ਹਾਂ ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਦੀ ਯਾਦ ਆ ਗਈ, ਉਹ ਘਬਰਾ ਗਏ। ਇਨ੍ਹਾਂ ਪੰਜਾਂ ਪੰਚਾਂ ਦੇ ਚਿਹਰਿਆਂ 'ਤੇ ਵੀ ਗੁੱਸੇ ਨਾਲ ਲਾਲੀਆਂ ਫਿਰ ਰਹੀਆਂ ਸਨ।

ਲਾਹੌਰ ਵਾਲਾ ਸਾਹਿਬ ਅੰਦਰ ਜਾ ਕੇ ਪੰਚਾਂ ਨੂੰ ਕਹਿਣ ਲੱਗਾ, "ਤੁਸੀਂ ਤਾਂ ਸਾਰਾ ਜ਼ਿਲ੍ਹਾ ਹੀ ਇਕੱਠਾ ਕਰ ਲਿਆਏ ਹੋ। ਅਸੀਂ ਸੋਚਿਆ ਹੈ ਕਿ ਰਿਆਇਆ ਨਾਲ ਸਖ਼ਤੀ ਕਰਨੀ ਠੀਕ ਨਹੀਂ। ਚਲੋ, ਸੁਲਾਹ ਕਰ ਲਈਏ, ਜਿਸ ਨਾਲ ਆਪ ਦੀ ਵੀ ਇੱਜ਼ਤ ਰਹਿ ਜਾਵੇ ਤੇ ਸਾਡੀ ਵੀ ਰਹਿ ਆਵੇ। ਤੁਸੀਂ ਇਸ ਸਾਲ ਇਹ ਵਾਧੂ ਮਾਮਲਾ ਦੇ ਦੇਵੋ, ਅਗਲੇ ਸਾਲ ਇਹ ਰਕਮ ਤੁਹਾਡੇ ਮਾਮਲੇ 'ਚੋਂ ਕਟ ਦੇਵਾਂਗੇ ਅਤੇ ਫਿਰ ਪੁਰਾਣਾ ਮਾਮਲਾ ਹੀ ਦੇਈ ਜਾਣਾ।" ਭਾਈ ਸਾਹਿਬ ਕਹਿਣ ਲੱਗੇ ਕਿ ਅਸੀਂ ਬਾਹਰ ਫ਼ੌਜਾਂ ਨੂੰ ਪੁੱਛ ਕੇ ਆਉਂਦੇ ਹਾਂ ਕਿ ਉਹ ਇਸ ਦਾ ਕੀ ਫ਼ੈਸਲਾ ਕਰਦੇ ਹਨ। ਵਾਪਸੀ 'ਤੇ ਦਸ ਦਿੱਤਾ ਕਿ ਉਹ ਨਹੀਂ ਮੰਨਦੇ। ਉਹ ਕਹਿੰਦੇ ਹਨ ਕਿ ਅਸੀਂ ਕਰਾਂਗੇ ਜਾਂ ਮਰਾਂਗੇ, ਪਰ ਮਾਮਲਾ ਵਾਧੂ ਨਹੀਂ ਭਰਾਂਗੇ।

ਫਿਰ ਸਾਰੇ ਅਫ਼ਸਰਾਂ ਨੇ ਵੱਖਰੇ ਬੈਠ ਕੇ ਮੀਟਿੰਗ ਕੀਤੀ ਅਤੇ ਵਾਪਸ ਆ ਕੇ ਕਹਿ ਦਿੱਤਾ ਕਿ ਅਸੀਂ ਸਖ਼ਤੀ ਨਹੀਂ ਕਰਨੀ ਚਾਹੁੰਦੇ, ਸੋ ਵਾਧੂ ਮਾਮਲਾ ਨਹੀਂ ਲਿਆ ਜਾਵੇਗਾ। ਜਦੋਂ ਪੰਚਾਂ ਨੇ ਬਾਹਰ ਆ ਕੇ ਇਹ ਖ਼ਬਰ ਦੱਸੀ ਤਾਂ ਅਸਮਾਨ ਜੈਕਾਰਿਆਂ ਨਾਲ ਗੂੰਜ ਰਿਹਾ ਸੀ।

## ਪੁਲਸ ਨਾਲ ਟੱਕਰ

ਇਕ ਦਿਨ ਭਾਈ ਵਰਿਆਮ ਸਿੰਘ ਜੀ ਘਰੋਂ ਬਾਹਰ ਨਿਕਲੇ ਤਾਂ ਅਗੋਂ ਪਿੰਡ ਦਾ

ਚੌਂਕੀਦਾਰ ਖਰੈਤੀ ਉਨ੍ਹਾਂ ਨੂੰ ਮਿਲਿਆ। ਕਹਿਣ ਲੱਗਾ, "ਬਾਬਾ ਜੀ, ਥਾਣੇਦਾਰ ਤੁਹਾਡੀ ਤਾਂ ਬੜੀ ਇੱਜ਼ਤ ਕਰਦਾ ਹੈ, ਪਰ ਸਾਡੇ 'ਤੇ ਤਾਂ ਇਹ ਪੁਲਸੀਏ ਬੜੀ ਤੱਦੀ ਕਰਦੇ ਹਨ। ਜਦੋਂ ਕੋਈ ਪੁਲਸੀਆ ਪਿੰਡ ਆਉਂਦਾ ਹੈ, ਮੁਲਜ਼ਮ ਨਾ ਮਿਲੇ ਤਾਂ ਮੈਥੋਂ ਕੁੱਕੜ ਖਾਣ ਲਈ ਮੰਗਦੇ ਹਨ। ਅਸੀਂ ਗਰੀਬ ਇਨ੍ਹਾਂ ਨੂੰ ਕੁੱਕੜ ਕਿਥੋਂ ਦੇਈਏ?" ਬਾਬਾ ਜੀ ਨੇ ਹੱਸਦਿਆਂ ਹੱਸਦਿਆਂ ਕਹਿ ਦਿੱਤਾ, "ਖਰੈਤੀ, ਹੁਣ ਕੋਈ ਕੁੱਕੜ ਮੰਗੇ ਤਾਂ ਇਨਕਾਰ ਕਰ ਦਈਂ ਅਤੇ ਜੇ ਅਗੋਂ ਹਮਕੀ ਤੁਮਕੀ ਕਰੇ ਤਾਂ ਗੋਡਾ ਵਾਹਵੀਂ।"

ਇਸੇ ਤਰ੍ਹਾਂ ਹੋਇਆ। ਇਕ ਪੁਲਸੀਆ ਪਿੰਡ ਆਇਆ ਤੇ ਖਰੈਤੀ ਤੋਂ ਕੁੱਕੜ ਨਾ ਮਿਲਣ ਤੇ ਅਬੇ ਤਬੇ ਕਰਨ ਲੱਗਾ। ਖਰੈਤੀ ਪਿੰਡ ਵਿਚ ਕੁਝ ਘੁਲਦਾ ਵੀ ਹੁੰਦਾ ਸੀ। ਉਸ ਨੇ ਸਿਪਾਹੀ ਨੂੰ ਗੋਡਿਆਂ ਵਿਚ ਰਖ ਲਿਆ ਅਤੇ ਖ਼ੂਬ ਗੱਤ ਬਣਾਈ। ਸਿਪਾਹੀ ਨੇ ਮਿੰਨਤਾਂ ਤਰਲੇ ਕਰ ਕੇ ਜਾਨ ਛੁਡਾਈ। ਸਿਪਾਹੀ ਆਪਣੀ ਪਗੜੀ ਪਾੜ ਕੇ ਲੈ ਗਿਆ ਅਤੇ ਆਪਣੇ ਠਾਣੇ ਠੀਕਰੀ ਵਾਲੇ ਜਾ ਰਿਪੋਰਟ ਕੀਤੀ ਕਿ ਨਾਲੇ ਮੈਨੂੰ ਮਾਰਿਆ ਹੈ ਅਤੇ ਨਾਲੇ ਮੇਰੀ ਵਰਦੀ ਵਾਲੀ ਪੱਗ ਪਾੜ ਸੁਟੀ ਹੈ।

ਪਠਾਣ ਥਾਣੇਦਾਰ ਤੈਸ਼ ਵਿਚ ਆ ਗਿਆ। ਸਨੱਧ-ਬੱਧ ਸਿਪਾਹੀ ਲੈ ਕੇ ਪਿੰਡ ਨਾਗੋਕੀ ਸਰਲੀ ਪੁਜਾ ਅਤੇ ਚੌਂਕੀਦਾਰ, ਮੁਨਸ਼ੀ, ਨੰਬਰਦਾਰ ਆਦਿ ਸਭ ਸੱਦ ਬੁਲਾਏ। ਨੱਥੂ ਚੱਕ ਤੋਂ ਜ਼ੈਲਦਾਰ ਵੀ ਆਇਆ ਹੋਇਆ ਸੀ, ਉਹ ਵੀ ਪੁਜ ਗਿਆ। ਥਾਣੇਦਾਰ ਬੜੇ ਗੁੱਸੇ ਵਿਚ ਸੀ। ਕਹਿਣ ਲੱਗਾ, "ਬਾਬੇ ਹੋਰਾਂ ਨੂੰ ਵੀ ਬੁਲਾ ਲਓ। ਉਨ੍ਹਾਂ ਨੇ ਮੇਰੇ ਸਿਪਾਹੀ ਨੂੰ ਕੁਟਵਾਇਆ ਹੈ ਤੇ ਨਾਲ ਹੀ ਸਰਕਾਰੀ ਵਰਦੀ ਦੀ ਪੱਗ ਪਾੜੀ ਹੈ। ਇਹ ਸਰਕਾਰ ਦੀ ਬੇਇਜ਼ਤੀ ਕੀਤੀ ਹੈ।"

ਜ਼ੈਲਦਾਰ ਉਠ ਖਲੋਤਾ ਅਤੇ ਕਹਿਣ ਲੱਗਾ, "ਜਨਾਬ, ਤੁਸੀਂ ਇਲਾਕੇ ਦੇ ਹਾਕਮ ਹੋ। ਇਹ ਸਿਪਾਹੀ ਸਰਕਾਰ ਨੇ ਸਾਡੀ ਰਾਖੀ ਵਾਸਤੇ ਰੱਖੇ ਹਨ, ਪਰ ਜੇ ਉਹ ਸਾਡੇ 'ਤੇ ਤ੍ਰੱਦੀ ਕਰਨ ਤੇ ਖਾਣ ਨੂੰ ਕੁੱਕੜ ਮੰਗਣ ਤਾਂ ਸਾਨੂੰ ਆਪ ਜੈਸੇ ਚੰਗੇ ਅਫ਼ਸਰਾਂ ਪਾਸੋਂ ਇਨਸਾਫ਼ ਮਿਲਣਾ ਚਾਹੀਦਾ ਹੈ। ਮੈਂ ਤਾਂ ਜ਼ੈਲਦਾਰ ਹਾਂ, ਪਰ ਬਾਬਾ ਜੀ ਇਸ ਸਾਰੇ ਇਲਾਕੇ ਦੇ ਜਥੇਦਾਰ ਹਨ। ਸਾਰਾ ਇਲਾਕਾ ਉਨ੍ਹਾਂ ਦੀ ਬਹੁਤ ਇਜ਼ਤ ਕਰਦਾ ਹੈ। ਤੇ ਜੇ ਤੁਸਾਂ ਉਨ੍ਹਾਂ ਨੂੰ ਬੁਲਾ ਕੇ ਅਬਾ ਤਬਾ ਬੋਲਣਾ ਹੈ ਤਾਂ ਮੈਂ ਜ਼ੈਲਦਾਰੀ ਤੋਂ ਅਸਤੀਫ਼ਾ ਦਿੰਦਾ ਹਾਂ।" ਨੰਬਰਦਾਰ ਨੇ ਵੀ ਇਸੇ ਤਰ੍ਹਾਂ ਹੀ ਕਿਹਾ ਕਿ ਉਹ ਸਾਡੇ ਸਭ ਦੇ ਵੱਡੇ ਸਰਦਾਰ ਹਨ, ਉਨ੍ਹਾਂ ਦੀ ਇੱਜ਼ਤ ਤੋਂ ਕੁਰਬਾਨ ਹੋ ਜਾਵਾਂਗੇ।

ਥਾਣੇਦਾਰ ਇਹ ਕੁਝ ਸੁਣ ਕੇ ਠੰਢਾ ਹੋ ਗਿਆ ਤੇ ਕਹਿਣ ਲੱਗਾ, "ਉਨ੍ਹਾਂ ਨੂੰ ਬੁਲਾਓ ਤਾਂ ਸਹੀ, ਜੇ ਉਹ ਇਸ ਤਾਕਤ ਦੇ ਮਾਲਕ ਹਨ ਤਾਂ ਉਨ੍ਹਾਂ ਨੂੰ ਮਿਲ ਤਾਂ ਲਈਏ।"

ਬਾਬਾ ਜੀ ਆ ਗਏ। ਥਾਣੇਦਾਰ ਕਹਿਣ ਲੱਗਾ, "ਬਾਬਾ ਜੀ, ਇਹ ਕੀ ਕਰਵਾ ਦਿੱਤਾ ਜੇ? ਸਰਕਾਰੀ ਆਦਮੀ ਨੂੰ ਮਾਰਿਆ ਜਾਵੇ ਤੇ ਉਸ ਦੀ ਵਰਦੀ ਪਾੜੀ ਜਾਵੇ, ਇਹ ਤਾਂ ਵੱਡਾ ਜੁਰਮ ਹੈ।"

ਬਾਬਾ ਜੀ ਕਹਿਣ ਲੱਗੇ, "ਖਾਨ ਸਾਹਿਬ, ਤੁਸੀਂ ਇਥੇ ਨਵੇਂ ਆਏ ਹੋ, ਅਗੇ ਮੁਲਾਕਾਤ ਨਹੀਂ ਹੋਈ। ਅਸਾਂ ਤਾਂ ਹਮੇਸ਼ਾਂ ਹਰ ਇਕ ਥਾਣੇਦਾਰ ਨੂੰ ਪੂਰਾ ਸਹਿਯੋਗ ਦਿੱਤਾ ਹੈ। ਸਾਡੇ ਰਾਖੇ ਜੁ ਤੁਸੀਂ ਹੋਏ। ਹਰੇਕ ਅਫ਼ਸਰ ਵੀ ਸਾਡੀ ਪੂਰੀ ਇੱਜ਼ਤ ਕਰਦਾ ਹੈ, ਮਿੱਤਰਾਂ

ਵਾਂਗ ਵਰਤਦਾ ਹੈ।" ਇਉਂ ਥਾਣੇਦਾਰ ਨੂੰ ਠੰਢਾ ਕਰ ਕੇ ਖਰੈਤੀ ਨੂੰ ਕਹਿਣ ਲੱਗੇ, "ਓਇ ਬੇਅਕਲਾ, ਤੂੰ ਇਹ ਕੀ ਕੀਤਾ? ਤੈਨੂੰ ਤਾਂ ਐਵੇਂ ਹੱਸਦਿਆਂ ਕਿਹਾ ਸੀ, 'ਗੋਡਾ ਵਾਹਵੀਂ, ਤੂੰ ਸਚ ਕਰ ਵਿਖਾਇਆ। ਅਗੇ ਆ, ਪਾ ਗਲ ਵਿਚ ਪੱਲਾ ਤੇ ਮੰਗ ਉਸ ਸਿਪਾਹੀ ਕੋਲੋਂ ਮਾਫ਼ੀ ਕਿ ਅੱਗੇ ਨੂੰ ਐਸਾ ਨਹੀਂ ਕਰੇਂਗਾ।' ਫਿਰ ਥਾਣੇਦਾਰ ਨੂੰ ਕਹਿਣ ਲੱਗੇ ਕਿ ਇਹ ਜੋ ਕੁਝ ਹੋਇਆ ਹੈ, ਸਾਨੂੰ ਸਭ ਨੂੰ ਇਸ ਦਾ ਅਫ਼ਸੋਸ ਹੈ। ਖ਼ਰੈਤੀ ਨੂੰ ਮਾਫ਼ੀ ਦੇ ਦਿਓ ਤੇ ਇਹ ਲਓ ਪੰਜਾਹ ਰੁਪਏ, ਇਸ ਸਿਪਾਹੀ ਨੂੰ ਦੇ ਦਿਓ, ਪਗੜੀ ਨਵੀਂ ਲੈ ਲਵੇ ਤੇ ਬਾਕੀ ਕੁਝ ਘਿਓ ਖਾ ਲਵੇ।

ਥਾਣੇਦਾਰ ਸਮਝ ਗਿਆ ਕਿ ਬਾਬਾ ਜੀ ਦੀ ਇਲਾਕੇ ਵਿਚ ਬੜੀ ਇੱਜ਼ਤ ਹੈ। ਉਨ੍ਹਾਂ ਨੂੰ ਸੁਣ ਕੇ ਖੁਸ਼ ਹੋ ਗਿਆ ਅਤੇ ਅਗੋਂ ਲਈ ਬਾਬਾ ਜੀ ਦਾ ਪੱਕਾ ਮਿੱਤਰ ਬਣ ਗਿਆ।

## ਪਿੰਡਾਂ ਦੇ ਝਗੜੇ ਨਿਬੇੜਨੇ

ਬਾਬਾ ਜੀ ਉੱਤੇ ਭਾਈਚਾਰੇ ਤੇ ਆਮ ਲੋਕਾਂ ਵਿਚ ਵੱਡਾ ਭਰੋਸਾ ਸੀ। ਵੱਡੇ ਤੋਂ ਵੱਡੇ ਸੰਗੀਨ ਕੇਸਾਂ ਨੂੰ ਵੀ ਆਪ ਬੜੀ ਸਿਆਣਪ ਨਾਲ ਨਜਿਠਿਆ ਕਰਦੇ ਸਨ। ਪਿੰਡ ਵਿਚ ਕੋਈ ਵਾਰਦਾਤ ਹੋ ਜਾਵੇ ਤੇ ਥਾਣੇਦਾਰ ਤਫ਼ਤੀਸ਼ 'ਤੇ ਆਵੇ ਤਾਂ ਹਮੇਸ਼ਾ ਨੰਬਰਦਾਰ ਦੇ ਨਾਲ ਬਾਬਾ ਜੀ ਨੂੰ ਬੁਲਾ ਭੇਜਦਾ ਸੀ। ਲਾਇਲਪੁਰ ਮਸ਼ਹੂਰ ਸੀ ਕਿ ਇਕ ਲਾਇਲਪੁਰ ਦੀ ਸਰਕਾਰੀ ਕਚਹਿਰੀ ਹੈ ਤੇ ਇਕ ਬਾਬਾ ਵਰਿਆਮ ਸਿੰਘ ਜੀ ਪਿੰਡ ਨਾਗੋਕੀ ਸਰਲੀ ਹੈ। ਉਥੇ ਉਨ੍ਹਾਂ ਨੂੰ ਸਤਿਗੁਰੂ ਨੇ ਇਤਨਾ ਤਪ-ਤੇਜ ਬਖ਼ਸ਼ਿਆ ਸੀ ਕਿ ਪਾਕਿਸਤਾਨ ਤੋਂ ਆ ਕੇ 1976 ਤਕ, (ਜਦੋਂ ਆਪ ਇਸ ਅਸਾਰ ਸੰਸਾਰ ਤੋਂ ਕਮਰ-ਕਸੇ ਕਰ ਗਏ), ਕੋਈ ਨਾ ਕੋਈ ਪੁਰਾਣਾ ਮਿੱਤਰ, ਉਨ੍ਹਾਂ ਦੇ ਦਰਸ਼ਨਾਂ ਨੂੰ ਵੈਰੋਵਾਲ ਵਿਖੇ ਆਇਆ ਹੀ ਰਹਿੰਦਾ ਸੀ।

## ਪਾਕਿਸਤਾਨ ਤੋਂ ਆ ਕੇ ਵੈਰੋਵਾਲ ਵਸਣਾ

ਬਾਬਾ ਵਰਿਆਮ ਸਿੰਘ ਜੀ ਨੂੰ ਲਾਇਲਪੁਰ ਮੁਰੱਬਿਆਂ ਦੇ ਬਦਲੇ ਵੈਰੋਵਾਲ (ਜ਼ਿਲ੍ਹਾ ਅੰਮ੍ਰਿਤਸਰ) ਜ਼ਮੀਨ ਮਿਲ ਗਈ ਸੀ। ਦਾਸ (ਠਾਕਰ ਸਿੰਘ) ਗੌਰਮਿੰਟ ਕਾਲਜ ਲੁਧਿਆਣਾ ਦੀ ਨੌਕਰੀ ਪੂਰੀ ਕਰ ਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਆ ਬਣਿਆ।

ਪਿਤਾ ਜੀ ਨਾਲ ਇਹ ਫ਼ੈਸਲਾ ਹੋਇਆ ਕਿ ਹਰ ਮਹੀਨੇ ਉਹ ਘਟੋ ਘਟ ਇਕ ਵਾਰੀ ਸ੍ਰੀ ਅੰਮ੍ਰਿਤਸਰ ਸਚਖੰਡ ਹਰਿਮੰਦਰ ਸਰੋਵਰ ਦੇ ਦਰਸ਼ਨ ਇਸ਼ਨਾਨ ਤੇ ਕੀਰਤਨ ਸੁਣਨ ਲਈ ਹਾਜ਼ਰੀ ਭਰਿਆ ਕਰਨਗੇ। ਰਾਤ ਨੂੰ ਦਾਸ ਪਾਸ ਖਾਲਸਾ ਕਾਲਜ ਠਹਿਰ ਕੇ, ਅਗਲੇ ਦਿਨ ਕੀਰਤਨ ਸੁਣ ਕੇ ਵਾਪਸ ਵੈਰੋਵਾਲ ਪੁਜਣਗੇ। ਅਗਲੇ ਮਹੀਨੇ ਇਸੇ ਤਰ੍ਹਾਂ ਸ੍ਰੀਮਾਨ ਬਾਊ ਜੀ ਪਾਸ ਪੁਜ ਕੇ ਤਰਨ ਤਾਰਨ ਜੀ ਦੇ ਦਰਸ਼ਨ, ਇਸ਼ਨਾਨ ਤੇ ਕੀਰਤਨ ਦਾ ਅਨੰਦ ਮਾਣਨਗੇ। ਸੋ ਪੰਦਰਾਂ ਵੀਹ ਸਾਲ ਇਹ ਪ੍ਰੋਗਰਾਮ ਇਸੇ ਤਰ੍ਹਾਂ ਚਲਦਾ ਰਿਹਾ।

ਪਿੰਡ ਵਿਚ ਅੰਮ੍ਰਿਤ ਵੇਲੇ ਦਾ ਕੀਰਤਨ ਤੇ ਨਿਤਨੇਮ ਕਰ ਕੇ ਗੁਰਦੁਆਰੇ ਸੱਚੇ ਪਾਤਸ਼ਾਹ ਦੀਆਂ ਹਾਜ਼ਰੀਆਂ ਭਰਦੇ ਸਨ। ਗੁਰਦੁਆਰਾ ਸਾਹਿਬ ਸਾਧਾਰਨ ਪਾਠ ਹਮੇਸ਼ਾਂ

ਰਖਿਆ ਹੁੰਦਾ ਸੀ, ਉਹ ਪਿਛਲੇ ਪਹਿਰ ਆਪ ਸੁਣਦੇ ਸਨ ਅਤੇ ਫਿਰ ਨਿਯਮ ਅਨੁਸਾਰ ਸੈਰ ਨੂੰ ਜਾਂਦੇ ਸਨ।

## ਅੰਤਲੀ ਉਮਰ

ਬਾਬਾ ਜੀ ਆਪਣੇ ਨਿਤ ਦੇ ਅੰਮ੍ਰਿਤ ਵੇਲੇ ਨੂੰ ਸਫਲ ਕਰਦੇ ਅਤੇ ਬਾਕੀ ਪ੍ਰੋਗਰਾਮ ਨਿਭਾਉਂਦੇ ਹੋਏ 102 ਸਾਲ ਦੀ ਆਯੂ 'ਤੇ ਅੱਪੜ ਚੁਕੇ ਸਨ। ਓਦੋਂ ਦਾਸ 74 ਸਾਲ ਦੀ ਉਮਰ ਵਿਚ ਖਾਲਸਾ ਕਾਲਜ ਤੋਂ ਰੀਟਾਇਰ ਹੋ ਕੇ ਪਿਤਾ ਜੀ ਦੀ ਸੇਵਾ ਤੇ ਅਸੀਸਾਂ ਪ੍ਰਾਪਤ ਕਰਨ ਲਈ ਉਨ੍ਹਾਂ ਪਾਸ ਵੈਰੋਵਾਲ ਆ ਗਿਆ। ਦੋਹਾਂ ਨੇ ਰੋਜ਼ ਅੰਮ੍ਰਿਤ ਵੇਲੇ ਉਠ ਕੇ ਕੀਰਤਨ ਸਿਮਰਨ ਕਰ ਕੇ, ਗੁਰਦੁਆਰੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਤੇ ਸਤਿਗੁਰੂ ਜੀ ਦੇ ਦਰਸ਼ਨ ਕਰ ਘਰ ਪੁਜਣਾ। ਕੁਝ ਆਰਾਮ ਕਰ ਕੇ ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਪਿਛਲੇ ਪਹਿਰ ਟੇਪ ਰੀਕਾਰਡ ਤੇ ਕੀਰਤਨ ਦੇ ਸ਼ਬਦ ਸੁਣਨੇ। ਫਿਰ ਥੋੜੀ ਬਹੁਤ ਸੈਰ ਕਰਨੀ।

ਕੁਝ ਦਿਨ ਇਸੇ ਤਰ੍ਹਾਂ ਪ੍ਰੋਗਰਾਮ ਚਲਦਾ ਰਿਹਾ। ਇਕ ਦਿਨ ਦਾਸ ਨੇ ਬੇਨਤੀ ਕੀਤੀ, "ਪਿਤਾ ਜੀ, ਤੁਸੀਂ ਇਕ ਵਜੇ ਉਠ ਕੇ ਕੀਰਤਨ ਸ਼ੁਰੂ ਕਰ ਦਿੰਦੇ ਹੋ,* ਪਰ ਮੈਨੂੰ ਤਿੰਨ ਵਜੇ ਉਠਣ ਦੀ ਆਦਤ ਹੈ। ਇਹ ਦੋ ਘੰਟੇ ਮੇਰੀ ਨੀਂਦ ਉਚਕ ਜਾਂਦੀ ਹੈ। ਤੁਸੀਂ ਕਿਰਪਾ ਕਰ ਕੇ, ਇਕ ਤੋਂ ਤਿੰਨ ਤਕ, ਦੋ ਘੰਟੇ ਹੌਲੀ ਹੌਲੀ ਸਿਮਰਨ ਕਰ ਲਿਆ ਕਰੋ ਤੇ ਜਦੋਂ ਮੈਂ ਉਠ ਪਵਾਂ ਤਾਂ ਦੋਵੇਂ ਰਲ ਕੇ ਕੀਰਤਨ ਕਰਿਆ ਕਰਾਂਗੇ।" ਪਿਤਾ ਜੀ ਮੰਨ ਤਾਂ ਗਏ, ਪਰ ਇਹ ਕੁਝ ਉਨ੍ਹਾਂ ਨੂੰ ਠੀਕ ਨਾ ਜਚਿਆ। ਦੋ ਚਾਰ ਦਿਨ ਹੌਲੀ ਹੌਲੀ ਸਿਮਰਨ ਕਰਦੇ ਰਹੇ, ਪਰ ਫਿਰ ਇਕ ਦਿਨ ਉਠ ਕੇ ਵਾਜਾਂ ਮਾਰਨ ਲਗ ਪਏ, "ਓਏ ਠਾਕਰ ਸਿੰਘ ! ਓਏ ਠਾਕਰ ਸਿੰਘ !" ਜਦੋਂ ਮੈਂ ਜਾਗ ਕੇ ਉਨ੍ਹਾਂ ਨੂੰ ਪੁਛਿਆ ਤਾਂ ਕਹਿਣ ਲੱਗੇ, "ਮੇਰੇ ਪਾਸੋਂ ਮੰਜਾ ਚੁਕ ਕੇ ਦੂਰ ਲੈ ਜਾ, ਮੈਂ ਸਾਰੀ ਉਮਰ ਉਠ ਕੇ ਕੀਰਤਨ ਕਰਦਾ ਰਿਹਾ ਹਾਂ, ਹੁਣ ਮੈਂ ਹਟ ਕੇ ਹੌਲੀ ਹੌਲੀ ਸਿਮਰਨ ਨਹੀਂ ਕਰ ਸਕਦਾ। ਮੈਨੂੰ ਤੇਰੀ ਸੇਵਾ ਦੀ ਲੋੜ ਨਹੀਂ, ਆਪੇ ਸਤਿਗੁਰੂ ਜੀ ਕਿਰਪਾ ਕਰਨਗੇ।"

ਮੈਂ ਸਮਝ ਗਿਆ ਕਿ ਇਹ ਇਲਾਹੀ ਹੁਕਮ ਹੈ ਅਤੇ ਉਪਰੋਂ ਹੀ ਆਇਆ ਹੈ। ਸੋ ਦਾਸ ਨੇ ਪਿਤਾ ਜੀ ਅਗੇ ਮੱਥਾ ਟੇਕਿਆ 'ਤੇ ਬੇਨਤੀ ਕੀਤੀ ਕਿ ਤੁਸੀਂ ਮੈਨੂੰ ਆਪਣੇ ਨਾਲ ਹੀ ਇਕ ਵਜੇ ਜਗਾ ਦਿਆ ਕਰੋ, ਮੈਂ ਵੀ ਉਸੇ ਵਕਤ ਇਸ਼ਨਾਨ ਕਰ ਕੇ, ਆਪ ਜੀ ਦੇ ਨਾਲ ਕੀਰਤਨ ਕਰਿਆ ਕਰਾਂਗਾ ਤੇ ਬਾਕੀ ਨਿਤਨੇਮ ਫਿਰ ਕਰਿਆ ਕਰਾਂਗੇ। ਸੱਚੇ ਪਾਤਸ਼ਾਹ ਨੇ ਬਖ਼ਸ਼ਿਸ਼ ਕੀਤੀ ਅਤੇ ਐਸਾ ਨਿਤ ਦਾ ਪ੍ਰੋਗਰਾਮ ਚਲਿਆ ਕਿ ਬਿਨਾਂ ਟਾਈਮ-ਪੀਸ ਤੋਂ ਸਤਿਗੁਰੂ ਜੀ ਇਕ ਵਜੇ ਅੰਮ੍ਰਿਤ ਵੇਲੇ ਜਾਗ ਬਖ਼ਸ਼ ਦਿੰਦੇ ਅਤੇ ਹੁਣ ਤਕ ਅੰਮ੍ਰਿਤ-ਸਰੋਵਰ ਦੇ ਚੁਭੇ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰ ਦਾਸ ਨੂੰ ਬਖ਼ਸ਼ਦੇ ਰਹਿੰਦੇ ਹਨ।

ਜਦੋਂ ਪਿਤਾ ਜੀ ਦੀ ਉਮਰ 103 ਸਾਲ ਤੋਂ ਉਪਰ ਹੋ ਗਈ ਤਾਂ ਸਰੀਰ ਦੀ ਕਿਰਿਆ

* (ਬਾਬਾ ਵਰਿਆਮ ਸਿੰਘ ਜੀ ਨੂੰ 40-50 ਸ਼ਬਦ ਕੰਠ ਸਨ, ਜਿਨ੍ਹਾਂ ਦਾ ਉਹ ਹਰ ਰੋਜ਼ ਪਹਿਲੀ ਉਮਰ ਤੋਂ ਹੀ ਕੀਰਤਨ ਕਰਦੇ ਹੁੰਦੇ ਸਨ ।)

ਸਾਧਣੀ ਕੁਝ ਔਖੀ ਹੋ ਗਈ। ਦਾਸ ਨੇ ਉਨ੍ਹਾਂ ਨੂੰ ਕੁਰਸੀ ਤੇ ਬਿਠਾ ਅਤੇ ਆਪ ਸਾਬਣ ਲਾ ਕੇ ਇਸ਼ਨਾਨ ਕਰਾਣਾ। ਉਨ੍ਹਾਂ ਨੇ ਬੜੇ ਖੁਸ਼ ਹੋਣਾ ਤੇ ਅਸੀਸਾਂ ਦੇਣੀਆਂ ਤੇ ਨਾਲ ਕਹਿਣਾ, "ਸੱਚੇ ਪਾਤਸ਼ਾਹ, ਤੂੰ ਹੁਣ ਆਪੇ ਹੀ ਦੇਖ ਲੈ, ਮੇਰਾ ਸ੍ਰਵਣ ਪੁਤਰ ਕਿਤਨੀ ਸੇਵਾ ਕਰਦਾ ਹੈ, ਇਸ ਨੂੰ ਜੋ ਮੰਗਦਾ ਹੈ, ਦੇ ਦੇਵੋ। ਤੁਸੀਂ ਬੱਚਿਆਂ ਦੀ ਪ੍ਰਤਿਪਾਲਣਾ ਕਰਨ ਵਾਲੇ ਹੋ ਅਤੇ ਤੁਹਾਡੇ ਖ਼ਜ਼ਾਨੇ ਅਤੁਟ ਹਨ।"

ਸਰੀਰ ਹੋਰ ਨਿਰਬਲ ਹੁੰਦਾ ਗਿਆ। ਪਰ ਦਾਤਾ ਜੀ ਦੀ ਬਖ਼ਸ਼ਿਸ਼, ਨਿਤਨੇਮ ਤੇ ਸਿਮਰਨ ਠੀਕ ਚਲਦਾ ਰਿਹਾ। ਅਖ਼ੀਰ 17 ਜਨਵਰੀ 1976 ਸ਼ਾਮ ਨੂੰ ਦੇਖਿਆ ਕਿ ਸਾਹ ਕੁਝ ਖਿਚ ਕੇ ਆ ਰਿਹਾ ਹੈ। ਮੰਜਾ ਅੰਦਰ ਕਰ ਦਿੱਤਾ ਤੇ ਸੁਖਮਨੀ ਸਾਹਿਬ ਦਾ ਪਾਠ ਆਰੰਭ ਹੋ ਗਿਆ। ਨੌਂ ਵਜੇ ਸ਼ਾਮ ਨੂੰ ਸਾਰਾ ਪਰਿਵਾਰ ਪਾਸ ਬੈਠਾ ਸੀ। ਪਾਠ ਹੋ ਰਿਹਾ ਸੀ। ਅਖ਼ੀਰ ਸਵਾਸ ਬੰਦ ਹੋ ਗਿਆ। ਸਰੀਰ ਨੂੰ ਬਿਲਕੁਲ ਕੋਈ ਤਕਲੀਫ਼ ਨਾ ਹੋਈ।

ਸ਼ਾਮ ਨੂੰ ਹੀ ਸ੍ਰੀਮਾਨ ਬਾਊ ਜੀ ਪਾਸ ਤਰਨ ਤਾਰਨ ਖ਼ਬਰ ਭੇਜ ਦਿੱਤੀ ਸੀ। ਉਹ ਸਵੇਰੇ ਹੀ ਪੁਜ ਗਏ। ਬਾਊ ਜੀ ਨੇ ਤੇ ਦਾਸ ਨੇ ਉਨ੍ਹਾਂ ਦਾ ਇਸ਼ਨਾਨ ਕਰਾਇਆ। ਸਾਰੇ ਪਰਿਵਾਰ ਨੂੰ ਸ੍ਰੀਮਾਨ ਬਾਊ ਜੀ ਦਾ ਹੁਕਮ ਸੀ ਕਿ ਉਚੀ ਉਚੀ ਗੁਰ-ਮੰਤਰ ਦਾ ਸਿਮਰਨ ਕਰਨ। ਪਿਛੋਂ ਕੀਰਤਨ ਕਰਦੇ ਹੋਏ, ਸਰੀਰ ਨੂੰ ਸ਼ਮਸ਼ਾਨ-ਭੂਮੀ ਵਿਚ ਲੈ ਗਏ, ਜਿਥੇ ਸ੍ਰੀ ਬਾਊ ਜੀ ਨੇ ਡਾਢੇ ਵੈਰਾਗ ਵਿਚ ਅਰਦਾਸ ਕੀਤੀ ਅਤੇ ਫਿਰ ਸਸਕਾਰ ਹੋਇਆ। ਘਰ ਆ ਕੇ ਉਸ ਵਕਤ ਸਹਿਜ ਪਾਠ ਰਖਿਆ ਗਿਆ ਅਤੇ ਦਸਵੇਂ ਦਿਨ ਸ੍ਰੀ ਅਖੰਡਪਾਠ ਤੇ ਸਹਿਜ ਪਾਠ ਦੇ ਭੋਗ ਪਾਏ ਗਏ। ਇਲਾਕੇ ਦੀਆਂ ਬੇਅੰਤ ਸੰਗਤਾਂ ਤੇ ਰਿਸ਼ਤੇਦਾਰ ਪੁਜ ਗਏ ਸਨ। ਭਾਈ ਸਾਹਿਬ ਰਾਮ ਸਿੰਘ ਜੀ ਅਤੇ ਗਿਆਨੀ ਗੁਰਬਚਨ ਸਿੰਘ ਜੀ ਹੋਰ ਕਈ ਸੰਗਤਾਂ ਨਾਲ ਸ੍ਰੀ ਅੰਮ੍ਰਿਤਸਰ ਤੋਂ ਪੁਜ ਗਏ। ਖ਼ੂਬ ਕੀਰਤਨ ਹੋਏ। ਅੰਤਲੀ ਅਰਦਾਸ ਸ੍ਰੀਮਾਨ ਬਾਊ ਜੀ ਨੇ ਕੀਤੀ ਅਤੇ ਸੰਗਤਾਂ ਲੰਗਰ ਛਕ ਕੇ ਵਿਦਾ ਹੋ ਗਈਆਂ।

## ਭਾਈ ਵਰਿਆਮ ਸਿੰਘ ਜੀ ਦੀ ਸੰਤਾਨ

1. ਬੀਬੀ ਲਛਮਣ ਕੌਰ। ਇਨ੍ਹਾਂ ਦੇ ਸਪੁਤਰ ਭਾਈ ਦਿਆਲ ਸਿੰਘ ਦਾ ਅਨੰਦ ਕਾਰਜ ਬੀਬੀ ਸੁਖਦੇਵ ਕੌਰ ਨਾਲ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪ ਕਰਾਇਆ ਸੀ।
2. ਠਾਕੁਰ ਸਿੰਘ (ਲੇਖਕ)।

## ਸੰਖੇਪ ਜੀਵਨੀ ਤੇ ਕੁਝ ਯਾਦਾਂ

# ਪ੍ਰੋ. ਠਾਕੁਰ ਸਿੰਘ ਸ੍ਰੀ ਅੰਮ੍ਰਿਤਸਰ (ਲੇਖਕ)

ਸ੍ਰੀ ਮਾਨ ਬਾਊ ਮੱਲ ਸਿੰਘ ਜੀ ਤੇ ਪਿਤਾ ਜੀ ਸੰਗਤ ਕਰਕੇ ਧਾਰਮਿਕ ਰੁਚੀ ਬਚਪਨ ਤੋਂ ਹੀ ਪੈਦਾ ਹੋ ਗਈ ਸੀ। ਭਾ: ਸਾ: ਰਣਧੀਰ ਸਿੰਘ ਜੀ ਦੇ ਜਥੇ ਤੋਂ 1914 ਵਿਚ ਅੰਮ੍ਰਿਤ ਛਕ ਕੇ ਪੰਜੇ ਕਕਾਰ-ਧਾਰਨੀ, ਅੰਮ੍ਰਿਤ ਵੇਲੇ ਸਣ-ਕੇਸੀਂ ਇਸ਼ਨਾਨ, ਨਿਤਨੇਮ, ਗੁਰਦੁਆਰੇ ਜਾਣਾ ਦ੍ਰਿੜ੍ਹ ਹੋ ਗਏ। ਬੀ.ਏ. ਪੜ੍ਹਦਿਆਂ ਹਾਕੀ ਟੀਮ ਦਾ ਕਪਤਾਨ ਰਿਹਾ, ਕਿਰਪਾਨ ਕਪੜੇ ਦੇ ਖੋਖੇ ਵਿਚ ਪਾ ਸੇਫ਼ਟੀ ਪਿਨ ਨਾਲ ਕਮੀਜ਼ ਦੇ ਬੋਝੇ ਵਿਚ ਟਾਂਕ ਕੇ ਹਾਕੀ ਖੇਡਣੀ। ਇਕੇਰਾਂ ਜਲੰਧਰ ਛਾਉਣੀ ਇਕ ਪਲਟਨ ਨਾਲ ਮੈਚ ਸੀ, ਟੀਮ ਦੇ ਤਿੰਨ ਅੰਗਰੇਜ਼ ਅਫ਼ਸਰ ਕਿਰਪਾਨ ਲੁਹਾ ਕੇ ਖੇਡਣ ਦੀ ਜ਼ਿਦੇ ਪੈ ਗਏ। ਖੇਡਣ ਤੋਂ ਇਨਕਾਰ ਕਰ ਦਿੱਤਾ। ਅੰਗਰੇਜ਼ ਕਰਨਲ ਨੇ ਝਗੜਾ ਨਿਬੇੜਿਆ ਤੇ ਕਿਹਾ ਕਿ ਸਿਖ ਕੋ ਕਿਰਪਾਲ ਪਹਿਨਨੇ ਦੀ ਇਜਾਜ਼ਤ ਹੈ। ਇਕ ਹੋਰ ਵਾਰੀ 1944 ਵਿਚ ਗੌਰਮਿੰਟ ਕਾਲਜ ਲੁਧਿਆਣਾ ਦੇ (Rovers) ਰੋਵਰਾਂ ਨਾਲ ਯਾਤਰਾ ਕਰਦਿਆਂ ਗਵਾਲੀਅਰ ਗੁਰਦੁਆਰਾ ਬੰਦੀਛੋੜ ਦੇ ਦਰਸ਼ਨ ਸਮੇਂ ਵੀ ਇਹੋ ਹੀ ਮਸਲਾ ਖੜਾ ਹੋ ਗਿਆ। ਕਿਰਪਾਨ ਉਤਾਰਨੀ ਨਾਮਨਜ਼ੂਰ ਕਰ ਦਿੱਤੀ, ਅਖ਼ੀਰ ਕਿਲ੍ਹੇ ਦਾ ਅਫ਼ਸਰ ਆਇਆ ਅਤੇ ਸਿਪਾਹੀ ਨੂੰ ਗੁੱਸੇ ਹੁੰਦਿਆਂ ਕਿਹਾ ਕਿ ਸਿਖ ਕਿਰਪਾਨ ਪਹਿਨ ਕੇ ਅੰਦਰ ਜਾ ਸਕਦੇ ਹਨ। ਚੌਦ੍ਹਵੀਂ ਵਿਚ ਪੜ੍ਹਦਿਆਂ 1921 ਵਿਚ ਮਹਾਤਮਾ ਗਾਂਧੀ ਦੀ 'ਨਾ-ਮਿਲਵਰਤਣ ਲਹਿਰ' ਚੱਲੀ ਤਾਂ ਅੰਗਰੇਜ਼ ਪ੍ਰਿੰਸੀਪਲ ਨੇ ਇਸ ਲਹਿਰ ਵਿਚ ਹਿੱਸਾ ਨਾ ਲੈਣ ਬਦਲੇ ਇਕ ਵੱਡੀ ਨੌਕਰੀ ਦਾ ਲਾਲਚ ਦਿੱਤਾ, ਪਰ ਉੱਤਰ ਦਿੱਤਾ ਕਿ ਦੇਸ਼ ਦੀ ਲਹਿਰ ਛੱਡ ਕੇ ਨੌਕਰੀ ਵਾਸਤੇ ਵਿਕ ਨਹੀਂ ਸਕਦਾ। 1921 ਤੋਂ 1925 ਤਕ ਟੀਮ ਦੇ ਸਫਲ ਕਪਤਾਨ ਹੋਣ ਕਰਕੇ ਯੂਨੀਵਰਸਿਟੀ ਅਤੇ ਸੂਬਾ ਪੰਜਾਬ ਦੀਆਂ ਖਾਸ ਟੀਮਾਂ ਦੇ ਮੈਂਬਰ ਬਣ ਕੇ, ਬੰਬੇ ਆਦਿ ਕਈ ਥਾਵਾਂ 'ਤੇ ਭਾਰੀ ਜਿੱਤਾਂ ਜਿੱਤੀਆਂ ਅਤੇ ਸ਼ੀਲਡਾਂ ਪ੍ਰਾਪਤ ਕੀਤੀਆਂ। 1928 ਵਿਚ ਗੌਰਮਿੰਟ ਕਾਲਜ ਲੁਧਿਆਣਾ ਵਿਚ ਡਾਇਰੈਕਟਰ ਆਫ਼ ਫ਼ਿਜ਼ੀਕਲ ਐਜੂਕੇਸ਼ਨ ਦੀ ਪੋਸਟ 'ਤੇ ਨਿਯੁਕਤ ਹੋ ਗਿਆ। ਉਥੇ 27 ਸਾਲ ਦੀ ਸਰਵਿਸ ਵਿਚ ਰਹਿੰਦਿਆਂ ਰਾਵਲਪਿੰਡੀ ਦੇ ਅਤੇ ਹੋਰ ਸਮਾਗਮਾਂ ਦੇ ਖ਼ੂਬ ਅਨੰਦ ਮਾਣੇ ਅਤੇ ਇਸ ਤੋਂ ਬਾਅਦ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ 19 ਸਾਲ ਲੱਗੇ ਰਹੇ।

1914 ਵਿਚ ਅੰਮ੍ਰਿਤ ਛਕਣ ਪਿਛੋਂ ਸਤਿਗੁਰੂ ਜੀ ਦੀ ਮਿਹਰ ਸਦਕਾ "ਪੂਰਬ ਜਨਮ ਕੇ ਮਿਲੇ ਸੰਜੋਗੀ" ਮਾਨ ਯੋਗ ਭਾਈ ਸਾਹਿਬ ਰਣਧੀਰ ਸਿੰਘ ਜੀ, ਬਾਊ ਮੱਲ ਸਿੰਘ ਜੀ ਅਤੇ ਪਿਤਾ ਜੀ ਦੀ ਸੰਗਤ ਸਦਕਾ, ਇਹ ਸਾਰਾ ਸਮਾਂ ਗੁਰੂ-ਪਿਆਰੀਆਂ ਸੰਗਤਾਂ ਤੇ ਗੁਰਮਤਿ ਸਮਾਗਮਾਂ ਵਿਚ ਬੀਤਦਾ ਰਿਹਾ ਹੈ।

ਨੋਟ : ਸ੍ਰੀ ਮਾਨਯਵਰ ਬਾਊ ਜੀ ਦੇ ਖਾਸ ਨਿਕਟਵਰਤੀ ਸੱਜਣਾ ਪ੍ਰੋ. ਠਾਕੁਰ ਸਿੰਘ ਜੀ (ਭਤੀਜਾ) ਪ੍ਰਿੰਸੀਪਲ ਇੰਦਰ ਕੌਰ ਜੀ (ਧਰਮ-ਪੁਤਰੀ) ਅਤੇ ਜਥੇਦਾਰ ਭਾਈ ਰਾਮ ਸਿੰਘ ਜੀ/ਬੀ. ਬਲਵੰਤ ਕੌਰ ਜੀ ਦੇ ਵਿਸਥਾਰ ਸਹਿਤ ਜੀਵਨ ਬਿਰਤਾਂਤ ਪੁਰਾਤਨ ਗੁਰਸਿੱਖਾਂ ਦੇ ਜੀਵਨ ਬਿਰਤਾਂਤਾਂ ਵਾਲੀ ਪੁਸਤਕ "ਅਨਮੋਲ ਹੀਰੇ" ਵਿਚ ਦਿੱਤੇ ਗਏ ਹਨ।

## ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਕਾਂਡ

ਪਹਿਲੀ ਵੱਡੀ ਜੰਗ 1914 ਦੀ 1918 ਵਿਚ ਸਮਾਪਤ ਹੋ ਗਈ। ਭਰੋਸੇ ਮੁਜਬ ਭਾਰਤ ਨੂੰ ਪੂਰੀ ਆਜ਼ਾਦੀ ਨਾ ਮਿਲਣ ਕਰਕੇ ਲੋਕਾਂ ਵਿਚ ਬੜਾ ਜੋਸ਼ ਪੈਦਾ ਹੋ ਗਿਆ। ਸ੍ਰੀ ਅੰਮ੍ਰਿਤਸਰ ਤੋਂ ਡਾਕਟਰ ਕਿਚਲੂ ਅਤੇ ਡਾਕਟਰ ਸਤਿਆਪਾਲ ਗ੍ਰਿਫ਼ਤਾਰ ਕਰ ਲਏ ਗਏ ਸਨ।

1919 ਦੀ ਵਿਸਾਖੀ ਨੂੰ ਸ਼ਹਿਰ ਨਿਵਾਸੀਆਂ ਵਲੋਂ ਇਸ ਸੰਬੰਧ ਵਿਚ ਜਲ੍ਹਿਆਂ ਵਾਲੇ ਬਾਗ਼ ਵਿਖੇ ਜਲਸਾ ਰਖ ਦਿੱਤਾ ਗਿਆ। ਦਾਸ ਤਦੋਂ ਖਾਲਸਾ ਕਾਲਜ ਵਿਚ ਬਾਰ੍ਹਵੀਂ ਜਮਾਤੇ ਪੜ੍ਹਦਾ ਸੀ। ਸਾਡਾ ਪ੍ਰਿੰਸੀਪਲ ਜੀ. ਏ. ਵਾਦਨ (G.A. Wathen) ਇਕ ਅੰਗਰੇਜ਼ ਸੀ। ਫ਼ੌਜੀ ਅਫ਼ਸਰਾਂ ਦੀ ਗੋਬਿੰਦਗੜ੍ਹ ਕਿਲ੍ਹੇ ਵਿਖੇ ਇਕ ਦਿਨ ਪਹਿਲਾਂ ਮੀਟਿੰਗ ਹੋਈ, ਜਿਸ ਵਿਚ ਸਾਡੇ ਪ੍ਰਿੰਸੀਪਲ ਸਾਹਿਬ ਵੀ ਸੱਦੇ ਗਏ ਸਨ। ਉਸ ਨੂੰ ਪਤਾ ਲਗ ਗਿਆ ਕਿ ਕਲ੍ਹ ਜਲ੍ਹਿਆਂ ਵਾਲੇ ਬਾਗ਼ ਵਿਖੇ ਗੋਲੀ ਚੱਲੇਗੀ। ਕਾਲਜ ਵਿਚ ਪੁਜ ਕੇ ਉਸ ਨੇ ਸਭ ਲੜਕੇ ਇਕੱਠੇ ਕੀਤੇ ਅਤੇ ਸਭ ਨੂੰ ਵਾਰਨਿੰਗ ਦਿੱਤੀ ਕਿ ਚੂੰਕਿ ਕਲ੍ਹ ਜਲ੍ਹਿਆਂ ਵਾਲੇ ਬਾਗ਼ ਵਿਚ ਗੋਲੀ ਚੱਲਣੀ ਹੈ, ਇਸ ਕਰਕੇ ਕੋਈ ਲੜਕਾ ਉਥੇ ਜਲਸੇ ਵਿਚ ਨਾ ਜਾਵੇ।

ਅਸਾਂ ਕਈ ਲੜਕਿਆਂ ਨੇ ਇਹ ਕੁਝ ਸੁਣ ਕੇ ਵੀ ਫ਼ੈਸਲਾ ਕੀਤਾ ਕਿ ਜ਼ਰੂਰ ਜਾਣਾ ਹੈ ਅਤੇ ਦੂਜੇ ਦਿਨ ਸ਼ਾਮ ਚਾਰ ਕੁ ਵਜੇ ਬਾਗ਼ ਵਿਚ ਪੁੱਜ ਗਏ।

ਜਲਸਾ ਚਾਲੂ ਸੀ ਅਤੇ ਇਕ ਜੋਸ਼ੀਲਾ ਲੀਡਰ ਲੈਕਚਰ ਦੇ ਰਿਹਾ ਸੀ। ਸਾਡੇ ਵੇਖਦਿਆਂ ਵੇਖਦਿਆਂ ਜਨਰਲ ਡਾਇਰ, ਗੋਰਖੇ ਸਿਪਾਹੀ ਲੈ ਕੇ ਅੰਦਰ ਆਇਆ ਅਤੇ ਉਨ੍ਹਾਂ ਨੂੰ ਲਾਈਨ ਵਿਚ ਲਿਟਾ ਦਿੱਤਾ। ਬਿਨਾਂ ਵਾਰਨਿੰਗ ਜਾਂ ਚਿਤਾਵਨੀ ਦੇ, ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਗਿਆ। ਸਾਹਮਣੇ ਪਾਸੇ, ਸਟੇਜ ਦੇ ਅਗੇ ਬੈਠੇ ਹੋਏ ਤਾਂ ਇਕ ਦੋ ਮਿੰਟਾਂ ਵਿਚ ਹੀ ਜ਼ਖ਼ਮੀ ਹੋ ਕੇ ਡਿਗ ਪਏ ਅਤੇ ਬਾਕੀ ਲੋਕ ਬਾਹਰ ਨਿਕਲਣ ਲਈ ਨੱਸ ਭੱਜ ਉਠੇ। ਮੈਂ ਵੀ ਦੱਖਣ ਦੇ ਪਾਸੇ, ਜਿਥੇ ਛੋਟੀ ਛੋਟੀ ਕੰਧ ਸੀ, ਵਲ ਦੌੜਿਆ। ਮੈਂ ਉਥੇ ਬੜੇ ਆਰਾਮ ਨਾਲ ਬਾਹਰ ਜਾ ਸਕਦਾ ਸਾਂ, ਪਰ ਉਥੇ ਦੀਵਾਰ ਲਾਗੇ 11-12 ਕੁ ਸਾਲ ਦੇ ਦੋ ਬੱਚੇ ਚੀਕਾਂ ਮਾਰ ਰਹੇ ਸਨ ਕਿ ਕੋਈ ਉਨ੍ਹਾਂ ਨੂੰ ਬਾਹਰ ਕੱਢੇ। ਸੋ ਮੈਂ ਇਕ ਨੂੰ ਤਾਂ ਚੁਕ ਕੇ ਬਾਹਰ ਸੁੱਟ ਦਿੱਤਾ ਅਤੇ ਦੂਜੇ ਨੂੰ ਚੁਕ ਕੇ ਸੁੱਟਣ ਹੀ ਲੱਗਾ ਸੀ ਕਿ ਪਿਛੋਂ ਮੇਰੇ ਉਪਰ ਜ਼ਖ਼ਮੀ ਹੋਏ ਲੋਕ ਆਣ ਡਿੱਗੇ। ਮੈਂ ਉਨ੍ਹਾਂ ਦੇ ਹੇਠਾਂ ਦਬ ਗਿਆ। ਇਕ ਸੈਕਿੰਡ ਵਿਚ ਹੀ ਮੈਨੂੰ ਖ਼ਿਆਲ ਆਇਆ ਕਿ ਜੇ ਮੈਂ ਇਥੇ ਹੀ ਰਹਿ ਗਿਆ ਤਾਂ ਇਨ੍ਹਾਂ ਜ਼ਖ਼ਮੀਆਂ ਦੇ ਹੇਠ ਹੀ ਦਮ ਘੁਟ ਕੇ ਮਰ ਜਾਵਾਂਗਾ। ਸੋ ਇਕ-ਦਮ ਉਠਣ ਲਈ ਤ੍ਰਾਣ ਲਾਇਆ ਅਤੇ ਬੜੀ ਮੁਸ਼ਕਿਲ ਨਾਲ ਹੇਠੋਂ ਨਿਕਲਿਆ। ਉਪਰ ਹੋ ਕੇ ਪਹਿਲਾਂ ਪਿਛੇ ਵੱਲ ਵੇਖਿਆ ਕਿ ਗੋਲੀ ਕਿਸ ਤਰ੍ਹਾਂ ਚਲ ਰਹੀ ਸੀ ਅਤੇ ਲੋਕੀ ਕਿਵੇਂ ਜ਼ਖ਼ਮੀ ਹੋ ਕੇ ਡਿੱਗ ਕੇ ਮਰ ਰਹੇ ਸਨ।

ਉਹ ਅਤਿ ਭਿਆਨਕ ਤੇ ਨਿਰਦਾਇਤਾ ਵਾਲਾ ਦ੍ਰਿਸ਼ ਮੇਰੇ ਹਿਰਦੇ ਵਿਚ ਲੱਥ ਗਿਆ। ਅੱਜ ਵੀ ਯਾਦ ਕਰਦਿਆਂ ਉਹ ਵਿਕਰਾਲ ਸੀਨ ਓਸੇ ਸ਼ਕਲ ਵਿਚ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲਗ ਪੈਂਦਾ ਹੈ। ਮੈਂ ਛਾਲ ਮਾਰੀ ਅਤੇ ਕੰਧ ਟੱਪ ਕੇ ਭਜ ਨਿਕਲਿਆ। ਮੇਰੀ ਪਗੜੀ, ਪਜ਼ਾਮਾ ਅਤੇ ਜੁੱਤੀ ਜ਼ਖ਼ਮੀਆਂ ਦੇ ਹੇਠ ਹੀ ਰਹਿ ਗਈਆਂ ਅਤੇ ਗਲੇ ਵਾਲੀ ਕਮੀਜ਼ ਖ਼ੂਨ ਨਾਲ ਲਿਬੜੀ ਹੋਈ ਸੀ। ਮੈਂ ਉਥੋਂ ਲਾਗੇ ਹੀ ਨਾਮਧਾਰੀਆਂ ਦੀ ਧਰਮਸ਼ਾਲਾ ਚਲਾ ਗਿਆ। ਉਥੇ ਜ਼ਖ਼ਮੀ ਭੱਜੇ ਆ ਰਹੇ ਸਨ, ਮੈਂ ਉਨ੍ਹਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰਨ ਲਗ ਪਿਆ। ਪੰਦਰਾਂ ਮਿੰਟਾਂ ਪਿਛੋਂ ਗੋਲੀ ਚਲਣੀ ਬੰਦ ਹੋ ਗਈ। ਮੈਂ ਫਿਰ ਬਾਗ਼ ਵਲ ਗਿਆ ਕਿ ਆਪਣੀ ਪਗੜੀ, ਪਜਾਮਾ ਤੇ ਜੁੱਤੀ ਲੈ ਆਵਾਂ। ਪਰ ਜਾ ਕੇ ਵੇਖਿਆ ਕਿ ਜਿਥੋਂ ਮੈਂ ਨਿਕਲਿਆ ਸਾਂ, ਉਥੇ ਜ਼ਖ਼ਮੀਆਂ ਦਾ ਢੇਰ, ਦੀਵਾਰ ਦੇ ਉਪਰ ਤੱਕ ਲੱਗਾ ਹੋਇਆ ਸੀ। ਸੋ ਵਾਪਸ ਦੌੜ ਕੇ ਨਿਕਲਿਆ ਅਤੇ ਹੌਲੇ ਹੌਲੇ ਚਲ ਕੇ ਖਾਲਸਾ ਕਾਲਜ ਪੁੱਜਾ।

1960 ਵਿਚ ਆਲ ਇੰਡੀਆ ਰੇਡੀਓ ਦਿੱਲੀ ਵਲੋਂ ਪ੍ਰਸਿੱਧ ਲੇਖਕ ਸ. ਖੁਸ਼ਵੰਤ ਸਿੰਘ ਨੂੰ ਅੰਮ੍ਰਿਤਸਰ ਭੇਜਿਆ ਗਿਆ ਕਿ ਉਹ ਕਿਸੇ ਉਸ ਸਜਣ ਦਾ ਬਿਆਨ ਰੀਕਾਰਡ ਕਰ ਕੇ ਲਿਆਵੇ, ਜਿਸ ਨੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਕਾਂਡ ਵਿਚ ਗੋਲੀ ਚਲਦੀ ਅੱਖੀਂ ਵੇਖੀ ਹੋਵੇ। ਉਸ ਵੇਲੇ ਸ਼ਰੋਮਣੀ ਕਮੇਟੀ ਦੇ ਸਕੱਤਰ ਡਾ. ਹਰਬੰਤ ਸਿੰਘ ਜੀ ਸਨ, ਜੋ ਪਹਿਲਾਂ ਖਾਲਸਾ ਕਾਲਜ ਵਿਚ ਪ੍ਰਿੰਸੀਪਲ ਰਹੇ ਸਨ। ਦਾਸ ਉਥੇ ਪ੍ਰੋਫ਼ੈਸਰ ਲੱਗਾ ਹੋਇਆ ਸੀ। ਉਨ੍ਹਾਂ ਨੇ ਖੁਸ਼ਵੰਤ ਸਿੰਘ ਨੂੰ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਰੀਕਾਰਡ ਕਰਨ ਲਈ ਮੇਰੇ ਪਾਸ ਭੇਜਿਆ। ਉਨ੍ਹਾਂ ਨੇ ਸਰਕਟ ਹਾਊਸ ਵਿਚ ਮੇਰਾ ਬਿਆਨ ਮਸ਼ੀਨ 'ਤੇ ਰੀਕਾਰਡ ਕੀਤਾ। ਇਹ ਬਿਆਨ ਆਲ ਇੰਡੀਆ ਰੇਡੀਓ ਤੋਂ ਕਈ ਸਾਲ ਕਈ ਵਾਰ ਸੁਣਾਇਆ ਜਾਂਦਾ ਰਿਹਾ।

## ਦਾਸ ਦੀ ਪੈਜ ਰਖੀ

ਜਦੋਂ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਾ ਤੇ ਖੇਲਦਾ ਹੁੰਦਾ ਸੀ ਤਾਂ ਕਾਲਜ-ਟੀਮ ਦਾ ਕਪਤਾਨ ਜੈ ਸਿੰਘ ਡਰੋਲੀ ਕਲਾਂ (ਜਲੰਧਰ) ਵਾਲਾ ਹੁੰਦਾ ਸੀ ਤੇ ਹਾਕੀ-ਕਲੱਬ ਦਾ ਪ੍ਰਧਾਨ ਪ੍ਰੋਫ਼ੈਸਰ ਡਾ. ਡਨ ਕਲਿਫ (ਕੈਮਿਸਟਰੀ ਵਾਲਾ) ਹੁੰਦਾ ਸੀ। ਓਦੋਂ ਵੱਡੀ ਜੰਗ (1st world war 1915) ਲੱਗੀ ਹੋਈ ਸੀ। ਡਾ. ਡਨ ਕਲਿਫ਼ ਕਾਲਜ ਛੱਡ ਲਾਹੌਰ ਵਿਚ ਰਕ੍ਰਿਊਟਿੰਗ ਅਫ਼ਸਰ ਲਗ ਗਿਆ। ਉਸ ਨੇ ਜੈ ਸਿੰਘ ਨੂੰ ਐਮਰਜੈਂਸੀ ਕਮਿਸ਼ਨ ਦੇ ਕੇ ਭਰਤੀ ਕਰ ਲਿਆ ਅਤੇ ਉਸ ਨੂੰ ਬਸਰੇ ਵਾਲੇ ਪਾਸੇ ਈਰਾਨ ਆਦਿ ਵਲ ਭੇਜ ਦਿੱਤਾ। ਉਹ ਬੜੇ ਖ਼ਤਰਿਆਂ ਵਿਚੋਂ ਲੰਘਦਾ ਰਿਹਾ, ਪਰ ਲੜਾਈ ਮੁਕਣ 'ਤੇ ਉਹ ਬੜੀ ਮਾਇਆ ਜੋੜ ਕੇ ਵਾਪਸ ਆਇਆ। ਉਸ ਪਾਸ ਇਕ ਲੱਖ ਤੋਂ ਵਧ ਰੁਪਿਆ ਸੀ। ਉਹ ਸਾਡੇ ਪਾਸ ਖਾਲਸਾ ਕਾਲਜ ਮਿਲਣ ਗਿਲਣ ਲਈ ਆ ਗਿਆ ਕਰਦਾ ਸੀ। ਹਰ ਰੋਜ਼ ਹਾਕੀ ਖੇਲਣੀ ਤੇ ਸ਼ਾਮ ਨੂੰ ਬਹੁਤ ਵੇਰੀ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸਨਾਂ ਨੂੰ ਸਭ ਨੇ ਇਕੱਠੇ ਟੁਰ ਪੈਣਾ। ਜੈ ਸਿੰਘ ਨੇ ਹਰ ਰੋਜ਼ ਇਕ ਪਰਾਤ ਭਰ ਕੇ ਕੜਾਹ ਪ੍ਰਸ਼ਾਦ ਦੀ ਭੇਟਾ ਕਰਨੀ ਤੇ ਅਰਦਾਸੇ ਪਿਛੋਂ ਜੋ ਪ੍ਰਸ਼ਾਦ ਮਿਲਣਾ, ਉਹ ਰਲ ਮਿਲ ਛਕ ਲੈਣਾ। ਇਸ ਤਰ੍ਹਾਂ

ਕਈ ਦਿਨ ਗੁਜ਼ਰ ਗਏ। ਇਕ ਦਿਨ ਬਾਹਰ ਬੈਠੇ ਕੜਾਹ ਪ੍ਰਸ਼ਾਦ ਛਕ ਰਹੇ ਸਾਂ ਤਾਂ ਇਕ ਗ਼ੈਰ-ਜ਼ਿੰਮੇਵਾਰ ਖਿਲਾੜੀ, ਜੋ ਸ਼ਰਾਰਤੀ ਸੀ, ਕਹਿਣ ਲੱਗਾ ਕਿ "ਇਥੇ ਸ੍ਰੀ ਦਰਬਾਰ ਸਾਹਿਬ ਗੁਰਬਾਣੀ ਦਾ ਕੀਰਤਨ ਸੁਣਦੇ ਹਾਂ, ਕਿਉਂ ਨਾ ਬਾਹਰ ਬਜ਼ਾਰ ਵਿਚ ਜਾ ਕੇ ਰਾਗ-ਰਲੀਆਂ ਸੁਣੀਏ।" ਉਹ ਜਾਣਦਾ ਸੀ ਕਿ ਸਾਰਾ ਖ਼ਰਚ ਤਾਂ ਜੈ ਸਿੰਘ ਨੇ ਦੇ ਦੇਣਾ ਹੈ। ਸ਼ੁਗਲ ਵਿਚ ਸਭ ਨੂੰ ਉਸ ਨੇ ਮਨਾ ਲਿਆ। ਮੈਂ ਜਕੋ-ਤਕੋ ਸੋਚਣ ਲਗ ਪਿਆ। ਕੋਈ ਸਮਝ ਨਾ ਆਵੇ। ਇਤਨਾ ਹੌਂਸਲਾ ਨਾ ਪਵੇ ਕਿ ਕਹਿ ਦੇਵਾਂ ਕਿ ਮੈਂ ਨਹੀਂ ਜਾਵਾਂਗਾ। ਜਦੋਂ ਬਜ਼ਾਰ ਨੂੰ ਟੁਰ ਪਏ ਤਾਂ ਮੈਂ ਵੀ ਅਖ਼ੀਰ 'ਤੇ ਟੁਰ ਪਿਆ। ਪਰ ਮੇਰੀ ਆਤਮਾ ਲਾਹਨਤਾ ਪਾਵੇ ਕਿ ਇਨ੍ਹਾਂ ਬੁਰਿਆਂ ਦੀ ਸੰਗਤ ਕਰਕੇ ਕਿਧਰ ਜਾ ਰਿਹਾ ਹੈਂ ? ਉਹ ਇਕ ਇਕ ਕਰ ਕੇ, ਸਭ ਪੌੜੀਆਂ ਚੜ੍ਹ ਕੇ ਕਮਰੇ ਵਿਚ ਜਾ ਰਹੇ ਸਨ।

ਮੈਂ ਅਖ਼ੀਰ 'ਤੇ ਉਪਰ ਚੜ੍ਹ ਕੇ, ਜਦੋਂ ਅਖ਼ੀਰਲੀ ਪੌੜੀ 'ਤੇ ਪੈਰ ਅੰਦਰ ਰੱਖਣ ਲੱਗਾ ਤਾਂ ਸਤਿਗੁਰੂ ਦੀ ਬਖ਼ਸ਼ਿਸ਼ ਹੋ ਗਈ, ਸ੍ਰੀ ਮਾਨ ਭਾਈ ਸਾਹਿਬ ਜੀ ਝਟਪਟ ਅੱਗੇ ਆ ਕੇ ਖੜੇ ਹੋ ਗਏ। ਮੇਰੀਆਂ ਅੱਖਾਂ ਖੱਲ੍ਹੀਆਂ ਸਨ, ਪਰ ਨਜ਼ਰ ਕੁਛ ਨਹੀਂ ਸੀ ਆ ਰਿਹਾ। ਮੇਰਾ ਦਿਲ ਇਤਨਾ ਧੜਕ ਰਿਹਾ ਸੀ ਕਿ ਮੈਂ ਘਬਰਾਹਟ ਨਾਲ ਪੂਰੀ ਹੋਸ਼ ਵਿਚ ਨਹੀਂ ਸਾਂ। ਮੈਨੂੰ ਅੱਜ ਵੀ ਯਾਦ ਹੈ ਕਿ ਉਹ ਕਦਮ, ਜੋ ਅੰਦਰ ਕਮਰੇ ਵਿਚ ਜਾ ਰਿਹਾ ਸੀ, ਓਹੋ ਹੀ ਵਾਪਸ ਹੇਠਲੀ ਪੌੜੀ 'ਤੇ ਆ ਲੱਗਾ। ਬਸ ਮੈਂ ਇਕ ਪਲ ਵਿਚ ਵਾਪਸ ਪੌੜੀਆਂ ਉਤਰ ਆਇਆ। ਉਸ ਘਬਰਾਹਟ ਵਿਚ, ਜਦੋਂ ਮੈਨੂੰ ਨਜ਼ਰ ਕੁਛ ਨਹੀਂ ਸੀ ਆ ਰਿਹਾ, ਮੈਂ ਸਾਰੇ ਜ਼ੋਰ ਨਾਲ ਬਾਜ਼ਾਰ ਵਿਚ ਭੱਜਾ ਜਾ ਰਿਹਾ ਸੀ, ਜਿਸ ਤਰ੍ਹਾਂ ਕਿ ਚੋਰ ਚੋਰੀ ਦੇ ਫੜੇ ਜਾਣ ਤੋਂ ਡਰਦਾ ਭਜ ਰਿਹਾ ਹੁੰਦਾ ਹੈ। ਜਦੋਂ ਦੋ ਸੌ ਗਜ ਭੱਜ ਕੇ ਹਾਲ ਬਾਜ਼ਾਰ ਪੁੱਜਿਆ ਤਾਂ ਮੇਰੀਆਂ ਅੱਖਾਂ ਵਿਚ ਰੌਸ਼ਨੀ ਆ ਗਈ। ਮੈਂ ਖੜਾ ਹੋ ਗਿਆ ਤੇ ਘਬਰਾਹਟ ਤੋਂ ਹੌਲੀ ਹੌਲੀ ਆਰਾਮ ਆ ਗਿਆ। ਮੈਂ ਸਤਿਗੁਰੂ ਜੀ ਦਾ ਸ਼ੁਕਰ ਕੀਤਾ, ਜਿਨ੍ਹਾਂ ਨੇ ਸ੍ਰੀ ਮਾਨ ਭਾਈ ਸਾਹਿਬ ਜੀ ਦਾ ਪਹਿਰਾ ਲਾ ਕੇ ਮੈਨੂੰ ਬੁਰੀ ਸੰਗਤ ਤੋਂ ਬਚਾ ਲਿਆ। ਮੈਂ ਫਿਰ ਸ੍ਰੀ ਦਰਬਾਰ ਸਾਹਿਬ ਪੁੱਜਾ। ਹੱਥ ਜੋੜ ਕੇ ਅਰਦਾਸ ਕੀਤੀ, ਮੁਆਫ਼ੀ ਮੰਗੀ ਤੇ ਇਸ ਬਖ਼ਸ਼ਿਸ਼ ਲਈ ਸਤਿਗੁਰੂ ਜੀ ਦਾ ਸ਼ੁਕਰ ਕੀਤਾ, ਜਿਨ੍ਹਾਂ ਨੇ ਇਸ ਸੰਭਾਲ ਦੀ ਸੇਵਾ ਸ੍ਰੀ ਮਾਨ ਭਾਈ ਸਾਹਿਬ ਦੇ ਜ਼ਿੰਮੇ ਲਾਈ।

ਜਦੋਂ ਜੇਲ੍ਹ ਤੋਂ ਵਾਪਸ ਆ ਗਏ ਤਾਂ ਇਕ ਦੋ ਵੇਰ ਤਰੀਕੇ-ਤਰੀਕੇ ਨਾਲ ਦੱਸ ਦਿੰਦੇ ਸਨ ਕਿ ਜੇਲ੍ਹ ਵਿਚ ਬੈਠਿਆਂ ਵੀ ਬੱਚਿਆਂ ਦੀ ਸੰਭਾਲ ਕਰਨੀ ਪੈਂਦੀ ਸੀ। ਸਹੀ ਅਰਥਾਂ ਵਿਚ ਉਹ ਤ੍ਰੈਕਾਲ-ਦਰਸ਼ੀ ਸਨ।

# ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਕੁੱਝ ਯਾਦਾਂ

## (ਪ੍ਰੋਫੈਸਰ ਠਾਕਰ ਸਿੰਘ ਜੀ)

## ਪਰਉਪਕਾਰੀ ਜਗ ਵਿਚਿ ਆਏ

*(ਭਾਈ ਗੁਰਦਾਸ ਜੀ, ਵਾਰ ੨੮, ਪਉੜੀ ੧੮)*

ਉਚ ਤੇ ਪਵਿਤ੍ਰ ਹਸਤੀ ਵਾਲੇ ਇਹ ਉਪਕਾਰੀ ਜੀਊੜੇ, ਆਪਣੇ ਜੀਵਨ ਨੂੰ ਗੁਰਮਤਿ ਦੇ ਅਸੂਲਾਂ 'ਤੇ ਢਾਲ ਕੇ, ਗੁਰਸਿਖੀ ਦਾ ਨਮੂਨਾ, ਗੁਰੂ ਸੰਗਤ ਵਿਚ ਰਹਿੰਦੇ ਹੋਏ ਅਨੇਕਾਂ ਦੇ ਉਧਾਰ ਦਾ ਮੂਜਬ ਬਣਦੇ ਹਨ "ਹਰਿ ਜਨਮ ਸਗਲ ਉਧਾਰੇ ਸੰਗ ਕੇ॥" (ਸਾਰੰਗ ਮਃ ੫, ਪੰਨਾ ੧੨੦੮) ਆਪਣੇ ਨਾਲ ਦੇ ਸੰਗੀ-ਸਾਥੀਆਂ, ਜੋ ਪਿਛਲੇ ਜਨਮਾਂ ਦੀ ਕਮਾਈ ਕਰਕੇ ਉਨ੍ਹਾਂ ਨਾਲ ਜੁੜਦੇ ਹਨ, "ਜਿਨ ਕੇ ਭਾਗ ਬਡੇ ਹੈ ਭਾਈ ਤਿਨ ਸਾਧੂ ਸੰਗਿ ਮੁਖ ਜੁਰੇ॥, ਨੂੰ ਚੰਦਨ ਵਾਸੁ ਵਣਾਸਪਤਿ, ਅਫਲ ਸਫਲ ਚੰਦਨ ਮਹਿਕਾਏ ਦੇਂਦੇ ਹਨ। ਸਿਮਰਨ ਤੇ ਕੀਰਤਨ ਦੀ ਸੁਗੰਧੀ ਨਾਲ ਸਰਸ਼ਾਰ ਕਰ ਦੇਂਦੇ ਹਨ ਅਤੇ ਉਹ ਪਿਆਰੇ "ਗੁਰਮੁਖਿ ਸੁਖ ਫਲੁ ਸਾਧ ਸੰਗੁ ਪਰਮ ਹੰਸ ਗੁਰਮੁਖ ਸੋਹੰਦੇ" (ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੧੮) ਹੋ ਜਾਂਦੇ ਹਨ ਤੇ "ਸਬਦੁ ਸੁਰਤਿ ਲਿਵ ਅਲਖ ਲਖੰਡੇ" (ਭਾਈ ਗੁਰਦਾਸ ਜੀ, ਵਾਰ ੧੬, ਪਉੜੀ ੮) ਹੋ ਕੇ ਸਫਲ ਜੀਵਨ ਜੀਉ ਜਾਂਦੇ ਹਨ।

ਇਨ੍ਹਾਂ ਨੇ, ਆਪਣੀ ਪੁਸਤਕ "ਜੇਲ੍ਹ ਚਿੱਠੀਆਂ" ਵਿਚ, ਐਬਟਾਬਾਦ ਤੋਂ ਆਉਂਦੇ ਹੋਏ ਹਰੀਪੁਰ ਹਜ਼ਾਰੇ ਵਿਚ ਇਕ ਬ੍ਰਹਮ ਗਿਆਨੀ ਮਾਈ ਗੁਲਾਬ ਕੌਰ ਦਾ ਥੋੜ੍ਹੇ ਮਿੰਟਾਂ ਦੇ ਮਿਲਾਪ ਤੇ ਵਿਦਾਇਗੀ ਵੇਲੇ ਦੀ ਅਸੀਸ ਬਾਬਤ ਲਿਖਿਆ ਹੈ : "ਜਾਉ ਅਖੰਡ ਪਾਠਾਂ ਤੇ ਕੀਰਤਨ-ਸਮਾਗਮਾਂ ਦੇ ਅਨੰਦ ਮਾਣੋ ਤੇ ਸੰਗਤਾਂ ਨੂੰ ਨਿਹਾਲ ਕਰੋ।" ਇਹ ਗੁਰੂ ਘਰ ਤੋਂ ਵਰੋਸਾਏ ਹੋਏ, "ਪੂਰਬ ਜਨਮ ਕੇ ਮਿਲੇ ਸੰਜੋਗੀ" (ਜੈਤਸਰੀ ਮਃ ੫, ਪੰਨਾ ੭੦੦) ਆ ਮਿਲੇ ਤੇ ਦਾਤਾ ਜੀ ਦੀ ਬਖਸ਼ਸ਼ ਦਾ ਸਦਕਾ, ਸ੍ਰੀਮਾਨ ਬਾਊ ਜੀ ਦੀ ਬੇਨਤੀ 'ਤੇ 'ਨਾਗੋਕੀ ਸਰਲੀ' (ਲਾਇਲਪੁਰ) ਵਿਖੇ 1914 ਵਿਚ ਦਾਸਾਂ ਦੇ ਘਰ ਸਾਰੇ ਜਥੇ ਨੂੰ ਲਿਆ ਕੇ ਅਖੰਡਪਾਠ ਦਾ ਸਮਾਗਮ ਰਚਿਆ ਤੇ ਸਾਰੇ ਪਰਿਵਾਰ ਅਤੇ ਇਲਾਕੇ ਦੇ ਚੋਣਵੇਂ ਗੁਰੂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤਿ ਦਿਵਾ ਕੇ ਉਨ੍ਹਾਂ ਦੇ ਭਾਗ ਜਗਾਏ।

ਪਿਛਲੇ ਜਨਮਾਂ ਦੀ ਉਚ ਕਮਾਈ ਸਦਕਾ, ਭਾਈ ਸਾਹਿਬ ਨੂੰ ਦਾਤਾ ਜੀ ਨੇ ਦਿਬ ਦ੍ਰਿਸ਼ਟੀ ਬਖਸ਼ੀ ਹੋਈ ਸੀ, ਜਿਸ ਨਾਲ ਇਹ ਇਸ ਜਨਮ ਤੇ ਪਿਛਲੇ ਜਨਮ ਦੀ ਕਾਰ ਨੂੰ ਵੀ ਦੇਖ ਲੈਂਦੇ ਸਨ ਤੇ ਇਸੇ ਅਨੁਸਾਰ, ਸਾਡੇ ਨਾਂ ਪਿਆਰ ਨਾਲ ਪਾਏ ਹੋਏ ਸਨ। ਸੂਬੇਦਾਰ ਹਰਬਚਨ ਸਿੰਘ ਜੀ ਨੂੰ 'ਦੂਲੇਸ਼ਵਰ', ਭਾਈ ਸਾਹਿਬ ਹਰਬੰਸ ਸਿੰਘ ਜੀ ਨੂੰ 'ਮੁਨੀਸ਼ਵਰ', ਭਾਈ ਸਾਹਿਬ ਗੁਰਬਖਸ਼ ਸਿੰਘ ਜੀ ਜਮਾਲਪੁਰ ਵਾਲੇ ਨੂੰ 'ਸੁਥਰੀਸ਼ਵਰ' ਤੇ ਦਾਸ ਨੂੰ 'ਜੋਗੀਸ਼ਵਰ' ਕਹਿ ਕੇ ਪੁਕਾਰਦੇ ਹੁੰਦੇ ਸਨ।

## ਜੇਲ੍ਹ ਵਾਪਸੀ ਤੇ ਪਹਿਲਾ ਮਿਲਾਪ

ਜੇਲ੍ਹ ਤੋਂ ਵਾਪਸੀ ਤੇ 1930 ਵਿਚ ਪਹਿਲੇ ਮਿਲਾਪ ਵਿਚ ਹੀ ਦਾਸ ਪਾਸੋਂ ਸ਼ਬਦ "ਸੰਗਿ ਪੁਨੀਤਾ ਦੇਹੀ" ਸੁਣ ਕੇ ਪਰਮ ਪ੍ਰਸੰਨ ਹੋਏ। ਕਰਮ ਦੀ ਨਦਰ ਇਨਾਇਤ ਕੀਤੀ। ਸਤਿਗੁਰੂ ਜੀ ਦੀ ਕਿਰਪਾ ਹੋ ਗਈ ਤੇ ਨੌਕਰੀ ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਲਗ ਗਈ। ਬਸ ਫਿਰ ਤਾਂ ਹਰ ਵਕਤ ਇਕੋ ਚਾਉ ਸੀ ਕਿ ਹਰ ਹਫ਼ਤੇ ਸ਼ਨਿਚਰਵਾਰ ਸ਼ਾਮ ਨੂੰ ਸਾਈਕਲ 'ਤੇ ਨਾਰੰਗਵਾਲ (ਸੋਲ੍ਹਾਂ ਮੀਲ) ਪੁਜਣਾ। ਸ਼ਾਮ ਦਾ ਸੋਦਰ, ਐਤਵਾਰ ਦਾ ਅੰਮ੍ਰਿਤ ਵੇਲੇ ਦਾ ਦੀਵਾਨ ਤੇ ਸ਼ਾਮ ਦਾ ਪ੍ਰੋਗਰਾਮ, ਕਈ ਵੇਰ 'ਢਾਬ' 'ਤੇ ਹੀ (ਜਿਥੇ ਸ੍ਰੀ ਮਾਨ ਜੀ ਕਈ ਚਿਰ ਜੇਲ੍ਹ ਯਾਤਰਾ ਤੋਂ ਪਹਿਲਾਂ ਸਿਮਰਨ ਕਰਦੇ ਹੁੰਦੇ ਸਨ) ਜਾ ਕਰਦੇ ਸਾਂ। ਸੋਮਵਾਰ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਸਤਿਗੁਰੂ ਜੀ ਦਾ ਪ੍ਰਕਾਸ਼ ਕਰ ਕੇ ਦਰਸ਼ਨ ਕਰਨਾ, ਹੁਕਮ ਸੁਣ ਕੇ ਵਾਪਸੀ ਦੇ ਕਮਰਕੱਸੇ ਕਰ ਲੈਣੇ, ਰਸਤੇ ਵਿਚ ਹੀ ਨਿਤਨੇਮ ਕਰ ਲੈਣਾ। ਮੈਨੂੰ ਅੱਜ ਵੀ ਯਾਦ ਹੈ ਕਿ ਕੀਰਤਨ ਦੀ ਧੁਨੀ, ਸੁਰਤ ਵਿਚ ਟਿਕ ਜਾਣੀ ਤੇ ਰਸਤੇ ਵਿਚ ਖ਼ੂਬ ਅਨੰਦ ਮਾਣਨਾ।

ਸ੍ਰੀਮਾਨ ਭਾਈ ਸਾਹਿਬ ਜੀ ਨੇ ਪਿਆਰ ਨਾਲ ਸਿਰ 'ਤੇ ਹੱਥ ਰੱਖ ਕੇ, ਰਾਵਲਪਿੰਡੀ ਤੇ ਜੇਹਲਮ, ਬੀਬੀ ਇੰਦਰ ਕੌਰ ਜੀ ਪਾਸੋਂ ਸਾਰੀ ਰਾਤ, ਕੀਰਤਨ ਕਰਵਾਇਆ। ਇਥੇ ਹੀ ਇਕ ਹੋਰ ਇਹੋ ਜਿਹਾ ਅਜੀਬ ਕੌਤਕ ਦੇਖਿਆ। 1931 ਦੀ ਵਾਰਤਾ ਹੈ। ਭਾਈ ਸਾਹਿਬ ਦੀ ਸਪੁਤਰੀ ਦਲੇਰ ਕੌਰ ਦੀਆਂ ਦੋ ਸਹੇਲੀਆਂ ਸਨ, ਜੋ ਹਰ ਰੋਜ਼ ਗੁਰੂ ਸਾਹਿਬ ਜੀ ਦਾ ਦਰਸ਼ਨ ਕਰਨ ਆਉਂਦੀਆਂ ਸਨ, ਇਕ ਬੀਬੀ ਕੁਲਵੰਤ ਕੌਰ ਤੇ ਦੂਜੀ ਬੀਬੀ ਸੁਖਦੇਵ ਕੌਰ। ਇਕ ਵੇਰ ਦਾਸ ਉਥੇ ਪੁਜਾ ਹੋਇਆ ਸੀ। ਅੰਮ੍ਰਿਤ ਵੇਲੇ ਦਾ ਦੀਵਾਨ ਸੱਜਿਆ। ਆਪੇ ਹੀ ਕੀਰਤਨ ਕਰ ਲਿਆ। ਜਦੋਂ ਬੀਬੀ ਕੁਲਵੰਤ ਕੌਰ ਨੇ ਸਚੇ ਪਾਤਸ਼ਾਹ ਦਾ ਸ਼ਬਦ ਲਿਆ ਤਾਂ ਕਾਪੀ ਉਪਰ ਰੁਮਾਲਾ ਪਾ ਦਿੱਤਾ। ਉਸ ਦਿਨ ਸ਼ਬਦ ਸੀ:

**ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੇ ॥**
**ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਣੇ ॥**

*(ਸੂਹੀ ਮ: ੪, ਪੰਨਾ ੭੫੮)*

ਇਹ ਲੰਬਾ ਸ਼ਬਦ ਪੂਰੇ ਪੰਨੇ 'ਤੇ ਆਉਂਦਾ ਹੈ। ਸਿਰ 'ਤੇ ਹੱਥ ਧਰ ਕੇ ਕਹਿਣ ਲੱਗੇ, "ਬੇਟੀ, ਸ਼ਬਦ ਹੁਣ ਮੂੰਹ-ਜ਼ੁਬਾਨੀ ਸੁਣਾ ਦੇਵੋ।" ਸਾਡੀ ਹੈਰਾਨੀ ਦੀ ਹਦ ਨਾ ਰਹੀ ਜਦੋਂ ਉਸ ਬੀਬੀ ਨੇ ਨੇਤਰ ਬੰਦ ਕਰ ਲਏ ਤੇ ਸਾਰਾ ਸ਼ਬਦ ਇੰਨ ਬਿੰਨ ਸੁਣਾ ਦਿੱਤਾ। ਇਸ ਬਖਸ਼ਿਸ਼ ਦੇ ਉਹ ਆਪ ਜ਼ਿੰਮੇਵਾਰ ਤੇ ਮਾਲਕ ਸਨ। ਤਿੰਨਾਂ ਬੀਬੀਆਂ ਨੇ ਹੀ ਜੱਥੇ ਪਾਸੋਂ ਅੰਮ੍ਰਿਤ ਛਕਿਆ ਹੋਇਆ ਸੀ ਤੇ ਭਾਈ ਸਾਹਿਬ ਪਾਸੋਂ ਉਹ ਕੀਰਤਨ ਸਿਖਦੀਆਂ ਹੁੰਦੀਆਂ ਸਨ। ਘਰ ਦੇ ਥੋੜ੍ਹੇ ਬਹੁਤ ਕੰਮ ਕਾਜ ਤੋਂ ਬਿਨਾਂ ਸਾਰਾ ਵਕਤ ਬੀਬੀਆਂ ਦੀ ਸੁਰਤੀ ਅਜਪਾ ਜਾਪ ਵਲ ਲੱਗੀ ਰਹਿੰਦੀ ਸੀ।

## ਬੀ. ਸੁਖਦੇਵ ਕੌਰ ਨੂੰ ਪਾਠ-ਪ੍ਰੇਰਨਾ ਤੇ ਮੰਗਣੀ

ਆਪ ਜੀ ਨੇ ਬੀਬੀ ਸੁਖਦੇਵ ਕੌਰ ਜੀ ਨੂੰ ਪ੍ਰੇਰਨਾ ਦਿੱਤੀ ਕਿ ਸੱਚੇ ਪਾਤਸ਼ਾਹ ਦਾ ਸਧਾਰਨ ਪਾਠ ਕਰੇ, ਤੇ ਉਹ ਆਪ ਕਰਵਾਇਆ ਕਰਨਗੇ। ਬੀਬੀ ਨੇ ਇਸ਼ਨਾਨ ਕਰ ਕੇ,

ਸਾਫ ਬਸਤਰ ਪਹਿਨ ਕੇ ਪਾਠ ਕਰਨਾ ਤੇ ਸ੍ਰੀਮਾਨ ਜੀ ਨੇ ਪਿਛੇ ਖੜੇ ਹੋ ਕੇ, ਇਕ ਹੱਥ ਨਾਲ ਚੌਰ ਕਰਨਾ ਤੇ ਦੂਜਾ ਹੱਥ ਬੀਬੀ ਦੇ ਸਿਰ 'ਤੇ ਰਖ ਦੇਣਾ। ਉਥੇ ਆਮ ਤੌਰ 'ਤੇ ਸੁਣਨ ਵਾਲਾ 'ਦਾਸ' ਹੀ ਹੁੰਦਾ ਸੀ। ਮੈਨੂੰ ਉਥੇ ਹੀ ਪਤਾ ਲੱਗਾ ਕਿ ਜਦੋਂ ਗੁਰੂ ਪਿਆਰਿਆਂ ਦੀ ਮੇਹਰ ਹੋਵੇ ਤਾਂ ਸੁਰਤੀ ਰੰਗਾਂ ਵਿਚ ਉਡਾਰੀਆਂ ਮਾਰਦੀ ਹੈ ਤੇ ਫਿਰ ਸਿਰਫ ਕੀਰਤਨ ਵਿਚ ਹੀ "ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ" (ਅੰਗ ੪੪੯) ਨਹੀਂ, ਸਗੋਂ ਗੁਰਬਾਣੀ ਦੇ ਪਾਠ ਵਿਚ ਵੀ ਅਣਿਆਲੇ ਅਣੀਆਂ ਵਾਲੇ, ਪ੍ਰੇਮ ਦੇ ਤੀਰ ਵਜਦੇ ਹਨ, ਜਿਨ੍ਹਾਂ ਦਾ ਅਸਰ ਸਿਰਫ ਅੰਤਰ-ਆਤਮੇ 'ਤੇ ਹੀ ਨਹੀਂ ਸਗੋਂ ਨਾਲ ਹੀ ਇਸ ਸਰੀਰ 'ਤੇ ਵੀ ਹੁੰਦਾ ਹੈ। ਮੈਨੂੰ ਯਾਦ ਹੈ ਕਿ ਇਸ ਅਲੌਕਿਕ ਰੰਗ ਵਿਚ ਗੁਰਬਾਣੀ ਦੇ ਪਾਠ ਨੂੰ ਸਿਰਫ਼ ਅੱਧਾ ਪੌਣਾ ਘੰਟਾ ਹੀ ਸੁਣਿਆ ਜਾ ਸਕਦਾ ਸੀ। ਫਿਰ ਹੁਕਮ ਹੋਣਾ ਕਿ ਹੁਣ ਭੋਗ ਪਾ ਦੇਵੋ। ਇਹ ਦਿਨ ਭੁਲਣੇ ਮੁਸ਼ਕਿਲ ਹਨ। ਕੀਰਤਨ ਤੇ ਗੁਰਬਾਣੀ ਦੇ ਪਾਠ ਨਾਲ, ਮੰਡਲ ਹੀ ਮਹਿਕ ਜਾਂਦਾ ਸੀ "ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ" (ਅੰਗ ੭੨੧)। ਇਸ ਤਰ੍ਹਾਂ ਕਾਫ਼ੀ ਵਕਤ ਗੁਜ਼ਰ ਗਿਆ। ਬੀਬੀ ਸੁਖਦੇਵ ਵੱਡੀ ਹੋ ਗਈ ਤੇ ਵੱਡੇ ਇਮਤਿਹਾਨ ਪੈ ਗਏ। ਉਸ ਦੀ ਕੁੜਮਾਈ ਆਪਣੇ ਰਿਸ਼ਤੇਦਾਰਾਂ ਵਿਚ ਹੋ ਗਈ ਹੋਈ ਸੀ, ਲੜਕਾ ਤੇ ਉਸ ਦਾ ਪਰਿਵਾਰ ਮਨਮਤੀ ਸਨ। ਜਦੋਂ ਇਸ ਦੇ ਅਨੰਦ ਕਾਰਜ ਦੀ ਗੱਲ ਚੱਲੀ, ਤਾਂ ਬੀਬੀ ਨੇ ਆਪਣੀ ਮਾਂ ਨੂੰ ਸਾਫ਼ ਕਹਿ ਦਿੱਤਾ ਕਿ ਮੇਰਾ ਅਨੰਦ ਕਾਰਜ ਤਾਂ ਗੁਰਸਿਖ ਨਾਲ ਹੀ ਹੋਵੇਗਾ, ਕਿਸੇ ਮਨਮਤੀਏ ਨਾਲ ਨਹੀਂ ਹੋ ਸਕਦਾ। ਸਾਰਾ ਪਰਿਵਾਰ ਬਹੁਤ ਘਬਰਾਇਆ, ਖਾਸ ਕਰਕੇ ਵੱਡਾ ਭਾਈ, ਜੋ ਬਹੁਤ ਸਖ਼ਤ-ਸੁਭਾਅ ਦਾ ਸੀ। ਜਦੋਂ ਉਸ ਨੂੰ ਪਤਾ ਲੱਗਾ ਤਾਂ ਉਹ ਕਹਿਣ ਲੱਗਾ ਕਿ "ਇਹ ਰਿਸ਼ਤਾ ਪਹਿਲਾਂ ਹੋਇਆ ਹੋਇਆ ਹੈ ਤੇ ਉਹ ਸਾਡੇ ਰਿਸ਼ਤੇਦਾਰ ਹਨ, ਤੂੰ ਬੀਬੀ ਸੋਚ ਲੈ, ਇਹ ਤਾਂ ਹੁਣ ਹੋ ਕੇ ਹੀ ਰਹਿਣਾ ਹੈ। ਤੇ ਜੇ ਨਹੀਂ, ਤਾਂ ਮੇਰੇ ਪਾਸ ਗੰਡਾਸਾ ਹੈ ਤੇ ਤਲਵਾਰ ਵੀ ਹੈ, ਤੇਰਾ ਫਸਤਾ ਮੁਕਾ ਦੇਵਾਂਗਾ।"

ਬੀਬੀ ਉਨ੍ਹਾਂ ਦਿਨਾਂ ਵਿਚ ਬੜੇ ਰੰਗਾਂ ਵਿਚ ਸਿਮਰਨ ਕਰਦੀ ਸੀ ਤੇ ਇਸ ਹਾਲਤ ਵਿਚ ਸਤਿਗੁਰੂ ਜੀ ਨੇ ਆਪ ਹੌਂਸਲਾ ਬਖਸ਼ਿਆ। ਕਹਿਣ ਲੱਗੀ, "ਬਾਈ ਜੀ, ਤੇਰਾ ਫ਼ੈਸਲਾ ਵੀ ਠੀਕ ਹੈ ਤੇ ਮੇਰਾ ਫ਼ੈਸਲਾ ਵੀ ਅਟੱਲ ਹੈ। ਜੋ ਕਰਨਾ ਹੈ ਕਰ ਲੈ।" ਭਰਾ ਨੇ ਤਲਵਾਰ ਕੱਢ ਲਈ, ਤੇ ਮਾਂ ਦੇ ਹਟਾਉਂਦਿਆਂ, ਬੀਬੀ ਨੂੰ ਧੂਹ ਕੇ ਪਸ਼ੂਆਂ ਵਾਲੇ ਵੇਹੜੇ ਵਿਚ ਲੈ ਗਿਆ। ਕਹਿਣ ਲੱਗਾ, "ਹੁਣ ਇਕ ਨਾ ਇਕ ਹੋ ਕੇ ਰਹੇਗੀ।" ਬੀਬੀ ਕਹਿਣ ਲੱਗੀ, "ਤੈਨੂੰ ਤਲਵਾਰ 'ਤੇ ਮਾਣ ਹੈ ਤੇ ਮੈਨੂੰ ਮੇਰੇ ਗੁਰੂ ਦਾਤਾਰ 'ਤੇ ਮਾਣ ਹੈ। ਓਹੋ ਹੋਵੇਗਾ ਜੋ ਉਸ ਨੂੰ ਮਨਜ਼ੂਰ ਹੈ।" ਉਸ ਦੀ ਦ੍ਰਿੜ੍ਹਤਾ ਦੇਖ ਕੇ ਸੋਚਣ ਲਗ ਪਿਆ ਤੇ ਵਾਪਸ 'ਮਾਂ' ਪਾਸ ਲੈ ਆਇਆ ਕਿ ਇਸ ਨੂੰ ਸਮਝਾ। ਮਾਂ ਰੋਣ ਲਗ ਪਈ ਤੇ ਬੀਬੀ ਨਾਲ ਦੇ ਮੰਜੇ 'ਤੇ ਲੇਟ ਗਈ। ਹੁਣ ਬੀਬੀ ਜੀ ਦਸਦੇ ਹਨ ਕਿ ਇਸ ਡਰਾਉਣੀ ਹਾਲਤ ਵਿਚ ਉਸ ਦਾ ਸਿਮਰਨ ਬੜੇ ਜ਼ੋਰ ਦੀ ਚਲ ਰਿਹਾ ਸੀ ਤੇ ਉਸ ਦੇ ਅੰਦਰ ਡਰ ਦਾ ਨਿਸ਼ਾਨ ਤਕ ਨਹੀਂ ਸੀ। ਸੱਚੇ ਪਾਤਸ਼ਾਹ ਪ੍ਰਤੱਖ ਹੋ ਗਏ, ਹੌਂਸਲਾ ਦਿੱਤਾ ਤੇ ਹੱਥ ਵਿਚ ਸਿਮਰਨਾ ਫੜਾ ਗਏ। (ਇਹ ਸਿਮਰਨਾ ਅੱਜ ਵੀ ਉਸ ਬੀਬੀ ਦੀ ਪੁਤਰੀ ਡਾ. ਮਨਜੀਤ ਕੌਰ ਪਾਸ ਹੈ)। ਬਸ, ਫਿਰ ਕੀ ਸੀ, ਬੀਬੀ ਤਿਆਰ ਬਰ ਤਿਆਰ ਹੋ ਗਈ। ਕਹਿਣ ਲੱਗੀ, "ਬਾਈ ਜੀ, ਜੋ ਮਰਜ਼ੀ ਕਰਨਾ

ਚਾਹੁੰਦੇ ਹੋ ਕਰ ਲੌਂ, ਮੇਰੇ ਸਤਿਗੁਰੂ ਜੀ ਆ ਗਏ ਹਨ।" ਭਰਾ ਨੇ ਇਕ ਮਿੰਟ ਸੋਚਿਆ, ਫਿਰ ਤਲਵਾਰ ਸੁਟ ਦਿੱਤੀ। ਕਹਿਣ ਲੱਗਾ, ਅੱਛਾ ਤੂੰ ਜਿੱਤੀ ਤੇ ਅਸੀਂ ਹਾਰੇ। ਦਸ ਕਿਥੇ ਅਨੰਦ ਕਰਨਾ ਚਾਹੁੰਦੀ ਹੈਂ? ਕਹਿਣ ਲੱਗੀ, "ਇਹ ਭਾਈ ਸਾਹਿਬ ਜੀ ਦਸਣਗੇ।"

ਕੁਦਰਤ ਨੂੰ ਐਸਾ ਹੀ ਮਨਜ਼ੂਰ ਸੀ ਕਿ ਉਸੇ ਦਿਨ, ਦਾਸ ਨੇ, ਕਾਕਾ ਦਿਆਲ ਸਿੰਘ ਨੂੰ (ਮੇਰੀ ਭੈਣ ਦਾ ਭੁਜੰਗੀ, ਜੋ ਮੇਰੇ ਪਾਸ ਲੁਧਿਆਣੇ ਪੜ੍ਹਦਾ ਸੀ) ਕੋਈ ਚੀਜ਼ ਦੇ ਕੇ ਸ੍ਰੀਮਾਨ ਜੀ ਪਾਸ ਭੇਜਿਆ ਸੀ। ਜਦੋਂ ਬੀਬੀ ਸੁਖਦੇਵ ਕੌਰ ਨੇ, ਜੋ ਘਰ ਵਿਚ ਰਾਤ ਨੂੰ ਬੀਤੀ ਸੀ, ਉਸ ਬਾਬਤ ਸ੍ਰੀ ਮਾਨ ਜੀ ਨੂੰ ਇਹ ਦਸਿਆ ਕਿ ਸੱਚੇ ਪਾਤਸ਼ਾਹ ਨੇ ਪ੍ਰਗਟ ਹੋ ਕੇ ਰਖਿਆ ਕੀਤੀ ਹੈ ਤਾਂ ਬੜੇ ਖੁਸ਼ ਹੋਏ ਤੇ ਉਸੇ ਸਵੇਰੇ ਦਾਸ ਨੂੰ ਬੁਲਾ ਭੇਜਿਆ। ਮੈਂ ਨਾਰੰਗਵਾਲ ਉਨ੍ਹਾਂ ਪਾਸ ਪੁਜਾ ਤਾਂ ਉਨ੍ਹਾਂ ਨੇ ਸਾਰੀ ਕਹਾਣੀ ਸੁਣਾ ਦਿੱਤੀ। ਦਾਸ ਨੇ ਉਨ੍ਹਾਂ ਦੇ ਚਰਨਾਂ 'ਤੇ ਸਿਰ ਰਖਿਆ। ਸੰਜੋਗ ਧੁਰੋਂ ਹੀ ਜੁੜੇ ਹੁੰਦੇ ਹਨ। ਬੀਬੀ ਸੁਖਦੇਵ ਵੀ ਉਥੇ ਬੈਠੇ ਸਨ। ਸੋ ਮਨਜ਼ੂਰੀ ਦਿੱਤੀ ਗਈ। ਉਸ ਨੇ ਘਰ ਜਾ ਕੇ ਸਾਰੀ ਕਹਾਣੀ ਸੁਣਾ ਦਿੱਤੀ। ਜਦੋਂ ਘਰ ਦਿਆਂ ਨੂੰ ਪਤਾ ਲਗਾ ਕਿ ਇਤਨਾ ਪੜ੍ਹਿਆ ਲਿਖਿਆ, ਸੁਚੱਜਾ ਭੁਜੰਗੀ ਮਿਲ ਰਿਹਾ ਹੈ ਤਾਂ ਸਭ ਨੇ ਬੜੀ ਖੁਸ਼ੀ ਮਨਾਈ ਤੇ ਸਾਰਾ ਪਰਿਵਾਰ ਸ੍ਰੀਮਾਨ ਜੀ ਦੇ ਘਰ ਆ ਗਿਆ ਤੇ ਉਥੇ ਹੀ ਮੰਗਣੀ ਦਾ ਅਰਦਾਸਾ ਹੋ ਗਿਆ। ਇਸ 'ਤੇ ਸ੍ਰੀਮਾਨ ਜੀ ਬਹੁਤ ਖੁਸ਼ ਹੋਏ। ਕਹਿਣ ਲੱਗੇ, "'ਜੋਗੀ'! ਇਹ ਸੱਚੇ ਪਾਤਸ਼ਾਹ ਦੀ ਬਖ਼ਸ਼ਿਸ਼ ਹੈ। ਤੂੰ ਸਾਡੀ ਲਾਜ ਪਾਲ ਲਈ ਹੈ। ਦਾਤਾ ਜੀ ਤੇਰੇ 'ਤੇ ਬਹੁਤ ਮਿਹਰ ਕਰਨਗੇ।" ਇਸ ਪਿਛੋਂ ਅਨੰਦ ਕਾਰਜ ਬਹੁਤ ਸਜ ਧਜ ਨਾਲ ਹੋਇਆ। ਅਖ਼ੀਰ ਤਕ ਬੀਬੀ ਸੁਖਦੇਵ ਕੌਰ ਨੂੰ ਬਹੁਤ ਹੀ ਪਿਆਰ ਕਰਦੇ ਸਨ ਤੇ ਬੀਬੀ ਨੇ ਵੀ ਸਾਰੀ ਜ਼ਿੰਦਗੀ ਪੂਰਨ ਗੁਰਮਤਿ ਵਿਚ ਵਿਚਰਦੇ ਗੁਜ਼ਾਰੀ ਹੈ।

## ਸ: ਬ: ਕਰਤਾਰ ਸਿੰਘ

1931 ਦੇ ਦਿਨਾਂ ਵਿਚ ਸ. ਬ. ਕਰਤਾਰ ਸਿੰਘ ਪਿੰਡ ਜਾਮਾ ਰਾਇ ਵਾਲੇ, ਸਾਡੇ ਪਿਆਰੇ ਮਿੱਤਰ, ਜਿਨ੍ਹਾਂ ਨੇ ਜਥੇ ਪਾਸੋਂ ਸਾਰੇ ਪਰਿਵਾਰ ਸਮੇਤ ਅੰਮ੍ਰਿਤ ਪਾਨ ਕੀਤਾ ਸੀ, ਲੁਧਿਆਣੇ ਸੀਨੀਅਰ ਸਬ ਜੱਜ ਬਣ ਕੇ ਆ ਗਏ। ਉਹ ਸੱਚੇ ਪਾਤਸ਼ਾਹ ਦੇ ਅਨਿੰਨ ਸਿਖ ਸਨ। ਆਪਣੀ ਦੁਨਿਆਵੀ ਡਿਊਟੀ ਕਰਕੇ, ਉਹ ਸਾਰਾ ਵਕਤ ਸਿਮਰਨ ਤੇ ਗੁਰਬਾਣੀ ਦੇ ਪਾਠ 'ਤੇ ਲਗਾਉਂਦੇ ਸਨ। ਇਕ ਦਿਨ ਬਾਹਰ ਸੈਰ ਕਰਦੇ ਕਰਦੇ ਘਰ ਆ ਗਏ, ਕਹਿਣ ਲੱਗੇ, "ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਨੂੰ ਬਹੁਤ ਦਿਲ ਕਰਦਾ ਹੈ। ਉਹ ਪੰਥ ਦੇ ਲਾਲ ਹਨ ਤੇ ਉਨ੍ਹਾਂ ਬਾਬਤ ਬਹੁਤ ਕੁਛ ਪੜ੍ਹਿਆ ਸੁਣਿਆ ਹੈ।" ਮੈਂ ਬੇਨਤੀ ਕੀਤੀ ਕਿ ਉਹ ਮੇਰੇ ਪਾਸ ਬਹੁਤ ਵੇਰ ਆਉਂਦੇ ਹਨ, ਜਦੋਂ ਅਗਲੀ ਵੇਰ ਆਏ ਤਾਂ ਮੈਂ ਆਪ ਨੂੰ ਖ਼ਬਰ ਭੇਜਾਂਗਾ। ਥੋੜ੍ਹੇ ਦਿਨਾਂ ਪਿਛੋਂ ਜਦੋਂ ਸ੍ਰੀਮਾਨ ਜੀ ਆਏ, ਮੈਂ ਉਨ੍ਹਾਂ ਨੂੰ ਸੁਨੇਹਾ ਭੇਜਿਆ ਤੇ ਉਹ ਆਪਣੀ ਕਚਹਿਰੀ ਦਾ ਕੰਮ ਪੂਰਾ ਕਰ ਕੇ, ਸ਼ਾਮ ਨੂੰ ਆ ਗਏ। ਮੈਂ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ, ਭਾਈ ਸਾਹਿਬ ਜੀ ਦੇ ਪਾਸ ਕਮਰੇ ਵਿਚ ਲੈ ਗਿਆ। ਭਾਈ ਸਾਹਿਬ ਖੜ੍ਹੇ ਹੋ ਗਏ। ਇਨ੍ਹਾਂ ਨੇ ਦੋਵੇਂ ਹੱਥ ਜੋੜ, ਗੁਰੂ ਫਤਿਹ ਬੁਲਾਈ ਤੇ ਸ੍ਰੀ ਮਾਨ ਜੀ ਦੇ ਗੋਡੀਂ ਹੱਥ ਲਾਏ ਤੇ ਨਾਲ ਦੇ ਪਲੰਘ 'ਤੇ ਬੈਠ ਗਏ। ਮੈਂ ਵੀ ਪਾਸ ਹੀ ਬੈਠ ਗਿਆ।

ਉਥੇ ਇਸੇ ਤਰ੍ਹਾਂ ਬੈਠਿਆਂ ਕਾਫ਼ੀ ਵਕਤ ਗੁਜ਼ਰ ਗਿਆ, ਪਰ ਦੋਹਾਂ ਪਾਸਿਆਂ ਤੋਂ ਕੋਈ ਵੀ ਗੱਲ-ਬਾਤ ਨਾ ਹੋਈ। ਕੁਛ ਵਕਤ ਪਿਛੋਂ ਸ. ਕਰਤਾਰ ਸਿੰਘ ਹੋਰੀਂ ਕਦੀ ਉਪਰ, ਕਦੀ ਹੇਠਾਂ ਦੇਖਣ ਤੇ ਕਦੀ ਕਦੀ ਅੱਖਾਂ ਝਮਕਾਉਣ ਲਗ ਜਾਣ। ਇਸ ਤਰ੍ਹਾਂ ਬੈਠਿਆਂ ਨੂੰ ਜਦੋਂ ਤਕਰੀਬਨ ਇਕ ਘੰਟਾ ਗੁਜ਼ਰ ਗਿਆ ਤਾਂ ਸ. ਕਰਤਾਰ ਸਿੰਘ ਹੋਰਾਂ ਮੈਨੂੰ ਇਸ਼ਾਰਾ ਕੀਤਾ ਕਿ ਜਾਣ ਲਈ ਇਜਾਜ਼ਤ ਲੈ ਦੇਵੋ। ਮੈਂ ਸ੍ਰੀ ਮਾਨ ਜੀ ਨੂੰ ਅਰਜ਼ ਕੀਤੀ। ਉਹ ਖੜੇ ਹੋ ਗਏ ਤੇ ਦੋਹਾਂ ਨੇ ਹੱਥ ਜੋੜ ਫ਼ਤਿਹ ਗਜਾਈ ਤੇ ਉਨ੍ਹਾਂ ਨੇ ਚਾਲੇ ਪਾਏ। ਮੈਂ ਉਨ੍ਹਾਂ ਨਾਲ ਸੜਕ ਤਕ ਛੱਡਣ ਗਿਆ। ਉਨ੍ਹਾਂ ਨੇ ਕੋਈ ਵੀ ਗੱਲ ਨਾ ਕੀਤੀ ਤੇ ਫਤਿਹ ਗਜਾ ਕੇ ਚਲੇ ਗਏ।

ਅਗਲੇ ਸਾਲ ਸ. ਬ. ਕਰਤਾਰ ਸਿੰਘ ਜੀ ਜਲੰਧਰ ਸੈਸ਼ਨ ਜੱਜ ਬਣ ਕੇ ਚਲੇ ਗਏ। ਮੈਂ ਉਨ੍ਹਾਂ ਨੂੰ ਮਿਲਣ ਗਿਆ। ਅੱਗੇ ਵਾਂਗ ਦੋਹਾਂ ਨੇ ਅੰਮ੍ਰਿਤ ਵੇਲੇ ਇਸ਼ਨਾਨ ਕੀਤਾ ਤੇ ਆਪਣੇ ਆਪਣੇ ਕਮਰੇ ਵਿਚ ਸਿਮਰਨ ਵਿਚ ਜੁਟ ਗਏ। ਇਸ ਪਿਛੋਂ ਉਹ ਨਿਓਨੇਮ ਤੇ ਸੁਖਮਨੀ ਸਾਹਿਬ ਦਾ ਪਾਠ ਕਰਨ ਲਗ ਪਏ। ਮੈਂ ਉਠ ਕੇ, ਘਰ ਵਾਲੇ ਗੁਰਦੁਆਰੇ ਵਿਚ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਕੀਤਾ। ਉਹ ਵੀ ਭੋਗ ਪਾ ਕੇ ਆ ਗਏ। ਇਕ ਸ਼ਬਦ ਦੇ ਕੀਰਤਨ ਪਿਛੋਂ, ਸੱਚੇ ਪਾਤਸ਼ਾਹ ਦਾ ਹੁਕਮ ਸੁਣਿਆ। ਬੜੇ ਖੁਸ਼ ਸਨ। ਕਹਿਣ ਲੱਗੇ, "ਅੱਜ ਮੈਂ ਆਪ ਨੂੰ ਆਪਣਾ ਇਕ ਭੇਦ ਦੱਸਣ ਲੱਗਾ ਹਾਂ, ਜੋ ਆਮ ਕਰਕੇ ਦੱਸਣ ਵਿਚ ਸੰਕੋਚ ਕਰਨਾ ਚਾਹੀਦਾ ਹੈ। ਪਰ ਤੁਸੀਂ ਮੇਰੇ ਪਿਆਰੇ ਮਿੱਤਰ ਹੋ ਤੇ ਭਾਈ ਸਾਹਿਬ ਜੀ ਨੂੰ ਬਹੁਤ ਪਿਆਰ ਕਰਦੇ ਹੋ, ਤੁਹਾਨੂੰ ਮੈਂ ਦੱਸਣਾ ਚਾਹੁੰਦਾ ਹਾਂ। ਪਿਛਲੇ ਸਾਲ ਜਦੋਂ ਮੈਂ ਆਪ ਦੇ ਘਰ ਸ੍ਰੀ ਮਾਨ ਜੀ ਦੇ ਦਰਸ਼ਨ ਕਰਨ ਗਿਆ ਸਾਂ, ਤੁਸਾਂ ਦੇਖਿਆ ਸੀ ਕਿ ਇਕ ਘੰਟਾ ਗੁਜ਼ਰਨ 'ਤੇ ਉਥੇ ਦੋਹਾਂ ਪਾਸਿਆਂ ਤੋਂ ਕੋਈ ਬਚਨ ਬਿਲਾਸ ਨਹੀਂ ਸੀ ਹੋਇਆ ਤੇ ਮੈਂ ਛੁੱਟੀ ਲੈ ਕੇ ਉਸੇ ਤਰ੍ਹਾਂ ਵਾਪਸ ਆ ਗਿਆ ਸਾਂ। ਅਸਲ ਗੱਲ ਇਹ ਹੋਈ ਕਿ ਜਦੋਂ ਮੇਰੇ ਹੱਥ ਉਨ੍ਹਾਂ ਦੇ ਗੋਡਿਆਂ ਨੂੰ ਲੱਗੇ, ਤਾਂ ਇਕ-ਦਮ ਮੇਰੇ ਅੰਦਰ ਇਤਨਾ ਜ਼ਬਰਦਸਤ ਚਾਨਣਾ ਹੋ ਗਿਆ ਕਿ ਮੈਂ ਘਬਰਾ ਗਿਆ। ਮੇਰੇ ਅੰਦਰ 'ਜੋਤਿ' ਦਾ ਪ੍ਰਕਾਸ਼ ਹੋ ਗਿਆ। ਪਹਿਲੀ ਵੇਰ ਇਹ ਤਜਰਬਾ ਹੋਣ ਕਰਕੇ, ਸਮਝ ਨਾ ਆਵੇ ਕਿ ਇਹ ਕੀ ਹੋ ਗਿਆ ਹੈ। ਭਾਵੇਂ ਇਹ ਤਾਂ ਮਹਿਸੂਸ ਕਰਾਂ ਕਿ ਉਨ੍ਹਾਂ ਦੇ ਸਰੀਰ (ਗੋਡੇ) ਨਾਲ ਲੱਗਣ ਕਰਕੇ ਇਹ ਰੌਸ਼ਨੀ ਦੀ ਸਵਿਚ ਔਨ (Switch on) ਹੋ ਗਈ ਹੈ। ਸਾਰਾ ਵਕਤ, ਕਦੀ ਮੈਂ ਇਸੇ ਘਬਰਾਹਟ ਵਿਚ ਅੱਖਾਂ ਖੋਲ੍ਹਾਂ, ਕਦੀ ਬੰਦ ਕਰਾਂ, ਕੀ ਮੈਂ ਜਾਗਦਾ ਹਾਂ ਜਾਂ ਇਹ ਸੁਪਨਾ ਆ ਰਿਹਾ ਹੈ? ਕੀ ਮੈਂ ਇਥੇ ਬੈਠਾ ਹਾਂ? ਮੇਰਾ ਦਿਮਾਗ਼ ਠੀਕ ਕੰਮ ਕਰ ਰਿਹਾ ਹੈ? ਕਦੀ ਹੇਠਾਂ ਦੇਖਣ ਦੀ ਕੋਸ਼ਿਸ਼ ਕਰਾਂ, ਕਦੀ ਉਪਰ। ਤੇ ਇਸੇ ਹੈਰਾਨਗੀ ਦੀ ਹਾਲਤ ਵਿਚ ਇਹ ਸਾਰਾ ਵਕਤ ਪੂਰਾ ਕਰ ਕੇ ਉਥੋਂ ਛੁੱਟੀ ਲੈ ਕੇ, ਤੁਹਾਡੇ ਨਾਲ ਬਾਹਰ ਆ ਗਿਆ। ਜਦੋਂ ਮੈਂ ਸੜਕ 'ਤੇ ਜਾ ਰਿਹਾ ਸਾਂ, ਉਹ 'ਜੋਤਿ' ਅੰਦਰ ਜਗ ਰਹੀ ਸੀ ਤੇ ਸਿਮਰਨ ਹੋ ਰਿਹਾ ਸੀ। ਮੈਂ, ਜਿਸ ਤਰ੍ਹਾਂ ਸੁਪਨਾ ਆ ਰਿਹਾ ਹੁੰਦਾ ਹੈ, ਤੁਰਿਆ ਜਾ ਰਿਹਾ ਸਾਂ। ਜਦੋਂ ਮੈਂ ਫਵਾਰਾ ਚੌਂਕ, ਕਚਹਿਰੀਆਂ ਪਾਸ ਪੁੱਜਾ ਤਾਂ ਉਹ Switch off (ਬੁਝ ਗਈ) ਹੋ ਗਈ ਤਾਂ ਮੈਂ ਉਥੇ ਹੀ ਖੜ੍ਹਾ ਹੋ ਗਿਆ। ਅਗੇ ਪਿਛੇ ਦੇਖਿਆ ਤਾਂ ਦਿਲ ਨੂੰ ਯਕੀਨ ਆਇਆ ਕਿ ਹਾਂ ਮੈਂ ਠੀਕ ਹਾਂ, ਹੋਸ਼ ਠੀਕ ਹੈ ਤੇ ਉਹ ਸਾਰੀ ਮੁਲਾਕਾਤ ਇਕ ਸੁਪਨੇ ਵਾਂਗ ਲਗੀ।" ਫਿਰ ਕਹਿਣ ਲੱਗੇ, ਕਿ ਸ੍ਰੀਮਾਨ ਜੀ ਬਹੁਤ ਪਵਿੱਤਰ ਤੇ ਉੱਚੀ ਹਸਤੀ ਵਾਲੇ ਅਤੇ ਬੜੀ ਕਮਾਈ ਤੇ ਬਖ਼ਸ਼ਿਸ਼ ਦੇ ਮਾਲਕ ਹਨ। ਤੁਸੀਂ

ਬੜੇ ਨਸੀਬਾਂ ਵਾਲੇ ਹੋ, ਜੋ ਇਨ੍ਹਾਂ ਦੀ ਸੰਗਤ ਕਰ ਰਹੇ ਹੋ ਤੇ ਇਤਨਾ ਪਿਆਰ ਲੈ ਰਹੇ ਹੋ। ਇਹ ਤਾਂ ਉਨ੍ਹਾਂ ਗੁਰੂ-ਬਖਸ਼ਿਆਂ ਵਿਚੋਂ ਹਨ, ਜਿਨ੍ਹਾਂ ਬਾਬਤ ਗੁਰਬਾਣੀ ਵਿਚ ਲਿਖਿਆ ਹੈ- "ਕਉਨੁ ਕਹੈ ਤੁਮ ਤੇ ਕਛੁ ਨਾਹੀ ਤੁਮ ਸਮਰਥ ਅਥਾਹਿਓ"॥ (ਕਾਨੜਾ ਮ: ੫, ਪੰਨਾ ੧੩੦੩) ਫਿਰ ਉਨ੍ਹਾਂ ਬਾਬਤ ਹੋਰ ਪਿਆਰ ਦੀਆਂ ਕਹਾਣੀਆਂ ਸੁਣਾ ਕੇ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ, ਆਪੋ ਆਪਣੇ ਕਮਰੇ ਵਿਚ ਚਲੇ ਗਏ। ਇਹ ਸਨ ਚਮਤਕਾਰ ਭਾਈ ਸਾਹਿਬ ਜੀ ਦੀ ਵੱਡੀ ਕਮਾਈ ਦੇ।

## ਪ੍ਰ: ਪੂਰਨ ਸਿੰਘ ਜੀ ਦੇ ਅਕਾਲ ਚਲਾਣੇ ਸਮੇਂ ਅਰਦਾਸ

ਇਕ ਵੇਰ 1931 ਵਿਚ ਦਾਸ ਉਨ੍ਹਾਂ ਦੇ ਦਰਸ਼ਨ ਨੂੰ ਨਾਰੰਗਵਾਲ ਗਿਆ। ਸ਼ਾਮ ਨੂੰ ਸੋਦਰ ਦਾ ਪਾਠ ਤੇ ਕੀਰਤਨ ਹੋਇਆ, ਅੰਮ੍ਰਿਤ ਵੇਲੇ ਦੇ ਦੀਵਾਨ ਲਗਾ ਕੇ ਰਲ ਮਿਲ ਕੇ ਕੀਰਤਨ ਕੀਤਾ। ਸ਼ਾਮ ਨੂੰ ਸੋਦਰ ਤੋਂ ਪਹਿਲਾਂ ਹੀ ਸ੍ਰੀਮਾਨ ਜੀ ਉਪਰ ਗੁਰਦੁਆਰੇ ਚਲੇ ਗਏ। ਕੁਛ ਦੇਰ ਪਿਛੋਂ ਦਾਸ ਵੀ ਉਪਰ ਗਿਆ। ਦੇਖਾਂ ਤਾਂ ਸ੍ਰੀਮਾਨ ਜੀ ਸਚੇ ਪਾਤਸ਼ਾਹ ਦੀ ਹਜ਼ੂਰੀ ਖੜ੍ਹੇ ਅਰਦਾਸ ਕਰ ਰਹੇ ਹਨ। ਬੈਠ ਕੇ ਉਨ੍ਹਾਂ ਨੂੰ ਉਡੀਕਣ ਲਗ ਪਿਆ। ਪਰ ਮੈਨੂੰ ਬੜੀ ਹੈਰਾਨੀ ਹੋਈ ਜਦੋਂ ਮੈਂ ਦੇਖਿਆ ਕਿ ਅੱਧਾ ਘੰਟਾ ਗੁਜ਼ਰ ਗਿਆ, ਸੋਦਰ ਦਾ ਵਕਤ ਹੋ ਗਿਆ ਹੈ ਤੇ ਉਹ ਉਸੇ ਤਰ੍ਹਾਂ ਸਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਖੜੇ ਹਨ। ਬੀਬੀ ਦਲੇਰ ਕੌਰ ਵੀ ਆ ਗਈ। ਉਸ ਨੂੰ ਵੀ ਮੈਂ ਦਸਿਆ ਕਿ ਲੰਬੀ ਅਰਦਾਸ ਕਰ ਰਹੇ ਹਨ। ਫਿਰ ਅਸਾਂ ਹੇਠਾਂ ਜਾ ਕੇ ਮੰਜਿਆਂ 'ਤੇ ਬੈਠ ਕੇ ਸੋਦਰ ਦਾ ਪਾਠ ਕਰ ਲਿਆ। ਕਾਫੀ ਦੇਰ ਪਿਛੋਂ ਜਦੋਂ ਬੀਬੀ ਦਲੇਰ ਕੌਰ, ਉਨ੍ਹਾਂ ਪਾਸ ਪ੍ਰਸ਼ਾਦ ਛਕਣ ਲਈ ਬੇਨਤੀ ਕਰਨ ਗਈ ਤਾਂ ਉਸ ਨਾਲ ਹੇਠਾਂ ਆ ਕੇ ਚੁਪ ਕਰ ਕੇ ਪ੍ਰਸ਼ਾਦ ਛਕ ਲਿਆ, ਪਰ ਕੋਈ ਵੀ ਬਚਨ ਬਿਲਾਸ ਨਾ ਕੀਤਾ। ਜਦ ਸੌਣ ਦਾ ਵਕਤ ਹੋਣ ਲੱਗਾ ਤਾਂ ਮੈਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਇਤਨੀ ਲੰਬੀ ਅਰਦਾਸ ਕੀਤੀ ਹੈ ਤੇ ਹੁਣ ਚੁਪ ਹੋ, ਕਾਰਨ ਕੀ ਹੈ? ਕੁਛ ਦੇਰ ਪਿਛੋਂ ਕਹਿਣ ਲੱਗੇ, "ਜੋਗੀ, ਅਜ ਦਿਲ ਬਹੁਤ ਉਦਾਸ ਹੈ, ਸਾਡੇ ਮਿੱਤਰ ਪਿਆਰੇ, ਪੂਰਨ ਗੁਰਸਿੱਖ ਹਮੇਸ਼ਾਂ ਹੀ ਉਚ ਮੰਡਲਾਂ ਵਿਚ ਆਨੰਦ ਮਾਨਣ ਵਾਲੇ ਪ੍ਰੋਫ਼ੈਸਰ ਪੂਰਨ ਸਿੰਘ ਜੀ ਅੱਜ ਡੇਹਰਾਦੂਨ ਪੰਜ ਭੂਤਕ ਸਰੀਰ ਛੱਡ ਕੇ, ਸਚੇ ਪਾਤਸ਼ਾਹ ਦੀ ਦਰਗਾਹ ਜਾਣ ਵਾਸਤੇ ਕਮਰਕਸੇ ਕਰ ਰਹੇ ਸਨ।" ਮੈਂ ਬੇਨਤੀ ਕੀਤੀ ਕਿ ਉਨ੍ਹਾਂ ਦੇ ਸਾਨੂੰ ਇਥੇ ਕਦੀ ਦਰਸ਼ਨ ਨਹੀਂ ਹੋਏ ਤੇ ਇਸ ਤੋਂ ਪਹਿਲਾਂ ਤੁਸੀਂ ਇਤਨੇ ਸਾਲ ਜੇਲ੍ਹ-ਯਾਤਰਾ ਕਰ ਰਹੇ ਸਾਓ। ਉਹ ਤੁਹਾਡੇ ਕਦੋਂ ਮੇਲੀ ਬਣੇ ਸਨ? ਕਹਿਣ ਲਗੇ, "ਸਰੀਰ ਕਰਕੇ ਉਨ੍ਹਾਂ ਦੇ ਦਰਸ਼ਨ ਨਹੀਂ ਹੋਏ, ਪਰ ਆਤਮਕ ਮੇਲੇ ਹੁੰਦੇ ਰਹਿੰਦੇ ਸਨ। ਉਹ 'ਧੁਰੋਂ' ਹੀ ਬਖਸ਼ੇ ਆਏ ਸਨ।" ਮੈਂ ਬੇਨਤੀ ਕੀਤੀ ਕਿ "ਉਨ੍ਹਾਂ ਦੇ ਭੁਜੰਗੀ ਸ. ਮਦਨ ਮੋਹਨ ਸਿੰਘ ਅਜ ਕਲ੍ਹ ਲੁਧਿਆਣੇ ਸਬ-ਜੱਜ ਲਗੇ ਹੋਏ ਹਨ (ਪਿਛੋਂ ਉਹ ਸੈਸ਼ਨ ਜੱਜ ਬਣ ਗਏ ਸਨ), ਬੜੇ ਲਾਇਕ ਹਨ ਤੇ ਸਾਡੇ ਕਾਲਜ ਆ ਕੇ ਸਿਖ ਫ਼ਿਲਾਸਫੀ 'ਤੇ ਲੈਕਚਰ ਕਰ ਗਏ ਹਨ।" ਇਹ ਸੁਣ ਕੇ ਬਹੁਤ ਖੁਸ਼ ਹੋਏ। ਕਹਿਣ ਲੱਗੇ, "ਜਦੋਂ ਲੁਧਿਆਣੇ ਗਏ, ਉਨ੍ਹਾਂ ਨੂੰ ਜ਼ਰੂਰ ਮਿਲਣਾ ਹੈ।" ਕੁਛ ਦਿਨਾਂ ਪਿਛੋਂ ਇਕ ਦਿਨ ਸ੍ਰੀ ਮਾਨ ਜੀ ਗੱਡੀ 'ਤੇ ਆ ਰਹੇ ਸਨ ਤੇ ਉਸੇ ਵਕਤ ਮਦਨ ਮੋਹਨ ਸਿੰਘ ਜੀ ਜਗਰਾਉਂ ਕਚਹਿਰੀ Inspection (ਮੁਆਇਨਾ) ਕਰਨ ਜਾ ਰਹੇ ਸਨ। ਉਨ੍ਹਾਂ ਨੂੰ ਮੈਂ

ਪਹਿਲੋਂ ਹੀ ਦਸਿਆ ਹੋਇਆ ਸੀ ਕਿ ਇਸ ਤਰ੍ਹਾਂ ਸ੍ਰੀਮਾਨ ਜੀ ਆਪ ਨੂੰ ਮਿਲਣਾ ਚਾਹੁੰਦੇ ਹਨ। ਪਲੇਟ ਫ਼ਾਰਮ 'ਤੇ ਮੈਂ ਉਨ੍ਹਾਂ ਨੂੰ ਦਸਿਆ ਕਿ ਸ੍ਰੀ ਮਾਨ ਜੀ ਆ ਰਹੇ ਹਨ ਤਾਂ ਉਹ ਪਲੇਟ ਫਾਰਮ 'ਤੇ ਹੀ ਠਹਿਰ ਗਏ। ਸ੍ਰੀਮਾਨ ਜੀ ਆਏ ਤੇ ਉਨ੍ਹਾਂ ਨੂੰ ਬੜੇ ਪਿਆਰ ਨਾਲ ਘੁਟ ਕੇ ਜੱਫੀ ਵਿਚ ਲੈ ਲਿਆ। ਕਹਿਣ ਲੱਗੇ, "ਤੁਸੀਂ ਮੇਰੇ ਬੜੇ ਪਿਆਰੇ, ਗੁਰੂ ਬਖਸ਼ੇ ਗੁਰਸਿਖ ਮਿਤਰ ਦੇ ਬੇਟੇ ਹੋ, ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਉਥੋਂ ਸ. ਮਦਨ ਮੋਹਨ ਸਿੰਘ ਉਨ੍ਹਾਂ ਨੂੰ ਘਰ ਲੈ ਗਿਆ। ਉਨ੍ਹਾਂ ਦੇ ਬਿਬੇਕ ਦੀ ਬਾਬਤ ਉਹ ਪਹਿਲਾਂ ਹੀ ਜਾਣਦੇ ਸਨ। ਸੋ, ਫਲ ਪੇਸ਼ ਕੀਤੇ ਤੇ ਸਾਰੀ ਸੇਵਾ ਸੁਭਾਗ ਜੋੜੀ ਨੇ ਆਪ ਕੀਤੀ। ਸ੍ਰੀਮਾਨ ਜੀ ਉਨ੍ਹਾਂ ਪਾਸੋਂ ਪ੍ਰੋਫ਼ੈਸਰ ਪੂਰਨ ਸਿੰਘ ਜੀ ਬਾਬਤ ਕਈ ਕੁਛ ਪੁਛਦੇ ਰਹੇ ਤੇ ਕਹਿਣ ਲਗੇ ਕਿ ਜੋ ਉਨ੍ਹਾਂ ਨੇ ਪੁਸਤਕ ਲਿਖੇ ਹਨ, ਉਹ ਪੜ੍ਹਨਾ ਚਾਹੁੰਦੇ ਹਾਂ। ਉਨ੍ਹਾਂ ਨੇ, ਪੁਸਤਕਾਂ ਜੋ ਉਨ੍ਹਾਂ ਪਾਸ ਸਨ, ਉਹ ਭੇਟ ਕੀਤੀਆਂ ਤੇ ਜੋ ਅਜੇ Manuscripts (ਖਰੜੇ) ਛਪਣ ਵਾਸਤੇ ਪਏ ਸਨ, ਉਹ ਵੀ ਦਿਖਲਾਏ। ਫਿਰ ਸ਼ਾਮ ਦੇ ਸੋਦਰ ਦਾ ਪਾਠ ਉਥੇ ਕੀਤਾ ਤੇ ਵਾਪਸ ਘਰ ਆ ਗਏ।

## ਕੁਮਾਰ ਹੱਟੀ ਤੋਂ ਪ੍ਰੇਮ-ਪਾਤੀ

**ਜਿਨ ਕੇ ਭਾਗ ਬਡੇਂ ਹੈਂ ਭਾਈ ਤਿਨ ਸਾਧੂ ਸੰਗਿ ਮੁਖ ਜੁਰੇ ॥**

*(ਸਾਰੰਗ ਮ: ੫, ਪੰਨਾ ੧੨੦੮)*

ਇਕ ਵੇਰ ਸ੍ਰੀ ਮਾਨ ਜੀ ਕੁਮਾਰਹੱਟੀ ਗਏ ਹੋਏ ਸਨ। ਉਥੋਂ ਉਨ੍ਹਾਂ ਨੇ 11-5-1945 ਨੂੰ ਦਾਸ ਨੂੰ ਇਕ ਪ੍ਰੇਮ-ਪਾਤੀ ਭੇਜੀ। ਇਹ ਪਾਤੀ ਪਵਿੱਤਰ ਪਿਆਰ ਤੇ ਆਤਮਿਕ ਪਿਆਰ ਦੀ ਮੂੰਹ ਬੋਲਦੀ ਤਸਵੀਰ ਹੈ। ਪਹਿਲਾਂ ਮੈਂ ਇਹ ਪਾਤੀ ਪ੍ਰੋ. ਦੀਵਾਨ ਸਿੰਘ ਜੀ ਮੁਖ ਅਧਿਆਪਕ ਪੰਜਾਬੀ ਡੀਪਾਰਟਮੈਂਟ ਖਾਲਸਾ ਕਾਲਜ ਅੰਮ੍ਰਿਤਸਰ, (ਹੁਣ ਡਾਕਟਰ ਦੀਵਾਨ ਸਿੰਘ ਮੁਖੀ ਗੁਰੂ ਨਾਨਕ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੂੰ ਦਿਖਲਾਈ। ਉਹ ਪੜ੍ਹ ਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲਗੇ ਕਿ ਤੁਸੀਂ ਬੜੇ ਨਸੀਬਾਂ ਵਾਲੇ ਹੋ, ਜਿਨ੍ਹਾਂ ਨੂੰ ਇਹੋ ਜਿਹੀ ਪਵਿਤਰ ਹਸਤੀ ਦਾ ਇਤਨਾ ਪਿਆਰ ਮਿਲਿਆ ਹੈ। ਭਾਵੇਂ ਇਹ ਚਿੱਠੀ ਤੁਹਾਨੂੰ ਭੇਜੀ ਗਈ ਹੈ, ਪਰ ਇਸ ਲਿਖਤ ਦੀ ਕੀਮਤ ਬਹੁਤ ਵੱਡੀ ਹੈ। ਇਨ੍ਹਾਂ ਅਰਸ਼-ਪਰਵਾਜ਼ੀਆਂ ਨੂੰ ਬਿਆਨ ਕਰਨ ਨੂੰ ਹੀ Spiritual Literature (ਰੂਹਾਨੀ ਸਾਹਿਤ) ਕਹਿੰਦੇ ਹਨ, ਜਿਸ ਨੂੰ ਸਤਿਗੁਰੂ ਜੀ ਦੀ ਬਾਣੀ ਤੋਂ ਬਿਨਾਂ ਸਿਰਫ ਭਾਈ ਰਣਧੀਰ ਸਿੰਘ ਜੀ ਅਤੇ ਭਾਈ ਵੀਰ ਸਿੰਘ ਜੀ ਹੀ ਪੰਥ ਵਿਚ ਲਿਖਣ ਵਾਲੇ ਹਨ। ਪ੍ਰੋਫ਼ੈਸਰ ਬਲਬੀਰ ਸਿੰਘ ਜੀ ਦਿਲ ਨੇ "ਅਣਪਰਖੇ ਹੀਰੇ" ਪੁਸਤਕ ਵਿਚ ਇਨਾਂ ਦੀ ਲਿਖਤ ਵਿਚੋਂ ਕਈ ਵੰਨਗੀਆਂ ਦੇ ਕੇ ਦਸਣ ਦੀ ਕੋਸ਼ਿਸ਼ ਕੀਤੀ ਕਿ ਭਾਈ ਸਾਹਿਬ ਜੀ ਬਹੁਤ ਪਵਿੱਤਰ ਹਸਤੀ ਤੇ ਉਚ ਲਿਖਾਰੀ ਸਨ, ਜਿਨ੍ਹਾਂ ਉਪਰ ਪੰਥ ਨੂੰ ਮਾਣ ਹੈ। ਕਹਿਣ ਲੱਗੇ, ਇਸ ਨੂੰ ਛਪਵਾ ਲਵੋ ਤੇ ਪੰਜ ਸੌ ਕਾਪੀ ਮੈਨੂੰ ਦੇਣੀ। ਇਸ ਨਾਲ ਮੈਂ ਆਪਣੇ ਐੱਮ. ਏ. ਦੇ ਵਿਦਿਆਰਥੀਆਂ ਨੂੰ Spiritual Literature (ਰੂਹਾਨੀ ਸਾਹਿਤ) ਦੀ ਵੰਨਗੀ ਦੱਸਿਆ ਕਰਾਂਗਾ। ਦਾਸ ਨੇ ਇਸ ਪੱਤਰ ਨੂੰ ਛਪਵਾ ਕੇ ਇਕ ਕਾਪੀ ਪ੍ਰੋ. ਪ੍ਰਕਾਸ਼ ਸਿੰਘ ਇੰਚਾਰਜ ਸਿੱਖ ਇਤਿਹਾਸ ਖੋਜ ਵਿਭਾਗ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਵੀ ਦਿੱਤੀ। ਉਹ ਪੜ੍ਹ ਕੇ

ਬਹੁਤ ਖੁਸ਼ ਹੋਏ ਤੇ ਉਨ੍ਹਾਂ ਉਸ ਪੱਤਰਕਾ ਬਾਰੇ ਆਪਣੇ ਜਜ਼ਬੇ ਦਾਸ ਨੂੰ ਲਿਖ ਕੇ ਦਿੱਤੇ, ਜੋ ਲੇਖ ਰੂਪ ਵਿਚ ਅਗੇ ਇਸ ਪੱਤਰਕਾ ਸਮੇਤ 'ਸੂਰਾ' ਵਿਚ ਛਪ ਚੁਕੇ ਹਨ। ਹੁਣ ਉਹ ਪੱਤਰਕਾ ਹੇਠਾਂ ਦਿੱਤੀ ਜਾ ਰਹੀ ਹੈ।

## ੧ਓ

## ਵਾਹਿਗੁਰੂ ਜੀ ਕਾ ਖਾਲਸਾ
## ਵਾਹਿਗੁਰੂ ਜੀ ਕੀ ਫਤਿਹ ॥

*(ਕੁਮਾਰਹੱਟੀ ੧੧-੫-੪੫)*

ਮੇਰੇ ਪਰਮ ਪਿਆਰੇ ਜੋਗੀਰਾਜ ਦਿਲਰਾਜ, ਜੀਅ-ਮਨ-ਮਤ-ਪ੍ਰਾਨ ਬਿਰਾਜੇ, ਰਾਜ ਜੋਗ ਅਧਿਰਾਜੇ, ਸ੍ਰੀਯੁਤ ਪਿਆਰੇ ਠਾਕਰ ਸਿੰਘ ਜੀਓ !

ਆਪ ਜੀ ਨੂੰ ਯਾਦ ਕਰਦੇ ਹੋਏ, ਆਪ ਜੀ ਯਾਦ ਸੇਤੀ ਦਿਲ ਸ਼ਾਦ ਕਰਦੇ ਹੋਏ ਅਸੀਂ ਕੁਸ਼ਲ ਅਨੰਦ ਸਹਿਤ, ਕੁਮਾਰਹੱਟੀ ਆਨ ਪੁੱਜੇ ਹਾਂ। ਆਉਣ ਸਾਰ ਹੀ ਤਣਾਵਾਂ ਗੱਡੀਆਂ ਗਈਆਂ। ਰੁਤ ਜੋਬਨੀ ਹੁਸਨ ਬਹਾਰ, ਇਥੇ ਅਗੇ ਨਾਲੋਂ ਕਈ ਗੁਣਾ ਅਧਿਕ ਸੁਹਾਵਣੀ ਖਿੜੀ ਹੋਈ ਹੈ। ਮਿੱਠੀ ਮਿੱਠੀ ਗੁਲਾਬੀ ਠੰਡ ਵੀ ਪਿਛਲੇ ਸਾਲਾਂ ਨਾਲੋਂ ਵਧੀਕ ਠੰਡੇਰੀ ਹੈ। ਆਨ ਮਲਗਾਰ ਹੱਟੀਆਂ ਮੱਲੀਆਂ ਹਨ। ਆਉਣ ਸਾਰ ਹੀ ਅਰਸ਼ ਪ੍ਰਵਾਜ਼ੀ, ਗੀਧੀਆਂ ਤੇ ਗਿਝੀਆਂ ਹੋਈਆਂ ਆਤਮ ਬਿਰਤੀਆਂ, ਸਹਿਜ ਹੁਲਾਰਿਆਂ ਦੀਆਂ ਪੀਂਘਾਂ ਝੂਟਣ ਲਗ ਪਈਆਂ ਹਨ। ਬਿਨ ਛੇੜੇ ਹੀ, ਲਿਵ ਲੋਰ ਤਰੰਗਾਂ ਛਿੜ ਪਈਆਂ ਤੇ ਅੱਜ ਤਾਈਂ ਛਿੜੀਆਂ ਹੀ ਰਹੀਆਂ ਹਨ। ਹੁਣ ਦਹਿਦੂਣੇ ਰੰਗਾਂ ਨੂੰ ਉਮਾਹ ਰਹੀਆਂ ਹਨ। ਲਹਿਰਾਂ ਲਹਿਰਾਅ ਰਹੀਆਂ ਹਨ, ਲਹਿਰ ਬਹਿਰਾਂ ਹੋਇ ਰਹੀਆਂ ਹਨ। ਅਮੀ ਰੈਨਾਇਰ ਛਲਕਾਂ ਮਾਰ ਰਿਹਾ ਹੈ। ਰਸ ਜੋਤਿ ਡਲਕਾਂ ਡਲਕ ਰਹੀਆਂ ਹਨ। ਅਭਿਆਸ ਬਿਲੋਵਣੇ ਈਟੀ ਨੇਤਰੇ-ਬਿਹੂਣ ਹੀ, ਆਪ-ਮੁਹਾਰੇ ਬਿਲੋਏ ਜਾ ਰਹੇ ਹਨ। ਜਿਉਂ-ਜਿਉਂ ਸਹਿਜ-ਹੁਲਾਰੇ ਆਉਂਦੇ ਹਨ, ਤਿਉਂ-ਤਿਉਂ ਨਾਮ ਤਾਰ-ਪਰੋਤੇ ਪਿਆਰੇ ਦੇ ਯਾਦ ਮਲਗਾਰੇ, ਮਹਿਕ ਰਹੇ ਹਨ। ਸੋ ਭੀ ਅਤਿ ਸੁਖਦਾਇਕ ਅਨੰਦਦਾਈ ਹਨ। ਲੋਰ-ਹਿਲੋਰਿਆਂ ਨੂੰ ਬੀਜਨ ਤੋਰਿਆਂ ਵਿਚ ਤੋਰਨ ਲਈ ਮਿਕਨਾਤੀਸੀ ਰਸਾਇਣ ਕਲਾ ਉਪਜਾ ਰਹੇ ਹਨ। ਮਾਨੋ ਆਤਮ ਉਡਾਰੀਆਂ ਨੂੰ ਨਵ-ਜੋਬਨ ਰੰਗ ਲਾ ਰਹੇ ਹਨ। ਚਲੂਲੇ ਰੰਗਾਂ ਅੰਦਰ ਅਮਿਉ ਰਸਾਇਣੀ ਜਨਾਂ ਦੀ ਯਾਦਗਾਰ, ਬਿਰਤੀਆਂ ਦੇ ਚੜ੍ਹਾਉ ਵਿਚ ਅਟਕਾਰ ਨਹੀਂ, ਸਗੋਂ ਮਦਦਗਾਰ ਹੋ ਕੇ ਅਣ ਨਿਸਰੀ ਹੈ। ਕਰਤਾਰ ਹੀ ਕਰਤਾਰ ਦੀ ਗੁੰਜਾਰ ਗੂੰਜ ਰਹੀ ਹੈ। ਸਚਮੁਚ ਸਿਰੀ 'ਮਾਣਕ ਜੀ ਦੇ ਆਖਣ ਅਨੁਸਾਰ, ਇਹ ਕੁਮਾਰਹੱਟੀ ਨਹੀਂ, 'ਕਰਤਾਰ ਹੱਟੀ' ਹੁਇ ਜਗਮਗਾ ਰਹੀ ਹੈ। ਰੈਣ ਤਾਂ ਸੁਖਚੈਨੀ ਰੈਣ ਹੈ ਹੀ। ਐਤਕੀਂ ਦਿਨੀਅਰ ਭੀ, ਦਿਵਸ ਨੂੰ ਠਰੂਰ ਸੀਤਲਤਾ ਸੇਤੀ ਚੰਦਨਾ ਰਿਹਾ ਹੈ। ਐਤਕੀਂ 'ਮਾਖੀ ਰਾਮ ਕੀ ਮਾਖੀ' ਭੀ ਬਿਘਨਕਾਰੀ ਨਹੀਂ ਹੋਣ ਪਾਉਂਦੀ। ਆਪ ਦੀ ਸੀਤਲ, ਪਿਆਰਾਂ ਸਹਿਤ ਅਰਪੀ

ਮਛਹਿਰੀ ਨੂੰ ਤਾਣ ਕੇ ਦਿਨ ਭਰ ਭਜਨ-ਗੁਫ਼ਾ ਬਣਾ ਲਈਦੀ ਹੈ। ਅੰਦਰ ਬੈਠੇ, ਗੁਹਜ-ਤਾੜੀਆਂ ਲਾ ਕੇ ਅਮਰ ਆਨੰਦ ਮਾਨਣੇ ਮਾਣੀਦੇ ਹਨ। ਅਗੇ ਮੱਖੀਆਂ ਸਤਾਉਂਦੀਆਂ ਹੁੰਦੀਆਂ ਸਨ, ਹੁਣ ਤਾਂ ਮਛਹਿਰੀ ਨੇ ਮਖਹਿਰੀ ਦਾ ਅੱਤ ਭਲੇਰਾ ਕੰਮ ਦਿੱਤਾ ਹੈ। ਬੈਰਾਗਣ ਦੀ ਟੇਕ ਅਗੇ ਰਖ ਕੇ ਚਾਹੇ ਦਿਨ ਭਰ ਅੰਦਰ ਬੈਠੇ ਆਸਣ ਜਮਾਈ ਰਖੋ, ਕੋਈ ਭੀ ਚੁਕਤਾਈ, ਉਕਤਾਈ ਨਹੀਂ ਬਿਆਪਦੀ। ਰੈਣ ਸਮੇਂ ਤਾਂ ਮਛਹਿਰੀ ਦੀ ਲੋੜ ਹੀ ਨਹੀਂ ਪੈਂਦੀ, ਮੀਆਂ ਮਛਰਦੀਨ ਦਾ ਕਿਤੇ ਮੁਸ਼ਕ ਭੀ ਨੇੜੇ ਨਹੀਂ। ਬਰਸਾਤਾਂ ਹੋਈਆਂ ਤੇ ਕਿਧਰੋਂ ਭਿਣਕਾਂ ਹੋਈਆਂ, ਤਾਂ ਮਖਹਿਰੀਉਂ ਮਛਹਿਰੀ ਦਾ ਵਰਤਾਉ ਰੈਣ ਸਮੇਂ ਭੀ ਕੀਤਾ ਜਾਵੇਗਾ।

ਆਪ ਦੀਆਂ ਪਿਆਰ ਕੁਰਬਾਨੀਆਂ ਇਕ ਦੂੰ ਵਿਚ ਚੜ੍ਹਦੀਆਂ ਹਨ। ਮੈਨੂੰ ਅਜ ਹੀ ਐਥੇ ਆਇਆਂ ਨੂੰ, ਪਹਿਲੀ ਵੇਰ ਵੀਰ ਗਜਿੰਦਰ ਸਿੰਘ ਨੇ,ਆਪ ਦੀ ਪ੍ਰੇਮ ਸੁਗਾਤ, ਚਿਤਕਬਰੀਏ ਸੁਰਮਈ ਪਜਾਮੇ ਨੂੰ, ਮੇਰੀਆਂ ਅੱਖੀਆਂ ਅਗੇ ਕੀਤਾ ਅਤੇ ਸਤਿਕਾਰਾਂ ਭਰੇ ਖ਼ਿਆਲ, ਖ਼ਿਆਲ ਕੇ ਦੋਹਾਂ ਹੱਥਾਂ ਤੇ ਉਸਾਰ ਕੇ, ਮੈਨੂੰ ਦਿਖਲਾਇਆ। ਦਿਖਾਉਣਹਾਰਾ ਭੀ ਕ੍ਰਿਤ ਕ੍ਰਿਤ ਹੋਇਆ (ਧੰਨ ਪਿਆਰ, ਧੰਨ ਪਿਆਰ ਮੁਖੋਂ ਅਲਾਵੇ) ਅਤੇ ਦੇਖਣਹਾਰੇ, ਪਿਆਰ-ਮਜਨੂੰ ਦੀ ਤਾਂ ਗਹਿਣਗਤਿ ਨਹੀਂ ਕਹੀ ਜਾਂਦੀ। ਜੋਗੀਆਂ ਦੇ ਗਲੇ ਦਾ ਸ਼ਿੰਗਾਰ ਜਾਮਾ ਬਣਨਹਾਰਾ, ਸੁੰਦਰ ਪਾਰਚਾ ਮੂੰ ਬਿਰਧੋਗੀ ਦੇ ਲੱਕ-ਲੱਤੀਂ ਪਾਉਣਹਾਰਾ ਪਜਾਮਾ ਬਣ ਗਿਆ। ਪਿਆਰ ਦੇ ਚੋਜ ਨਿਆਰੇ ਹਨ, ਅੱਤ ਅਨੂਠੇ ਹਨ। ਇਸ ਨੂੰ ਪਾਉਣ ਸਜਾਉਣ ਨੂੰ ਜੀਉ ਨਹੀਂ ਕਰਦਾ, ਦੇਖੀ ਜਾਣ ਨੂੰ ਹੀਅਰਾ ਹੁਲਸਾਇ ਰਹਿਆ ਹੈ। ਮੇਰੇ ਨੇਤਰਾਂ ਦੇ ਅੰਦਰ, ਅਜਬ ਨਮਾਇਸ਼ਗਾਹ ਬਣ ਗਈ। ਪ੍ਰੇਮ-ਸੁਗਾਤੀ-ਜਾਮਿਆਂ ਪਜਾਮਿਆਂ ਦੇ ਢੇਰਾਂ ਦੇ ਢੇਰ ਲਗ ਗਏ। ਪਰ ਬੈਰਾਗੀ ਜੋਗੀ ਇਕੋ ਇਕ ਹੈ। ਹੁਣ ਹੁੱਬਾਂ ਉਠਦੀਆਂ ਹਨ ਕਿ ਕਦੇ ਆਪ ਇਤ ਵਲ ਪਿਆਰ-ਭਰੀਆਂ ਜੋਗੀ ਫੇਰੀਆਂ ਪਾਓ ਅਤੇ ਸਨਮੁਖ ਬੈਠ ਕੇ ਲਟਕ ਰੀਝਾਂ ਰੀਝਾਓ। ਇਹ ਹਸਰਸ ਭਰਿਆ ਖ਼ਿਆਲ ਨਹੀਂ, ਪ੍ਰੇਮ ਮੁਸੱਰਤ ਭਰਿਆ ਹੁੱਬ-ਉਛਾਲਾ ਹੈ। ਦੂਰ-ਦਰਸੀਆਂ ਨੂੰ ਦੂਰੀਆਂ ਕਿਥੇ? ਹਿਜਰ-ਮਹਿਜੂਰੀਆ ਕਿਥੇ? ਸਦਾ ਦਰਸ ਨਿਕਟੂਰੀਆਂ ਦੇ ਛਾਂਦੇ ਭੁੰਚਣ-ਹਾਰਿਆਂ ਨੂੰ, ਵਸਲ ਮਖ਼ਮੂਰੀਆਂ ਦੇ ਨਸ਼ੇ ਚੜ੍ਹੇ ਰਹਿੰਦੇ ਹਨ। ਚਾਇ ਚਈਲੇ, ਨੂਰ ਠਰੂਰੀਆਂ ਨੂੰ, ਭਾਨਾਨ ਭਾਨ ਜ਼ਹੂਰੀਆਂ ਦੀਆਂ, ਰੰਗ ਤੇ ਭਰਪੂਰੀਆਂ ਦੇ ਮਜਨ ਹੁੰਦਿਆਂ, ਪਿਆਰ-ਰੰਗੂਰੇ ਸਜਨਾਂ ਦੀਆਂ, ਯਾਦ-ਡੁਬਕੀਆਂ ਦੇ ਚੁਪ ਚੁਪੋਲੇ, ਗਟਾਕ ਰਸਕ ਰਸਾਏ ਰਹਿੰਦੇ ਹਨ।

ਪਿਆਰੇ ਜੋਗੀ ਜੀਓ, ਇਕ ਦਿਨ ਆਵੇਗਾ ਅਤੇ ਜ਼ਰੂਰ ਆਚੇਗਾ ਕਿ ਆਪ ਭੀ ਪਰਮਾਤਮ ਮਹੀਤ ਸਮੁੰਦਰ ਅੰਦਰਿ, ਆਤਮ-ਤਾਰੀਆਂ ਤੇ ਚੁਭ-ਚੁਭਾਰੀਆਂ ਲਾਇਆ ਕਰੋਗੇ।

**ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ ॥**
**ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ॥**

*(ਪੰਨਾ ੩੯੮)*

ਸਤਿਗੁਰੂ ਆਪ ਨੂੰ ਸਦਾ ਸਰਸ਼ਾਰ, ਵੈਰਾਗ-ਰੰਗਾਂ ਦੇ ਵਧਾਉ ਰੱਖਣ। ਇਹੀ ਜਿਗਰੀ ਅਸੀਸਾਂ, ਇਸ ਬਿਰਹੋਂ-ਰੀਝਾਣੇ ਦੀਆਂ ਹਨ। ਆਸ ਹੈ ਕਿ ਆਸ ਬੰਧਾਊ, ਦਰਸ ਧਰਵਾਸ ਬੰਧਾਊ, ਪਾਤੀ ਭੇਜ ਕੇ ਪ੍ਰਫੁਲਤ ਕਰੋਗੇ। ਸ੍ਰੀ ਬਾਊ ਜੀ ਵਲੋਂ ਕੋਈ ਵਾਈ

ਧਾਈ? ਕਸ਼ਮੀਰ ਦੇ 'ਦੂਲੇ' ਖਿਚਾਂ ਪ੍ਰਬਲ ਪਾ ਰਹੇ ਹਨ। ਪਰ ਏਧਰਲੀ ਭੀ ਡੋਰੀ ਪ੍ਰਬਲ ਹੋ ਕੇ ਲੱਗੀ ਹੋਈ ਹੈ।

ਆਪ ਜੀ ਕੁਸਲ ਖੇਮ ਦਾ ਸਮਾਚਾਰ ਭੇਜਦੇ ਰਹੋ ਜੀ। ਕੋਈ ਸ੍ਰੀ ਬਾਊ ਜੀ (ਬਾਊ ਮੱਲ ਸਿੰਘ ਜੀ) ਦੀ ਸੁੰਧਕ ਲਗੇ ਤਾਂ ਲਿਖਣੀ।

ਆਪ ਦਾ ਪਿਆਰ-ਨੁਛਾਰਾ-ਰਣਧੀਰ ਸਿੰਘ

## ਮੋਹ ਮਾਇਆ ਕੈ ਸੰਗਿ ਨ ਲੇਪੁ

*(ਗਉੜੀ ਸੁਖਮਨੀ ਮ: ੫, ਪੰਨਾ ੨੮੭)*

ਸ੍ਰੀਮਾਨ ਭਾਈ ਸਾਹਿਬ ਜੀ ਉਸ ਉਚ ਅਵਸਥਾ ਦੇ ਮਾਲਕ ਸਨ, ਜਿਥੇ ਸਤਿਗੁਰੂ ਜੀ ਆਪਣੇ ਭਗਤ ਨੂੰ ਇਸ ਮੋਹ ਮਾਇਆ ਦੇ ਜੰਜਾਲ ਦੇ ਲਾਗੇ ਵੀ ਨਹੀਂ ਜਾਣ ਦਿੰਦੇ। ਮੋਹ ਦਾ ਮੋਰਚਾ ਤਾਂ ਜੇਲ੍ਹ-ਯਾਤਰਾ ਜਾਣ ਕਰਕੇ ਪਹਿਲਾਂ ਹੀ ਟੁਟ ਗਿਆ ਸੀ। ਵੀਰ ਬਲਬੀਰ ਸਿੰਘ ਦੀ ਪੜ੍ਹਾਈ ਤੇ ਫਿਰ ਸਰਕਾਰੀ ਨੌਕਰੀ ਵਾਸਤੇ ਸ੍ਰੀ ਮਾਨ ਬਾਊ ਜੀ ਦੀ ਪੂਰੀ ਜ਼ਿੰਮੇਵਾਰੀ ਸੀ, ਜਿਨ੍ਹਾਂ ਨੇ ਸ਼ਿਮਲੇ ਬੈਠ ਕੇ ਆਪਣੇ ਰਸੂਖ ਨਾਲ ਤੇ ਹੋਰ ਮਿੱਤਰ ਪਿਆਰਿਆਂ, (ਜੋ ਸ੍ਰੀ ਮਾਨ ਭਾਈ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਸਨ) ਦੀ ਮਦਦ ਨਾਲ ਵੀਰ ਬਲਬੀਰ ਸਿੰਘ ਨੂੰ ਡਿਸਟ੍ਰਿਕਟ ਬੋਰਡ ਲੁਧਿਆਣਾ ਵਿਚ ਹੀ ਓਵਰਸੀਅਰ ਲਗਵਾ ਲਿਆ। ਜਦੋਂ ਤੋਂ ਸ੍ਰੀਮਾਨ ਭਾਈ ਸਾਹਿਬ ਜੀ ਦਾ ਬਾਊ ਮੱਲ ਸਿੰਘ ਜੀ ਨਾਲ ਮਿਲਾਪ ਹੋਇਆ, ਓਦੋਂ ਤੋਂ ਹੀ ਇਹ ਗੱਲ ਨਿਸਚੇ ਸੀ ਕਿ ਪਰਵਾਰ ਦੀ ਪਾਲਣਾ ਤੇ ਸੰਭਾਲ ਦੀ ਸਾਰੀ ਜ਼ਿੰਮੇਵਾਰੀ ਬਾਊ ਜੀ ਪਾਸ ਹੈ। ਵੀਰ ਬਲਬੀਰ ਸਿੰਘ ਤੇ ਬੀਬੀ ਦਲੇਰ ਕੌਰ ਦੀ ਕੁੜਮਾਈ ਤੇ ਅਨੰਦ ਕਾਰਜ ਦਾ ਸਾਰਾ ਪ੍ਰਬੰਧ ਬਾਊ ਜੀ ਨੇ ਹੀ ਕੀਤਾ। ਜਦੋਂ ਬੀਬੀ ਦਲੇਰ ਕੌਰ ਦੀ ਬਰਾਤ ਪਿੰਡ ਨਾਰੰਗਵਾਲ ਪੁਜ ਗਈ ਤਾਂ ਸ੍ਰੀ ਮਾਨ ਬਾਪੂ ਜੀ ਜਲ ਦਾ ਗੜਵਾ ਲੈ ਕੇ ਬਾਹਰ ਜਾ ਰਹੇ ਸਨ ਤੇ ਜਦੋਂ ਬੇਨਤੀ ਕੀਤੀ ਗਈ ਕਿ ਜੰਞ ਪਿੰਡ ਪੁਜ ਗਈ ਹੈ ਤਾਂ ਕਹਿਣ ਲੱਗੇ, "ਬਾਬੂ ਜੀ ਘਰ ਹਨ। ਜੰਞ ਦੀ ਸੰਭਾਲ ਉਨ੍ਹਾਂ ਨੇ ਕਰਨੀ ਹੈ।"

ਮਾਇਆ ਦੀ ਬਾਬਤ ਸਾਰਾ ਜੱਥਾ ਜਾਣਦਾ ਸੀ ਕਿ ਦਾਤਾ ਜੀ ਦੀ ਬਖ਼ਸ਼ਿਸ਼ ਦਾ ਸਦਕਾ, ਭਾਵੇਂ ਸਾਰੀ ਜ਼ਮੀਨ ਤੇ ਜਾਇਦਾਦ ਸਰਕਾਰ ਨੇ ਕੁਰਕ ਕਰ ਲਈ ਸੀ, ਸ੍ਰੀ ਮਾਨ ਜੀ ਨੇ ਕਦੀ ਮਾਇਆ ਦੀ ਥੁੜ ਮਹਿਸੂਸ ਹੀ ਨਹੀਂ ਸੀ ਕੀਤੀ। ਸਾਰੀ ਜ਼ਿੰਦਗੀ ਨਿਕਟਵਰਤੀ ਹੋਣ ਕਰਕੇ, ਸਾਫ਼ ਦੇਖਦੇ ਸਾਂ ਕਿ ਸਤਿਗੁਰੂ ਜੀ ਕਿਸ ਤਰ੍ਹਾਂ 'ਮਾਇਆ ਨੂੰ ਭਗਤਾਂ ਦੀ ਦਾਸੀ' ਬਣਾਉਂਦੇ ਹਨ। ਅਸੀਂ ਦੁਨਿਆਵੀ ਆਦਮੀ ਨਹੀਂ ਅਨੁਭਵ ਕਰ ਸਕਦੇ। ਦਾਤਾ ਜੀ ਦਾ ਹੁਕਮ ਹੈ-

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥**

*(ਗੁਜਰੀ ਮ: ੫, ਪੰਨਾ ੧੦)*

ਪ੍ਰਮਾਰਥਕ ਕਮਾਈ ਨਾ ਹੋਣ ਕਰਕੇ ਵਿਸ਼ਵਾਸ ਨਹੀਂ ਹੁੰਦਾ ਕਿ ਰਾਖਾ ਆਪੇ ਸਭ ਕੁਛ ਕਰ ਰਿਹਾ ਹੈ। ਜਦੋਂ ਅੰਗਰੇਜ਼ ਸਰਕਾਰ ਚਲੀ ਗਈ ਤਾਂ ਕਿਸੇ ਸਜਣ ਮਿੱਤਰ ਨੇ ਭਾਈ ਸਾਹਿਬ ਜੀ ਨੂੰ ਸੁਨੇਹਾ ਦਿੱਤਾ ਕਿ ਤੁਸੀਂ ਅਰਜ਼ੀ ਦੇ ਦੇਵੋ, ਸਰਕਾਰ ਸਾਰੀ ਕੁਰਕ

ਕੀਤੀ ਜਾਇਦਾਦ ਵਾਪਸ ਕਰ ਦੇਵੇਗੀ। ਮੁਸਕਰਾ ਕੇ ਕਹਿਣ ਲੱਗੇ ਕਿ ਸਾਡੀ ਸੰਭਾਲ ਸਤਿਗੁਰੂ ਜੀ ਸਾਰੀ ਉਮਰ ਕਰਦੇ ਰਹੇ ਹਨ। ਉਨ੍ਹਾਂ ਨੂੰ ਸਾਡਾ ਫ਼ਿਕਰ ਹੈ। ਅਸੀਂ ਹੋਰ ਕਿਸੇ ਸੜੀ ਸਰਕਾਰ ਨੂੰ ਅਰਜ਼ੀ ਦੇਣ ਨੂੰ ਤਿਆਰ ਨਹੀਂ। ਤੇ ਸਾਰੀ ਜ਼ਿੰਦਗੀ ਨਹੀਂ ਦਿੱਤੀ। ਕਦੀ ਵੀ ਘਰ ਵਿਚ ਕਿਸੇ ਚੀਜ਼ ਦੀ ਥੋੜ ਨਹੀਂ ਦੇਖੀ ਸੀ।

ਇਕ ਵੇਰ ਕੁਮਾਰਹੱਟੀ ਬੀਬੀ ਦਲੇਰ ਕੌਰ ਕਹਿਣ ਲੱਗੀ, "ਬਾਪੂ ਜੀ, ਤੁਸੀਂ ਤਾਂ ਜ਼ਰਾ ਪ੍ਰਵਾਹ ਨਹੀਂ ਕਰਦੇ, ਅੱਜ ਲੰਗਰ ਵਿਚ ਸਾਰਾ ਰਾਸ਼ਨ ਮੁਕ ਗਿਆ ਹੈ।" ਹੱਸ ਪਏ, ਕਹਿਣ ਲੱਗੇ, "ਬੀਬੀ, ਜੋ ਕੁਛ ਵੀ ਰਹਿ ਗਿਆ ਹੈ, ਉਹ ਸਾਡੇ ਸਾਹਮਣੇ ਲੈ ਆਵੋ।" ਬੀਬੀ ਨੇ ਇਕ ਪਰਾਤ ਵਿਚ ਸਾਰੇ ਪੀਪੇ ਉਲਟਾ ਲਏ, ਵਿਚੇ ਆਟਾ, ਚਾਵਲ, ਦਾਲਾਂ। ਤਾਂ ਕਹਿਣ ਲੱਗੇ, "ਅੱਜ ਸਤਨਾਜਾ, ਖੀਰ ਭਪਾ ਬਣੇਗਾ।" ਮੈਂ ਵੀ ਪਾਸ ਖੜਾ ਦੇਖ ਰਿਹਾ ਸੀ ਤੇ ਸੋਚ ਰਿਹਾ ਸਾਂ ਕਿ ਅੰਮ੍ਰਿਤ ਵੇਲੇ ਬਾਜ਼ਾਰ ਜਾ ਕੇ ਰਾਸ਼ਨ ਲੈ ਆਵਾਂਗਾ, ਹੋਰ ਤਾਂ ਕਿਸੇ ਪਾਸਿਓਂ ਆਉਣ ਦੀ ਆਸ ਨਹੀਂ ਸੀ। ਪਰ ਸ੍ਰੀ ਮਾਨ ਜੀ ਨੇ ਜ਼ਰਾ ਵੀ ਇਸ ਬਾਬਤ ਨਾ ਸੋਚਿਆ, ਸਗੋਂ ਹੱਸਦੇ ਰਹੇ। ਅੰਮ੍ਰਿਤ ਵੇਲੇ ਇਸ਼ਨਾਨੇ ਸੋਧ ਕੇ ਜਦੋਂ ਸਿਮਰਨ ਲਈ ਸਾਰੇ ਬਾਹਰ ਵੱਡੇ ਛੱਤਰ ਹੇਠ ਬੈਠ ਗਏ, ਤਾਂ ਦੇਖਿਆ ਕਿ ਭਾਈ ਸਾਹਿਬ ਆਤਮਾ ਸਿੰਘ ਜੀ (ਪੰਜੋਖਰਾ ਸਾਹਿਬ) ਸਾਰਾ ਰਾਸ਼ਨ ਆਟਾ, ਚਾਵਲ, ਦਾਲਾਂ ਵਗੈਰਾ ਲੈ ਕੇ ਆ ਰਹੇ ਹਨ। ਤਦੋਂ ਪੱਕਾ ਯਕੀਨ ਹੋ ਗਿਆ ਕਿ ਆਪਣੇ ਪਿਆਰਿਆਂ ਦੀ ਪ੍ਰਤਿਪਾਲਣਾ ਉਹ ਆਪ ਕਰਦਾ ਹੈ। ਕਈ ਵੇਰ ਦੇਖਿਆ ਕਿ ਗੁਰਪੁਰਬ ਉਪਰ ਜਦੋਂ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਦਰਸ਼ਨ ਦੇਂਦੀਆਂ ਸਨ ਤਾਂ ਲੰਗਰ ਅਟੁਟ ਚਲਦਾ ਸੀ। ਕਈ ਵੇਰ ਇਨ੍ਹਾਂ ਅੱਖਾਂ ਨਾਲ ਦੇਖਿਆ ਕਿ ਇਨ੍ਹਾਂ ਵੱਡੇ ਸਮਾਗਮਾਂ ਤੇ ਕਿਸੇ ਨੂੰ ਖ਼ਾਸ ਸੱਦਾ ਦੇਣਾ ਤੋਂ ਬਿਨਾਂ, ਪਤਾ ਨਹੀਂ ਲਗਦਾ ਸੀ ਕਿ ਕਿਸ ਪਾਸਿਓਂ ਇਤਨੇ ਸੇਵਾਦਾਰ ਆ ਜਾਂਦੇ ਸਨ। ਸਤਿਗੁਰ ਜੀ ਦਾ ਲੰਗਰ ਹੋਣ ਕਰਕੇ, ਪਤਾ ਨਹੀਂ ਬਰਤਨ ਕੌਣ ਲਿਆਉਂਦਾ ਸੀ, ਸਾਰੀ ਸੇਵਾ ਨੂੰ ਕੌਣ ਵਿਉਂਤਦਾ ਸੀ। ਸਾਰੇ ਪਾਸੇ ਆਪਣੀ ਆਪਣੀ ਜਗ੍ਹਾ 'ਤੇ ਆਰਾਮ ਨਾਲ ਸੇਵਾ ਹੋ ਰਹੀ ਹੁੰਦੀ ਸੀ। ਸੰਗਤਾਂ ਨੂੰ ਪ੍ਰਸ਼ਾਦ ਛਕਾਇਆ ਜਾ ਰਿਹਾ ਹੁੰਦਾ ਸੀ, ਬਰਤਨ ਸਾਫ਼ ਹੋ ਰਹੇ ਹੁੰਦੇ ਸਨ। ਪ੍ਰਸ਼ਾਦ ਪ੍ਰੋਸਣ ਦਾ, ਲੰਗਰ ਦੀ ਸਫ਼ਾਈ ਦਾ ਪ੍ਰਬੰਧ ਸਭ ਆਪਣੀ ਆਪਣੀ ਥਾਂ 'ਤੇ ਬਹੁਤ ਸੁਚੱਜੇ ਢੰਗ ਨਾਲ ਹੋ ਰਿਹਾ ਹੁੰਦਾ ਸੀ। ਸ੍ਰੀ ਮਾਨ ਜੀ ਹੋਰਾਂ ਨੂੰ ਤੇ ਬੇਬੇ ਕਰਤਾਰ ਕੌਰ ਜੀ ਨੂੰ ਇਸ ਬਾਬਤ ਕੋਈ ਖ਼ਾਸ ਖੇਚਲ ਨਹੀਂ ਸੀ ਹੁੰਦੀ ਤੇ ਹਮੇਸ਼ਾਂ ਸਮਾਗਮ ਖ਼ਤਮ ਹੋਣ ਪਿਛੋਂ ਕਾਫ਼ੀ ਰਾਸ਼ਨ ਵਧ ਜਾਂਦਾ ਹੁੰਦਾ ਸੀ।

## ਪ੍ਰੀਖਿਆ ਤੇ ਸੰਭਾਲ ਕਰਨੀ

ਇਕ ਵੇਰੀ ਕੱਤਕ ਦੇ ਗੁਰਪੁਰਬ ਤੇ ਦਾਸ ਨੇ ਬੇਨਤੀ ਕੀਤੀ ਕਿ ਰਾਸ਼ਨ ਵਿਚ ਹਿੱਸਾ ਪਾਉਣ ਲਈ ਦਾਸ ਨੂੰ ਇਜਾਜ਼ਤ ਦਿੱਤੀ ਜਾਵੇ। ਬਹੁਤ ਖੁਸ਼ ਹੋਏ। ਕਹਿਣ ਲਗੇ, "ਗੁਰਪੁਰਬ 'ਤੇ ਆਉਂਦੇ ਹੋਏ ਸਾਈਕਲ 'ਤੇ ਖੰਡ ਚਾਵਲ ਬੰਨ੍ਹ ਲਿਆਉਣੇ।" ਜਦੋਂ ਮੈਂ ਨਾਰੰਗਵਾਲ, ਨੂੰ ਛੇ ਵਜੇ ਸ਼ਾਮ, ਜਾਣ ਲਈ ਕਮਰਕਸੇ ਕਰ ਲਏ ਤੇ ਸਾਈਕਲ 'ਤੇ ਤਕਰੀਬਨ ਇਕ ਮਣ ਸਾਮਾਨ ਬੰਨ੍ਹ ਲਿਆ ਤਾਂ ਅਜੇ ਲੁਧਿਆਣੇ ਮਿਲਰਗੰਜ ਵਿਚ ਹੀ ਚਲ ਰਿਹਾ ਸਾਂ ਕਿ ਸਾਹਮਣੇ ਪਾਸੇ ਤੋਂ ਇਤਨੀ ਸਖ਼ਤ ਕਾਲੀ ਬੋਲੀ ਹਨੇਰੀ ਆਈ ਕਿ

ਤਿੰਨ ਘੰਟੇ ਉਥੇ ਹੀ ਅਟਕਣਾ ਪਿਆ। ਸਾਢੇ ਨੌਂ ਵਜੇ ਰਾਤ ਬੜੀ ਮੁਸ਼ਕਲ ਨਾਲ ਚਲਣ ਦੀ ਕੋਸ਼ਿਸ਼ ਕੀਤੀ। ਦਿਲ ਵਿਚ ਚਾਅ ਸੀ ਕਿ ਹਰ ਹਾਲਤ ਵਿਚ ਇਹ ਰਾਸ਼ਨ ਰਾਤ ਰਾਤ ਜ਼ਰੂਰ ਪੁਚਾਣਾ ਹੈ। ਸੋ ਸਾਹਮਣੀ ਹਵਾ ਦੇ ਬਾਵਜੂਦ, ਕੈਂਦ ਬੂਲ ਵਾਲੇ ਪੁਲ 'ਤੇ ਸਰਹਿੰਦ ਨਹਿਰ, ਜੋ ਨਾਰੰਗਵਾਲ ਦੇ ਲਾਗੇ ਦੀ ਜਾਂਦੀ ਹੈ (ਅਬੋਹਰ ਬਰਾਂਚ) ਦਸ ਮੀਲ ਦਾ ਫ਼ਾਸਲਾ ਬੜੀ ਮੁਸ਼ਕਿਲ ਨਾਲ ਤੈਅ ਕਰ ਕੇ ਢਾਈ ਘੰਟੇ ਵਿਚ ਬਾਰ੍ਹਾਂ ਵਜੇ ਰਾਤ ਦੇ ਪੁੱਜਾ। ਦਾਤਾ ਜੀ ਦੀ ਬਖਸ਼ਿਸ਼ ਦਾ ਸਦਕਾ ਕੱਤਕ ਦੀ ਪੂਰਨਮਾਸ਼ੀ ਹੋਣ ਕਰਕੇ ਚੰਦ ਦੀ ਚਾਨਣੀ ਬਹੁਤ ਅੱਛੀ ਸੀ। ਪਰ ਉਸ ਵਕਤ ਸਾਰੀ ਦੁਨੀਆਂ ਸੁੱਤੀ ਪਈ ਸੀ ਤੇ ਅਜੇ ਨਾਰੰਗਵਾਲ ਛੇ ਮੀਲ ਅੱਗੇ ਸੀ। ਸੋ ਨਹਿਰ ਦੀ ਪਟੜੀ ਚਲ ਪਿਆ। ਪਰ ਇਹ ਨਾ ਪਤਾ ਲੱਗ ਸਕੇ ਕਿ ਨਾਰੰਗਵਾਲ ਪਿੰਡ ਕਿਥੇ ਕੁ ਹੈ। ਜਾਂਦੇ ਜਾਂਦੇ ਅਖ਼ੀਰ ਨੂੰ ਇਕ ਲਾਲਟੈਨ ਦੀ ਰੌਸ਼ਨੀ ਨਜ਼ਰ ਆਈ। ਇਹ ਖ਼ਿਆਲ ਕਰਕੇ ਕਿ ਇਸ ਪਿੰਡ ਪੁਜ ਕੇ ਨਾਰੰਗਵਾਲ ਦਾ ਪਤਾ ਕਰ ਲਵਾਂਗਾ, ਨਹਿਰ ਦੀ ਪਟੜੀ ਛੱਡ ਕੇ ਸਿਧਾ ਡਾਂਡੇ-ਮੀਂਡੇ ਵਾਹਣਾਂ ਵਿਚ ਦੀ ਸਾਈਕਲ ਪਾ ਲਿਆ ਤੇ ਉਤਰ ਕੇ ਸਾਈਕਲ ਨਾਲ ਉਸ ਰੌਸ਼ਨੀ ਵਲ ਚਲ ਪਿਆ। ਪਿਛੇ ਵਜ਼ਨ ਕਾਫ਼ੀ ਬੱਧਾ ਹੋਇਆ ਸੀ ਤੇ ਟੁਰਨਾ ਕਾਫ਼ੀ ਮੁਸ਼ਕਿਲ ਸੀ। ਥੋੜ੍ਹੀ ਦੂਰ ਗਿਆ ਸੀ, ਗਠੜੀ ਵਿਚੋਂ ਚਾਵਲ ਕਿਰਨ ਲਗ ਪਏ। ਉਥੇ ਠਹਿਰ ਕੇ ਸਭ ਕੁਛ ਠੀਕ ਕਰਕੇ ਸੱਚੇ ਪਾਤਸ਼ਾਹ ਤੇ ਸ੍ਰੀ ਮਾਨ ਜੀ ਹੋਰਾਂ ਨੂੰ ਯਾਦ ਕੀਤਾ। ਉਥੇ ਲਾਲਟੇਨ ਵਾਲਾ ਪਾਸ ਆ ਪੁੱਜਾ। ਪੁਛਿਆ ਤਾਂ ਉਹ ਸੱਜਣ ਕਹਿਣ ਲੱਗਾ ਕਿ ਇਹੋ ਹੀ ਨਾਰੰਗਵਾਲ ਪਿੰਡ ਹੈ। ਨਾਲ ਹੀ ਬੋਲਿਆ ਕਿ ਭਾਈ ਸਾਹਿਬ ਜੀ ਦੇ ਘਰ ਗੁਰਪੁਰਬ ਦਾ ਸਮਾਗਮ ਹੈ, ਮੈਂ ਤੁਹਾਨੂੰ ਘਰ ਛਡ ਆਵਾਂਗਾ। ਜਦੋਂ ਘਰ ਪੁਜਾ, ਦਰਵਾਜ਼ਾ ਖੁਲ੍ਹਾ ਸੀ, ਦੋ ਵਜੇ ਦਾ ਵਕਤ ਸੀ ਅਤੇ ਸ੍ਰੀਮਾਨ ਜੀ ਤੇ ਮਾਨਯੋਗ ਬਾਊ ਜੀ ਦੋਵੇਂ ਉਪਰ ਛਤ 'ਤੇ ਬੈਠੇ ਉਡੀਕ ਕਰ ਰਹੇ ਸਨ। ਸ੍ਰੀ ਮਾਨ ਬਾਊ ਜੀ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ "ਉਸ ਨੇ ਆ ਹੀ ਜਾਣਾ ਹੈ, ਤੁਸੀਂ ਆਰਾਮ ਕਰ ਲਵੋ"। ਕਹਿਣ ਲਗੇ, "ਇਹ ਨਹੀਂ ਹੋ ਸਕਦਾ, ਉਹ ਬੜੀ ਮੁਸ਼ਕਿਲ ਵਿਚ, ਰਾਤ ਇਕੱਲਾ ਆ ਰਿਹਾ ਹੈ। ਉਸ ਦੀ ਰਸਤੇ ਵਿਚ ਸੰਭਾਲ ਕਰਨੀ ਸਾਡਾ ਫ਼ਰਜ਼ ਹੈ।" ਮਿਲਣ 'ਤੇ ਬਹੁਤ ਖੁਸ਼ੀ ਮਨਾਈ, ਗਲੇ ਨਾਲ ਲਗਾਇਆ ਤੇ ਬੜੀਆਂ ਅਸੀਸਾਂ ਦਿੱਤੀਆਂ। ਸਾਮਾਨ ਰਖਵਾ ਕੇ, ਪ੍ਰਸ਼ਾਦ ਛਕਾਇਆ ਤੇ ਕਹਿਣ ਲੱਗੇ, "ਜੋਗੀ, ਹੁਣ ਢਾਈ ਵਜ ਗਏ ਹਨ, ਇਸ਼ਨਾਨ ਦਾ ਵਕਤ ਹੋ ਗਿਆ ਹੈ।" ਸੋ ਬੜੇ ਰੰਗਾਂ ਵਿਚ ਤਿੰਨ ਵਜੇ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਹੋਇਆ ਤੇ ਦੀਵਾਨ ਸਜ ਗਿਆ।

ਵੱਡੇ ਸਮਾਗਮਾਂ ਦੀਆਂ ਇਹ ਰੌਣਕਾਂ, ਕੀਰਤਨ ਦੀਆਂ ਗੂੰਜਾਂ, ਗੁਰੂ ਪਿਆਰਿਆਂ ਦੇ ਮਿਲਾਪ ਭੁਲਣੇ ਮੁਸ਼ਕਿਲ ਹਨ, ਤੇ ਇਨ੍ਹਾਂ ਸਮਾਗਮਾਂ ਤੇ ਲੰਗਰ ਗੁਰੂ ਕਾ ਹੋਣ ਕਰਕੇ, ਦਾਤਾ ਜੀ ਰਾਸ਼ਨ ਦਾ ਪ੍ਰਬੰਧ ਆਪ ਕਰਦੇ ਸਨ। ਸ੍ਰੀਮਾਨ ਜੀ ਨੇ ਕਦੇ ਵੀ ਮਾਇਆ ਦੇਖ ਕੇ ਇਸ ਪਾਸੇ ਖ਼ਿਆਲ ਨਹੀਂ ਸੀ ਕੀਤਾ, ਸਗੋਂ ਇਹ ਯਾਦ ਹੈ ਕਿ ਜਦੋਂ ਕੜਾਹ ਪ੍ਰਸ਼ਾਦ ਦੀ ਰਸਤ ਘਿਉ ਬਾਬਤ ਪੁੱਛਣਾ, ਤਾਂ ਦੋ ਦੀ ਜਗ੍ਹਾ ਹਮੇਸ਼ਾਂ ਚਾਰ ਕਿਲੋ ਹੀ ਹੁਕਮ ਕਰਨਾ। ਉਹ ਵਿਸ਼ਵਾਸੀ ਸਨ ਕਿ ਮਾਇਆ ਦਾ ਪ੍ਰਬੰਧ ਦਾਤਾ ਜੀ ਹਮੇਸ਼ਾਂ ਆਪ ਹੀ ਕਰਦੇ ਹਨ।

ਮਾਇਆ ਦਾ ਲੇਪ ਨਾ ਹੋਣ ਦਾ ਪੱਕਾ ਸਬੂਤ ਓਦੋਂ ਮਿਲਿਆ, ਜਦੋਂ ਇਕ ਵੇਰ

1935 ਵਿਚ ਉਨ੍ਹਾਂ ਦੀ ਸੰਗਤ ਵਿਚ ਵਿਸਾਖੀ ਦੇ ਗੁਰਪੁਰਬ 'ਤੇ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕੀਤੇ। ਗੁਰਪੁਰਬ ਦੇ ਪਿਛੋਂ ਚਮਕੌਰ ਸਾਹਿਬ, ਫਿਰ ਮਾਛੀਵਾੜਾ ਦੇ ਦਰਸ਼ਨ ਤੇ ਕੀਰਤਨ ਦੇ ਲਾਹੇ ਮਾਣਦੇ ਹੋਏ ਸਮਰਾਲੇ ਉਨ੍ਹਾਂ ਦੇ ਸਪੁਤਰ ਸ. ਬਲਬੀਰ ਸਿੰਘ (ਜੋ ਉਥੇ ਓਵਰਸੀਅਰ ਲਗੇ ਹੋਏ ਸਨ) ਪਾਸ ਪੁੱਜੇ। ਸਵੇਰ ਵੇਲੇ ਨਿਤਨੇਮ ਕਰਨ ਪਿਛੋਂ ਕਹਿਣ ਲਗੇ, "ਜੋਗੀ, ਨਾਰੰਗਵਾਲ ਜਾਣ ਲਈ ਟੈਕਸੀ ਮੰਗਵਾਉ।" ਦਾਸ ਨੇ ਬੇਨਤੀ ਕੀਤੀ ਕਿ ਇਸ ਵਕਤ ਮਾਇਆ 15-20 ਦਮੜੇ ਹੈ ਤੇ ਟੈਕਸੀ ਉਪਰ ਤਾਂ 50-60 ਰੁਪਏ ਲਗਣਗੇ ਤੇ ਆਪਾਂ ਬਸ ਵਿਚ ਲੁਧਿਆਣੇ ਦੇ ਰਸਤੇ ਪਿੰਡ ਪੁਜ ਜਾਵਾਂਗੇ। ਹੱਸ ਪਏ, ਕਹਿਣ ਲੱਗੇ, "ਅੱਜ ਮੈਂ ਸਵੇਰੇ ਕੋਟ ਪਾਉਣ ਲੱਗਾ ਤਾਂ ਦੇਖਿਆ ਕਿ ਇਸ ਦੇ ਬੋਝੇ ਵਿਚ ਕਿਸੇ ਨੇ ਕੁਛ ਨੋਟ (ਦਮੜੇ) ਪਾ ਦਿੱਤੇ ਹਨ। ਇਨ੍ਹਾਂ ਨੂੰ ਕਢ ਲੈ ਤਾਂ ਮੈਨੂੰ ਆਰਾਮ ਆਵੇਗਾ। ਇਹ ਮਾਇਆ ਨਾਗਨੀ ਹੈ, ਜਗਤ ਨੂੰ ਲਪਟਾਏ ਰਹੀ ਹੈ। ਬਸ ਇਸ ਨੂੰ ਹੱਥ ਲਾਉਣ ਨੂੰ ਵੀ ਤਿਆਰ ਨਹੀਂ।"

ਗੁਰਪੁਰਬ ਸਮੇਂ ਅਨੂਪਮ ਕਲਾ ਤੇ ਕੀਰਤਨ ਮੰਡਲ

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥**

*(ਸੋਰਠਿ ਮ: ੫, ਅਸਟ :, ਪੰਨਾ ੬੪੨)*

**ਸਾਧਸੰਗਿ ਹਰਿ ਕੀਰਤਨੁ ਗਾਈਐ॥ ਕਹੁ ਨਾਨਕ ਵਡਭਾਗੀ ਪਾਈਐ॥੪॥**
**ਜਾ ਕੈ ਹਰਿ ਧਨੁ ਸੋਈ ਸੁਹੇਲਾ॥ ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ॥**

*(ਗਉੜੀ ਗੁਆਰੇਰੀ ਮ: ੫, ਪੰਨਾ ੧੭੯)*

ਸ੍ਰੀ ਮਾਨ ਭਾਈ ਸਾਹਿਬ ਜੀ ਦਾ ਉਚ ਪਵਿੱਤਰ ਜੀਵਨ ਸੀ ਤੇ ਉਨ੍ਹਾਂ ਦੇ ਅੰਦਰ ਕੀਰਤਨ ਦੀ ਅਤਿਅੰਤ ਲਗਨ ਤੇ ਭੁਖ ਸੀ, ਜਿਸ ਕਰਕੇ ਉਹ 'ਪੰਚਮ' ਵਿਚ ਆਸਾ ਦੀ ਵਾਰ ਦਾ ਕੀਰਤਨ ਅੱਠ ਦਸ ਜਾਂ ਬਾਰ੍ਹਾਂ ਬਾਰ੍ਹਾਂ ਘੰਟੇ ਕਰ ਕੇ ਅਨੰਦ ਮਾਣਦੇ ਸਨ। ਉਹ ਇਕ ਪਵਿੱਤਰ ਹਸਤੀ ਸਨ, ਜਿਨ੍ਹਾਂ ਦੀ ਆਤਮਕ ਖ਼ੁਰਾਕ ਕੀਰਤਨ ਸੀ ਤੇ ਸਰੀਰਕ ਕਮਜ਼ੋਰੀ ਕੋਈ ਅਸਰ ਨਹੀਂ ਸੀ ਪਾ ਸਕਦੀ।

ਇਕ ਵੇਰ 1939 ਵਿਚ ਦਸਮ ਪਿਤਾ ਜੀ ਦਾ ਅਵਤਾਰ ਧਾਰਨ ਦਾ ਗੁਰਪੁਰਬ, ਜੱਥਾ ਨਾਰੰਗਵਾਲ ਮਨਾ ਰਿਹਾ ਸੀ। ਕੁਦਰਤ ਨੂੰ ਐਸਾ ਮਨਜ਼ੂਰ ਹੋਇਆ ਕਿ ਦੋ ਦਿਨ ਪਹਿਲਾਂ ਉਨ੍ਹਾਂ ਨੂੰ ਗਰਦਨ-ਤੋੜ ਬੁਖਾਰ (Sandfly fever-ਜੋ ਬੜਾ ਸਖ਼ਤ ਹੁੰਦਾ ਹੈ) ਹੋ ਗਿਆ ਤੇ ਟੈਮਪ੍ਰੇਚਰ 105 ਹੋ ਗਿਆ। ਬੁਖ਼ਾਰ ਦੀ ਗਰਮੀ ਕਰਕੇ ਚੇਹਰਾ ਲਾਲ ਹੋ ਗਿਆ ਤੇ ਸਾਰਾ ਸਰੀਰ ਕਾਫ਼ੀ ਤਕਲੀਫ਼ ਮਹਿਸੂਸ ਕਰੇ। ਗੁਰਪੁਰਬ ਤੋਂ ਪਹਿਲੇ ਦਿਨ ਨਗਰ-ਕੀਰਤਨ ਲਈ ਸੰਗਤ ਤਿਆਰ ਹੋਈ ਤਾਂ ਸ੍ਰੀਮਾਨ ਜੀ ਨੂੰ ਬੇਨਤੀ ਕੀਤੀ ਗਈ ਕਿ ਉਹ ਬੁਖ਼ਾਰ ਕਰਕੇ, ਮਜਬੂਰੀ ਆਰਾਮ ਕਰਨ। ਕਹਿਣ ਲਗੇ, "ਗੁਰਮੁਖੋ, ਸੱਚੇ ਪਾਤਸ਼ਾਹ ਦਾ ਗੁਰਪੁਰਬ ਤਾਂ ਸਾਲ ਪਿਛੋਂ ਆਉਣਾ ਹੈ ਤੇ ਇਸ ਦੇ ਨਗਰ-ਕੀਰਤਨ ਤੋਂ ਗ਼ੈਰ-ਹਾਜ਼ਰ ਹੋਣਾ ਬੜੀ ਨਾਵਾਜਬ ਗੱਲ ਹੈ।" ਡਾਕਟਰ ਸਾਹਿਬ ਨੇ ਵੀ ਬੇਨਤੀ ਕੀਤੀ ਕਿ ਇਸ ਗਰਦਨ-ਤੋੜ ਬੁਖ਼ਾਰ ਵਿਚ ਖੇਚਲ ਕਰਨੀ ਠੀਕ ਨਹੀਂ ਹੈ। ਜੇ ਖੇਚਲ ਕੀਤੀ ਜਾਵੇ ਤਾਂ ਇਸ ਵਿਚ ਬੇਚੈਨੀ ਬਹੁਤ ਹੁੰਦੀ ਹੈ ਤੇ ਦਿਲ 'ਤੇ ਵੀ ਬੜਾ ਅਸਰ ਹੁੰਦਾ ਹੈ। ਪਰ ਉਨ੍ਹਾਂ ਨੇ

ਇਕ ਨਾ ਸੁਣੀ ਤੇ ਹੁਕਮ ਕੀਤਾ ਕਿ ਜਲੂਸ ਦਾ ਪ੍ਰਬੰਧ ਪੂਰਾ ਕੀਤਾ ਜਾਵੇ। ਉਸ ਹਾਲਤ ਵਿਚ ਜਦੋਂ ਪਸੀਨਾ ਆ ਰਿਹਾ ਸੀ, ਬਸਤਰ ਸਜਾ ਲਏ ਤੇ ਕੀਰਤਨ ਲਈ ਵਾਜਾ ਫੜ ਲਿਆ। ਉਨ੍ਹਾਂ ਦੀ ਸੰਭਾਲ ਲਈ ਇਕ ਤਾਂ ਸ਼ਹਿਦ ਵਾਲਾ ਜਲ ਤਿਆਰ ਕਰ ਲਿਆ ਗਿਆ ਤੇ ਦੂਜੇ ਇਕ ਦੋ ਸਿੰਘਾਂ ਨੇ ਸਰੀਰ ਨੂੰ ਸਹਾਰਾ ਦੇਣ ਲਈ ਪ੍ਰਬੰਧ ਕੀਤਾ। ਪਰ ਸਾਰੀ ਸੰਗਤ ਦੀ ਹੈਰਾਨੀ ਦੀ ਹੱਦ ਹੋ ਗਈ, ਜਦੋਂ ਉਨ੍ਹਾਂ ਨੇ ਦੇਖਿਆ ਕਿ ਸ੍ਰੀਮਾਨ ਜੀ ਬੁਖ਼ਾਰ ਦੀ ਖੇਚਲ ਨੂੰ ਭੁਲ ਗਏ ਤੇ ਪੂਰੇ ਰੰਗਾਂ ਵਿਚ ਤਿੰਨ ਘੰਟੇ ਕੀਰਤਨ ਕਰਦੇ ਰਹੇ ਤੇ ਕੀਰਤਨ ਵੀ ਇਸ ਰੰਗ ਵਿਚ ਸੀ ਕਿ ਕੋਈ ਵੀ ਨਹੀਂ ਕਹਿ ਸਕਦਾ ਸੀ ਕਿ ਇਨ੍ਹਾਂ ਨੂੰ ਇੰਨਾ ਬੁਖ਼ਾਰ ਹੋਇਆ ਹੋਇਆ ਹੈ। ਨਗਰ ਕੀਰਤਨ ਦੇ ਭੋਗ ਪਿਛੋਂ ਘਰ ਪੁੱਜ ਕੇ, ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਮੱਥਾ ਟੇਕਿਆ ਤੇ ਸ਼ੁਕਰ ਕੀਤਾ ਕਿ ਬਹੁਤ ਚੰਗੀ ਨਿਭਾਈ ਹੈ। ਫਿਰ ਕਮਰੇ ਵਿਚ ਆ ਕੇ ਬਸਤਰ ਉਤਾਰੇ ਤਾਂ ਦੇਖਿਆ ਕਿ ਟੈਮਪ੍ਰੇਚਰ 105 ਹੀ ਹੈ ਤੇ ਫਿਰ ਬਿਸਤਰੇ ਵਿਚ ਲੇਟ ਗਏ।

**ਮਾਰਗਿ ਚਲੇ ਤਿਨੀ ਸੁਖ ਪਾਇਆ**

*(ਸਾਰੰਗ ਮ: ੫, ਪੰਨਾ ੧੨੦੮)*

ਮਾਰਚ 1938 ਦੇ ਹੋਲੇ ਮਹੱਲੇ ਸਮਾਗਮ 'ਤੇ ਸ੍ਰੀਮਾਨ ਜੀ ਹੋਰਾਂ ਨੂੰ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਜੀ ਦੀ ਕਮੇਟੀ ਵਲੋਂ ਸੱਦਾ ਪੁਜਾ ਕਿ ਗੁਰਪੁਰਬ 'ਤੇ ਦਰਸ਼ਨ ਦੇਣ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਮਾਣਨ। ਭਾਈ ਸਾਹਿਬ ਜੀ ਲੁਧਿਆਣੇ ਪੁਜ ਗਏ। ਬੇਬੇ ਕਰਤਾਰ ਕੌਰ ਜੀ ਵੀ ਨਾਲ ਸਨ। ਮੋਟਰ ਤਿਆਰ ਕਰ ਲਈ ਤੇ ਅੰਬਾਲੇ, ਬਰਾੜੇ, ਨਾਹਨ ਦੇ ਰਸਤੇ ਸ਼ਾਮ ਤਕ ਸ੍ਰੀ ਪਾਉਂਟਾ ਸਾਹਿਬ ਜੀ ਪੁਜ ਗਏ। ਗੁਰਦੁਆਰਾ ਬਹੁਤ ਹੀ ਖ਼ੂਬਸੂਰਤ ਜਗ੍ਹਾ ਉਪਰ ਹੈ, ਜਿਥੇ ਜਮਨਾ ਨਦੀ ਨਾਲ ਹੀ ਵਗ ਰਹੀ ਹੈ ਤੇ ਪਹਾੜੀ ਨਜ਼ਾਰਾ ਹੋਣ ਕਰਕੇ ਬਹੁਤ ਰਮਣੀਕ ਗੁਰ-ਧਾਮ ਹੈ। ਉਥੇ ਹੀ ਭਾਈ ਸਾਹਿਬ ਆਤਮਾ ਸਿੰਘ ਜੀ ਸ੍ਰੀ ਪੰਜੋਖਰਾ ਸਾਹਿਬ ਵਾਲੇ ਵੀ ਪੁਜ ਗਏ। ਬਿਸਰਾਮ ਤੇ ਲੰਗਰ ਦਾ ਪ੍ਰਬੰਧ ਬਹੁਤ ਚੰਗਾ ਸੀ ਤੇ ਸੋਦਰ ਦਾ ਦੀਵਾਨ ਉਸ ਅਸਥਾਨ 'ਤੇ ਲਗਾ ਜਿਥੇ ਕਲਗੀਧਰ ਸਤਿਗੁਰੂ ਜੀ ਕਵੀ ਦਰਬਾਰ ਲਗਾਇਆ ਕਰਦੇ ਸਨ। ਸ੍ਰੀਮਾਨ ਜੀ ਨੇ ਪਹਿਲਾਂ ਹੀ ਭਾਈ ਨੰਦ ਲਾਲ ਜੀ ਦੀ ਗਜ਼ਲ ਲਈ :

*ਦੀਨ ਦੁਨੀਆ ਦਰ ਕਮੰਦਿ ਆਂ ਪਰੀ-ਰੁਖ਼ਸਾਰਿ ਮਾ।*
*ਹਰ ਦੋ ਆਲਮ ਕੀਮਤਿ ਯਕ ਤਾਰਿ ਮੂਇ ਯਾਰਿ ਮਾ।*

ਕਲਗੀਧਰ ਜੀ ਵਾਲਾ ਉਹ ਪੁਰਾਣਾ ਸੁਹਾਵਣਾ ਸਮਾਂ ਯਾਦ ਕਰ ਕੇ ਬੜੇ ਹੀ ਵਜਦ ਵਿਚ ਆ ਗਏ ਤੇ ਬਹੁਤ ਹੀ ਰੰਗ ਵਾਲਾ ਨਜ਼ਾਰਾ ਬੱਝ ਗਿਆ। ਸੋਦਰ ਦੇ ਪਾਠ ਪਿਛੋਂ ਭੋਗ ਪਾ ਕੇ ਵਾਪਸ ਬਿਸਰਾਮ ਵਾਲੀ ਜਗ੍ਹਾ 'ਤੇ ਪੁਜੇ। ਅਗਲੇ ਦਿਨ ਅੰਮ੍ਰਿਤ ਵੇਲੇ ਦੀ ਆਸਾ ਦੀ ਵਾਰ ਦਾ ਕੀਰਤਨ ਤੇ ਸ਼ਾਮ ਨੂੰ ਸੋਦਰ ਦੇ ਪਿਛੋਂ ਦੀਵਾਨ ਲੱਗਾ ਰਿਹਾ ਅਤੇ ਕਾਫ਼ੀ ਦੇਰ ਪਿਛੋਂ ਭੋਗ ਪਿਆ। ਉਸ ਤੋਂ ਅਗਲੇ ਦਿਨ ਵਾਪਸੀ ਮੋੜੇ ਪਾਏ।

## ਪਿਆਰਿਆਂ ਦੀਆਂ ਪਿਆਰ-ਯਾਦਾਂ

**ਮਾਧੋ ਸਾਧੂ ਜਨ ਦੇਹੁ ਮਿਲਾਇ॥**

**ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥**

*(ਬਸੰਤ ਮ: ੪, ਪੰਨਾ ੧੧੭੮)*

**ਹਰਿ ਜਨ ਸਗਲ ਉਧਾਰੇ ਸੰਗ ਕੇ ॥**

*(ਪੰਨਾ ੧੨੦੮)*

ਮਾਨਯੋਗ ਭਾਈ ਸਾਹਿਬ ਜੀ ਬਾਬਤ ਉਨ੍ਹਾਂ ਦੇ ਪਿਆਰੇ ਮੇਲੀਆਂ ਨੂੰ ਇਹ ਯਕੀਨ ਹੁੰਦਾ ਸੀ ਕਿ ਉਹ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ। ਤੇ ਇਹ, ਹੈ ਵੀ ਠੀਕ ਸੀ, ਕਿਉਂ ਜੁ ਗੁਰੂ-ਪਿਆਰੇ, ਦਾਤਾ ਜੀ ਵਾਂਗ ਪਿਆਰ ਦੇ ਭੰਡਾਰ ਹੁੰਦੇ ਹਨ। ਉਹ ਸ਼ਬਦ ਤੇ ਸ਼ਬਦ-ਕੀਰਤਨ ਦੇ ਆਸ਼ਕ ਹੁੰਦੇ ਹਨ।

ਸ੍ਰੀਮਾਨ ਭਾਈ ਸਾਹਿਬ ਜੀ ਦਾ ਪਿਆਰ-ਪ੍ਰੋਤਾ ਪੱਤਰ ਮੇਰੇ ਕਮਰੇ ਅੰਦਰ ਹਮੇਸ਼ਾ ਲਟਕ ਰਿਹਾ ਹੈ। ਇਹ ਮੇਰੀ ਸਭ ਤੋਂ ਵਡੀ ਜਾਇਦਾਦ ਹੈ, ਜਿਸ ਨੂੰ ਦੇਖ ਕੇ ਸ੍ਰੀ ਅਖੰਡਪਾਠਾਂ ਦੇ ਉਹ ਸਾਰੇ ਸਮਾਗਮ ਅਤੇ ਕੀਰਤਨ-ਮੰਡਲਾਂ ਦੀਆਂ ਯਾਦਾਂ ਅੱਖਾਂ ਵਿਚ ਪ੍ਰੋਤੀਆਂ ਜਾਂਦੀਆਂ ਹਨ, ਜੋ ਮੇਰੇ ਅੰਤਰ-ਆਤਮੇ ਵਿਚ ਉਕਰੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੀ ਯਾਦ ਵਿਚ ਗੜੂੰਦ ਹੋ ਕੇ ਵਿਗਸ ਵਿਗਸ ਕੇ ਅਨੰਦ ਮਾਣੀਦਾ ਹੈ ਤੇ ਇਹ ਵਿਸ਼ਵਾਸ ਬਣਦਾ ਹੈ ਕਿ ਉਹ ਮੇਰੇ ਰੰਗਲੇ ਸਜਣ ਐਸਾ ਪੱਕਾ ਸਾਥ ਨਿਭਣ ਵਾਲੇ ਹਨ ਕਿ-

**ਹੋਇ ਪ੍ਰਵਾਰ ਸੁ ਪਾਰਿ ਲੰਘਾਏ ॥**

*(ਭਾਈ ਗੁਰਦਾਸ, ਵਾਰ ੧੨, ਪਉੜੀ ੧੮)*

ਅਤੇ-.... **ਓਇ ਮੁਇਆ ਨ ਜਾਹੀ ਛੋਡਿ ॥੧॥੨੨॥**

*(ਪੰਨਾ ੧੧੦੨)*

ਅਤੇ ਫਿਰ- **ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨ੍ਹਿ ॥**

*(ਪੰਨਾ ੭੨੯)*

ਕੁਮਾਰਹੱਟੀ ਦੀ ਗੱਲ ਹੈ, ਇਕ ਦਿਨ ਸ਼ਾਮ ਦੇ ਵੇਲੇ ਸੂਰਜ ਡੁੱਬ ਰਿਹਾ ਸੀ ਤੇ ਭਾਈ ਸਾਹਿਬ ਹੇਠਾਂ ਖ਼ੂਬਸੂਰਤ ਵਾਦੀ ਵਲ ਵੇਖ ਰਹੇ ਸਨ। ਆਪ ਬੋਲੇ, "ਜੋਗੀ ! ਗੁਰੂ ਪਿਆਰੇ ਵਾਜਾਂ ਮਾਰ ਰਹੇ ਹਨ।" ਉਥੇ ਇਹ ਪੰਜ-ਭੂਤਕ ਸਰੀਰ ਨਹੀਂ ਹੋਵੇਗਾ, ਨਾ ਖਾਣ ਦਾ ਫ਼ਿਕਰ ਤੇ ਨਾ ਪੀਣ ਦੀ ਲੋੜ, ਉਥੇ ਤਾਂ ਚਲ ਸੋ ਚਲ, ਦਿਨ ਰਾਤ ਕੀਰਤਨ ਹੀ ਕੀਰਤਨ ਹੋਵੇਗਾ ਅਤੇ ਸਤਿਗੁਰੂ ਜੀ ਦੀ ਦਰਗਾਹ ਦੀਆਂ ਬਹਾਰਾਂ ਮਾਣਾਂਗੇ। ਇਹ ਉਹਨਾਂ ਦਾ ਕੁਮਾਰਹੱਟੀ ਦਾ ਆਖ਼ਰੀ ਫੇਰਾ ਸੀ।

ਆਪ ਜੀ ਜਦੋਂ ਕੋਈ ਪੁਸਤਕ ਛਪਣੀ ਤਾਂ ਉਸ ਦੇ ਉਪਰ ਅਸੀਸਾਂ ਲਿਖ, ਪ੍ਰੇਮ ਭਰੇ ਨੇਤਰਾਂ ਨਾਲ, ਭੇਟ ਕਰਨੀ। ਜੇਲ੍ਹ-ਚਿੱਠੀਆਂ (ਪਹਿਲਾ ਹਿੱਸਾ) ਉਪਰ ਲਿਖ ਕੇ "ਮੇਰੇ ਪਰਮ ਪਿਆਰੇ ਵੀਰ ਜੋਗੀਸ਼ਵਰ, ਸ੍ਰੀਮਾਨ ਪ੍ਰੋਫ਼ੈਸਰ ਠਾਕਰ ਸਿੰਘ ਜੀ ਦੀ ਪ੍ਰੀਤ-ਪ੍ਰਿਮੜੀ ਭੇਟਾ-ਵਲੋਂ, ਪ੍ਰੀਤ-ਪ੍ਰਿਮੜੇ ਵੀਰ ਰਣਧੀਰ ਸਿੰਘ। ਅਤੇ ਇਸ ਦੇ ਪਿਛੋਂ :

1. ਅਨਹਦ ਸ਼ਬਦ ਦਸਮ ਦੁਆਰ,
2. ਗੁਰਮਤਿ ਨਾਮ ਅਭਿਆਸ ਕਮਾਈ,
3. ਜੋਤਿ-ਵਿਗਾਸ ਭੇਟਾ ਕੀਤੀਆਂ।

1955 ਵਿਚ ਜਦ ਆਪ ਜਥੇ ਸਮੇਤ ਅਬਿਚਲ ਨਗਰ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਜਾ ਰਹੇ ਸਨ ਤਾਂ ਦਾਸ ਵੀ ਨਾਲ ਸੀ। ਦਿੱਲੀ ਵਿਖੇ ਜਥੇ ਦਾ ਕੀਰਤਨ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਹੋਇਆ, ਜਿਥੇ ਉਨ੍ਹਾਂ ਨੂੰ ਸੰਗਤ ਵਲੋਂ ਸ੍ਰੀ ਸਾਹਿਬ ਭੇਟ ਹੋਈ। ਕੀਰਤਨ ਸਮਾਗਮ ਦੇ ਪਿਛੋਂ ਜਦ ਬਾਹਰ ਆਏ ਤਾਂ ਕੀਰਤਨ-ਸ਼ਬਦ 'ਤੇ ਇਤਨੇ ਪ੍ਰਸੰਨ ਹੋਏ ਕਿ ਕਹਿਣ ਲੱਗੇ, "ਜੋਗੀ, ਇਹ ਸ੍ਰੀ ਸਾਹਿਬ ਮੈਂ ਆਪ ਨੂੰ ਭੇਟ ਕਰਦਾ ਹਾਂ।" ਇਸੇ ਤਰ੍ਹਾਂ ਇਕ ਵੇਰ ਕੁਮਾਰਹੱਟੀ ਵਿਖੇ ਅੰਮ੍ਰਿਤ ਵੇਲੇ ਸਿਮਰਨ ਲਈ ਬੈਰਾਗਣਾਂ ਲਾ ਕੇ ਬੈਠੇ ਸਾਂ। ਜਦੋਂ ਨਿਤਨੇਮ ਦਾ ਭੋਗ ਪਿਆ ਤਾਂ ਆਖਣ ਲੱਗੇ, "ਜੋਗੀ, ਆਉ ਬੈਰਾਗਣਾਂ ਵਟਾ ਲਈਏ।" ਇਸੇ ਤਰ੍ਹਾਂ ਇਕੇਰਾਂ ਲੁਧਿਆਣੇ ਵਿਖੇ ਅੰਮ੍ਰਿਤ ਵੇਲੇ ਨਾਮ-ਸਿਮਰਨ ਤੋਂ ਬਾਅਦ ਨਿਤਨੇਮ ਸੁਣ ਕੇ ਬੜੀ ਖੁਸ਼ੀ ਵਿਚ ਆ ਗਏ ਅਤੇ ਕਹਿਣ ਲੱਗੇ, "ਮੇਰੇ ਪਾਸ ਦੋ ਕੜੇ ਹਨ, ਮੈਂ ਇਕ ਤੈਨੂੰ ਦਿੰਦਾ ਹਾਂ।"

ਇਹ ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਸੁਗਾਤਾਂ ਮੇਰੇ ਕਮਰੇ ਵਿਚ ਲਟਕ ਰਹੀਆਂ ਹਨ ਤੇ ਹੌਂਸਲਾ ਦੇ ਰਹੀਆਂ ਹਨ ਕਿ ਉਹ ਪਰਉਪਕਾਰੀ "ਜਾਨੀ ਸੰਤ ਕੀ ਮਿਤ੍ਰਾਈ" ਦੇ ਹੁਕਮ ਅਨੁਸਾਰ ਆਪਣੀ ਮਿੱਤਰਤਾ ਨਿਭਾਉਣਗੇ ਅਤੇ ਅੱਗੇ ਵੀ ਆਪਣੇ ਨਾਲ ਰੱਖਣਗੇ।

# ਮਾਨਯੋਗ ਬਾਊ ਮੱਲ ਸਿੰਘ ਜੀ

# ਦ੍ਰਿਬ-ਦ੍ਰਿਸ਼ਟੀ ਦੇ ਮਾਲਕ ਗੁਰੂ-ਪਿਆਰੇ

*(ਵਲੋਂ-ਪ੍ਰਿੰਸੀਪਲ ਇੰਦਰ ਕੌਰ ਜੀ, ਬੀਬੀ ਰਜਨੀ ਕਾਲਜ, ਪੱਟੀ)*

**ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥**

*(ਤਿਲੰਗ ਮ: ੪, ਪੰਨਾ ੭੨੫)*

ਮੈਨੂੰ ਅੰਮ੍ਰਿਤ ਛਕਿਆਂ ਤਕਰੀਬਨ ਤਿੰਨ ਸਾਲ ਬੀਤ ਚੁੱਕੇ ਸਨ, ਪਰ ਗੁਰੂ-ਪਿਆਰਿਆਂ ਦੇ ਮਿਲਣ ਦੀ ਸਿੱਕ ਸਦਾ ਸੱਜਰੀ ਸੀ। ਉਨ੍ਹਾਂ ਦੇ ਦਰਸ਼ਨਾਂ ਲਈ ਮਨ ਉਤਾਵਲਾ ਹੋ ਹੋ ਜਾਂਦਾ ਅਤੇ ਕਲਪਣਾ ਦੇ ਖੰਭਾਂ ਨਾਲ ਉਡਾਰੀਆਂ ਲਾਉਂਦਾ ਰਹਿੰਦਾ।

ਦਾਤੇ ਦੀ ਮੇਹਰ ਹੋਈ ਅਤੇ ਮਿਲਣ ਦਾ ਅਵਸਰ ਬਣ ਗਿਆ। ਮੇਰੇ ਮਾਸੀ ਜੀ (ਰਾਏ ਬਹਾਦਰ ਬੂਟਾ ਸਿੰਘ ਜੀ ਦੀ ਲੜਕੀ) ਦਾ ਅਨੰਦ ਕਾਰਜ ਕਪੂਰਥਲੇ ਵਾਲੇ ਰਾਜ-ਘਰਾਣੇ ਵਿਚ ਟਿੱਕਾ ਜਗਜੀਤ ਸਿੰਘ ਨਾਲ ਹੋਇਆ ਹੋਇਆ ਸੀ। ਮਾਸੀ ਜੀ ਦੇ ਸਪੁਤਰ ਦੀ ਸ਼ਾਦੀ ਦਾ ਪੱਤਰ ਸਾਨੂੰ ਆ ਗਿਆ। ਸਵਰਗੀ ਮਾਸੀ ਦਾ ਇਕ ਇਕਲੌਤਾ ਬੱਚਾ ਸੀ। ਸ਼ਾਦੀ ਬੜੇ ਸ਼ਾਹੀ ਠਾਠ ਨਾਲ ਹੋ ਰਹੀ ਸੀ। ਨਾਨਕਾ ਮੇਲ ਵੀ ਪੂਰੀ ਤਿਆਰੀ ਨਾਲ ਜਾ ਰਿਹਾ ਸੀ।

ਮੇਰੀ ਵੱਡੀ ਮਾਮੀ ਬਸੰਤ ਕੌਰ ਜੀ ਤੇ ਪਰਵਾਰ ਨੇ ਭਾਈ ਸਾਹਿਬ ਜੀ ਦੇ ਜਥੇ ਪਾਸੋਂ ਸ੍ਰੀ ਬਾਊ ਮੱਲ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਪਾਨ ਕੀਤਾ ਸੀ ਅਤੇ ਉਨ੍ਹਾਂ ਦੀ ਸੰਗਤ ਸਦਕਾ ਹੀ ਮੈਨੂੰ ਇਸ ਜਥੇ ਪਾਸੋਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਹੋਈ ਸੀ।

ਅਸੀਂ ਦੋਵੇਂ ਨਾਨਕੇ ਮੇਲ ਨਾਲ ਜਲੰਧਰ ਪੁਜੇ ਸਾਂ। ਬਰਾਤ ਤੁਰ ਗਈ। ਮਾਮੀ ਜੀ ਨੇ ਮੇਰੇ ਦਿਲ ਦੀ ਤੜਪ ਨੂੰ ਸਮਝ ਲਿਆ ਸੀ। ਉਹ ਮੇਰੇ ਪਾਸ ਆ ਕੇ ਕਹਿਣ ਲੱਗੇ, "ਬਰਾਤ ਨੇ ਦੋ ਰਾਤਾਂ ਬਾਹਰ ਰਹਿਣਾ ਹੈ, ਅਸੀਂ ਇਥੇ ਕੀ ਕਰਾਂਗੇ? ਕਿਉਂ ਨਾ ਨਾਰੰਗਵਾਲ ਜਾ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕਰ ਆਈਏ?"

ਮੇਰੀਆਂ ਅੱਖਾਂ ਵਿਚ ਸ਼ੁਕਰ ਦੇ ਹੰਝੂ ਆ ਗਏ। ਕੁਝ ਚਿਰ ਲਈ ਕੋਈ ਸ਼ਬਦ ਨਾ ਔੜਿਆ। ਮਾਮੀ ਜੀ ਮੇਰੇ ਮਨ ਦੀ ਦਸ਼ਾ ਨੂੰ ਸਮਝ ਗਏ ਤੇ ਕਹਿਣ ਲਗੇ, "ਚਲ ਛੇਤੀ ਚਲੀਏ।"

ਅਸੀਂ ਦੋਵੇਂ ਭਰੇ ਮੇਲੇ ਨੂੰ ਛੱਡ ਕੇ ਲੁਧਿਆਣੇ ਦੀ ਬਸ 'ਤੇ ਸਵਾਰ ਹੋ ਗਏ ਅਤੇ ਸੂਰਜ ਅਸਤ ਹੋਣ ਤੋਂ ਪਹਿਲਾਂ ਪਹਿਲਾਂ ਪ੍ਰੋਫ਼ੈਸਰ ਠਾਕਰ ਸਿੰਘ ਜੀ ਦੇ ਘਰ ਪੁਜ ਗਏ। ਉਹ ਵੀ ਸਾਡੇ ਨਾਲ ਨਾਰੰਗਵਾਲ ਜਾਣ ਲਈ ਤਿਆਰ ਹੋ ਗਏ।

ਜਦੋਂ ਅਸੀਂ ਨਾਰੰਗਵਾਲ ਸ੍ਰੀ ਭਾਈ ਸਾਹਿਬ ਦੇ ਬੁੰਗੇ ਪੁਜੇ ਤਾਂ ਹਨੇਰਾ ਪੈ ਚੁੱਕਾ ਸੀ। ਜਾਂਦਿਆਂ ਨੂੰ ਪਤਾ ਲੱਗਾ ਕਿ ਸ੍ਰੀ ਮਾਨ ਜੀ ਤਾਂ ਸਣੇ ਬਾਊ ਮੱਲ ਸਿੰਘ ਜੀ ਦੇ,

ਪਟਿਆਲੇ ਕਿਸੇ ਕਾਰਜ ਲਈ ਗਏ ਹੋਏ ਹਨ ਤੇ ਸ਼ਾਇਦ ਦੋ ਤਿੰਨ ਦਿਨ ਲਾ ਕੇ ਹੀ ਵਾਪਸ ਮੁੜਨਗੇ।

ਉਪਰੋਕਤ ਸ਼ਬਦਾਂ ਨੇ ਮੇਰੇ ਮਨ 'ਤੇ ਡੂੰਘਾ ਹਨੇਰਾ ਲੈ ਆਂਦਾ, ਨਿਰਾਸਤਾ ਨੇ ਘੇਰ ਲਿਆ ਅਤੇ ਹੰਝੂਆਂ ਦੀ ਝੜੀ ਲਗ ਗਈ। ਮੈਨੂੰ ਆਪਣੇ ਆਪ 'ਤੇ ਤਰਸ ਆਉਣ ਲੱਗਾ ਕਿ ਕਿੰਨੀਆਂ ਮੁਸ਼ਕਲਾਂ ਨਾਲ, ਲੋਕ-ਲਾਜ ਦੀ ਪਰਵਾਹ ਨਾ ਕਰ ਕੇ ਇਥੇ ਪੁਜੇ, ਪਰ ਦਰਸ਼ਨ ਨਸੀਬ ਨਾ ਹੋਏ। ਭਾਈ ਸਾਹਿਬ ਜੀ ਦੀ ਧਰਮ-ਪਤਨੀ ਬੇਬੇ ਕਰਤਾਰ ਕੌਰ ਜੀ ਅਤੇ ਬੱਚੀ ਦਲੇਰ ਕੌਰ ਜੀ ਨੇ ਬੜਾ ਦਿਲਾਸਾ ਦਿੱਤਾ, ਪਰ ਮਨ ਨੂੰ ਸ਼ਾਂਤੀ ਕਿਵੇਂ ਆਵੇ ? ਸੋਦਰ ਦੇ ਪਾਠ ਪਿਛੋਂ, ਪ੍ਰਸ਼ਾਦ ਛਕਣ ਲਈ ਅਗੇ ਰਖਿਆ। ਮਸਾਂ ਦੋ ਚਾਰ ਬੁਰਕੀਆਂ ਮੂੰਹ ਵਿਚ ਪਾਈਆਂ, ਜੋ ਬੜੇ ਜਤਨ ਨਾਲ ਅੰਦਰ ਗਈਆਂ। ਕਿਸੇ ਨਾਲ ਕੋਈ ਸ਼ਬਦ ਸਾਂਝਾ ਕਰਨ ਨੂੰ ਚਿਤ ਨਾ ਕੀਤਾ। ਸਾਰੇ ਆਪੋ ਆਪਣੇ ਬਿਸਰਾਮ-ਅਸਥਾਨ 'ਤੇ ਚਲੇ ਗਏ, ਪਰ ਬਿਰਹੋਂ ਵਿਜੋਗੀ ਨੈਣਾਂ ਵਿਚ ਨੀਂਦ ਕਿਥੇ? ਸਾਰੀ ਰਾਤ, ਤੁਰਦਿਆਂ ਫਿਰਦਿਆਂ ਹੰਝੂ ਕੇਰਦਿਆਂ ਤੇ ਬੇਨਤੀਆਂ ਕਰਦਿਆਂ ਬੀਤੀ, "ਹੇ ਦਾਤਾ, ਤਰਸ ਕਰੋ, ਕਿਵੇਂ ਦਰਸ਼ਨ ਹੋ ਜਾਣ। ਫਿਰ ਕੀ ਪਤਾ ਕਦੋਂ ਸੰਜੋਗ ਬਣਨ। ਤੇਰੇ ਘਰ ਕੀ ਨਹੀਂ ! ਤੂੰ ਜੋ ਚਾਹੇਂ, ਕਰ ਸਕਦਾ ਹੈਂ।" ਇਉਂ ਜੋਦੜੀਆਂ ਕਰਦਿਆਂ ਅੰਮ੍ਰਿਤ ਵੇਲਾ ਹੋ ਗਿਆ। ਸੋਚ-ਇਸ਼ਨਾਨ ਪਿਛੋਂ ਕੀਰਤਨ ਹੋਇਆ ਅਤੇ ਸਤਿਗੁਰੂ ਜੀ ਦੇ ਦਰਸ਼ਨ ਪਿਛੋਂ ਦੀਵਾਨ ਦੀ ਸਮਾਪਤੀ ਹੋਈ।

ਸਾਡੇ ਪਾਸ ਇਕੋ ਦਿਨ ਸੀ। ਦੂਜੇ ਦਿਨ ਵਾਪਸ ਜ਼ਰੂਰੀ ਜਾਣਾ ਪੈਣਾ ਸੀ, ਕਿਉਂ ਜੁ ਬਰਾਤ ਨੇ ਬਾਰ੍ਹਾਂ ਵਜੇ ਤੋਂ ਪਹਿਲਾਂ ਜਲੰਧਰ ਪੁਜ ਜਾਣਾ ਸੀ ਅਤੇ ਉਥੇ ਸਭ ਤੋਂ ਵੱਡੀ ਮਾਮੀ ਜੀ ਦਾ ਹੋਣਾ ਬਹੁਤ ਹੀ ਜ਼ਰੂਰੀ ਸੀ। 'ਕੀ ਬਿਨਾਂ ਦਰਸ਼ਨ ਤੋਂ ਹੀ ਵਾਪਸ ਜਾਵਾਂਗੇ?' ਇਹ ਖ਼ਿਆਲ ਆ ਆ ਕੇ ਬਿਹਬਲ ਕਰੀ ਜਾਂਦਾ ਸੀ।

ਮਸਾਂ ਦਿਨ ਬੀਤਿਆ। ਸ਼ਾਮ ਆ ਗਈ। ਇਹ ਸ਼ਾਮ ਡੂੰਘੀ ਨਿਰਾਸਤਾ ਭਰੀ ਸੀ। ਸੋਦਰ ਦਾ ਸਮਾਂ ਅਜੇ ਨਹੀਂ ਸੀ ਹੋਇਆ। ਮਾਮੀ ਜੀ ਬੜੇ ਉਦਾਸ ਸਨ। ਪਰ ਮੇਰੇ ਪਾਸ ਤਾਂ ਗੱਲ ਕਰਨ ਦੀ ਸ਼ਕਤੀ ਵੀ ਨਹੀਂ ਸੀ। ਇਕ-ਦਮ ਹੇਠੋਂ ਆਵਾਜ਼ ਆ ਗਈ। ਬੀਬੀ ਦਲੇਰ ਕੌਰ ਕਹਿ ਰਹੀ ਸੀ, "ਆ ਗਏ ! ਬਾਪੂ ਜੀ ਆ ਗਏ !!" ਮੇਰੇ ਕੰਨਾਂ ਨੇ ਯਕੀਨ ਨਾ ਕੀਤਾ ਕਿ ਇਹ ਠੀਕ ਹੋ ਸਕਦਾ ਹੈ। ਮੈਂ ਭੱਜ ਕੇ ਹੇਠਾਂ ਗਈ ਤੇ ਬਿਹਬਲਤਾ ਦੀ ਹਾਲਤ ਵਿਚ ਹੀ ਪੁਛਿਆ ਕਿ ਕੌਣ ਆ ਗਏ? ਬੀਬੀ ਨੇ ਫਿਰ ਉਹੋ ਗੱਲ ਦੁਹਰਾਈ ਕਿ ਬਾਪੂ ਜੀ ਆ ਗਏ। ਉਨ੍ਹਾਂ ਨੇ ਅੱਜ ਆਉਣਾ ਤਾਂ ਨਹੀਂ ਸੀ, ਪਰ ਪਤਾ ਨਹੀਂ ਕਿਵੇਂ ਆ ਗਏ ਹਨ।

ਇੰਨੇ ਨੂੰ ਸਾਹਮਣੇ ਦਰਸ਼ਨ ਹੋ ਗਏ। ਬਸ, ਉਸ ਮਿਲਣ ਦੀ ਮਹਿਮਾ ਅਕੱਥ ਹੈ। ਸ਼ੁਕਰ ਵਿਚ ਸਿਰ ਝੁਕ ਗਿਆ। ਉਨ੍ਹਾਂ ਨੇ ਆਪਣੇ ਦੋਵੇਂ ਹੱਥ ਮੇਰੇ ਸਿਰ 'ਤੇ ਰਖ ਦਿੱਤੇ ਤੇ ਕਹਿਣ ਲੱਗੇ, "ਬੀਬੀ, ਸਾਨੂੰ ਅੰਮ੍ਰਿਤ ਵੇਲੇ ਪਤਾ ਲਗ ਗਿਆ ਸੀ ਕਿ ਤੁਸੀਂ ਇਥੇ ਆਏ ਹੋਏ ਹੋ। ਅਸੀਂ ਤੁਹਾਨੂੰ ਵੈਰਾਗ ਵਿਚ ਹੰਝੂ ਕੇਰਦਿਆਂ ਵੇਖ ਲਿਆ ਸੀ। ਤੁਹਾਡੇ ਮਨ ਦੀ ਬਿਹਬਲਤਾ ਨੇ ਸਾਨੂੰ ਅਜਿਹੀ ਖਿਚ ਪਾਈ ਕਿ ਅਸੀਂ ਉਥੇ ਹੋਰ ਸਮਾਂ ਟਿਕ ਨਾ ਸਕੇ। ਉਸੇ ਵਕਤ ਬਾਊ ਜੀ ਨੂੰ ਕਹਿ ਦਿੱਤਾ ਕਿ ਚਲੋ ਚਲੀਏ, ਬੀਬੀ ਇੰਦਰ ਸਾਨੂੰ ਉਡੀਕ ਰਹੀ ਹੈ। ਉਸ ਦੀ ਹਾਲਤ ਅਤਿ ਬੈਰਾਗ-ਮਈ ਹੈ ਰਹਿੰਦਾ ਕਾਰਜ ਫਿਰ ਕਰ ਲਵਾਂਗੇ, ਹੁਣ ਚਲੀਏ। ਤੇ ਵੇਖ ਲੈ ਬੀਬੀ, ਅਸੀਂ ਆ ਗਏ।"

ਬਸ ਫਿਰ ਕੀ ਸੀ, ਸੱਚੇ ਮਿੱਤਰ ਮਿਲ ਪਏ-

**ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ॥੨੦੫॥**

*(ਕਬਿਤ ਸਵਈਏ ਭਾਈ ਗੁਰਦਾਸ ਜੀ)*

ਭਾਈ ਸਾਹਿਬ ਗੁਰਦਾਸ ਜੀ ਦੀ ਪਵਿੱਤਰ ਬਾਣੀ ਦੀ ਇਹ ਤੁਕ ਅੱਖਾਂ ਅੱਗੇ ਸਾਕਾਰ ਹੋ ਗਈ।

ਸੋਦਰ ਦਾ ਦੀਵਾਨ ਸਜਿਆ। ਕੀਰਤਨ ਵਿਚ ਉਹ ਰੰਗ ਬੱਝਾ ਕਿ ਅਕਥਨੀਯ ਹੈ। ਮੈਨੂੰ ਇਕ-ਤਾਰਾ ਫੜਾ ਦਿੱਤਾ। ਵੈਰਾਗ ਤੇ ਸ਼ੁਕਰ ਵਿਚ ਗਾਇਨ ਕੀਤੀ ਗੁਰਬਾਣੀ ਦਾ ਮੈਨੂੰ ਅਜਿਹਾ ਰਸ ਆ ਰਿਹਾ ਸੀ ਕਿ ਬਸ ਆਪਣੀ ਸੁਧ-ਬੁਧ ਨਾ ਰਹੀ। ਦੀਵਾਨ ਦੀ ਸਮਾਪਤੀ ਰਾਤ ਦੇ ਗਿਆਰਾਂ ਵਜੇ ਦੇ ਕਰੀਬ ਹੋਈ। ਪ੍ਰਸ਼ਾਦ ਛਕਿਆ। ਭਾਈ ਸਾਹਿਬ ਤੇ ਸ੍ਰੀ ਬਾਊ ਜੀ ਨੇ ਬੜਾ ਪਿਆਰ ਕੀਤਾ ਤੇ ਸਤਿਕਾਰ ਬਖ਼ਸ਼ਿਆ।

ਆਪ ਜੀ ਨੇ ਸਵੇਰੇ ਬੜੇ ਪਿਆਰ ਨਾਲ ਸਾਨੂੰ ਦੋਹਾਂ ਨੂੰ ਪਹਿਲੀ ਗੱਡੀ ਤੋਰਿਆ ਅਤੇ ਪ੍ਰੋਫ਼ੈਸਰ ਸਾਹਿਬ ਨੂੰ ਹੁਕਮ ਕੀਤਾ ਕਿ ਲੁਧਿਆਣੇ ਤੋਂ ਜਲੰਧਰ ਦੀ ਬਸ 'ਤੇ ਸਵਾਰ ਕਰਵਾ ਦੇਣਾ।

ਇਸ ਤਰ੍ਹਾਂ ਖੁਸ਼ੀਆਂ ਦੀਆਂ ਝੋਲੀਆਂ ਭਰ ਕੇ ਮਾਮੀ ਜੀ ਤੇ ਮੈਂ ਵਾਪਸ ਪੁਜੇ। ਇਉਂ ਸਾਡੀ ਇਹ ਯਾਤਰਾ ਸਫਲ ਹੋਈ ਅਤੇ ਨਾਲ ਹੀ ਇਸ ਗੱਲ ਦੀ ਸਮਝ ਪਈ ਕਿ ਪੁਜੇ ਹੋਏ ਗੁਰੂ ਪਿਆਰੇ ਕਿਵੇਂ ਦਿਬ-ਦ੍ਰਿਸ਼ਟੀ ਦੇ ਮਾਲਕ ਹੁੰਦੇ ਹਨ ਅਤੇ ਬਿਰਹੋਂ ਵਿਯੋਗੀਆਂ ਨੂੰ ਨਿਵਾਜਦੇ ਹਨ।

## ਕਲਾ-ਕ੍ਰਿਸ਼ਮਾਇਣੀ ਅਰਦਾਸ

ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗ ਸਾਥ ਹੀ ਸ੍ਰੀਮਾਨ ਬਾਊ ਮੱਲ ਸਿੰਘ ਜੀ ਵਿਚਰਦੇ ਸਨ। ਕੀਰਤਨ-ਸਮਾਗਮਾਂ ਵਿਚ 'ਅਰਦਾਸ' ਸਦਾ ਹੀ ਸ੍ਰੀਮਾਨ ਬਾਊ ਜੀ ਹੀ ਕਰਦੇ ਰਹੇ ਹਨ। ਇਨ੍ਹਾਂ ਦੀ ਕੀਤੀ ਅਰਦਾਸ ਵਿਚ ਕੋਈ ਅਨੋਖਾ ਰੰਗ ਹੁੰਦਾ। ਹਿਰਦਿਓਂ ਵਲਵਲੇ ਫੁਟ ਫੁਟ ਪੈਂਦੇ। ਜੋਦੜੀਆਂ ਕਰਦਿਆਂ ਬੇਨਤੀ ਰੂਪ ਹੀ ਹੋ ਜਾਂਦੇ। ਬਾਹਰਲੀ ਦੁਨੀਆਂ ਨਾਲੋਂ ਆਪਣੇ ਆਪ ਨੂੰ ਤੋੜ ਲੈਂਦੇ ਅਤੇ ਸਤਿਗੁਰੂ ਜੀ ਨੂੰ ਮੁਖ਼ਾਤਬ ਹੋ ਕੇ ਉਨ੍ਹਾਂ ਨਾਲ ਗੱਲਾਂ ਕਰਦੇ। ਇਤਨੇ ਵੈਰਾਗ ਵਿਚ ਆ ਜਾਂਦੇ ਕਿ ਰੋ ਰੋ ਫ਼ਰਿਆਦਾਂ ਕਰਦੇ। ਬਿਰਹੋਂ ਦੇ ਵਹਿਣ ਵਿਚ ਆਏ ਹੋਏ ਸਮੇਂ ਦੀ ਪਾਬੰਦੀ ਵੀ ਭੁਲ ਜਾਂਦੇ। ਸਾਰੀ ਸੰਗਤ ਵੀ ਇਸ ਅਰਦਾਸ-ਜੋਦੜੀ ਵਿਚ ਸਤਿਗੁਰਾਂ ਦੇ ਚਰਨਾਂ ਵਿਚ ਜੁੜ ਜਾਂਦੀ ਅਤੇ ਖਲੋਤਿਆਂ ਨੂੰ ਅਕੇਵੇਂ ਥਕੇਵੇਂ ਦਾ ਖ਼ਿਆਲ ਤਕ ਨਾ ਫੁਰਦਾ।

ਇਨ੍ਹਾਂ ਦੀ ਕੀਤੀ ਅਰਦਾਸ ਦਾ ਕਮਾਲ ਇਹ ਹੁੰਦਾ ਕਿ :

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥੨॥੭੭॥**

*(ਬਿਲਾਵਲ ਮ: ੫, ਪੰਨਾ ੮੧੯*

ਇਹ ਮਹਾਂਵਾਕ ਇਨ੍ਹਾਂ ਉਪਰ ਪੂਰੀ ਤਰ੍ਹਾਂ ਢੁਕਦਾ ਹੈ। ਮੇਰੇ ਆਪਣੇ ਜੀਵਨ ਵਿਚ ਕਈ ਵਾਰੀ ਇਨ੍ਹਾਂ ਦੀ ਅਰਦਾਸ ਸਦਕਾ ਸੁਖ ਵਰਤਿਆ ਹੈ। ਮੇਰੇ ਪਤੀ ਜੀ ਦੀ ਸਿਹਤ ਲਈ ਕੀਤੀ ਅਰਦਾਸ ਮੰਨੀ ਗਈ।

1970 ਵਿਚ ਸ੍ਰੀ ਅੰਮ੍ਰਿਤਸਰ ਵਿਖੇ ਮੈਂ ਬੀਮਾਰ ਹੋ ਗਈ। ਡਾਕਟਰਾਂ ਨੇ ਜਵਾਬ ਦੇ ਦਿੱਤਾ। ਅੰਤ ਸਮਾਂ ਨੇੜੇ ਦਿਸਣ ਲੱਗਾ। ਪ੍ਰੋਫ਼ੈਸਰ ਠਾਕਰ ਸਿੰਘ ਜੀ ਨੇ ਪਿਤਾ ਜੀ (ਸ੍ਰੀਮਾਨ ਬਾਊ ਜੀ) ਨੂੰ ਬੇਨਤੀ ਕੀਤੀ, "ਬਾਪੂ ਜੀ, ਹੁਣ ਤਾਂ ਸ੍ਰੀ ਅਖੰਡਪਾਠ ਰਖਵਾ ਕੇ ਅਰਦਾਸ ਕਰੋ, ਤਾ ਹੀਂ ਕੋਈ ਆਸ ਬਝ ਸਕਦੀ ਹੈ। ਡਾਕਟਰ ਤਾਂ ਕੋਈ ਆਸ ਨਹੀਂ ਬੰਨ੍ਹਾਉਂਦੇ।" ਬਸ, ਬਖ਼ਸ਼ਿਸ਼ ਦੇ ਘਰ ਆ ਗਏ। ਵੀਰ ਸੇਵਾ ਸਿੰਘ ਦੇ ਬੁੰਗੇ ਸ੍ਰੀ ਅਖੰਡਪਾਠ ਰਖ ਦਿੱਤਾ ਅਤੇ ਅਰਦਾਸ ਕੀਤੀ ਕਿ ਹੇ ਦਾਤਾ! ਨਾਮ ਜਪਣ ਤੇ ਸੇਵਾ ਕਰਨ ਲਈ ਬੀਬੀ ਨੂੰ ਹੋਰ ਸਮਾਂ ਬਖ਼ਸ਼ੋ। ਮੈਂ ਤਾਂ ਪੂਰੀ ਹੋਸ਼ ਦੀ ਹਾਲਤ ਵਿਚ ਨਹੀਂ ਸਾਂ, ਪਰ ਮੇਰੀ ਸੇਵਾ ਲਈ ਜੋ ਮਾਈ ਮੇਰੇ ਪਾਸ ਟਿਕੀ ਹੋਈ ਸੀ, ਉਹ ਨਾਮ ਜਪਣ ਵਾਲੀ ਸੀ। ਉਸ ਨੂੰ ਕੋਈ ਨਜ਼ਾਰਾ ਦਿਸਿਆ। ਉਹ ਕੀ ਵੇਖਦੀ ਹੈ ਕਿ ਮੈਨੂੰ ਲੈਣ ਲਈ ਕੁਝ ਸਿੰਘ ਆਏ ਹਨ। ਪਰ ਨਾਲ ਉਹ ਕਹਿੰਦੇ ਹਨ ਕਿ ਅਜੇ ਨਹੀਂ ਲਿਜਾਣਾ ਅਤੇ ਉਹ ਵਾਪਸ ਚਲੇ ਜਾਂਦੇ ਹਨ।

ਉਸ ਮਾਈ ਨੇ ਪੂਰੇ ਵਿਸਥਾਰ ਨਾਲ, ਉਸ ਸਾਰੇ ਨਜ਼ਾਰੇ ਦਾ ਹਾਲ ਮੈਨੂੰ ਸੁਣਾਇਆ। ਇਸ ਤੋਂ ਬਾਅਦ ਮੇਰੀ ਸਰੀਰਕ ਹਾਲਤ ਸੁਧਾਰਨ ਲਗ ਪਈ, ਅਤੇ ਕੁਝ ਚਿਰ ਮਗਰੋਂ ਮੈਂ ਰਾਜ਼ੀ-ਬਾਜ਼ੀ ਹੋ ਗਈ।

ਇਸ ਅਰਦਾਸ ਬਾਰੇ ਇਕ ਹੋਰ ਹੈਰਾਨੀ-ਜਨਕ ਗੱਲ ਦਾ ਪਤਾ ਲੱਗਾ। ਮੈਨੂੰ ਲੋਪੋ ਤੋਂ ਸੰਤ ਦਰਬਾਰਾ ਸਿੰਘ ਜੀ ਨੇ ਕਾਲਜ ਦਾ ਹੈੱਡ ਕਲਰਕ ਭੇਜ ਕੇ ਬੁਲਾਇਆ। ਮੈਂ ਉਥੇ ਕਦੀ ਨਹੀਂ ਗਈ ਸਾਂ ਤੇ ਨਾ ਹੀ ਸੰਤਾਂ ਦੇ ਦਰਸ਼ਨ ਕੀਤੇ ਸਨ। ਉਨ੍ਹਾਂ ਨੇ ਕਿਹਾ, "ਬੀਬਾ ਜੀ, ਆਪਣਾ ਕਾਲਜ ਸੰਭਾਲ ਲਵੋ। ਸਾਨੂੰ ਕੋਈ ਅਰਜ਼ੀ ਨਹੀਂ ਚਾਹੀਦੀ, ਕੋਈ ਜਾਣ ਪਛਾਣ ਨਹੀਂ ਲੋੜੀਂਦੀ। ਬਸ ਆਪਣਾ ਕਾਲਜ ਸੰਭਾਲੋ।" ਮੈਂ ਕਾਲਜ ਦੀ ਜ਼ਿੰਮੇਵਾਰੀ ਸੰਭਾਲ ਲਈ। ਕੁਝ ਚਿਰ ਮਗਰੋਂ ਮੈਂ ਸੰਤਾਂ ਤੋਂ ਪੁਛਿਆ, "ਤੁਸੀਂ ਕਿਉਂ ਇਸੇ ਤਰ੍ਹਾਂ ਕਿਹਾ ਸੀ?" ਤਾਂ ਕਹਿਣ ਲੱਗੇ, "ਇਕ ਸਾਲ ਪਹਿਲਾਂ ਸਾਨੂੰ ਹੁਕਮ ਮਿਲਿਆ ਸੀ ਕਿ ਪੂਰੇ ਸਾਲ ਬਾਅਦ ਇਕ ਬੀਬੀ ਤੁਹਾਡੇ ਪਾਸ ਆਵੇਗੀ, ਉਹ ਕਾਲਜ ਦੀ ਸੰਭਾਲ ਕਰੇਗੀ। ਉਹ ਇਕ ਸਾਲ ਬੀਤ ਗਿਆ ਸੀ ਤੇ ਤੁਸੀਂ ਆ ਗਏ। ਅਸੀਂ ਪਛਾਣ ਲਿਆ ਕਿ ਓਹੋ ਬੀਬੀ ਹੈ।" ਮੇਰੀ ਸੰਸੇ ਭਰੀ ਬਿਰਤੀ ਨੇ ਫਿਰ ਸਵਾਲ ਕੀਤਾ, "ਜੀ, ਤੁਹਾਨੂੰ ਕਿਸ ਦਾ ਹੁਕਮ ਮਿਲਿਆ ਸੀ?" ਤਾਂ ਉਹ ਮੇਰੇ ਵਲ ਵੇਖ ਕੇ ਬੋਲੇ, "ਅਕਾਲ ਪੁਰਖ ਦਾ।"

ਅਰਦਾਸ, ਜੋ ਪਿਤਾ ਜੀ ਨੇ ਕੀਤੀ ਸੀ, ਉਸ ਤੋਂ ਪੂਰੇ ਇਕ ਸਾਲ ਬਾਅਦ ਮੈਨੂੰ ਉਹ ਸੇਵਾ ਮਿਲੀ ਸੀ। ਫਿਰ ਜਦੋਂ, ਪਿਤਾ ਜੀ ਸੰਤਾਂ ਨੂੰ ਮਿਲੇ ਤਾਂ ਉਨ੍ਹਾਂ ਦੀ ਆਪਸੀ ਜਾਣ ਪਛਾਣ ਵੀ ਮੇਰੀ ਸਮਝ ਤੋਂ ਬਾਹਰੀ ਸੀ।

ਇਹ ਕੁਝ ਪਿਆਰੀਆਂ ਸਾਂਝਾਂ ਤੇ ਅਭੁਲ ਯਾਦਾਂ ਮੈਂ ਸੋਝੀਵਾਨ ਗੁਰੂ-ਪਿਆਰਿਆਂ ਨਾਲ ਸਾਂਝੀਆਂ ਕਰ ਰਹੀ ਹਾਂ, ਅਤੇ ਆਪਣਾ ਜੀਵਨ-ਤਜਰਬਾ ਦੱਸ ਰਹੀ ਹਾਂ ਕਿ ਜੋ ਕੁਝ ਦਿਸਦਾ ਹੈ, ਇਸ ਤੋਂ ਪਰੇ ਹੋਰ ਬੜਾ ਕੁਝ ਅਣਦਿਸਦਾ ਹੈ। ਮਹਾਂਪੁਰਸ਼ ਬਖ਼ਸ਼ਿਸ਼ਾਂ ਦੇ ਭੰਡਾਰ ਹਨ, ਜਿਨ੍ਹਾਂ ਦੇ ਪਾਸ ਨਾਮ-ਕਮਾਈਆਂ ਦਾ ਸਦਕਾ ਅਖੁਟ ਖ਼ਜ਼ਾਨੇ ਹੁੰਦੇ ਹਨ ਅਤੇ ਉਹ ਰੰਗਲੇ ਸਜਣ :

**ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥੩॥੧੦੦॥**

*(ਗਉੜੀ ਮ: ੫, ਪੰਨਾ ੧੮੬)*

ਅਕਥ ਕਥਾ ਹੈ ਗੁਰੂ-ਪਿਆਰਿਆਂ ਦੀ, ਜੋ ਸਾਡੇ ਕਥਨ ਤੋਂ ਬਾਹਰੀ ਹੈ। ਅਸੀਂ ਤਾਂ ਆਪਣੀ ਸ਼ਰਧਾ ਦੇ ਫੁਲ ਹੀ ਭੇਟ ਕਰ ਸਕਦੇ ਹਾਂ ਤੇ ਨਮਸਕਾਰ ਕਰ ਸਕਦੇ ਹਾਂ।

## ਪੂਰਬਲੇ ਸੰਜੋਗ

ਮੇਰੇ ਪੂਜਣ ਪਿਤਾ, ਸ੍ਰੀ ਬਾਊ ਮੱਲ ਸਿੰਘ ਜੀ ਦੀਆਂ ਕਈ ਬਚਿੱਤਰ ਗੱਲਾਂ ਜਦੋਂ ਯਾਦ ਆਉਂਦੀਆਂ ਹਨ ਤਾਂ ਇਕ ਮਿੱਠੀ ਜਿਹੀ ਝਰਨਾਹਟ ਛਿੜ ਜਾਂਦੀ ਹੈ। ਮੇਰੇ ਲਈ ਉਨ੍ਹਾਂ ਨੂੰ ਸਮਝਣਾ ਇਕ ਅਸੰਭਵ ਜਿਹੀ ਗੱਲ ਬਣ ਜਾਂਦੀ ਹੈ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਕੁਝ ਚਿਰ ਪਹਿਲਾਂ, ਮੈਂ ਦਫ਼ਤਰ ਬੈਠੀ ਕਾਲਜ ਦਾ ਕੁਛ ਕੰਮ ਕਰ ਰਹੀ ਸਾਂ, ਡਾਕੀਏ ਨੇ ਮੇਰੇ ਹੱਥ ਇਕ ਚਿੱਠੀ ਫੜਾਈ। ਚਿੱਠੀ ਦੇ ਉਪਰ ਲਿਖਿਆ ਸੀ Confidential (ਭੇਤ-ਭਰੀ, ਗੁਪਤ) ਤੇ ਹੇਠਾਂ ਮੇਰਾ ਐਡਰੈਸ ਸੀ। ਇਹ ਅੱਖਰ ਮੇਰੇ ਜਾਣੇ ਪਛਾਣੇ ਸਨ। ਇਹ ਚਿੱਠੀ ਮੈਂ ਬੜੇ ਪਿਆਰ ਸਤਿਕਾਰ ਨਾਲ ਆਪਣੇ ਸਾਹਮਣੇ ਰੱਖੀ, ਪਰ Confidential ਅੱਖਰ ਪੜ੍ਹ ਕੇ ਮੈਂ ਦਫ਼ਤਰ ਵਿਚ ਪੜ੍ਹਨੀ ਯੋਗ ਨਾ ਸਮਝੀ।

ਘਰ ਪੁਜੀ, ਕੰਬਦੇ ਹੱਥਾਂ ਨਾਲ ਚਿੱਠੀ ਖੋਲ੍ਹੀ। ਚਿੱਠੀ ਵਿਚ ਉਪਰ ੧ੴ ਸਤਿਗੁਰ ਪ੍ਰਸਾਦਿ ਤੇ ਹੇਠਾਂ ਕਈ ਵੇਰ ਵਾਹਿਗੁਰੂ ਸ਼ਬਦ ਲਿਖਿਆ ਹੋਇਆ ਸੀ। ਇਸ ਚਿੱਠੀ ਵਿਚ ਉਨ੍ਹਾਂ ਦਾ ਸੱਚਾ, ਸੁੱਚਾ ਤੇ ਉੱਚਾ ਪਿਆਰ, ਉਨ੍ਹਾਂ ਦੇ ਸ਼ਬਦਾਂ ਵਿਚ ਛਲਕਦਾ ਸੀ। ਉਨ੍ਹਾਂ ਦੇ ਪੱਤਰ ਵਿਚ ਬੜੀਆਂ ਅਸੀਸਾਂ ਦਿੱਤੀਆਂ ਹੋਈਆਂ ਸਨ ਤੇ ਬਖ਼ਸ਼ਿਸ਼ ਦੇ ਘਰ ਵਿਚ ਆ ਕੇ ਆਪਣੀ ਦਿਬ-ਦ੍ਰਿਸ਼ਟੀ ਰਾਹੀਂ, ਆਪਣੇ ਤੇ ਮੇਰੇ ਪਿਛਲੇ ਜਨਮ ਦੇ ਸੰਜੋਗਾਂ ਨੂੰ ਪ੍ਰਗਟਾਇਆ ਹੋਇਆ ਸੀ। ਹੰਝੂਆਂ ਭਰੇ ਨੇਤਰ ਹੋਣ ਕਾਰਨ ਮੈਥੋਂ ਉਹ ਪੱਤਰ ਪੜ੍ਹਿਆ ਨਹੀਂ ਸੀ ਜਾ ਰਿਹਾ। ਕੋਸ਼ਿਸ਼ ਕਰਕੇ ਜੇਰਾ ਕੀਤਾ, ਤੇ ਜਾਨਣਾ ਚਾਹਿਆ ਕਿ ਪੂਜਣ ਪਿਤਾ ਜੀ ਕਿਹੜੇ ਅਗੰਮੀ ਭੇਦ ਖੋਲ੍ਹ ਰਹੇ ਹਨ।

ਮੈਂ ਸ਼ਾਇਦ ਉਨ੍ਹਾਂ ਦੇ ਲਿਖੇ ਸ਼ਬਦ ਠੀਕ ਤਰ੍ਹਾਂ ਵਰਨਣ ਨਾ ਕਰ ਸਕਾਂ, ਪਰ ਭਾਵ ਇਹੋ ਸਨ ਕਿ ਮੇਰੀ ਪਿਆਰੀ ਬੱਚੀ ਇੰਦਰ, ਮੈਂ ਬੜੇ ਸਾਲਾਂ ਤੋਂ ਆਪਣੇ ਅੰਦਰ ਨੀਝ ਲਾ ਕੇ ਵੇਖਦਾ ਰਿਹਾ ਹਾਂ ਕਿ ਤੇਰੇ ਨਾਲ ਮੇਰੇ ਮਨ ਦੀ ਇਤਨੀ ਨੇੜਤਾ ਕਿਉਂ ਹੈ। ਮੈਂ ਆਪ ਸਭ ਨਾਲ ਪਿਆਰ ਕਰਦਾ ਹੋਇਆ ਵੀ ਨਿਰਲੇਪ ਰਹਿੰਦਾ ਹਾਂ, ਪਰ ਤੇਰੇ ਪ੍ਰਬਲ ਪਿਆਰ ਦੀ ਖਿਚ ਮੈਨੂੰ ਟੁੰਬਦੀ ਰਹਿੰਦੀ ਹੈ। ਅਚਾਨਕ ਮੇਰੇ ਸਾਹਮਣੇ ਪਿਛਲਾ ਜਨਮ ਆ ਗਿਆ, ਜਦੋਂ ਤੂੰ ਮੇਰੀ ਮਾਂ ਸੈਂ ਤੇ ਮੈਂ ਤੇਰਾ ਪਿਆਰਾ ਬੱਚਾ। ਮੈਂ ਬਹੁਤ ਬੀਮਾਰ ਹੋ ਗਿਆ, ਤੈਨੂੰ ਅਨੁਭਵ ਹੋਇਆ ਕਿ ਮੇਰੇ ਬੱਚੇ ਦੇ ਚਲਾਣੇ ਦਾ ਸਮਾਂ ਆ ਗਿਆ ਹੈ, ਤੂੰ ਬਿਲਕ ਬਿਲਕ ਕੇ, ਦਾਤਾ ਜੀ ਦੇ ਦਰਬਾਰ ਅਰਜ਼ੋਈ ਕੀਤੀ, "ਹੇ ਦਾਤਾ ! ਇਸ ਬੱਚੇ ਦੀ ਥਾਂ ਮੈਨੂੰ ਲੈ ਜਾਵੋ।" ਤੇਰੀ ਦਰਦ-ਭਰੀ ਅਰਦਾਸ ਸੁਣੀ ਗਈ, ਤੂੰ ਚਲ ਵਸੀ ਤੇ ਮੈਨੂੰ ਮੁੜ ਨਵਾਂ ਜਨਮ ਮਿਲ ਗਿਆ। ਹੁਣ ਉਹ ਲੇਖਾ ਮੇਰੇ ਸਿਰ 'ਤੇ ਹੈ। ਤੇਰੇ ਪਿਛਲੇ ਜਨਮ ਦਾ ਪਿਆਰ ਮੇਰੇ ਅੰਦਰ ਉਮਡ-ਉਮਡ ਕੇ ਮੈਨੂੰ ਬੇਵਸ ਕਰ ਦਿੰਦਾ ਹੈ, ਤੇ ਮੈਨੂੰ ਤੂੰ ਬੱਚੀ ਦੀ ਥਾਂ 'ਮਾਂ' ਦਾ ਰੂਪ ਦਿਸਦੀ ਹੈਂ। ਇਸ ਕਰਕੇ ਮੈਂ ਕਈ ਵੇਰ ਤੈਨੂੰ ਕਿਹਾ ਹੈ ਕਿ ਮੈਨੂੰ 'ਮਾਂ' ਵਾਲਾ ਪਿਆਰ ਦੇ। ਪਰ ਤੇਰੇ ਅੰਦਰ ਮੇਰੇ ਲਈ ਪਿਤਾ-ਪਿਆਰ ਦਾ ਚਿਤਰ ਹੋਣ ਕਰਕੇ, ਤੂੰ ਇਹ ਗੱਲ ਸਮਝ ਨਹੀਂ ਸਕੀ। ਮੈਨੂੰ ਹੁਣ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਤੇਰੀ ਘੋਰ ਬੀਮਾਰੀ ਵਿਚ, ਤੇਰਾ ਅੰਤ

ਸਮਾਂ ਆਇਆ, ਤਾਂ ਅਸਾਂ ਭਾਈ ਸੇਵਾ ਸਿੰਘ ਦੇ ਬੁੰਗੇ ਵਿਖੇ ਸ੍ਰੀ ਅਖੰਡਪਾਠ ਰਖਿਆ। ਭੋਗ ਸਮੇਂ ਸਤਿਗੁਰੂ ਜੀ ਦੇ ਦਰਬਾਰ, ਦਰਦ ਭਰੀ ਅਰਦਾਸ ਕਰਕੇ ਬੇਨਤੀ ਕੀਤੀ, "ਹੇ ਮੇਰੇ ਸਤਿਗੁਰੂ , ਮੇਰੀ ਪਿਆਰੀ ਬੱਚੀ ਨੂੰ ਸੇਵਾ ਤੇ ਸਿਮਰਨ ਲਈ ਹੋਰ ਸਮਾਂ ਬਖ਼ਸ਼ੋ।" ਉਹ ਅਰਦਾਸ ਸੁਣੀ ਗਈ ਤੇ ਤੈਨੂੰ ਨਵਾਂ ਜਨਮ ਮਿਲਿਆ।

ਪਿਤਾ ਜੀ ਨੇ ਕਈ ਵੇਰ ਕਹਿਣਾ, "ਬੀਬੀ ਇਹ ਸਮਾਂ ਸੇਵਾ ਤੇ ਸਿਮਰਨ ਲਈ ਮਿਲਿਆ ਹੈ, ਦੇਖੀਂ ਕਿਤੇ ਢਿਲ ਨਾ ਕਰੀਂ।"

ਇਸ ਅਰਦਾਸ ਦਾ ਜ਼ਿਕਰ ਮੈਂ ਪਹਿਲਾਂ ਵੀ ਕੀਤਾ ਹੈ, ਪਰ ਪੂਰਬਲੇ ਸੰਜੋਗ ਬਾਰੇ ਨਹੀਂ ਸੀ ਲਿਖਿਆ, ਕਿਉਂਕਿ ਪਿਤਾ ਜੀ ਨੇ ਚਿੱਠੀ ਉਪਰ Confidential ਸ਼ਬਦ ਲਿਖਿਆ ਸੀ। ਹੁਣ ਜਦੋਂ ਮੇਰੇ ਪੂਜਯ ਪਿਤਾ ਜੀ ਦੀ ਜੀਵਨੀ ਲਿਖੀ ਜਾ ਰਹੀ ਹੈ ਤਾਂ ਮੇਰੇ ਮਨ ਵਿਚ ਇਹ ਅਗੰਮੀ ਪ੍ਰੇਰਨਾ ਉਠੀ ਹੈ ਕਿ ਆਪਣੇ ਤ੍ਰੈਕਾਲ-ਦਰਸ਼ੀ ਪਿਆਰੇ ਬਾਪੂ ਜੀ ਬਾਰੇ ਇਹ ਘਟਨਾ ਗੁਰ-ਸੰਗਤ ਨਾਲ ਸਾਂਝੀ ਕਰਾਂ।

## ਓਇ ਮੁਇਆ ਨ ਜਾਹੀ ਛੋੜਿ

ਮੇਰੇ ਪੂਜਯ ਪਿਤਾ ਸ੍ਰੀ ਬਾਊ ਮੱਲ ਸਿੰਘ ਜੀ 23 ਜੁਲਾਈ 1979 ਨੂੰ ਸ੍ਰੀ ਅੰਮ੍ਰਿਤਸਰ, ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਗੁਰਪੁਰੀ ਸਿਧਾਰ ਗਏ ਅਤੇ ਸਾਨੂੰ ਸਭਨਾਂ ਨੂੰ ਦਰਦਾਂ ਭਰਿਆ ਸਦੀਵੀ ਸਰੀਰਕ ਵਿਛੋੜਾ ਦੇ ਗਏ।

ਮੈਂ ਪਹਿਲੇ ਦਿਨ 22 ਜੁਲਾਈ ਨੂੰ ਉਨ੍ਹਾਂ ਦੇ ਪਾਸ ਸਾਂ। ਸ਼ਾਮ ਨੂੰ ਕੋਈ ਚਾਰ ਕੁ ਵਜੇ ਸਾਨੂੰ ਪ੍ਰਤੀਤ ਹੋਇਆ ਕਿ ਉਨ੍ਹਾਂ ਨੂੰ ਸਾਹ ਲੈਣ ਵਿਚ ਕੁਝ ਔਖ ਹੈ। ਅਸੀਂ ਰਤਾ ਚਿੰਤਾਤੁਰ ਹੋਏ ਤੇ ਡਾਕਟਰ ਨੂੰ ਬੁਲਾਇਆ। ਉਸ ਨੇ ਟੀਕਾ ਲਗਾਇਆ ਅਤੇ ਬੜੀ ਤਸੱਲੀ ਦਿੱਤੀ ਕਿ ਮੁਸੱਮੀ ਦਾ ਰਸ ਪੀਣ ਸਮੇਂ ਇਨ੍ਹਾਂ ਨੂੰ ਉਥੂ ਆ ਗਿਆ ਹੈ, ਹੋਰ ਕੋਈ ਗੱਲ ਨਹੀਂ। ਠੀਕ ਹੋ ਜਾਣਗੇ। ਪਤਾ ਨਹੀਂ ਕਿਉਂ, ਮੇਰਾ ਮਨ ਡੋਲ ਗਿਆ। ਡਾਕਟਰ ਦੀ ਗੱਲ ਨੂੰ ਮਨ ਸਵੀਕਾਰ ਨਹੀਂ ਸੀ ਕਰ ਰਿਹਾ।

ਪੱਟੀ ਜਾਣ ਵਾਲੀ ਗੱਡੀ ਦਾ ਵਕਤ ਹੋ ਗਿਆ। ਮੇਰਾ ਜੀਅ ਨਾ ਕਰੇ ਕਿ ਪਿਆਰੇ ਬਾਪੂ ਜੀ ਪਾਸੋਂ ਜਾਵਾਂ। ਪਰ ਡਾਕਟਰ ਦੀ ਤਸੱਲੀ ਦੇਣ 'ਤੇ ਮੇਰੇ ਵੀਰ ਕੁਲਵੰਤ ਸਿੰਘ ਨੇ ਪਿਆਰ ਨਾਲ ਸਮਝਾਇਆ, "ਭੈਣ, ਤੂੰ ਦੋ ਦਿਨਾਂ ਤੋਂ ਬਾਪੂ ਜੀ ਪਾਸ ਹੈਂ, ਅਸੀਂ ਸਾਰੇ ਰਾਤ ਨੂੰ ਇਨ੍ਹਾਂ ਪਾਸ ਰਹਿ ਨਹੀਂ ਸਕਦੇ। ਹੁਣ ਤੁਸੀਂ ਪੱਟੀ ਚਲੇ ਜਾਓ, ਕਲ੍ਹ ਕਾਲਜ ਦੇ ਕੰਮ ਤੋਂ ਛੁੱਟੀ ਲੈ ਕੇ ਆ ਜਾਣਾ।" ਪ੍ਰੋਫ਼ੈਸਰ ਸਾਹਿਬ ਜੀ ਦੀ ਵੀ ਇਹੋ ਰਾਏ ਸੀ।

ਵਕਤ ਪੰਜ ਸ਼ਾਮ ਦਾ ਹੋ ਗਿਆ। ਛੇ ਵਜੇ ਗੱਡੀ ਚਲਣੀ ਸੀ। ਮੈਂ ਮਜਬੂਰ ਜਿਹੀ ਹੋ ਕੇ ਤੁਰ ਪਈ। ਪਰ ਆਉਣ ਵੇਲੇ ਮੈਂ ਆਪਣੇ ਸਭ ਤੋਂ ਪਿਆਰੇ ਬਾਪੂ ਜੀ ਨੂੰ ਪਿਆਰ ਕੀਤਾ, ਮੱਥੇ 'ਤੇ ਸਿਰ ਰਖ ਕੇ ਕਿਹਾ, "ਹੁਣ ਠੀਕ ਹੋ ਜਾਓ, ਸਾਥੋਂ ਤੁਹਾਡੀ ਤਕਲੀਫ਼ ਜਰੀ ਨਹੀਂ ਜਾਂਦੀ।" ਇਹ ਪਤਾ ਨਹੀਂ ਸੀ ਕਿ ਇਹ ਸਾਡਾ ਆਖ਼ਰੀ ਮੇਲਾ ਹੈ। ਮੇਰਾ ਦਿਲ ਡੁਬਦਾ ਜਾਂਦਾ ਸੀ। ਪ੍ਰੋਫ਼ੈਸਰ ਸਾਹਿਬ ਮੈਨੂੰ ਗੱਡੀ ਚੜ੍ਹਾ ਕੇ ਵਾਪਸ ਹਸਪਤਾਲ ਚਲੇ ਗਏ।

ਮੇਰਾ ਦਿਲ ਡੂੰਘਾ ਉਦਾਸ ਸੀ। ਸਾਰੀ ਰਾਤ ਮੈਂ ਸੌਂ ਨਾ ਸਕੀ। ਮੈਨੂੰ ਸਚਮੁਚ ਹੀ ਇਉਂ ਸੁਣੀਂਦਾ ਸੀ ਜਿਵੇਂ ਕਿ ਬਾਪੂ ਜੀ ਓਪਰੇ ਜਿਹੇ ਸਾਹ ਲੈ ਰਹੇ ਹਨ। ਮੇਰੇ ਪਾਸ ਇਕ

ਲੈਕਚਰਾਰ ਬੀਬੀ ਰਹਿੰਦੀ ਸੀ। ਉਹ ਨਾਲ ਦੀ ਮੰਜੀ 'ਤੇ ਸੁੱਤੀ ਹੋਈ ਸੀ। ਰਾਤ ਦੀ ਮੇਰੀ ਬੇਅਰਾਮੀ ਦੇਖ ਕੇ ਉਸ ਪੁਛਿਆ, "ਅੱਜ ਕੀ ਗੱਲ ਹੈ, ਰਾਤ ਜਦੋਂ ਵੀ ਮੈਨੂੰ ਜਾਗ ਆਉਂਦੀ ਰਹੀ, ਤੁਸੀਂ ਬੈਠੇ ਹੋਏ ਸੋ?" ਮੇਰੀਆਂ ਅੱਖਾਂ ਵਿਚ ਹੰਝੂ ਆ ਗਏ ਤੇ ਕਿਹਾ, "ਮੇਰੇ ਬਾਪੂ ਜੀ ਠੀਕ ਨਹੀਂ।"

ਸਵੇਰੇ ਸੱਤ ਵਜੇ ਦੀ ਗੱਡੀ ਆਈ, ਮੇਰਾ ਦਿਲ ਕਰੇ, ਮੈਂ ਭੱਜ ਕੇ ਗੱਡੀ 'ਤੇ ਚਲੀ ਜਾਵਾਂ। ਫਿਰ ਖ਼ਿਆਲ ਆਵੇ ਕਿ ਜਿਸ ਤਰ੍ਹਾਂ ਕਲ੍ਹ ਪ੍ਰੋਗਰਾਮ ਬਣਾਇਆ ਸੀ, ਓਹੋ ਹੀ ਠੀਕ ਹੋਵੇਗਾ। ਕਾਲਜ ਲਈ ਜੋ ਮੇਰਾ ਫ਼ਰਜ਼ ਸੀ, ਉਸ ਨੇ ਮੈਨੂੰ ਟੁਰਨ ਨਾ ਦਿੱਤਾ। ਫਿਰ ਗਿਆਰਾਂ ਵਜੇ ਦੀ ਗੱਡੀ ਆਈ। ਮੈਂ ਟੁਰਨ ਨੂੰ ਤਿਆਰ ਹੋਈ, ਪਰ ਫਿਰ ਬਣੇ ਪ੍ਰੋਗਰਾਮ ਬਾਰੇ ਸੋਚ ਕੇ ਰਹਿ ਗਈ। ਮਨ ਬੜਾ ਬੇਚੈਨ ਸੀ। ਉਹ ਤਾਂ ਉਠ ਕੇ ਜਾਣਾ ਚਾਹੁੰਦਾ ਸੀ, ਪਰ ਤਨ ਨੇ ਸਾਥ ਨਾ ਦਿੱਤਾ। ਤਿੰਨ ਵਜੇ ਦੀ ਗੱਡੀ ਲੇਟ ਸੀ ਤੇ ਮੈਂ ਕਾਹਲੀ ਸਾਂ।

ਉਪਰਲੇ ਘਰ ਵਾਲਿਆਂ ਅਵਾਜ਼ ਦਿੱਤੀ, "ਤੁਹਾਡਾ ਟੈਲੀਫ਼ੋਨ"। ਬਸ ਮੇਰੇ ਕਦਮ ਭਾਰੇ ਹੋ ਗਏ। ਮਨ ਨੇ ਕਿਹਾ, 'ਭਾਣਾ ਵਰਤ ਗਿਆ ਹੈ ਤੇ ਤੂੰ ਆਖ਼ਰੀ ਦਰਸ਼ਨਾਂ ਤੋਂ ਵਿਰਵੀ ਤੜਫਦੀ ਰਹਿ ਗਈ ਹੈਂ।' ਮਸੇ ਉਪਰ ਗਈ। ਗਿਆਨੀ ਗੁਰਬਚਨ ਸਿੰਘ ਜੀ ਦੀ ਅਵਾਜ਼ ਸੀ -"ਸ੍ਰੀ ਬਾਊ ਜੀ !" ਹਾਲੀ ਉਨ੍ਹਾਂ ਨੇ ਗੱਲ ਪੂਰੀ ਨਹੀਂ ਸੀ ਕੀਤੀ, ਮੈਂ ਕਿਹਾ, "ਬਸ?" ਉਨ੍ਹਾਂ ਕਿਹਾ, "ਸ੍ਰੀ ਬਾਊ ਜੀ ਦਾ ਸਰੀਰ ਸ੍ਰੀ ਤਰਨ ਤਾਰਨ ਸਾਹਿਬ ਲੈ ਗਏ ਹਨ, ਸਸਕਾਰ ਸ਼ਾਮ ਨੂੰ ਪੰਜ ਵਜੇ ਹੋਵੇਗਾ।" ਇਹ ਅੱਖਰ ਅਣੀਆਲੇ ਤੀਰਾਂ ਵਾਂਗ ਅੰਦਰ ਧਸ ਗਏ। ਮੈਂ ਥੱਲੇ ਆਈ। ਜੋ ਬੀਬੀ ਮੇਰੇ ਪਾਸ ਰਹਿੰਦੀ ਸੀ, ਉਸ ਨੇ ਮੇਰੀ ਬਿਖਰੀ ਹਾਲਤ ਦੇਖ ਕੇ ਹੈਰਾਨੀ ਨਾਲ ਪੁਛਿਆ, "ਕੀ ਗੱਲ ਹੈ?" ਮੈਂ ਕਿਹਾ, "ਮੇਰੇ ਬਾਪੂ ਜੀ ....." ਅਗੋਂ ਬੋਲ ਨਾ ਸਕੀ।

ਗੱਡੀ ਆ ਗਈ ਤੇ ਮਸਾਂ ਉਹ ਸਫ਼ਰ ਕੱਟਿਆ। ਘਰ ਜਾ ਕੇ ਦੇਖਿਆ ਕਿ ਬਾਪੂ ਜੀ ਦੇ ਅੰਤਮ ਦਰਸ਼ਨਾਂ ਨੂੰ ਸਾਰਾ ਵਿਹੜਾ ਗੁਰਸਿਖ ਸੰਗਤਾਂ ਨਾਲ ਭਰਪੂਰ ਸੀ। ਮੇਰੇ ਬਾਪੂ ਜੀ ਸਦਾ ਦੀ ਸੁਖ-ਨੀਂਦੇ ਸ਼ਾਂਤ ਹੋ ਚੁੱਕੇ ਸਨ। ਮੇਰੇ ਮੂੰਹੋਂ ਅਵਸ਼ ਇਹੋ ਸ਼ਬਦ ਸੀ, "ਬਸ?"

ਸੰਗਤਾਂ ਨੇ ਵੈਰਾਗ ਵਿਚ ਕੀਰਤਨ ਕਰਦਿਆਂ ਅਰਥੀ ਚੁੱਕੀ। ਸ੍ਰੀ ਦਰਬਾਰ ਸਾਹਿਬ ਮੱਥਾ ਟਿਕਾਇਆ। ਹੈੱਡ ਗ੍ਰੰਥੀ ਸਾਹਿਬ ਫੁਲਾਂ ਦਾ ਹਾਰ ਅਤੇ ਸਿਰੋਪਾਉ ਲੈ ਕੇ ਆਏ। ਸਾਰਾ ਸ਼ਹਿਰ ਨਾਲ ਹੋ ਤੁਰਿਆ। ਜੋ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ, ਉਹ ਇਨ੍ਹਾਂ ਅੱਖਾਂ ਨੇ ਵੇਖਿਆ ਤੇ ਜਰਨਾ ਪਿਆ।

ਘਰ ਆ ਕੇ ਸਹਿਜ ਪਾਠ ਰਖਿਆ ਗਿਆ, ਜੋ ਪਰਿਵਾਰ ਨੇ ਅਤੇ ਸਭ ਸੰਗਤਾਂ ਨੇ ਆਪ ਕੀਤਾ। ਸਾਰਿਆਂ ਵਲੋਂ ਤਸੱਲੀ ਦੇਣ 'ਤੇ ਵੀ ਮੇਰਾ ਮਨ ਡੂੰਘੀ ਉਦਾਸੀ ਵਿਚ ਡੁਬਦਾ ਜਾ ਰਿਹਾ ਸੀ। ਅੱਖਾਂ ਵਿਚੋਂ ਹੰਝੂ ਵਰਸਦੇ ਰਹੇ। ਰਾਤ ਪਈ, ਜੋ ਮਸਾਂ ਬੀਤੀ। ਦਿਨ ਚੜ੍ਹਿਆ।

ਫਿਰ ਦੂਜੀ ਰਾਤ ਆ ਗਈ। ਮਨ ਨੇ ਜ਼ਿਦ ਫੜ ਲਈ। ਮੈਂ ਰੱਜ ਕੇ ਰੋਈ ਅਤੇ ਬਾਪੂ ਜੀ ਨੂੰ ਕਹਿਣਾ ਸ਼ੁਰੂ ਕੀਤਾ, "ਤੁਸੀਂ ਮੈਨੂੰ ਮਿਲ ਕੇ ਕਿਉਂ ਨਹੀਂ ਗਏ? ਤੁਸੀਂ ਮੈਨੂੰ ਹਮੇਸ਼ਾਂ ਕਹਿੰਦੇ ਸੋ, ਤੂੰ ਮੇਰੀ ਸਭ ਤੋਂ ਪਿਆਰੀ ਬੱਚੀ ਹੈਂ ! ਕੀ ਫਿਰ ਤੁਹਾਡਾ ਇਹੋ ਪਿਆਰ ਸੀ ਕਿ ਮੈਨੂੰ ਹਸਪਤਾਲੋਂ ਤੋਰ ਕੇ, ਆਪ ਬਿਨਾਂ ਮਿਲੇ ਹੀ ਉਡਾਰੀ ਮਾਰ ਗਏ?" ਫਿਰ ਮਨ ਦੂਜੇ

ਪਾਸੇ ਹੋ ਗਿਆ ਕਿ "ਇਹ ਠੀਕ ਹੈ ਜੁ ਅਟੱਲ ਹੁਕਮ ਅਨੁਸਾਰ ਤੁਹਾਨੂੰ ਜਾਣਾ ਪਿਆ ਹੈ।" "ਤੁਸੀਂ ਮਹਾਨ ਆਤਮਾ ਸੌ, ਤੁਹਾਡਾ ਹੁਕਮ ਕੌਣ ਫੇਰ ਸਕਦਾ ਸੀ, ਜੇਕਰ ਤੁਸੀਂ ਕਹਿੰਦੇ, ਮੈਂ ਆਪਣੀ ਬੱਚੀ ਨੂੰ ਮਿਲ ਕੇ ਬੇਗਮਪੁਰੇ ਜਾਣਾ ਹੈ। ਤੁਸੀਂ ਮੇਰੇ ਮਿਲੇ ਬਿਨਾਂ ਕਿਉਂ ਚਲੇ ਗਏ, ਕਿਉਂ ਚਲੇ ਗਏ !!" ਮੈਂ ਬੱਚਿਆਂ ਵਾਂਗ ਜ਼ਿਦ ਕੀਤੀ ਤੇ ਸਿਰਹਾਣਾ ਫੇਰ ਹੰਝੂਆਂ ਨਾਲ ਭਿਜ ਗਿਆ। ਮਨ ਵਸੋਂ ਬਾਹਰ ਹੋ ਕੇ ਨਿਹੋਰੇ ਮਾਰੀ ਜਾਵੇ, "ਬਸ ਇਹੋ ਸੀ ਤੁਹਾਡਾ ਪਿਆਰ !" ਹੁਣ ਮੈਂ ਪਛਤਾਉਂਦੀ ਹਾਂ ਕਿ ਮੈਂ ਅਜਿਹੀ ਜ਼ਿਦ ਕਿਉਂ ਕੀਤੀ।

ਇਸੇ ਹਾਲਤ ਵਿਚ ਕੁਝ ਪਲ ਮੇਰੀਆਂ ਪਲਕਾਂ ਜੁੜ ਗਈਆਂ ਤੇ ਮੈਂ ਆਪਣੇ ਮੱਥੇ 'ਤੇ ਸੱਜੇ ਪਾਸੇ ਤੋਂ ਖੱਬੇ ਪਾਸੇ, ਮੂੰਹ ਤਕ ਬੜਾ ਹੀ ਕੋਮਲ ਤੇ ਪਿਆਰ-ਭਿਜਾ ਸਪਰਸ਼ ਮਹਿਸੂਸ ਕੀਤਾ। ਠੰਢ ਪੈ ਗਈ, ਮਨ ਸ਼ਾਂਤ ਹੋ ਗਿਆ। ਨੈਣ ਨੀਂਦਰਾਵਲੇ ਜਹੇ ਸਨ। ਮੈਨੂੰ ਕੋਈ ਆਕਾਰ ਨਹੀਂ ਦਿਸਿਆ, ਪਰ ਮੁਖ਼ਾਤਬ ਹੋ ਕੇ ਫਤਿਹ ਦੀ ਆਵਾਜ਼ ਆਈ, "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ .....

ਹੁਣ ਮਿਲ ਲੈ। ਇਹ ਮੇਰੀ ਜਾਣੀ ਪਛਾਣੀ, ਮੇਰੇ ਪਿਆਰੇ ਬਾਪੂ ਜੀ ਦੀ ਆਵਾਜ਼ ਸੀ। ਮੇਰੇ ਤਰਸਦੇ ਕੰਨਾਂ ਨੇ ਇਹ ਗਰਜਵੀਂ ਅਵਾਜ਼ ਚੰਗੀ ਤਰ੍ਹਾਂ ਸੁਣੀ। ਮੈਂ ਤ੍ਰਭਕ ਕੇ ਉਠ ਬੈਠੀ। ਹੰਝੂ ਹਾਲੀ ਵੀ ਵਹਿ ਰਹੇ ਸਨ, ਪਰ ਹੁਣ ਇਹ ਹੰਝੂ ਸ਼ੁਕਰ ਦੇ ਸਨ।

ਪ੍ਰੋਫ਼ੈਸਰ ਸਾਹਿਬ ਸਿਮਰਨ ਵਿਚ ਜੁਟੇ ਹੋਏ ਵੈਰਾਗਮਈ ਦਸ਼ਾ ਵਿਚ ਲਾਗੇ ਬੈਠੇ ਹੋਏ ਸਨ। ਮੈਥੋਂ ਇਹ ਆਤਮਕ ਮਿਲਾਪ ਦੀ ਖੁਸ਼ੀ ਜਰੀ ਨਾ ਗਈ। ਮੈਂ ਉਨ੍ਹਾਂ ਨੂੰ ਕਿਹਾ, "ਹੁਣੇ ਹੀ ਪਿਆਰੇ ਬਾਪੂ ਜੀ ਮੈਨੂੰ ਮਿਲ ਕੇ ਗਏ ਹਨ।" ਉਨ੍ਹਾਂ ਦੇ ਮੂੰਹੋਂ ਸਹਿਜੇ ਹੀ ਇਹ ਸ਼ਬਦ ਨਿਕਲੇ-

**"ਓਇ ਮੁਇਆ ਨ ਜਾਹੀ ਛੋੜਿ ॥"**

*(ਪੰਨਾ ੧੧੦੨)*

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪਹਿਲੇ ਦਰਸ਼ਨ-

*(ਵਲੋਂ -ਭਾਈ ਸਾਹਿਬ ਰਾਮ ਸਿੰਘ ਜੀ)*

1957 ਦੇ ਅਰੰਭ ਵਿਚ ਦਾਸ ਹਲਵਾਰਾ (ਲੁਧਿਆਣਾ) ਵਿਖੇ ਆਪਣੀ ਨੌਕਰੀ 'ਤੇ ਪੋਸਟਿਡ ਸੀ। 'ਜੇਲ੍ਹ-ਚਿੱਠੀਆਂ' ਪੁਸਤਕ ਪੜ੍ਹਨ ਨਾਲ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਲਈ, ਇਕ ਦਿਨ ਮਨ ਵਿਚ ਬੜੀ ਤੀਬਰ ਇੱਛਾ ਉਤਪੰਨ ਹੋ ਪਈ। ਦਾਸ ਆਉਂਦੇ ਐਤਵਾਰ ਸਵੇਰੇ ਪਹਿਲੀ ਬਸ ਫੜ ਕੇ, ਪਹੁ-ਫੁਟਣ ਦੇ ਨਾਲ ਹੀ ਲੁਧਿਆਣਾ ਰੇਲਵੇ ਸਟੇਸ਼ਨ ਦੇ ਸਾਹਮਣੇ, ਘੰਟਾ ਘਰ ਲਾਗੇ, ਬਸ ਤੋਂ ਜਾ ਉਤਰਿਆ। ਦਾਸ ਨੇ ਮੂਰਖਤਾ ਇਹ ਕੀਤੀ ਕਿ ਭਾਈ ਸਾਹਿਬ ਜੀ ਦੇ ਟਿਕਾਣੇ ਬਾਰੇ ਕਿਸੇ ਪਾਸੋਂ ਪਹਿਲੋਂ ਪੁਛਿਆ ਹੀ ਨਾ। ਉਨ੍ਹਾਂ ਦੀਆਂ ਵਡਿਆਈਆਂ ਤੇ ਘਾਲਣਾ ਸੁਣ-ਪੜ੍ਹ ਕੇ ਹੀ ਮਸਤ ਰਹਿੰਦਾ ਰਿਹਾ।

ਬਸ ਤੋਂ ਉਤਰ ਕੇ ਖ਼ਿਆਲ ਆਇਆ ਕਿ ਹੁਣ ਕਿਧਰ ਨੂੰ ਜਾਇਆ ਜਾਏ ਅਤੇ ਕਿਸ ਪਾਸੋਂ ਭਾਈ ਸਾਹਿਬ ਜੀ ਦਾ ਟਿਕਾਣਾ ਪੁੱਛਾਂ। ਘੰਟਾ ਘਰ ਤੋਂ ਕਈ ਸੜਕਾਂ ਇਧਰ ਉਧਰ ਨਿਕਲਦੀਆਂ ਸਨ। ਐਵੇਂ ਅਟਕਲ-ਪੱਚੂ ਹੀ ਉਨ੍ਹਾਂ ਵਿਚੋਂ ਇਕ ਸੜਕ 'ਤੇ ਤੁਰ ਪਿਆ। ਤੁਰੇ ਜਾਂਦੇ ਨੂੰ ਅਗੋਂ ਇਕ ਸਰਦਾਰ ਜੀ ਆਉਂਦੇ ਮਿਲ ਪਏ। ਦਾਸ ਨੇ 'ਸਤਿ ਸ੍ਰੀ ਅਕਾਲ' ਬੁਲਾਈ। ਉਨ੍ਹਾਂ ਨੇ ਭੀ ਪ੍ਰੇਮ ਨਾਲ 'ਸਤਿ ਸ੍ਰੀ ਅਕਾਲ' ਵਿਚ ਉੱਤਰ ਦਿੱਤਾ। ਦਾਸ ਨੇ ਪੁਛ ਕੀਤੀ, "ਸੰਤ ਰਣਧੀਰ ਸਿੰਘ ਜੀ ਹੁਰੀਂ ਇਥੇ ਕਿਥੇ ਰਹਿੰਦੇ ਨੇ?" "ਮੈਨੂੰ ਨਹੀਂ ਪਤਾ", ਉਨ੍ਹਾਂ ਦਾ ਉਤਰ ਸੀ। "ਅੱਛਾ, ਖੇਚਲ ਵਜੋਂ ਮਾਫ਼ ਕਰਨਾ", ਦਾਸ ਨੇ ਕਿਹਾ, ਅਤੇ ਦਾਸ ਅਗੇ ਨੂੰ ਚਲਦਾ ਹੋਇਆ।

ਕਾਫ਼ੀ ਦੂਰ ਅਗੇ ਜਾ ਕੇ ਇਕ ਹੋਰ ਸਰਦਾਰ ਜੀ ਕਮੇਟੀ ਦੇ ਨਲਕੇ 'ਤੇ ਦਾਤਣ ਕਰ ਰਹੇ ਦਿਸੇ। ਉਨ੍ਹਾਂ ਪਾਸ ਜਾ ਕੇ 'ਸਤਿ ਸ੍ਰੀ ਅਕਾਲ' ਕਹੀ ਅਤੇ ਸੰਤ ਰਣਧੀਰ ਸਿੰਘ ਜੀ ਦਾ ਟਿਕਾਣਾ ਪੁਛਿਆ। ਉਸ ਸਰਦਾਰ ਨੇ ਅਗੋਂ ਇਹ ਪੁਛ ਕੀਤੀ-

"ਜਿਹੜਾ ਕੀਰਤਨ ਕਰਦਾ ਹੁੰਦਾ?"

"ਹਾਂ ਜੀ, ਜਿਹੜੇ ਕੀਰਤਨ ਕਰਦੇ ਹੁੰਦੇ ਨੇ।"

"ਸਿਵਲ ਲਾਈਨ ਵਿਚ ਜਾ ਕੇ ਪਤਾ ਕਰੋ। ਉਹ ਉਥੇ ਕੀਰਤਨ ਕਰਦਾ ਹੁੰਦਾ।"

ਦਾਸ ਨੇ ਸਰਦਾਰ ਜੀ ਦਾ ਧੰਨਵਾਦ ਕੀਤਾ ਅਤੇ ਲਾਗੇ ਖਲੋਤੇ ਇਕ ਰਿਕਸ਼ੇ ਵਾਲੇ ਨੂੰ ਸਿਵਲ-ਲਾਈਨਜ਼ ਜਾਣ ਲਈ ਪੁਛਿਆ। ਉਸ ਨੇ ਕਿਹਾ, "ਬੋਹਣੀ ਦਾ ਸਮਾਂ ਹੈ, ਬੈਠ ਜਾਓ, ਚਾਰ ਆਨੇ ਲਵਾਂਗਾ।" ਦਾਸ ਰਿਕਸ਼ੇ ਵਿਚ ਬੈਠ ਗਿਆ ਅਤੇ ਰਿਕਸ਼ਾ ਸਿਵਲ ਲਾਈਨਜ਼ ਵਲ ਰੋੜ੍ਹੇ ਪੈ ਗਿਆ। ਆਮ ਲੁਕਾਈ ਤਾਂ ਅਜੇ ਸੁੱਤੀ ਹੀ ਪਈ ਸੀ। ਕੋਈ ਟਾਵਾਂ ਟਾਵਾਂ ਹੀ ਉਠਿਆ ਹੋਇਆ ਸੀ। ਸਿਵਲ ਲਾਈਨਜ਼ ਵਿਚ ਪਹੁੰਚ ਕੇ ਰਿਕਸ਼ੇ

ਵਾਲਾ ਕਹਿਣ ਲੱਗਾ, "ਕਿਹੜੀ ਕੋਠੀ ਜਾਣਾ ਜੇ?" (ਦਾਸ ਉਸ ਨੂੰ ਕਿਹੜੀ ਕੋਠੀ ਦਸਦਾ?) ਦਾਸ ਨੇ ਕਿਹਾ, "ਮੈਨੂੰ ਕੋਠੀ ਦਾ ਨੰਬਰ ਭੁਲ ਗਿਆ ਹੈ, ਤੂੰ ਥੋੜ੍ਹਾ ਹੋਰ ਅਗੇ ਗੇੜਾ ਕੱਢ, ਮੈਂ ਤੈਨੂੰ ਜਗ੍ਹਾ ਦਸ ਦਿਆਂਗਾ।"

ਏਨੀ ਦੇਰ ਨੂੰ ਕੁਝ ਵਿਥ 'ਤੇ ਇਕ ਸਰਦਾਰ ਅਤੇ ਸਰਦਾਰਨੀ ਸਵੇਰ ਦੀ ਸੈਰ ਕਰਨ ਲਈ ਕੋਠੀਓਂ ਨਿਕਲਦੇ ਨਜ਼ਰੀਂ ਪਏ। ਦਾਸ ਨੇ ਰਿਕਸ਼ੇ ਵਾਲੇ ਨੂੰ ਉਨ੍ਹਾਂ ਪਾਸ ਪਹੁੰਚਣ ਲਈ ਕਿਹਾ। ਉਨ੍ਹਾਂ ਲਾਗੇ ਪੁਜ ਕੇ ਦਾਸ ਨੇ ਰਿਕਸ਼ੇ ਤੋਂ ਉਤਰ ਕੇ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਅਤੇ ਸੰਤ ਰਣਧੀਰ ਸਿੰਘ ਜੀ ਦੇ ਟਿਕਾਣੇ ਬਾਰੇ ਪੁਛਿਆ। ਉਨ੍ਹਾਂ ਨੇ ਬੜੇ ਚੱਜ-ਆਚਾਰ ਨਾਲ ਦਸਿਆ ਕਿ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਤੋਂ ਪਤਾ ਕਰੋ ਅਤੇ ਨਾਲ ਹੀ ਦਸਿਆ ਕਿ ਉਹ ਆਮ ਤੌਰ 'ਤੇ ਉਥੇ ਹੀ ਕੀਰਤਨ ਕਰਦੇ ਹੁੰਦੇ ਹਨ। ਦਾਸ ਨੇ ਖੇਚਲ ਵਜੋਂ ਉਨ੍ਹਾਂ ਦਾ ਧੰਨਵਾਦ ਕੀਤਾ।

ਹੁਣ ਰਿਕਸ਼ੇ ਵਾਲੇ ਨੂੰ ਮਾਡਲ ਟਾਊਨ ਪਹੁੰਚਾਣ ਦਾ ਕਿਰਾਇਆ ਪੁੱਛਿਆ। ਉਸ ਨੇ ਕਿਹਾ, "ਜੀ, ਇਕ ਚਵਾਨੀ ਹੋਰ।" ਦਾਸ ਰਿਕਸ਼ੇ 'ਤੇ ਮਾਡਲ ਟਾਊਨ ਗੁਃ ਸਿੰਘ ਸਭਾ ਪਾਸ ਆ ਪੁਜਾ। ਗੁਰਦੁਆਰਾ ਸਾਹਿਬ ਦੇ ਬਾਹਰ ਸੜਕ 'ਤੇ ਕੁਝ ਸਿੰਘ ਬਚਨ-ਬਿਲਾਸ ਕਰ ਰਹੇ ਸਨ। ਉਨ੍ਹਾਂ ਨੂੰ 'ਸਤਿ ਸ੍ਰੀ ਅਕਾਲ' ਬੁਲਾ ਕੇ ਪੁਛਿਆ, "ਸੰਤ ਰਣਧੀਰ ਸਿੰਘ ਜੀ ਹੁਰੀਂ ਕਿਥੇ ਹੁੰਦੇ ਹਨ?" ਉਨ੍ਹਾਂ ਗੁਰਮੁਖਾਂ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਵਲ ਦੋਹਾਂ ਹੱਥਾਂ ਦਾ ਇਸ਼ਾਰਾ ਕੀਤਾ ਅਤੇ ਇਕ ਨੇ ਕਿਹਾ, "ਸ੍ਰੀਮਾਨ ਜੀ ਅੰਦਰ ਸੰਗਤ ਵਿਚ ਸਸ਼ੋਭਤ ਹਨ।" ਇਹ ਸੁਣ ਕੇ ਦਾਸ ਦੀ ਖੁਸ਼ੀ ਦੀ ਹੱਦ ਨਾ ਰਹੀ ਕਿ ਟਿਕਾਣੇ 'ਤੇ ਪੁਜ ਗਿਆ ਹਾਂ ਅਤੇ ਘਾਲ ਥਾਂਇ ਪਈ ਹੈ। ਦਾਸ ਨੇ ਪ੍ਰਸੰਨਤਾ ਵਿਚ ਰਿਕਸ਼ੇ ਵਾਲੇ ਨੂੰ ਇਕ ਰੁਪਿਆ ਇਵਜ਼ਾਨਾ ਦਿੱਤਾ। ਉਹ ਵੀ ਬੜਾ ਖੁਸ਼ ਹੋ ਗਿਆ ਅਤੇ ਸਲਾਮ ਕਰਦਾ ਵਾਪਸ ਮੁੜ ਪਿਆ। ਉਨ੍ਹੀਂ ਦਿਨੀਂ ਇਕ ਰੁਪਏ ਦਾ ਤਿੰਨ ਸੇਰ ਚੁਆਵਾਂ ਦੁਧ ਮਿਲ ਜਾਂਦਾ ਸੀ। ਭਾਵ ਇਹ ਕਿ ਰੁਪਏ ਦੀ ਕਾਫ਼ੀ ਕਦਰ ਸੀ।

ਦਾਸ ਗੁਰਦੁਆਰਾ ਸਾਹਿਬ ਦੀ ਹਦੂਦ ਵਿਚ ਜਾ ਦਾਖ਼ਲ ਹੋਇਆ। ਜੋੜਾ ਉਤਾਰਿਆ, ਪੈਰ ਧੋਤੇ ਅਤੇ ਮੱਥਾ ਟੇਕਣ ਲਈ ਸਹਿਜੇ ਸਹਿਜੇ ਗੁਰੂ ਜੀ ਵਲ ਵਧਦਾ ਗਿਆ। ਦਾਸ ਨੂੰ ਭਾਈ ਸਾਹਿਬ ਜੀ ਦੇ ਪਹਿਰਾਵੇ ਦਾ ਤਾਂ ਪਤਾ ਹੀ ਨਹੀਂ ਸੀ, ਇਸ ਲਈ ਕੋਈ ਸਮਝ ਨਾ ਆਵੇ ਕਿ ਇਤਨੀ ਗਹਿਮਾ-ਗਹਿਮ ਵਿਚ ਕਿਹੜੇ ਵਿਅਕਤੀ ਸੰਤ ਰਣਧੀਰ ਸਿੰਘ ਜੀ ਹਨ। ਕੀਰਤਨੀਆਂ ਦੇ ਪਿਛੇ ਇਕ ਵਿਅਕਤੀ ਬੈਰਾਗਣ ਤੇ ਦੋਇ ਹੱਥ ਧਰੀ, ਆਪਣੇ ਸੀਸ ਤੇ ਚੇਹਰੇ ਨੂੰ ਮਲਮਲ ਦੇ ਕਪੜੇ ਨਾਲ ਢੱਕੀ ਬੈਠੇ ਸਨ। ਖਿਆਲ ਆਇਆ ਕਿ ਸ਼ਾਇਦ ਇਹੋ ਹੀ ਸੰਤ ਜੀ ਹੋਣ। ਦਾਸ ਚਾਹੁੰਦਾ ਤਾਂ ਸੀ ਕਿ ਉਨ੍ਹਾਂ ਦੇ ਸਨਮੁਖ ਹੋ ਕੇ ਬੈਠਾਂ, ਪਰ ਉਥੇ ਤਾਂ ਤਿੱਲ ਸੁਟਿਆਂ ਭੁੰਞੇ ਨਹੀਂ ਸੀ ਪੈਂਦਾ, ਤਾਂ ਦਾਸ ਨੂੰ ਬੈਠਣ ਲਈ ਥਾਂ, ਉਥੇ ਕਿਥੇ ਲਭਣੀ ਸੀ ?

ਦਾਸ ਨੂੰ ਕੀਰਤਨੀ ਸਿੰਘਾਂ ਵਾਲੀ ਥਾਂ ਤੋਂ ਕੋਈ 45 ਕੁ ਡਿਗਰੀ ਦੀ ਟੇਢ 'ਤੇ, ਕਾਫ਼ੀ ਪਿੱਛੇ ਹਟਵੀਂ ਜਹੀ ਜਗ੍ਹਾ 'ਤੇ ਬੈਠਣ ਲਈ ਥਾਂ ਮਿਲੀ।

ਦਾਸ ਭਾਈ ਸਾਹਿਬ ਜੀ ਵਲ ਟਿਕਟਿਕੀ ਲਾ ਕੇ ਬੈਠ ਗਿਆ ਅਤੇ ਮਨ ਵਿਚ ਧਾਰ ਲਿਆ ਕਿ ਕਦੇ ਤਾਂ ਚੇਹਰੇ ਤੋਂ ਪਰਦਾ ਚੁੱਕਣਗੇ ਹੀ ਨਾ ! ਬਸ ਓਦੋਂ ਦਰਸ਼ਨ ਕਰ ਲਏ

ਜਾਣਗੇ। ਦਾਸ ਨੂੰ ਬੈਠਿਆਂ ਅਜੇ ਸ਼ਾਇਦ ਇਕ ਸੈਕਿੰਡ ਹੀ ਹੋਇਆ ਹੋਵੇਗਾ ਕਿ ਭਾਈ ਸਾਹਿਬ ਜੀ ਨੇ ਬੈਰਾਗਣ ਤੋਂ ਇਕ ਹੱਥ ਚੁਕਿਆ, ਮਲਮਲ ਦੇ ਪਰਦੇ ਨੂੰ ਆਪਣੇ ਦੁਮਾਲੇ 'ਤੇ ਰਖ ਲਿਆ ਅਤੇ ਆਪਣੇ ਸੀਸ ਨੂੰ ਦਾਸ ਵੱਲ ਘੁਮਾ ਕੇ, ਦਾਸ ਦੇ ਨੇਤਰਾਂ ਵਿਚ ਆਪਣੇ ਨੇਤਰ ਗੱਡ ਦਿੱਤੇ। ਕੋਈ ਮਿੰਟ ਕੁ ਭਰ ਮੇਹਰ-ਭਰੀ ਤੱਕਣੀ ਤੱਕਦੇ ਰਹੇ। ਦਾਸ ਉਨ੍ਹਾਂ ਦੇ ਲੁਸ਼ ਲੁਸ਼ ਕਰਦੇ ਲਾਲ-ਗੁਲਾਬੀ ਚਿਹਰੇ ਦੇ ਦਰਸ਼ਨ ਕਰ ਕੇ ਨਿਹਾਲੋ ਨਿਹਾਲ ਹੋ ਗਿਆ। ਮਨ ਨੇ ਕਿਹਾ, 'ਘਰੋਂ ਦਰਸ਼ਨ ਕਰਨ ਦੀ ਚਾਹ ਲੈ ਕੇ ਆਇਆ ਸੈਂ, ਸੋ ਖ਼ੂਬ ਦਰਸ਼ਨ ਹੋਏ ਹਨ !' ਉਨ੍ਹਾਂ ਦੇ ਦਰਸ਼ਨ ਕਰਦਿਆਂ ਹੋਇਆਂ, ਦਾਸ ਨੇ ਆਪਣੇ ਮੂੰਹ ਵਿਚ ਹੌਲੀ ਜਿਹੀ ਉਨ੍ਹਾਂ ਨੂੰ ਫਤਿਹ ਬੁਲਾਈ। ਤਾਂ ਉਨ੍ਹਾਂ ਨੇ ਆਪਣੇ ਸੀਸ ਦਾ ਰੁਖ਼ ਸਾਹਮਣੇ ਨੂੰ ਕਰ ਕੇ, ਮੁੜ ਆਪਣਾ ਚਿਹਰਾ ਮਲਮਲ ਦੇ ਕਪੜੇ ਨਾਲ ਢੱਕ ਲਿਆ ਅਤੇ ਬੈਰਾਗਣ ਉਤੇ ਰਖ ਲਿਆ।

ਇੰਜ ਹੋਏ ਪਹਿਲੇ ਦਰਸ਼ਨ ਭਾਈ ਸਾਹਿਬ ਜੀ ਦੇ, ਦਾਸ ਨੂੰ।

## ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥

1959 ਜੁਲਾਈ ਵਿਚ ਦਾਸ ਦੇ ਭੁਜੰਗੀ ਨੂੰ ਪੌਲੀਓ ਦਾ ਅਟੈਕ ਹੋ ਗਿਆ। ਭੁਜੰਗੀ ਦੀ ਉਮਰ ਉਸ ਵਕਤ 6 ਬਰਸ ਦੀ ਸੀ। ਇਸ ਬੀਮਾਰੀ ਦੇ ਅਸਰ ਨਾਲ ਕਾਕੇ ਦੀ ਸੱਜੀ ਲੱਤ ਹਿਲਣੋਂ ਰਹਿ ਖੜੋਤੀ ਅਤੇ ਸਰੀਰਕ ਤਾਕਤ ਭੀ ਦਿਨ-ਬ-ਦਿਨ ਘਟਣੀ ਸ਼ੁਰੂ ਹੋ ਗਈ। ਦਾਸ ਓਨ੍ਹੀਂ ਦਿਨੀਂ ਅੰਬਾਲੇ ਠਹਿਰ ਰਿਹਾ ਸੀ। ਡਾਕਟਰ ਦੇ ਕਹਿਣ 'ਤੇ ਬੱਚੇ ਨੂੰ ਫ਼ੌਜੀ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ। ਬੱਚੇ ਦੀ ਮਾਤਾ ਨੂੰ ਭੀ ਬੱਚੇ ਦੇ ਪਾਸ ਹੀ ਰਹਿਣ ਦੀ ਆਗਿਆ ਮਿਲ ਗਈ।

ਇਕ ਦਿਨ ਭਾਈ ਜਗਤ ਸਿੰਘ ਹੁਰੀਂ (ਜੋ ਅੱਜ-ਕਲ੍ਹ I.A.F. ਵਿਚ W.O. ਹਨ) ਮੇਰੇ ਪਾਸ ਆਏ ਅਤੇ ਕਹਿਣ ਲੱਗੇ, "ਮੈਂ ਤੁਹਾਨੂੰ ਇਕ ਖੁਸ਼ੀ ਦੀ ਖ਼ਬਰ ਦਸਾਂ ?"

ਦਾਸ :- ਧੰਨ ਭਾਗ ! ਜ਼ਰੂਰ ਦਸੋ।

ਜਗਤ ਸਿੰਘ ਜੀ:- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੁਰੀਂ ਐਤਕੀਂ ਦੀਆਂ ਗਰਮੀਆਂ ਕਸੌਲੀ ਕੱਟਣ ਗਏ ਸਨ। ਉਥੇ ਬਾਰਸ਼ਾਂ ਉਤਰ ਆਈਆਂ ਹਨ। ਉਨ੍ਹਾਂ ਨੇ ਵਾਪਸ ਲੁਧਿਆਣੇ ਨੂੰ ਆਂਦਿਆਂ ਹੋਇਆਂ ਆਪਣੇ ਪਰਮ ਮਿੱਤਰ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲਿਆਂ ਨੂੰ ਮਿਲ ਕੇ ਜਾਣਾ ਹੈ। (ਪੰਜੋਖਰਾ ਸਾਹਿਬ ਅੰਬਾਲਾ ਛਾਉਣੀ ਤੋਂ ਕੋਈ ਤਿੰਨ ਕੁ ਕਿਲੋਮੀਟਰ ਦੀ ਵਿਥ 'ਤੇ ਹੈ)। ਤੇ ਤੁਸੀਂ ਕਹੋ ਤਾਂ ਤੁਹਾਡੇ ਘਰ ਕਾਕੇ ਦੀ ਦੇਹ-ਅਰੋਗਤਾ ਵਾਸਤੇ ਸ੍ਰੀ ਅਖੰਡਪਾਠ ਸਾਹਿਬ ਰੱਖੀਏ ਅਤੇ ਭਾਈ ਸਾਹਿਬ ਹੁਰਾਂ ਨੂੰ ਸ੍ਰੀ ਅਖੰਡਪਾਠ ਸਾਹਿਬ 'ਤੇ ਹਾਜ਼ਰੀ ਭਰਨ ਲਈ ਬੇਨਤੀ ਕਰੀਏ।

ਦਾਸ :- ਇਹ ਤਾਂ ਤੁਸੀਂ ਬੜੀ ਹੀ ਚੰਗੀ ਖ਼ਬਰ ਦਿੱਤੀ ਹੈ। ਇਸ ਤੋਂ ਵੱਧ ਸਾਨੂੰ ਹੋਰ ਕੀ ਚਾਹੀਦਾ ਹੈ? ਤਾਂ ਫਿਰ ਤੁਸਾਂ ਹੀ ਭਾਈ ਸਾਹਿਬ ਜੀ ਦੇ ਪੰਜੋਖਰਾ ਸਾਹਿਬ ਆਉਣ ਦਾ ਪਤਾ ਰੱਖਣਾ ਹੈ, ਅਤੇ ਤੁਸਾਂ ਹੀ ਉਨ੍ਹਾਂ ਨੂੰ ਅਖੰਡਪਾਠ ਵਿਚ ਹਾਜ਼ਰੀ ਭਰਨ ਲਈ ਬੇਨਤੀ ਕਰਨੀ ਹੈ। ਮੇਰੀ ਤਾਂ ਉਨ੍ਹਾਂ ਨਾਲ ਕੋਈ ਵਾਕਫ਼ੀਅਤ ਨਹੀਂ ਹੈ।

ਜਗਤ ਸਿੰਘ ਜੀ :- ਬੱਸ, ਮੈਨੂੰ ਤਾਂ ਤੁਹਾਡੀ 'ਹਾਂ' ਹੀ ਚਾਹੀਦੀ ਸੀ। ਹੁਣ ਸਭ

ਤੁਸੀਂ ਮੇਰੇ ਉੱਤੇ ਛੱਡ ਦਿਉ। ਸਭ ਠੀਕ ਹੋ ਜਾਏਗਾ।

ਜਦ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੁਰੀਂ ਪੰਜੋਖਰਾ ਸਾਹਿਬ ਪਹੁੰਚ ਗਏ ਤਾਂ ਵੀਰ ਜਗਤ ਸਿੰਘ ਹੁਰੀਂ ਉਨ੍ਹਾਂ ਮਹਾਂਪੁਰਖਾਂ ਨੂੰ ਉੱਥੇ ਹੀ ਜਾ ਮਿਲੇ ਅਤੇ ਉਨ੍ਹਾਂ ਨੂੰ ਕਹਿਓ ਨੇ ਕਿ "ਛਾਉਣੀ ਵਿਚ ਬਾਊ ਜੀ ਦੀ ਦੋਹਤੀ ਦੇ ਘਰ ਸ੍ਰੀ ਅਖੰਡਪਾਠ ਸਾਹਿਬ ਰੱਖਣੇ ਹਨ ਜੀ। ਆਪ ਜੀ ਕਿਰਪਾ ਕਰ ਕੇ ਸ੍ਰੀ ਅਖੰਡਪਾਠ ਸਾਹਿਬ ਵਿਚ ਹਾਜ਼ਰੀਆਂ ਭਰਨ ਦੀ ਮਨਜ਼ੂਰੀ ਬਖਸ਼ੋ ਜੀ।" ਗੱਲਾਂ-ਗੱਲਾਂ ਵਿਚ ਇਨ੍ਹਾਂ ਨੇ ਭਾਈ ਸਾਹਿਬ ਜੀ ਪਾਸੋਂ ਸ੍ਰੀ ਅਖੰਡਪਾਠ ਸਾਹਿਬ 'ਤੇ ਪਹੁੰਚਣ ਦੀ 'ਹਾਂ' ਕਰਵਾ ਹੀ ਲਈ। ਇਸ ਦੇ ਬਾਅਦ ਸਿੱਧੇ ਮੇਰੇ ਪਾਸ ਆਏ ਅਤੇ ਕਹਿਣ ਲੱਗੇ ਕਿ "ਬਾਪੂ ਜੀ ਨੇ 'ਹਾਂ' ਕਰ ਦਿੱਤੀ ਹੈ, ਤੁਸੀਂ ਹੁਣ ਕਿਸੇ ਕਾਰ ਦਾ ਫਟਾਫਟ ਬੰਦੋਬਸਤ ਕਰੋ, ਤਾਂ ਜੁ ਉਨ੍ਹਾਂ ਨੂੰ ਹੁਣੇ ਹੀ ਘਰ ਲੈ ਆਈਏ। ਜੇ ਦੇਰ ਹੋ ਗਈ ਤਾਂ ਉਹ ਕਿਤੇ ਆਪਣਾ ਪ੍ਰੋਗਰਾਮ ਹੀ ਨਾ ਬਦਲ ਲੈਣ।"

ਓਨ੍ਹੀਂ ਦਿਨੀਂ ਏਅਰ ਫ਼ੋਰਸ ਸਟੇਸ਼ਨ ਦੇ ਸੀਨੀਅਰ ਡਾਕਟਰ Sqn. Ldr. ਖੇੜਾ ਸਾਹਿਬ ਹੁੰਦੇ ਸਨ। ਇਹ ਬੜੇ ਨੇਕ ਅਤੇ ਗੁਰਮੁਖ ਜਨ ਸਨ। ਉਨ੍ਹਾਂ ਮੇਰੀ ਬੇਨਤੀ ਪਰਵਾਨ ਕਰ ਲਈ ਅਤੇ ਉਸੇ ਦਿਨ ਸ਼ਾਮ ਨੂੰ ਭਾਈ ਜਗਤ ਸਿੰਘ ਹੁਰਾਂ ਨੂੰ ਆਪਣੀ ਕਾਰ 'ਤੇ ਨਾਲ ਲੈ ਕੇ ਪੰਜੋਖਰਾ ਸਾਹਿਬ ਨੂੰ ਰਵਾਨਾ ਹੋ ਗਏ। ਇਸ ਵਕਤ ਥੋੜੀ ਥੋੜੀ ਬਰਸਾਤੀ ਬੂੰਦਾ-ਬਾਂਦੀ ਭੀ ਹੋ ਰਹੀ ਸੀ। ਮੈਂ ਇਕੱਲਾ ਹੀ ਘਰ ਸਾਂ, ਕਾਕਾ ਅਤੇ ਸਿੰਘਣੀ ਦੋਨੋਂ ਹਸਪਤਾਲ ਸਨ। ਮੈਂ ਵੇਲੇ ਸਿਰ ਹੀ ਰਹਿਰਾਸ ਦਾ ਪਾਠ ਕਰ ਲਿਆ। ਉਪਰੰਤ ਪਰਸ਼ਾਦਾ ਛਕ ਕੇ ਬਾਹਰਲੇ ਬਰਾਂਡੇ ਵਿਚ ਕੁਰਸੀ ਡਾਹ ਕੇ, ਸੰਗਤਾਂ ਦੀ ਉਡੀਕ ਵਿਚ, ਸੜਕ ਵੱਲ ਮੂੰਹ ਕਰ ਕੇ ਜਾ ਬੈਠਾ। ਮਨ ਵਿਚ ਬੜਾ ਚਾਅ ਸੀ ਕਿ ਭਾਈ ਸਾਹਿਬ ਹੁਣ ਆਏ ਕਿ ਆਏ। 'ਮੇਰੇ ਭਾਗ ਕਿਤਨੇ ਚੰਗੇ ਹਨ ਕਿ ਐਸੇ ਮਹਾਂਪੁਰਖਾਂ ਦੇ ਦਰਸ਼ਨ ਅੱਜ ਆਪਣੇ ਘਰ ਵਿਚ ਹੀ ਹੋਣਗੇ।' ਇਸ ਪ੍ਰਕਾਰ ਦੇ ਕਈ ਖ਼ਿਆਲ ਮਨ ਵਿਚ ਆ ਰਹੇ ਸਨ। ਭਾਈ ਸਾਹਿਬ ਅਤੇ ਉਨ੍ਹਾਂ ਦੇ ਮਨਜ਼ੂਰਿ-ਨਜ਼ਰ ਗੁਰਸਿਖਾਂ ਦਾ ਜਥਾ, ਜੋ ਉਨ੍ਹਾਂ ਦੇ ਨਾਲ ਹੋਵੇਗਾ, ਉਸ ਦੀ ਅਨੁਮਾਨੀ ਤਸਵੀਰ ਚਲਦੀ ਫ਼ਿਲਮ ਦੀ ਤਰ੍ਹਾਂ, ਮੇਰੀਆਂ ਅੱਖਾਂ ਅੱਗੋਂ ਨਹੀਂ ਸੀ ਹਟਦੀ। ਜਦੋਂ ਭੀ ਕਿਸੇ ਦੂਰੋਂ ਆਉਂਦੀ ਮੋਟਰ ਦੀ ਆਵਾਜ਼ ਕੰਨੀ ਪੈਂਦੀ ਤਾਂ ਮੈਂ ਝੱਟ ਉੱਠ ਖੜਾ ਹੋ ਜਾਂਦਾ ਕਿ 'ਗੁਰੂ ਕੇ ਲਾਲ ਆ ਗਏ।' ਪਰ ਜਦ ਇਹ ਮੋਟਰ ਸਿੱਧੀ ਅੱਗੇ ਨੂੰ ਲੰਘ ਜਾਂਦੀ ਤਾਂ ਥੋੜ੍ਹੀ ਜਿਹੀ ਮਾਯੂਸੀ ਨਾਲ ਮੈਂ ਫਿਰ ਬੈਠ ਜਾਂਦਾ ਅਤੇ ਅਗਲੀ ਗੱਡੀ ਦੀ ਆਵਾਜ਼ ਦੀ ਉਡੀਕ ਵਿਚ ਮਨ ਦੀ ਸਾਰੀ ਇਕਾਗਰਤਾ ਲਗਾ ਦਿੰਦਾ।

ਇਸ ਤਰ੍ਹਾਂ ਕਰਦਿਆਂ ਕਰਦਿਆਂ ਸ਼ਾਮ ਦੇ ਅੱਠ ਵੱਜ ਗਏ। ਹਨੇਰਾ ਭੀ ਖਾਸਾ ਹੋ ਗਿਆ। ਅਸਮਾਨ ਉਤੇ ਘਣੇ ਬੱਦਲ ਤਾਂ ਹੈ ਹੀ ਸਨ। ਕਦੇ ਕਦੇ ਬਾਰਸ਼ ਦੀ ਬਰੀਕ ਜਿਹੀ ਕਿਣ-ਮਿਣ ਭੀ ਸ਼ੁਰੂ ਹੋ ਜਾਂਦੀ ਸੀ। ਉਡੀਕਾਂ ਉਡੀਕਦੇ ਨੂੰ 9 ਵੱਜ ਗਏ। ਕਦੇ ਕੋਈ ਖ਼ਿਆਲ ਆਵੇ ਕਦੇ ਕੋਈ। ਕੁਝ ਸਮਝ ਨਾ ਆਵੇ ਕਿ ਦੇਰੀ ਕਿਉਂ ਹੋ ਰਹੀ ਹੈ। ਘੜੀਆਂ ਬਹੁਤ ਹੀ ਲੰਮੀਆਂ ਹੁੰਦੀਆਂ ਜਾਣ। ਬੜੀ ਹੀ ਮੁੱਦਤ ਦੇ ਬਾਅਦ ਘੜੀ ਨੇ 10 ਵਜਾਏ। ਗੁਰੂ-ਪਿਆਰਿਆਂ ਦੀ ਕੋਈ ਭੀ ਸੋਇ ਨਾ ਆਈ। ਜਾਂ ਸਾਢੇ ਦਸ ਹੋ ਗਏ ਤਾਂ ਮਨ ਵਿਚ ਵੈਰਾਗ ਨੇ ਸਿਰ ਚੁੱਕ ਲਿਆ ਕਿ 'ਭਾਈ ਤੇਰੇ ਐਡੇ ਭਾਗ ਕਿਥੇ ਕਿ ਭਾਈ ਸਾਹਿਬ ਜੈਸੀ ਪਾਵਨ ਹਸਤੀ ਦੇ ਤੇਰੇ ਘਰ ਚਰਨ ਪੈਣ?" ਉਥੋਂ ਉੱਠਣ ਨੂੰ ਭੀ ਜੀਅ ਨਾ ਕਰੇ। ਬੈਠਿਆਂ

ਭੀ ਕੁਝ ਸਰਦਾ ਨਜ਼ਰ ਨਾ ਆਵੇ। ਘੜੀ ਦੀਆਂ ਸੂਈਆਂ ਭੀ ਮਸਾਂ ਹੀ ਚੱਲਣ। ਇੰਜ ਜਾਪਣ ਲੱਗ ਪਿਆ ਕਿ ਜੀਵਨ ਦੀ ਬਾਜੀ ਹਾਰੀ ਤੁਰਿਆ ਜਾ ਰਿਹਾ ਹਾਂ। ਓੜਕ ਨੂੰ ਘੜੀ ਨੇ ਗਿਆਰਾਂ ਵਜਾਏ। ਸੜਕਾਂ ਉੱਤੇ ਭੀ ਪੂਰੀ ਚੁੱਪ-ਚਾਂ ਹੋ ਗਈ। ਨਿਰਾਸਤਾ ਨਾਲ ਮੇਰਾ ਗੱਚ ਭਰ ਗਿਆ। ਆਖ਼ਰ ਇਕ ਲੰਬਾ ਸਾਹ ਲੈ ਕੇ ਬਰਾਂਡਾ ਛੱਡ, ਦਰਵਾਜ਼ਾ ਬੰਦ ਕਰ, ਪੂਰਨ ਨਿਰਾਸਤਾ ਸਹਿਤ ਆਪਣੇ ਬਿਸਤਰੇ ਉੱਤੇ ਅੰਦਰ ਜਾ ਬੈਠਾ।

ਭਾਈ ਸਾਹਿਬ ਜੀ ਵਾਸਤੇ ਵਿਛਾਏ ਹੋਏ ਬਿਸਤਰੇ ਵੱਲ ਤੱਕ ਕੇ ਇਕ ਲੰਮਾ ਹੋਕਾ ਭਰਿਆ। ਆਪਣੀ ਕਿਸਮਤ ਨੂੰ ਇਸ ਸਭ ਕਾਸੇ ਦਾ ਜ਼ਿੰਮੇਵਾਰ ਸਮਝ ਕੇ ਦਾਸ ਲੇਟ ਗਿਆ। ਨੀਂਦ ਤਾਂ ਕਿਤੇ ਖੰਭ ਲਾ ਕੇ ਉੱਡ ਚੁੱਕੀ ਸੀ। ਮਨ ਵਿਚ ਪੱਕਾ ਵਿਸ਼ਵਾਸ ਹੋ ਗਿਆ ਕਿ ਭਾਈ ਸਾਹਿਬ ਨਹੀਂ ਆਉਣਗੇ। ਮਨ ਵਿਚ ਕਈ ਪ੍ਰਕਾਰ ਦੀਆਂ ਵਿਚਾਰਾਂ ਆਉਣ ਕਿ 'ਜਗਤ ਸਿੰਘ ਹੁਰੀਂ ਤਾਂ ਝੂਠ ਬੋਲਣ ਵਾਲੇ ਗੁਰੂ ਕੇ ਲਾਲ ਨਹੀਂ ਹਨ। ਤਾਂ ਫਿਰ ਕੀ ਭਾਣਾ ਵਰਤ ਗਿਆ? ਸੁਖ ਹੋਵੇ। ਕਿਤੇ ਰਾਹ ਵਿਚ ਕੋਈ ਭਾਣਾ ਨਾ ਵਰਤ ਗਿਆ ਹੋਵੇ।'

ਅਜਿਹੀਆਂ ਵਿਚਾਰਾਂ ਵਿਚਾਰਦਾ, ਅਜੇ ਉੱਸਲਵੱਟੇ ਹੀ ਖਾ ਰਿਹਾ ਸੀ ਕਿ ਇਤਨੇ ਨੂੰ ਬਾਹਰੋਂ ਕਾਰ ਦੇ ਹਾਰਨ ਦੀ ਆਵਾਜ਼ ਆਈ। ਮੈਂ ਤਾਂ ਮਾਨੋ ਉੱਡ ਕੇ ਅੱਖ ਦੇ ਫ਼ਰੱਕੇ ਵਿਚ ਬਰਾਂਡੇ ਵਿਚ ਪਹੁੰਚ ਗਿਆ। ਲਾਈਟ ਤਾਂ ਬਰਾਂਡੇ ਦੀ ਜਗ ਰਹੀ ਸੀ। ਭਾਈ ਸਾਹਿਬ ਜੀ ਦਾ ਕਾਰ ਵਿਚ ਬੈਠਿਆਂ ਹੋਇਆਂ ਦਾ ਦਰਸ਼ਨ ਕਰ ਕੇ, ਦਾਸ ਆਪੋ 'ਚੋਂ ਬਾਹਰ ਹੋ ਗਿਆ, ਅਤੇ ਗੱਜਵੀਂ ਫਤਿਹ ਨਾਲ ਗੁਰੂ ਦੇ ਲਾਲਾਂ ਦਾ ਸਵਾਗਤ ਕੀਤਾ। ਖੁਸ਼ੀ ਵਿਚ ਆਪੇ ਤੋਂ ਬਾਹਰ ਹੋਏ ਨੂੰ ਸਮਝ ਨਾ ਆਵੇ ਕਿ ਕੀ ਕਰਾਂ ? ਭਾਈ ਸੰਤਾ ਸਿੰਘ ਜੀ, ਭਾਈ ਬਾਵਾ ਸਿੰਘ ਜੀ, ਜਾਨ ਸੁਖਾਲਾ ਜੀ, ਭਾਅ ਜੀ, ਭਾਈ ਆਤਮਾ ਸਿੰਘ ਜੀ, ਭਾਈ ਜਗਤ ਸਿੰਘ ਜੀ ਅਤੇ ਉਨ੍ਹਾਂ ਦੇ ਵੱਡੇ ਭਰਾ ਜੀ, ਬੀਬੀ ਦਲੇਰ ਕੌਰ ਜੀ, ਬੀਬੀ ਸੁਖਦੇਵ ਕੌਰ ਜੀ, ਬੀਬੀ ਤਾਰਾ ਵਤੀ ਜੀ ਅਤੇ ਹੋਰ ਬੀਬੀਆਂ ਅਤੇ ਸਿੰਘ, ਜਿਨ੍ਹਾਂ ਦੇ ਨਾਮ ਹੁਣ ਦਾਸ ਨੂੰ ਯਾਦ ਨਹੀਂ ਹਨ, ਦਾਸ ਦੇ ਗ੍ਰਹਿ ਨੂੰ ਭਾਗ ਲਗਾ ਰਹੇ ਸਨ।

ਭਾਈ ਸੰਤਾ ਸਿੰਘ ਹੁਰਾਂ ਨੇ ਭਾਈ ਬਾਵਾ ਸਿੰਘ ਹੁਰਾਂ ਦੀ ਮਦਦ ਨਾਲ ਭਾਈ ਸਾਹਿਬ ਜੀ ਨੂੰ ਕਾਰ ਵਿਚੋਂ ਆਪਣੀ ਪਿੱਠ ਉਤੇ ਚੁੱਕ ਕੇ ਉਨ੍ਹਾਂ ਦੇ ਬਿਸਤਰੇ ਉਤੇ ਲਿਆ ਬਿਠਾਇਆ। ਦਾਸ ਖੁਸ਼ੀ ਵਿਚ ਐਵੇਂ ਹੀ ਇਧਰ ਓਧਰ ਭੱਜਾ ਫਿਰੇ। ਕੋਈ ਸਿੰਘ ਭੀ ਆਪਣੀ ਗੱਠ, ਥੈਲੇ, ਬਿਸਤਰੇ ਜਾਂ ਸੂਟਕੇਸ ਨੂੰ ਹੱਥ ਨਾ ਲਾਉਣ ਦੇਵੇ। ਮੰਜੇ ਉੱਤੇ ਬੈਠਦਿਆਂ ਸਾਰ ਭਾਈ ਸਾਹਿਬ ਜੀ ਕਹਿਣ ਲੱਗ ਪਏ, "ਇਥੇ ਨਹੀਂ ਰਹਿਣਾ। ਸਵੇਰੇ ਹੀ ਚਲੋ, ਇਥੋਂ ਲੁਧਿਆਣੇ ਨੂੰ। ਇਹ ਕਿਥੇ ਲਿਆ ਬਿਠਾਇਆ ਜੇ?" ਇਤਿ ਆਦਿ ਕਈ ਹੋਰ ਮਨ-ਚੁਭਵੇਂ ਸ਼ਬਦ ਬੋਲੇ, ਜਿਨ੍ਹਾਂ ਨੂੰ ਸੁਣ ਕੇ ਮੇਰੇ ਮਨ ਵਿਚ ਬੜੀ ਨਿਰਾਸਤਾ ਹੋਈ। ਮੇਰੀ ਖੁਸ਼ੀ ਇਕ ਘੜੀ ਦੀ ਹੀ ਪ੍ਰਾਹੁਣੀ ਬਣ ਕੇ ਰਹਿ ਗਈ। ਬੀਬੀ ਦਲੇਰ ਕੌਰ ਜੀ ਨੇ ਮੇਰੇ ਚਿਹਰੇ ਦਾ ਰੰਗ ਉੱਡਿਆ ਦੇਖ ਕੇ ਭਾਈ ਆਤਮਾ ਸਿੰਘ ਜੀ ਅਤੇ ਭਾਈ ਜਗਤ ਸਿੰਘ ਜੀ ਨੂੰ ਬੁਲਾਇਆ। ਉਨ੍ਹਾਂ ਨੂੰ ਮੇਰੇ ਪਾਸ ਲਿਆ ਕੇ ਕਹਿਣ ਲੱਗੇ, "ਬਾਪੂ ਜੀ ਜਿਹੜੀ ਗੱਲ ਮੂੰਹੋਂ ਕੱਢ ਬਹਿੰਦੇ ਹਨ, ਉਸ ਉਤੇ ਡੱਟ ਹੀ ਜਾਂਦੇ ਹਨ। ਤੁਸੀਂ ਫਿਕਰ ਨਾ ਕਰੋ। ਬਾਪੂ ਜੀ ਨੂੰ ਦੱਸਿਆਂ ਬਗ਼ੈਰ ਹੀ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰ ਲਓ। ਅਰੰਭ ਕਰਨ ਤੋਂ

ਮਗਰੋਂ ਉਨ੍ਹਾਂ ਨੂੰ ਦੱਸ ਦਿਆ ਜੇ। ਫਿਰ ਉਹ ਆਪੇ ਹੀ ਰੁਕ ਜਾਣਗੇ।" ਇਹ ਸਲਾਹ ਸਾਨੂੰ ਬੜੀ ਚੰਗੀ ਲਗੀ। ਬਾਕੀ ਸਿੰਘਾਂ ਨਾਲ ਭੀ ਅਸੀਂ ਇਹੋ ਮਤਾ ਪਕਾ ਲਿਆ ਕਿ ਸਵੇਰੇ ਚੁੱਪ-ਚੁਪੀਤੇ ਹੀ ਸ੍ਰੀ ਅਖੰਡਪਾਠ ਸਾਹਿਬ ਸ਼ੁਰੂ ਕਰ ਦੇਈਏ। ਇਕ ਦੋ ਸਿੰਘ ਸ਼ਹਿਰ ਜਾ ਕੇ ਲੋਕਲ ਸਿੰਘਾਂ ਨੂੰ ਖ਼ਬਰ ਕਰ ਦੇਣ ਕਿ ਭਾਈ ਸਾਹਿਬ ਫਲਾਣੀ ਕੋਠੀ ਰਾਤ ਦੇ ਉਤਰੇ ਹੋਏ ਹਨ ਅਤੇ ਓਥੇ ਅਖੰਡਪਾਠੀਆਂ ਦੀ ਲੋੜ ਹੈ। ਇਤਨੇ ਨਾਲ ਦਿਲ ਨੇ ਕੁਝ ਹੌਂਸਲਾ ਫੜ ਲਿਆ। ਪਰ ਦਿਲ ਵਿਚ ਬੈਠਾ ਚੋਰ ਇਹ ਕਹੀ ਹੀ ਜਾਵੇ ਕਿ ਭਲਕ ਚੜ੍ਹੇ ਤੇ ਜਾਣਾਂਗੇ।

ਫਿਰ ਦਾਸ ਨੇ ਭਾਈ ਜਗਤ ਸਿੰਘ ਹੁਰਾਂ ਨੂੰ ਅੱਡ ਕਰ ਕੇ ਪੁੱਛਿਆ ਕਿ ਪੰਜੋਖਰਾ ਸਾਹਿਬ ਤੋਂ ਇਥੇ ਆਉਂਦਿਆਂ ਇਤਨੀ ਦੇਰ ਕਿਉਂ ਲਗ ਗਈ? ਪੰਧ ਤਾਂ ਇਤਨਾ ਨਹੀਂ ਹੈ।

ਭਾ. ਜਗਤ ਸਿੰਘ- ਕੀ ਦੱਸਾਂ? ਬੜੀ ਹੀ ਮੁਸ਼ਕਿਲ ਦਾ ਸਾਹਮਣਾ ਆ ਪਿਆ ਸੀ। ਭਾਈ ਸਾਹਿਬ ਜੀ ਨੇ ਇਥੇ ਅਖੰਡਪਾਠ 'ਤੇ ਹਾਜ਼ਰੀਆਂ ਭਰਨ ਲਈ ਬੜੇ ਸਾਫ਼ ਲਫ਼ਜ਼ਾਂ ਵਿਚ ਮੈਨੂੰ 'ਹਾਂ' ਕੀਤੀ ਸੀ। ਮੇਰੇ ਅੱਜ ਪੰਜੋਖਰਾ ਸਾਹਿਬ ਪਹੁੰਚਣ ਮਗਰੋਂ ਪ੍ਰਸ਼ਾਦ-ਪਾਣੀ ਛਕ ਕੇ ਭਾਈ ਸਾਹਿਬ ਤਿਆਰ ਹੋ ਕੇ ਮੰਜੇ ਉੱਤੇ ਬੈਠ ਗਏ। ਸਿੰਘਾਂ ਨੇ ਭੀ ਲੰਗਰ ਛਕਣ ਅਤੇ ਇਧਰ ਆਉਣ ਦੇ ਤਿਆਰੇ ਵਿਚ ਆਪਣੇ ਕਛਹਿਰੇ ਪਰਨੇ ਆਦਿ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। (ਪੰਜੋਖਰਾ ਸਾਹਿਬ ਗੁਰਦੁਆਰੇ, ਜਿਥੇ ਭਾਈ ਸਾਹਿਬ ਜੀ ਦਾ ਉਤਾਰਾ ਸੀ, ਅਤੇ ਪੰਜੋਖਰਾ ਪਿੰਡ ਦੇ ਦਰਮਿਆਨ ਇਕ ਬਰਸਾਤੀ ਨਾਲਾ ਹੈ, ਜਿਸ ਵਿਚ ਗੋਡੇ ਕੁ ਤਕ ਦੀ ਗਹਿਰਾਈ ਦਾ ਪਾਣੀ ਬਰਸਾਤਾਂ ਵਿਚ ਚਲਦਾ ਰਹਿੰਦਾ ਹੈ)। ਕਾਰ ਬਰਸਾਤੀ ਨਾਲੇ ਦੇ ਪਿੰਡ ਵਾਲੇ ਪਾਸੇ ਸੜਕ ਉੱਤੇ ਖੜੋਤੀ ਹੋਈ ਸੀ। ਇਸ ਦੇ ਨਾਲ ਸਿੰਘਾਂ ਅਤੇ ਉਨ੍ਹਾਂ ਦੇ ਸਾਮਾਨ ਵਾਸਤੇ ਕੁਝ ਰਿਕਸ਼ੇ ਭੀ ਕੀਤੇ ਹੋਏ ਸਨ। ਜਦ ਸਾਰੇ ਸਿੰਘ ਤਿਆਰ ਹੋ ਗਏ ਤਾਂ ਸਿੰਘਾਂ ਨੇ ਭਾਈ ਸਾਹਿਬ ਜੀ ਨੂੰ ਚੰਗੀ ਤਰ੍ਹਾਂ ਮੰਜੇ ਉੱਤੇ ਬਿਠਾ ਲਿਆ ਅਤੇ ਉਨ੍ਹਾਂ ਦਾ ਮੰਜਾ ਚੱਕ ਕੇ ਪਿੰਡ ਵਲ ਨੂੰ ਹੋ ਤੁਰੇ। ਜਦ ਸਿੰਘ ਭਾਈ ਸਾਹਿਬ ਜੀ ਦਾ ਮੰਜਾ ਉਠਾਈ, ਬਰਸਾਤੀ ਨਾਲੇ ਦੇ ਅੱਧ ਕੁ ਵਿਚ ਪਹੁੰਚੇ ਤਾਂ ਭਾਈ ਸਾਹਿਬ ਨੇ ਕਿਹਾ, "ਠਹਿਰ ਜਾਓ। ਅਸੀਂ ਨਹੀਂ ਜਾਣਾ।" ਤਾਂ ਸਿੰਘਾਂ ਨੇ ਉੱਥੇ ਹੀ ਆਪਣੇ ਕਦਮ ਰੋਕ ਲਏ। ਉਪਰੋਂ ਬਰਸਾਤ ਦੀ ਨਿੱਕੀ ਨਿੱਕੀ ਕਿਣ-ਮਿਣ ਲੱਗੀ ਹੋਈ ਸੀ। ਥੱਲਿਓਂ ਬਰਸਾਤੀ ਨਾਲਾ ਬਹਿ ਰਿਹਾ ਸੀ। ਸਿੰਘ ਮੰਜੇ ਉੱਤੇ ਭਾਈ ਸਾਹਿਬ ਜੀ ਦਾ ਵਜ਼ਨ ਚਾਈ ਖੜੇ ਸਨ। ਮੈਂ ਭਾਈ ਸਾਹਿਬ ਜੀ ਨੂੰ ਕਿਹਾ, "ਬਾਪੂ ਜੀ, ਤੁਸੀਂ ਇਕਰਾਰ ਕੀਤਾ ਸੀ ਜੀ, ਜਾਣ ਦਾ। ਇਸ ਲਈ ਹੁਣ ਜ਼ਰੂਰ ਜਾਣਾ ਹੈ ਜੀ।" ਉਹ ਅੱਗੋਂ ਕਹਿਣ, "ਨਹੀਂ ਜਾਣਾ।" ਮੈਂ ਕਿਹਾ, "ਬਾਪੂ ਜੀ, ਹੁਣ ਸਾਰੇ ਸਿੰਘ ਤੁਹਾਡੇ ਸਮੇਤ ਤਿਆਰ ਹੋ ਕੇ ਆਏ ਹੋਏ ਨੇ, ਰਿਕਸ਼ੇ ਅਤੇ ਕਾਰ ਉਡੀਕ ਰਹੇ ਨੇ। ਉੱਤੋਂ ਮੀਂਹ ਪੈਣ ਡਿਆ ਹੋਇਆ ਏ। ਇਥੇ ਖੜੋਤੇ ਐਵੇਂ ਭਿੱਜਦੇ ਪਏ ਹਾਂ। ਇਸ ਲਈ ਜ਼ਰੂਰ ਜਾਣਾ ਹੈ ਜੀ।" ਉਹ ਕਹਿਣ, "ਨਹੀਂ ਜਾਣਾ।" ਮੈਂ ਉਨ੍ਹਾਂ ਦੇ ਚਰਨ ਫੜ ਲਏ ਅਤੇ ਬੇਨਤੀ ਕੀਤੀ ਕਿ "ਬਾਪੂ ਜੀ, ਜ਼ਰੂਰ ਜਾਣਾ ਹੈ ਜੀ।" ਉਹ ਕਹਿਣ "ਨਹੀਂ ਜਾਣਾ।" ਤਾਂ ਮੈਂ ਸਿੰਘਾਂ ਨੂੰ ਕਿਹਾ ਕਿ "ਤੁਸੀਂ ਮੰਜਾ ਲੈ ਕੇ ਅਗਾਹਾਂ ਨੂੰ ਤੁਰੋ ਖਾਂ। ਤੁਸੀਂ ਕਿਉਂ ਦਰਿਆ ਵਿਚ ਖੜੋਤੇ ਸਾਰਿਆਂ ਨੂੰ ਭਿਉਣ ਡਹੇ ਜੇ ?" ਸਿੰਘ ਕਹਿਣ, "ਜੇ ਭਾਈ ਸਾਹਿਬ ਜੀ ਕਹਿਣਗੇ ਤਾਂ ਤੁਰਾਂਗੇ, ਨਹੀਂ ਤੇ ਨਹੀਂ। "ਮੈਂ ਫਿਰ ਭਾਈ ਸਾਹਿਬ ਜੀ ਨੂੰ

ਬੇਨਤੀ ਕਰਾਂ ਕਿ, "ਬਾਪੂ ਜੀ, ਚੱਲੋ ਜੀ।" ਉਹ ਕਹਿਣ, "ਨਹੀਂ ਜਾਣਾ।" ਦਰਿਆ ਵਿਚ ਝਗੜਦਿਆਂ ਨੂੰ ਹੀ ਕਾਫ਼ੀ ਸਮਾਂ ਬਤੀਤ ਹੋ ਗਿਆ। ਮੈਂ ਫਿਰ ਕਿਹਾ, "ਬਾਪੂ ਜੀ, ਰਾਤ ਦਰਿਆ ਵਿਚ ਕੱਟਣੀ ਹੈ ਕਿ ਅੱਗੇ ਜਾਣਾ ਹੈ?" ਉਹ ਕਹਿਣ, "ਨਹੀਂ ਜਾਣਾ।" ਮੈਂ ਫਿਰ ਉਨ੍ਹਾਂ ਦੇ ਚਰਨ ਫੜ ਲਏ ਅਤੇ ਕਿਹਾ, "ਬਾਪੂ ਜੀ, ਭਾਵੇਂ ਕੁਝ ਹੋਵੇ, ਜ਼ਰੂਰ ਜਾਣਾ ਹੈ।" ਤਾਂ ਕਿਤੇ ਰੱਬ ਕਰਾਇਆ ਅਤੇ ਭਾਈ ਸਾਹਿਬ ਜੀ ਦੇ ਮੂੰਹੋਂ ਨਿਕਲਿਆ ਕਿ "ਅੱਛਾ ਚਲੋ" ਤੇ ਅਸੀਂ ਤੁਰੇ। ਨਹੀਂ ਤਾਂ ਅਸੀਂ ਕਾਫ਼ੀ ਵੇਲੇ ਸਿਰ ਆ ਜਾਣਾ ਸੀ। ਨਾਲੇ ਸਾਈਕਲਾਂ ਅਤੇ ਰਿਕਸ਼ੇ ਵਾਲਿਆਂ ਨੂੰ ਭੀ ਹਨੇਰੇ ਵਿਚ ਨਾਲ ਨਾਲ ਲਿਆਉਣਾ ਸੀ, ਇਸ ਲਈ ਭੀ ਦੇਰ ਹੋ ਗਈ।

ਥੋੜੀ ਦੇਰ ਅਰਾਮ ਕਰ ਕੇ, ਸਿੰਘਾਂ ਨੇ ਅੰਮ੍ਰਿਤ ਵੇਲੇ ਦੀ ਸੰਭਾਲ ਸ਼ੁਰੂ ਕਰ ਦਿੱਤੀ ਅਤੇ ਇਲਾਹੀ ਰੰਗ ਖਿੜਾ ਦਿੱਤੇ। ਫਿਰ ਆਸਾ ਜੀ ਦੀ ਵਾਰ ਦੇ ਚਲੰਤ ਕੀਰਤਨ ਤੋਂ ਉਪਰੰਤ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰ ਦਿੱਤੇ ਗਏ। ਬਾਅਦ ਵਿਚ ਭਾਈ ਸਾਹਿਬ ਜੀ ਨੂੰ ਖ਼ਬਰ ਕੀਤੀ ਗਈ। ਭਾਈ ਸਾਹਿਬ ਖ਼ਾਮੋਸ਼ ਹੀ ਰਹੇ ਅਤੇ ਕੁਝ ਨਾ ਬੋਲੇ। ਗੁਰੂ ਕੇ ਰੰਗ ਰਤੜੇ ਲਾਲਾਂ ਨੇ ਗੁਰਬਾਣੀ ਦੀਆਂ ਧੁਨੀਆਂ ਨਾਲ ਘਰ ਬਾਹਰ ਕੀ, ਸਾਰਾ ਮੰਡਲ ਹੀ ਵਿਸਮਾਦ ਕਰ ਦਿੱਤਾ। ਬੀਬੀਆਂ ਆਪਣੇ ਗੁਰਸਿੱਖੀ ਪਿਆਰ ਦਾ ਪ੍ਰਗਟਾਵਾ, ਗੁਰੂ ਕੇ ਲੰਗਰ ਦੇ ਚਾਵਾਂ ਭਰੇ ਤਿਆਰੇ ਦੁਆਰਾ ਕਰ ਰਹੀਆਂ ਸਨ। ਭਾਈ ਬਾਵਾ ਸਿੰਘ ਜੀ ਸਿੰਘਾਂ ਦੀ ਰਸ-ਰਸੀਲੀ ਖ਼ੁਸ਼ੀ ਪ੍ਰਾਪਤ ਕਰਨ ਲਈ ਨਾਮ ਜਪਦੇ ਹੋਏ ਦਿਲ-ਖਿਚਵੇਂ ਜਲੇਬ ਤਿਆਰ ਕਰ ਰਹੇ ਸਨ। ਦੂਰ ਨੇੜੇ ਦੇ ਸਿੰਘਾਂ ਨੂੰ, ਪਤਾ ਨਹੀਂ ਕਿਵੇਂ ਝਟ ਪਟ ਖ਼ਬਰਾਂ ਪਹੁੰਚ ਗਈਆਂ, ਸਭ ਨੇ ਵਹੀਰਾਂ ਘੱਤ ਕੇ ਦਾਸ ਦੇ ਗ੍ਰਹਿ ਨੂੰ ਆ ਭਾਗ ਲਾਏ। ਵਿਚੋਂ ਹੀ ਟਾਵੇਂ ਟਾਵੇਂ ਸਿੰਘ ਹਸਪਤਾਲ ਜਾ ਕੇ ਕਾਕੇ ਦੀ ਸਿਹਤ ਬਾਰੇ ਭੀ ਪੁੱਛ-ਗਿੱਛ ਕਰ ਆਉਂਦੇ ਰਹੇ।

ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪੈਣ ਤੋਂ ਪਹਿਲਾਂ ਦਾਸ ਨੂੰ ਸਿੰਘਾਂ ਨੇ ਕਿਹਾ, "ਜਾਓ, ਕਾਕੇ ਅਤੇ ਭੈਣ ਜੀ ਨੂੰ ਹਸਪਤਾਲੋਂ ਲੈ ਆਓ। ਉਹ ਭੀ ਆ ਕੇ ਭੋਗ ਸੁਣ ਲੈਣ।" ਦਾਸ ਸੰਗਤ ਦਾ ਬਚਨ ਮੰਨ ਹਸਪਤਾਲ ਨੂੰ ਤੁਰਿਆ। ਓਥੇ ਜਾ ਕੇ ਕੀ ਦੇਖਿਆ! ਸਿੰਘਣੀ ਦੀਆਂ ਅੱਖੀਆਂ ਜਲ ਨਾਲ ਭਰੀਆਂ ਹੋਈਆਂ ਹਨ ਅਤੇ ਕਾਕਾ ਕਾਫ਼ੀ ਬੇ-ਸੁਧੀ ਵਿਚ ਪਿਆ ਹੈ। ਸਿੰਘਣੀ ਨੂੰ ਪੁਛਿਆ, "ਕੀ ਗੱਲ ਹੈ? ਇਸ ਤਰ੍ਹਾਂ ਕਿਉਂ ਬੈਠੇ ਜੇ?" ਤਾਂ ਸਿੰਘਣੀ ਦੀਆਂ ਅੱਖਾਂ ਵਿਚ ਰੋਕੇ ਹੋਏ ਅੱਥਰੂ ਵਹਿ ਤੁਰੇ, ਅਤੇ ਕਾਕੇ ਵਲ ਹੱਥ ਦਾ ਇਸ਼ਾਰਾ ਕਰ ਕੇ ਕਹਿਓ ਨੇ, "ਇਹ ਤਾਂ ਤੁਰਿਆ ਜਾਂਦਾ ਏ।" ਇਹ ਸੁਣ ਕੇ ਮਨ ਵਿਚ ਬੜਾ ਅਫ਼ਸੋਸ ਹੋਇਆ ਅਤੇ ਮੇਰੇ ਪੈਰ ਜਕੜੇ ਗਏ। ਆਖ਼ਰ ਹਿੰਮਤ ਕਰ ਕੇ ਕੁਝ ਬੋਲੇ ਬਿਨਾਂ ਹੀ, ਪੁੱਠੀ ਪੈਰੀਂ ਵਾਪਸ ਪਰਤ ਆਇਆ।

ਸਿੰਘਾਂ ਨੇ ਘਰ ਆਏ ਨੂੰ ਪੁੱਛਿਆ, "ਕਾਕਾ ਕਿਉਂ ਨਹੀਂ ਆਇਆ?" ਦਾਸ ਨੇ ਰੁਕਵੀਂ ਜ਼ੁਬਾਨ ਵਿਚ ਕਿਹਾ, "ਉਹ ਹੁਣ ਆਉਣ ਜੋਗਾ ਨਹੀਂ। ਉਹ ਤਾਂ ਅਗਾਂਹ ਦੀਆਂ ਤਿਆਰੀਆਂ ਵਿਚ ਹੈ।" ਇਤਨੀ ਗੱਲ ਸੁਣਨ ਨਾਲ ਸਿੰਘਾਂ ਦੇ ਮਨ ਵਿਚ ਬੜਾ ਉਛਾਲਾ ਆਇਆ। ਭਾਈ ਆਤਮਾ ਸਿੰਘ ਜੀ ਅਤੇ ਭਾਈ ਜਗਤ ਸਿੰਘ ਜੀ ਸਿੱਧੇ ਭਾਈ ਸਾਹਿਬ ਪਾਸ (ਜੋ ਉਸ ਵਕਤ ਮੰਜੇ ਉੱਤੇ ਲੇਟੇ ਹੋਏ ਸਨ) ਪਹੁੰਚੇ, ਅਤੇ ਹੱਥ ਜੋੜ ਕੇ ਕਹਿਓ ਨੇ,

"ਬਾਪੂ ਜੀ, ਕੋਈ ਕਿਰਪਾ ਕਰੋ ਜੀ। ਕਾਕਾ ਬਹੁਤ ਹੀ ਢਿੱਲਾ ਹੈ। ਅੰਤ ਸਮਾਂ ਨਜ਼ਦੀਕ ਜਾਪਦਾ ਹੈ ਜੀ। ਬੀਬੀ ਦੀ ਹਾਲਤ ਦੇਖ ਕੇ ਝੱਲੀ ਨਹੀਂ ਜਾਂਦੀ। ਇਕੋ ਹੀ ਬੱਚਾ ਹੈ ਜੀ।" ਭਾਈ ਸਾਹਿਬ ਕੁਝ ਨਾ ਬੋਲੇ। ਕੁਝ ਕੁ ਦੇਰ ਮਗਰੋਂ ਪੁੱਛਿਓ ਨੇ ਕਿ ਸ੍ਰੀ ਅਖੰਡਪਾਠ ਦੇ ਅਰੰਭ ਵਿਚ ਕੀ ਹੁਕਮ ਆਇਆ ਸੀ? ਹੁਕਮ ਤਾਂ ਸਾਨੂੰ ਕਿਸੇ ਨੂੰ ਭੀ ਯਾਦ ਨਹੀਂ ਸੀ। ਦਾਸ ਨੇ ਕਿਹਾ, "ਬਾਪੂ ਜੀ, ਹੁਕਮ ਤਾਂ ਯਾਦ ਨਹੀਂ, ਪਰ ਉਸ ਦਾ ਭਾਵ ਨਾਮ ਜਪਣ ਦਾ ਸੀ।" ਇਹ ਸੁਣ ਕੇ ਭਾਈ ਸਾਹਿਬ ਜੀ ਖਿੜਖਿੜਾ ਕੇ ਹੱਸੇ, ਅਤੇ ਦੁਹਰਾਇਓ ਨੇ, "ਅੱਛਾ, ਹੁਕਮ ਨਾਮ ਜਪਣ ਦਾ ਸੀ?" ਅਤੇ ਫਿਰ ਹੱਸੇ।

ਇਤਨੇ ਨੂੰ ਲੰਗਰ ਦੀ ਸੇਵਾ ਕਰ ਰਹੀਆਂ ਬੀਬੀਆਂ ਨੇ 'ਸੱਪ ਸੱਪ' ਦਾ ਰੌਲਾ ਪਾ ਦਿੱਤਾ। ਇਕ ਸਿੰਘ ਭਾਈ ਸਾਹਿਬ ਜੀ ਦੀ ਸੋਟੀ ਲੈ ਕੇ ਲੰਗਰ ਵੱਲ ਦੌੜ ਗਿਆ, ਅਤੇ ਸੱਪ ਦੀ ਬੰਦ-ਖਲਾਸ ਕਰ ਦਿੱਤੀਓਸੁ। ਭਾਈ ਸਾਹਿਬ ਜੀ ਕਹਿੰਦੇ ਹੀ ਰਹਿ ਗਏ, 'ਮੇਰੀ ਸੋਟੀ ਨਾਲ ਨਾ ਮਾਰਿਓ, ਮੇਰੀ ਸੋਟੀ ਨਾਲ ਨਾ ਮਾਰਿਓ।' ਜਦ ਸਿੰਘ ਨੇ ਵਾਪਸ ਆ ਕੇ ਦੱਸਿਆ ਕਿ ਉਨ੍ਹਾਂ ਦੀ ਸੋਟੀ ਨਾਲ ਹੀ ਸੱਪ ਮਾਰਿਆ ਹੈ ਤਾਂ ਭਾਈ ਸਾਹਿਬ ਜੀ ਨੇ ਬੜਾ ਇਤਰਾਜ਼ ਕੀਤਾ ਕਿ, "ਮੇਰੀ ਸੋਟੀ ਨਾਲ ਕਿਉਂ ਮਾਰਿਆ ਹੈ? ਤੁਹਾਨੂੰ ਮਨ੍ਹਾ ਕੀਤਾ ਸੀ। ਤੁਸੀਂ ਆਖੇ ਨਹੀਂ ਲਗਦੇ। ਆਪਣੀ ਹੀ ਜੀਅ ਆਈ ਕਰਦੇ ਜੇ", ਇਤਿਆਦਿ ਕਈ ਹੋਰ ਸ਼ਬਦ ਆਪਣੀ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਬੋਲੇ। ਪਰ ਸਿੰਘਾਂ ਦੀ ਪਹਿਲੀ ਬੇਨਤੀ ਦਾ ਕੋਈ ਜਵਾਬ ਨਾ ਦਿੱਤਾ। ਦਾਸ ਦਾ ਮਨ ਤਾਂ ਹਿਰਖ ਨਾਲ ਬਹੁਤ ਹੀ ਭਰਿਆ ਹੋਇਆ ਸੀ ਅਤੇ ਸੋਚ ਰਿਹਾ ਸੀ ਕਿ ਪਤਾ ਨਹੀਂ ਕਿਹੜੀ ਘੜੀ ਹਸਪਤਾਲੋਂ ਮਾੜੀ ਖ਼ਬਰ ਨੇ ਆ ਜਾਣਾ ਹੈ। ਬੇ-ਵੱਸੀ ਵਿਚ ਦਾਸ, ਚੁੱਪ ਕਰ ਕੇ ਸੰਗਤ ਵਿਚ ਭੋਗ ਸੁਣਨ ਲਈ ਜਾ ਬੈਠਿਆ।

ਭੋਗ ਪੈ ਗਿਆ। ਸੰਗਤ ਨੇ ਅਰਦਾਸ ਕੀਤੀ। ਹੁਕਮ ਆਇਆ :

**ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥**
**ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥**
**ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥**
**ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥**
**ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥**
**ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥**
**ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥**
**ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥**
**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥**
**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥**

*(ਸੂਹੀ ਮਹਲਾ ੫, ਪੰਨਾ ੭੪੯-੫੫)*

ਦੇਗ ਵਰਤ ਕੇ ਝੱਟ ਪੱਟ ਹੀ ਕੀਰਤਨ ਅਰੰਭ ਹੋ ਗਿਆ। ਰੰਗ-ਰੱਤੜੇ ਕੀਰਤਨ ਕਰਨ ਵਾਲਿਆਂ ਹੀਰਿਆਂ ਨੇ ਬੇਨਤੀ ਭਰੀਆਂ ਜੋਦੜੀਆਂ ਵਿਚ ਹਰਿ ਜਸ ਦੀਆਂ ਘੁੰਮਰਾਂ ਨਾਲ ਕੀਰਤਨ-ਅਖਾੜੇ ਵਿਚ ਇਲਾਹੀ ਗੁੰਜਾਰਾਂ ਖਿੜਾ ਦਿੱਤੀਆਂ। ਕੀਰਤਨ-ਧੁੰਨੀਆਂ ਨੂੰ

ਥਲੇ ਆਉਣ ਹੀ ਨਾ ਦੇਣ। ਇਸ ਗੁੰਜਾਰ ਭਰੀ ਗਹਿਮਾ-ਗਹਿਮ ਵਿਚ ਭਾਈ ਸਾਹਿਬ ਭੀ ਆ ਸੰਗਤ ਵਿਚ ਬੈਠੇ। ਬੱਸ ਫਿਰ ਕੀ ਸੀ? ਕੀਰਤਨ ਹੀ ਕੀਰਤਨ, ਕੀਰਤਨ ਹੀ ਕੀਰਤਨ, ਨਾਮ ਦੇ ਖੰਡੇ ਅਤੇ ਕੀਰਤਨ ਹੀ ਕੀਰਤਨ। ਅੰਤ ਨੂੰ ਆਸਾ ਦੀ ਵਾਰ ਦਾ ਭੋਗ ਪਿਆ। ਸੰਗਤ ਨੇ ਸਤਿਗੁਰਾਂ ਅੱਗੇ ਕਾਕੇ ਦੀ ਦੇਹ-ਅਰੋਗਤਾ ਲਈ ਲਿਲਕੜੀਆਂ ਲੈ ਕੇ ਅਰਦਾਸ ਕੀਤੀ। ਹੁਕਮ ਫਿਰ ਹੌਂਸਲਾ-ਅਫ਼ਜ਼ਾਈ ਦਾ ਹੀ ਆਇਆ। ਦੇਗ ਵਰਤੀ ਅਤੇ ਸੰਗਤ ਲੰਗਰ ਛੱਕਣ ਲਈ ਸਜ ਗਈ।

ਵਿਚ ਵਿਚ ਕੁਝ ਕੁ ਸਿੰਘਾਂ ਨੂੰ ਇਸ ਪ੍ਰਕਾਰ ਬਚਨ ਕਰਦਿਆਂ ਨੂੰ ਸੁਣਿਆ, "ਸੱਪ ਦਾ ਇਸ ਮੌਕੇ ਉੱਤੇ ਨਿਕਲਣਾ ਅਤੇ ਮਾਰੇ ਜਾਣਾ ਚੰਗੀ ਹੀ ਨਿਸ਼ਾਨੀ ਜਾਪਦੀ ਹੈ। ਉਮੀਦ ਹੈ ਕਾਕਾ ਠੀਕ ਹੋ ਜਾਏਗਾ। ਰੱਬ ਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ। ਹੁਕਮ ਭੀ ਤਾਂ ਦੇਖੋ ਕੈਸੀਆਂ ਚੜ੍ਹਦੀਆਂ ਕਲਾਂ ਦੇ ਆਏ ਹਨ।" ਲੰਗਰ ਛਕਣ ਦੇ ਪਿਛੋਂ ਬਹੁਤ ਸਾਰੀਆਂ ਸੰਗਤਾਂ ਹਸਪਤਾਲ ਹੀ ਪਹੁੰਚ ਗਈਆਂ। ਓਹੋ ਕਾਕਾ, ਜੋ ਅਗਾਂਹ ਦੀਆਂ ਤਿਆਰੀਆਂ ਵਿਚ ਸੀ, ਪਿਛਾਂਹ ਨੂੰ ਮੋੜੇ ਪਾ ਆਇਆ। ਇਹ ਖੁਸ਼ੀ ਦੀ ਖ਼ਬਰ ਝਟਪਟ ਬਾਕੀ ਦੀ ਸੰਗਤ ਵਿਚ ਭੀ ਪਹੁੰਚ ਗਈ। ਸਭ ਨੇ ਗੁਰੂ ਜੀ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਖੁਸ਼ੀ ਮਨਾਈ।

ਹੁਣ ਭਾਈ ਸਾਹਿਬ ਜੀ ਕਹਿਣ, "ਅਸੀਂ ਲੁਧਿਆਣੇ ਨਹੀਂ ਜਾਣਾ, ਇਥੇ ਹੀ ਰਹਿਣਾ ਹੈ । ਇਹ ਮਕਾਨ ਚੰਗਾ ਹੈ।" ਭਾਈ ਸਾਹਿਬ ਜੀ ਨੇ ਆਪਣੇ ਸੰਗੀਆਂ ਸਮੇਤ ਹਫ਼ਤਾ ਕੁ ਇਥੇ ਹੀ ਰੱਬੀ ਰੰਗਾਂ ਦੀਆਂ ਝੜੀਆਂ ਲਾਈਆਂ। ਇਕ ਦਿਨ ਕਹਿਣ ਲੱਗੇ, "ਬਾਊ ਜੀ ਸੁਣਨਗੇ ਤਾਂ ਖੁਸ਼ ਹੋਣਗੇ।" (ਓਨ੍ਹੀਂ ਦਿਨੀਂ ਬਾਊ ਜੀ ਆਪਣੇ ਸਪੁਤਰ Lt. Col. ਕੁਲਵੰਤ ਸਿੰਘ ਹੋਰਾਂ ਪਾਸ ਆਗਰੇ ਟਿਕੇ ਹੋਏ ਸਨ।)

ਬੀਬੀ ਦਲੇਰ ਕੌਰ ਜੀ ਦੇ ਜ਼ੋਰ ਦੇਣ 'ਤੇ ਭਾਈ ਸਾਹਿਬ ਵਾਪਸ ਲੁਧਿਆਣੇ ਜਾਣ ਲਈ ਮੰਨ ਗਏ, ਅਤੇ ਸਿੰਘਾਂ ਨੇ ਵਾਪਸੀ ਦੇ ਤਿਆਰੇ ਕੱਸ ਲਏ। ਦਾਸ ਦੇ ਅੰਦਰ ਤਾਂ ਇਸ ਪਰਉਪਕਾਰੀ ਜਥੇ ਦੇ ਵਿਛੋੜੇ ਨੇ ਵੈਰਾਗ ਦੇ ਕੜ ਛੇੜ ਦਿੱਤੇ। ਬਚਨ ਕਰਨ ਦੀ ਥਾਂ ਭੀ ਹੰਝੂ ਹੀ ਵਹੀ ਜਾਣ। ਆਖ਼ਰ ਗੁਰੂ ਪਿਆਰੇ ਮੇਰੇ ਦੇਖਦੇ ਦੇਖਦੇ ਤੁਰ ਹੀ ਗਏ। ਇਸ ਤੋਂ ਬਾਅਦ, ਅਕਾਲ ਚਲਾਣੇ ਤੱਕ, ਮੁੜ ਭਾਈ ਸਾਹਿਬ ਜੀ ਲੁਧਿਆਣਿਓਂ ਬਾਹਰ ਨਹੀਂ ਗਏ।

ਬਾਊ ਜੀ ਦੇ ਦਰਸ਼ਨ ਵੈਸੇ ਤਾਂ ਹਰ ਸਾਲ ਹੀ ਇਕ ਦੋ ਦਫ਼ਾ ਹੋ ਜਾਇਆ ਕਰਦੇ ਸਨ, ਪਰ ਇਸ ਵਾਕਿਆ ਦੇ ਬਾਰੇ, ਉਨ੍ਹਾਂ ਕਦੇ ਕੋਈ ਗੱਲ ਨਾ ਕੀਤੀ। ਇਸ ਦੇ ਅੱਠ ਕੁ ਸਾਲ ਪਿਛੋਂ, ਇਕ ਦਫ਼ਾ ਦਾ ਜ਼ਿਕਰ ਹੈ ਕਿ ਬਾਊ ਜੀ ਦਾਸ ਦੇ ਪਾਸ ਕਾਨਪੁਰ ਆਏ। ਸ਼ਾਮ ਨੂੰ ਬਾਹਰ ਵਿਹੜੇ ਵਿਚ ਕੁਰਸੀ 'ਤੇ ਬੈਠ ਕੇ ਅਕਸਰ ਆਏ ਗਏ ਸਿੰਘਾਂ ਨਾਲ ਬਚਨ-ਬਿਲਾਸ ਕਰਦੇ ਰਹਿੰਦੇ। ਇਕ ਦਿਨ ਸ਼ਾਮ ਦੇ ਸਮੇਂ ਦਾਸ ਨੂੰ ਉਚੇਚਾ ਪਾਸ ਬੁਲਾ ਕੇ ਸਜਲ ਨੇਤਰਾਂ ਨਾਲ ਕਹਿਣ ਲੱਗੇ, "ਕੀ ਤੈਨੂੰ ਯਾਦ ਹੈ ਕਿ ਇਕ ਦਫ਼ਾ ਭਾਈ ਸਾਹਿਬ ਜੀ ਨੇ ਕਿਹਾ ਸੀ ਕਿ ਬਾਊ ਜੀ ਦਿਆਲਤਾ ਵਰਤਦੇ ਹਨ?" ਮੈਂ ਕਿਹਾ, **"ਹਾਂ ਜੀ, ਕਿਹਾ ਸੀ।" ਤਾਂ ਬਚਨ ਨੂੰ ਜਾਰੀ ਰੱਖਦੇ ਹੋਏ ਕਹਿਣ ਲੱਗੇ, "ਉਨ੍ਹਾਂ ਨੇ ਕਿਹੜੀ ਘੱਟ ਕੀਤੀ? ਕਿਥੋਂ ਕਸੌਲੀ ਤੋਂ ਆਏ ਅਤੇ ਰੱਬ ਪਾਸੋਂ ਇਸ ਬੱਚੇ ਦੀ ਟੁੱਟੀ ਗੰਢਵਾ ਗਏ। ਮੇਰੇ ਉੱਤੇ ਇਹ ਬੜਾ ਅਹਿਸਾਨ ਕਰ ਗਏ। ਮੈਥੋਂ ਇਹ ਨਹੀਂ ਸੀ ਹੋਣਾ। ਜੇ ਅਜੇ ਭੀ ਤੁਸੀਂ, ਜਿਨ੍ਹਾਂ ਨਾਲ ਇਤਨੀ**

**ਵਾਪਰੀ ਹੋਏ ਅਤੇ ਜਿਨ੍ਹਾਂ ਨੇ ਆਪਣੀ ਅੱਖੀਂ ਸਭ ਕੁਝ ਦੇਖ ਲਿਆ ਹੋਵੇ, ਗੁਰਸਿੱਖੀ ਵੱਲੋਂ ਢਿੱਲੇ ਪੈ ਜਾਓ ਤਾਂ ਲਾਅਨਤ ਹੈ ਐਸੇ ਜੀਵਨ ਨੂੰ।''**

ਇਥੇ ਵਿਚਾਰਨ ਵਾਲੀ ਗੱਲ ਇਕ ਇਹ ਭੀ ਹੈ ਕਿ, ਅਸੀਂ ਜਗਿਆਸੂ, ਜੇ ਕਿਸੇ ਦਾ ਦੋ ਪੈਸੇ ਦਾ ਕੰਮ ਕਰ ਦਿੰਦੇ ਹਾਂ ਤਾਂ ਅਸੀਂ ਤਾਂ ਚਾਹੁੰਦੇ ਹਾਂ ਕਿ ਅਗਲਾ ਉਮਰ ਭਰ ਹੀ ਸਾਡਾ ਅਹਿਸਾਨਮੰਦ ਰਹੇ। ਵਾਹ ਲਗਦੀ ਨੂੰ ਉਸ ਨੂੰ ਇਸ ਬਾਰੇ ਕਈ ਦਫ਼ਾ ਜਣਾਉਣੀ ਭੀ ਕਰਾ ਦਿੰਦੇ ਹਾਂ ਕਿ ਮਤਾ ਉਹ ਸਾਡੇ ਕੀਤੇ ਨੂੰ ਭੁਲ ਹੀ ਨਾ ਜਾਏ ਅਤੇ ਕਈਆਂ ਹੋਰਨਾਂ ਪਾਸ ਭੀ ਇਸ ਦਾ ਅਕਸਰ ਜ਼ਿਕਰ ਕਰਦੇ ਰਹਿੰਦੇ ਹਾਂ। ਇਸ ਦੇ ਮੁਕਾਬਲੇ ਵਿਚ ਗੁਰਮੁਖ ਜਨ ਪਰਉਪਕਾਰੀ ਤਾਂ ਹੁੰਦੇ ਹੀ ਹਨ, ਪਰ ਪਰਉਪਕਾਰ ਕਰਦੇ ਹੋਏ ਇਸ ਨੂੰ ਹੱਦੋਂ ਪਰੇ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਬਾਰੇ ਕਿਸੇ ਨੂੰ ਜਣਾਉਂਦੇ ਹੀ ਨਹੀਂ ਹਨ। ਸਗੋਂ ਜ਼ਾਹਰਾ ਤੌਰ 'ਤੇ ਇੰਝ ਜਾਪਦਾ ਹੈ ਕਿ ਉਹ ਕੋਈ ਭੀ ਐਸਾ ਕਦਮ ਉਠਾਉਣ ਦੇ ਡਾਢੇ ਖ਼ਿਲਾਫ਼ ਹੁੰਦੇ ਹਨ। ਜੈਸਾ ਕਿ ਭਾਈ ਸਾਹਿਬ ਜੀ ਦਾ ਦਰਿਆ ਵਿਚ ਅੜ ਖੜੋਣਾ ਕਿ "ਨਹੀਂ ਜਾਣਾ", ਘਰ ਪਹੁੰਚਦਿਆਂ ਸਾਰ ਹੀ ਇਹ ਕਹਿਣ ਲੱਗ ਪੈਣਾ ਕਿ 'ਇਥੇ ਨਹੀਂ ਰਹਿਣਾ, ਸਵੇਰੇ ਹੀ ਇਥੋਂ ਲੁਧਿਆਣੇ ਨੂੰ ਚਲੇ ਜਾਣਾ ਹੈ, ਇਹ ਕਿਥੇ ਲਿਆ ਬੈਠਾਇਆ ਹੈ।' ਸੱਪ ਨੂੰ ਮਾਰਨ ਸਮੇਂ ਕਹਿਣਾ 'ਮੇਰੀ ਸੋਟੀ ਨਾਲ ਨਾ ਮਾਰਿਓ, ਮੇਰੀ ਸੋਟੀ ਨਾਲ ਕਿਉਂ ਮਾਰਿਆ ਹੈ, ਤੁਸੀਂ ਆਖੇ ਨਹੀਂ ਲਗਦੇ।' ਇਤਿਆਦਿ ਕੋਈ ਨਾ ਕੋਈ ਇਤਰਾਜ਼ ਉਨ੍ਹਾਂ ਨੇ ਖੜਾ ਹੀ ਰੱਖਿਆ, ਅਤੇ ਕੀਤੇ ਜਾਣ ਵਾਲੇ ਪਰਉਪਕਾਰ ਨੂੰ ਛੁਪਾਈ ਹੀ ਰਖਿਆ।"

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਅੰਤਿਕਾ-I

ਮਾਨਯਵਰ ਬਾਊ ਮੱਲ ਸਿੰਘ ਜੀ ਵੱਲੋਂ ਆਪਣੇ ਪ੍ਰਾਨ ਪਿਆਰੇ ਮਿੱਤਰ, ਪਿਛਲੇ ਜਨਮਾਂ ਦੇ ਸਤਸੰਗੀ, ਭਾਈ ਸਾਹਿਬ ਸੂਰਤ ਸਿੰਘ ਪੂਰਨ ਜੀ ਨੂੰ ਸੰਨ 1973, 74, 77, 78 ਵਿਚ ਉਨ੍ਹਾਂ ਦੇ ਦਿੱਲੀ ਅਤੇ ਕਲਕੱਤੇ ਨਿਵਾਸ ਰੱਖਣ ਵੇਲੇ ਤਰਨ ਤਾਰਨ ਤੋਂ ਕੁਝ ਚਿੱਠੀਆਂ ਪਾਈਆਂ ਗਈਆਂ ਸਨ। ਇਹ ਪੋਸਟ ਕਾਰਡ ਜਿੱਥੇ ਉਨ੍ਹਾਂ ਦੀ ਲਿਖਤ ਦਾ ਨਮੂਨਾ ਹਨ ਉੱਥੇ ਇਹ ਆਪ ਜੀ ਦੇ ਸ੍ਰੀ ਪੂਰਨ ਜੀ ਅਤੇ ਬੀ.ਭੁਪਿੰਦਰ ਕੌਰ ਜੀ ਨਾਲ ਆਤਮਿਕ ਪਿਆਰ ਦੀ ਮੂੰਹ ਬੋਲਦੀ ਤਸਵੀਰ ਹਨ। ਆਪ ਜੀ ਨੇ ਗੁਰਬਾਣੀ ਰਾਹੀਂ ਆਪਣੇ ਪਿਆਰਿਆਂ ਨੂੰ ਅਸੀਸੜੀਆਂ ਹਿਰਦਿਓ ਬਖ਼ਸ਼ੀਆਂ ਹਨ ਜਿਨ੍ਹਾਂ ਨੂੰ ਵਾਰ ਵਾਰ ਆਪਣੀ ਜਿੰਦ ਤੋਂ ਪਿਆਰੇ ਦਰਸਾਇਆ ਗਿਆ ਹੈ। ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦੇ ਪਾਤਰ ਅਤੇ ਉੱਚੀ ਆਤਮਿਕ ਅਵਸਥਾ ਦੀ ਮਾਲਕ ਹੋਣ ਦੇ ਬਾਵਜੂਦ, ਆਪ ਕਿਵੇਂ ਗੁਰਸਿੱਖਾਂ ਤੋਂ ਵਾਰਨੇ ਘੋਲੇ ਜਾਂਦੇ ਹੋਏ, ਉਨ੍ਹਾਂ ਦੇ ਲਾਲੇ ਗੋਲੇ ਬਣ ਕੇ ਰਹਿੰਦੇ ਸਨ, ਇਹ ਚਿੱਠੀਆਂ ਉਸ ਦਾ ਪ੍ਰਤੱਖ ਸਬੂਤ ਹੈ, ਜਿਸ ਦੀਆਂ ਅਸਲੀ ਫੋਟੋ ਅਤੇ ਵਾਰਤਾ ਅਗਲੇ ਸਫਿਆਂ 'ਤੇ ਦਿੱਤੀ ਜਾ ਰਹੀ ਹੈ।

ਦਾਸਰਾ-ਗੁਰਦੀਪ ਸਿੰਘ

## ਚਿੱਠੀ ਨੰ. 1

ਤਰਨ ਤਾਰਨ 31.1.73

ੴ ਅਕਾਲ ਜੀ ਸਹਾਇ॥

ਜੋੜੀ ਜੀਵੇ ਜੁਗ ਚਾਰ-ਜੁਗ ਜੁਗ ਜੀਵਉ-ਮੈਂ ਵਾਰੀ ਮੈਂ ਸਦਕੇ ਮੈਂ ਘੋਲੀ ਲਖ ਵਾਰ। ਦੋਵੇਂ ਹੱਥ ਜੋੜ, ਚਰਨ ਪਰਸ, ਗਲਵਕੜੀ ਪਾ, ਨਾਮ ਖੂਬ ਖੂਬ ਜਪ ਜਪ ਮੇਰੇ ਹਿਰਦੇ ਵਸ ਰਹੇ, ਮੇਰੇ ਲੋਕ ਪ੍ਰਲੋਕ ਸਾਥੀ, ਸੁਰੋਂ ਬਖਸ਼ੇ ਆਇ, ਮੇਰੀ ਓਟ ਆਸਰਾ ਬਹੁਤ ਰੰਗਲੇ ਪਿਆਰੇ ਸ੍ਰੀ ਪੂਰਨ ਜੀਓ ਤੇ ਮੇਰੇ ਸਹੇੜੂ ਜਗ ਲਾਡੋ ਪੁਤਰੀ-ਭੈਨ ਜੀ, ਨਹੀਂ ਨਹੀਂ, ਮੇਰੀ ਅੰਮੀ ਦੀ ਪੁਤਰੀ, ਭੁਪਿੰਦਰ ਕੌਰ ਜੀ, ਬਾਰ ਬਾਰ ਨਮਸਕਾਰ ਡੰਡੋਤ ਬੰਦਨਾ, ਹਰ ਵਾਰ ਸਨਮੁਖ ਹੈ, ਪਿਆਰ ਭਰੀ, ਪਰੇਮ ਭਰੀ, ਗੁਰੂ ਫਤਿਹ ਪਰਵਾਨ ਹੋਵੇ। ਅੱਜ ਹੀ ਪਰੇਮ ਪੱਤਰ ਪੁਜੇ ਹਨ। ਆਪ ਧੰਨ ਹੋ, ਇਸ ਕੂਕਰ ਨੂੰ ਚੇਤੇ ਕਰਦੇ ਹੋ। ਆਪ ਦਾ ਪਿਆਰ ਸਦਕਾ ਸ਼ਿਮਲਾ, ਚੰਡੀਗੜ੍ਹ ............ਪਾਵਨ ਪਵਿੱਤਰ ਦਿਨ ਹੈ। ਖੁਸ਼ ਰਹੋ-ਪੁਤਰ ਭੂਪ ਜੀ ਕਦੇ ਦੋ ਅੱਖਰ ਲਿਖ ਕੇ ਨਿਹਾਲ ਕਰੋ ਜੀ। ਮੈਂ ਕੱਲ 1.2.73 ਨੂੰ ਵੀਰਵਾਰ by evening Ambala ਜਾ ਰਿਹਾ ਹਾਂ ਜੀ।

ਤੁਹਾਡਾ ਵਰੋਸਾਇਆ ਕੂਕਰ

ਦਾਸ ਮੱਲ ਸਿੰਘ

To

Gur,ukh Piare Raj Jug Sant Bhagat
Sardar Surat Singh Pooran Ji
33/23 Old Rajmder Nagar New Delhi

## ਚਿੱਠੀ ਨੰ. 2

ਵਾਹਿਗੁਰੂ Tarn Taran 25/4/74

ੴ ਅਕਾਲ ਜੀ ਸਹਾਇ॥

ਜੁਗ ਜੁਗ ਜੀਵਓ "ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ॥" "ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥" "ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥" "ਆਨ ਨ ਬੀਆ ਤੇਰੀ ਸਮਸਰਿ॥" "ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ॥ "ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ॥" "ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੇ ਜਾਵਨਾ॥ "ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ॥" "ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ॥ ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥" "ਤੇਰੇ ਭਰੋਸੈ ਪਿਆਰੇ ਮੈ ਲਾਡ ਲਡਾਇਆ॥ ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥"

ਵਾਹਿਗੁਰੂ! ਮੇਰੇ ਸਭ ਤੋਂ ਪਿਆਰੇ, ਮੇਰੇ ਮਾਤਾ ਪਿਤਾ ਭੈਣ ਭਾਈ, ਸਖਾ ਸਹਾਈ, ਡਾਡੇ ਪਿਆਰੇ, ਸ੍ਰੀ ਪੂਰਨ ਜੀਓ, ਹੱਥ ਜੋੜ, ਗਲਵਕੜੀ ਪਾ, ਚਰਨ ਪਰਸ, ਨਾਮ ਜਪ, ਜਪ ਗੁਰ ਫਤਹ ਪ੍ਰਵਾਨ ਹੋਵੇ। ਤੇਰੇ ਪਿਆਰੇ ਪਾਵਨ ਪੁੱਤਰ ਪੁੱਜੇ ਹਨ। ਦਾਸ ਇਕ ਮਹੀਨੇ ਤੋਂ ਚੱਕਰਵਰਤੀ ਹੈ। ਉਤਰ ਨਹੀਂ ਦੇ ਸਕਿਆ। ਹੱਥ ਜੋੜ ਖਿਮਾ। ਕਲ 25/4/74 ਨੂੰ ਦਾਸ ਅੰਮ੍ਰਿਤਸਰ ਜੀ Dhillon ਦੇ ਅਖੰਡ ਪਾਠ ਹਾਜਰੀ ਭਰ ਕੇ 28/4/74 ਨੂੰ Ambala ਜਾਵੇਗਾ। ਦਾਸ ਦੀ ਸੇਹਤ ਡਾਡੀ down ਜਾ ਰਹੀ ਹੈ। ਮੈਨੂੰ accident ਤੇ ਫੇਰ ਲੱਤ ਪਰ ਕਾਫੀ ਚੋਟ ਆਈ ਹੈ ਛੁਕਰ ਗੁਰੂ ਰਾਖਾ ਹੈ। ਸਾਨੂੰ ਭੁਲਾਵਨਾ ਨਹੀਂ ਜੀ– ਦਾਸ ਮਲ ਸਿੰਘ

ਹਾਸੀਏ ਤੇ–ਤੇਰੀ ਅਰਦਾਸ ਦਾ ਰਿਣੀ ਹਾਂ। ...ਖੂਬ ਨਾਮ ਜਪੋ। ਬੱਚਿਆਂ ਨੂੰ ਪਿਆਰ ਦੇਣਾ।

To

Gur,ukh Piare Raj Jug Sant Bhagat
Sardar Surat Singh Pooran Ji
33/23 Old Rajmder Nagar New Delhi

## ਚਿੱਠੀ ਨੰ. 3

ਵਾਹਿਗੁਰੂ                Tarn Taran                25.7.74

ੴ ਅਕਾਲ ਜੀ ਸਹਾਇ॥

ਗੁਰਮੁਖ ਜੋੜੀ ਜੀਉ-ਜੁਗ ਜੁਗ ਜੀਵਉ, "ਆਪ ਕਮਾਣੇ ਵਿਛੁੜੀ ਦੋਸੁ ਨ ਕਾਹੂ ਦੇਣ॥ ਮੇਰੇ ਪ੍ਰਾਨ ਪਿਆਰੇ, ਮੇਰੇ ਹਿਰਦੇ ਸਦ ਵਸ ਰਹੇ, ਮੇਰੇ ਜਨਮਾਂ ਦੇ ਪਿਆਰੇ ਬੇਲੀ, ਹਮ ਆਸਨ ਨਾਮ ਜਪਣ ਵਾਲੇ, ਗੁਰਮੁਖ ਪਿਆਰੇ, ਡਾਢੇ ਬੈਰਾਗੀ ਤਿਆਗੀ, ਸੰਤ ਪਿਆਰੇ ਸ੍ਰੀ ਪੂਰਨ ਜੀਓ ਹੱਥ ਜੋੜ ਗਲਵਕੜੀ ਪਾ, ਘੁੱਟ ਘੁੱਟ ਪਿਆਰ ਕਰ, ਨਾਮ ਜਪ ਜਪ, ਚਰਨ ਪਰਸ, ਗੁਰੂ ਫਤਹ ਪ੍ਰਵਾਨ ਹੋਵੇ। ਆਪ ਜੀ ਦੇ ਬੋਹਤ ਪਿਆਰੇ ਕਾਰਡ ਪੁੱਜੇ ਹਨ ਭਰ ਜਰਾ ਉਤਰ ਨਾ ਦੇਣ ਕਾਰਨ ਪੁੱਤਰੀ ਭੁਪਿੰਦਰ ਕੌਰ ਜੀ ਨੇ ਸਾਨੂੰ ਉਕਾ ਭੁਲਾ ਦਿੱਤਾ ਹੈ। ਚੰਗਾ ਜੀ ਖੁਸ਼ ਰਹੋ-ਕੀ ਜੋਰ ਹੈ। ਮੇਰੀ ਸੇਹਤ down ਜਾ ਰਹੀ ਹੈ। ਬੁਢਾਪਾ ਹੈ-ਕੁਮਾਰੀ ਹੱਟੀ ਕੋਈ ਨਹੀਂ ਪੁਜਾ ਹੈ, ਅਫਸੋਸ ! ਪਿਆਰੇ ਵੀਰ ਸ. ਦਰਸ਼ਨ ਸਿੰਘ ਜੀ ਨਾਲ ਮੇਰਾ ਪਿਆਰਾ ਅਫ਼ਸੋਸ ਬੀਬੀ ਜੀ ਦੇ ਵਿਛੋੜੇ ਦਾ ਜ਼ਰੂਰ ਕਰਨਾ। ਮੈਂ ਪੁੱਜ ਨਹੀਂ ਸਕਿਆ। ਭਰ ਔਖਾ ਸੌਖਾ ਸ੍ਰੀ ਅੰਮ੍ਰਿਤਸਰ ਪੁੱਜ ਸਾਰੀ ਸੰਗਤ........ ਪਿਆਰੀ ਭੈਣ ਜੀ ਹਿਤ, ਡਾਡੀ ਬਿਰਹੇ ਵਜੋਗੀ ਸੈਹਤ ਪੂਰੀ ਸੰਗਤ ਅਰਦਾਸ ਕੀਤੀ ਹੈ। ਸ਼ਾਇਦ ਮੇਰੀ ਪਤਰ ਸ. ਦਰਸ਼ਨ ਸਿੰਘ ਜੀ ਨੂੰ ਨਹੀਂ ਪੁੱਜੀ ਹੈ। ਜ਼ਰਾ ਸਰੀਰ ਢਿਲਾ ਢਲਾ ਹੈ। ਬੱਚਿਆਂ ਨੂੰ ਪਿਆਰ ਦੇਨਾ ਤੇ ਸਾਰੀ ਸੰਗਤ ਨੂੰ ਹੱਥ ਜੋੜ ਗੁਰੂ ਫਤਹ ਅਰਜ ਕਰਨੀ ਜੀ।

ਕੋਈ ਸੇਵਾ ਬਖਸ਼ੋ
ਤੇਰਾ ਪਿਆਰਾ ਵੀਰ ਸੇਵਾਦਾਰ
ਵਾਹਿਗੁਰੂ                ਦਾਸ ਮੱਲ ਸਿੰਘ

To

Gurmukh Piare Sant Bhagat
Sardar Surat Singh Pooran Ji
33/23 Old Rajmder Nagar New Delhi

## ਚਿੱਠੀ ਨੰ. 4

12 Elgin Rd Ambala Cnatt.                ਮਿਤੀ 18/8/74

ਵਾਹਿਗੁਰੂ        ਵਾਹਿਗੁਰੂ        ਵਾਹਿਗੁਰੂ

ੴ ਸ੍ਰੀ ਅਕਾਲ ਜੀ ਸਹਾਇ॥

ਗੁਰਮੁਖ ਜੋੜੀ ਤੇ ਪਰਵਾਰ ਜੁਗ ਜੁਗ ਜੀਓ॥ "ਅਵਰ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥ ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ॥ ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ॥" ਵਾਹਿਗੁਰੂ ! ਮੇਰੇ ਸੁਖਾ ਲਦੇ, ਦੀਨ ਦੀਦਾ ਸਹਾਈ, ਵੀਰ ਜੀ ਡਾਡੇ ਪਿਆਰੇ ਸ੍ਰੀ ਮਾਨ ਪਿਆਰੇ ਪੂਰਨ ਜੀਓ। ਆਪ ਜੀ ਦਾ ਪਿਆਰਾ ਪੱਤਰ.............ਲਿਖਿਆ ਕਾਰਡ ਪੁੱਜਾ ਹੈ। ਢੁਕਰਿਆ ਪਿਆ ਹੈ ਜੀ। ਆਪ

ਜੀ ਦਾ ਹੁਕਮ ਮੰਨ ਪਿਆਰੀ ਪੁੱਤਰੀ ਭੁਪਿੰਦਰ ਕੌਰ ਜੀ ਦੇ ਦੇਹ ਅਰੋਗਤਾ ਨਾਮ ਦਾਨ ਹਿਤ ਅਰਦਾਸ ਕੀਤੀ ਹੈ। ਗੁਰੂ ਸਾਹਿਬ ਜੀ ਦਾ ਹੁਕਮ ਆਇਆ ਹੈ ਗੁਰੂ ਵਾਕ ਪੰਨਾ ੭੧੬ "ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥ ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥" ਧੰਨ ਭੁਪਿੰਦਰ ਕੌਰ ਜੀ ਧੁਰੋ ਬਖਸ਼ੇ ਆਏ ਹੋਏ (ਵਾਹਿਗੁਰੂ) ਆਸ ਹੈ ਸਭ ਠੀਕ ਠਾਕ ਹੋਵੇਗਾ। ਭਰ ਪਿਆਰੀ ਪੁੱਤਰੀ ਭੂਪ ਜੀ ਨੇ ਦਾਸ ਨੂੰ ਕਦੇ ਵੀ ਸਤਿ ਸ੍ਰੀ ਅਕਾਲ ਲਿਖਨ ਦੀ ਖੇਚਲ ਨਹੀਂ ਕੀਤੀ ਹੈ। ਦਾਸ ਦੀ ਅਰਦਾਸ ਪੁੱਤਰੀ ਜੀ ਨੂੰ ਕਿਵੇਂ ਪਹੁੰਚ ਸਕਦੀ ਹੈ। ਖ਼ੈਰ ਸਭ ਠੀਕ ਹੈ ? ਬੱਚਿਆਂ ਨੂੰ ਗਲੇ ਲਗਾ ਕੇ ਪਿਆਰ ਦੇਣਾ। ਮੇਰੀ ਸਿਹਤ down ਜਾ ਰਹੀ ਹੈ ਬੁਢਾਪਾ..................ਮੇਰੇ ਵੀਰ) ਹਰਬੰਸ ਸਿੰਘ ਦਾ ਕੀ ਹਾਲ ਹੈ। ਪਿਆਰੇ ਕੁਲਵੰਤ ਤੇ ਬੀਬਾ ਵੱਲੋਂ ਗੁਰੂ ਫਤਹ।

ਤੇਰਾ ਪਿਆਰਾ ਸੇਵਕ ਦਾਸ—ਮਲ ਸਿੰਘ....... ਵਾਹਿਗੁਰੂ

To

Gurmukh Piare Raj Jogi Sant & Bhagat
Sardar Surat Singh Pooran Ji
33/23 House Old Rajmber Nagar New Delhi,

## ਚਿੱਠੀ ਨੰ. 5

ਵਾਹਿਗੁਰੂ Tarn Taran 28/3/77

No. 2

URGENT

ੴ ਅਕਾਲ ਜੀ ਸਹਾਇ॥

ਜੁਗ ਜੁਗ ਜੀਵਉ ਮੇਰੇ ਪ੍ਰਾਨ ਪਿਆਰੇ, ਮੇਰੀ ਜਿੰਦ ਜਾਨ, ਗੁਰਮੁਖ ਪਿਆਰੇ ਵੀਰ ਸ੍ਰੀ ਪੂਰਨ ਜੀਓ ਤੇ ਪੁਤਰੀ ਭੂਮ ਜੀਓ ਹੱਥ ਜੋੜ ਗੁਰੂ ਫਤਹ ਪਰਵਾਨ ਹੋਵੇ ਜੀ। ਤੁਹਾਡਾ ਪੱਤਰ ਪੁੱਜਾ ਹੈ। ਉੱਤਰ ਵੀ ਦੇ ਦਿੱਤਾ ਹੈ। ਹੋਰ ਉੱਤਰ ਭੇਜਦਾ ਹਾਂ। ਆਪ ਨੇ ਸ੍ਰੀ ਅੰਮ੍ਰਿਤਸਰ ਸਮਾਗਮ ਤੇ ਪੁੱਜਣ ਦੀ ਖੇਚਲ ਨਾ ਕਰਨਾ ...... ਖਾਸ ਕੰਮ ਨਹੀਂ ਹੈ। ਆਪ ਜੀ ਨੇ ਆਵਨ ਦੀ ਤਕਲੀਫ ਨਾ ਕਰਨਾ। ਹੋਰ ਸਭ ਠੀਕ ਹੈ ਕੋਈ ਖਾਸ ਗੱਲ ਨਹੀਂ ਹੈ ਉੱਤਰ ਦੇਣਾ। ........... ਖਾਸ ਲੋੜ ਪੁਜਨ ਦੀ ਨਹੀਂ ਹੈ ਆਪ ਖੁਸ਼ ਰਹੋ ਨਾਮ ਜਪ ਜਪ, ਸਮਾਗਮ ਪਰ ਆਵਨ ਦੀ ਲੋੜ ਨਹੀਂ।

ਸਭ ਨੂੰ ਪਿਆਰ
ਤੇਰਾ ਪਿਆਰਾ ਵੀਰ
ਦਾਸ ਮਲ ਸਿੰਘ
ਵਾਹਿਗੁਰੂ

To.

Gurmukh Piare Raj Jogi Sant Bhagat
S. Surat Singh Pooran
18/1 A Pitambar Ghatak Lane
Chetla Calcutta - 27

## ਚਿੱਠੀ ਨੰ. 6

ਵਾਹਿਗੁਰੂ Tarn Taran 5/5/77

ੴ ਅਕਾਲ ਜੀ ਸਹਾਇ॥

ਗੁਰਮੁਖ ਜੋੜੀ ਜੀਓ – ਜੁਗ ਜੁਗ ਜੀਵਉ। ਮੇਰੀ ਖਲਹੁੰ ਮੌਜੜੇ ਗੁਰਸਿਖ ਹਢਾਦੇ॥ ਮਸਤਕਿ ਲਾਗੇ ਸਾਧ ਰੇਣ ਵਡਭਾਗ ਜਿਨਾ ਦੇ॥ ਗੁਰਮੁਖ ਪਿਆਰੇ ਮੇਰੀ ਜਿੰਦ ਜਾਨ, ਪਰਾਨ ਪਿਆਰੇ, ਡਾਡੇ ਪਿਆਰੇ ਵੀਰ ਪੂਰਨ ਜੀਓ ਤੇ ਪੁਤਰੀ ਭੁਪਿੰਦਰ ਕੌਰ ਜੀ ਤੇ ਪਰਵਾਰ ਜੀਓ। ਆਪ ਜੀ ਦੀ ਪਿਆਰੀ ਪੱਤਰ ਪੁੱਜੀ ਹੈ ਤਕਦਿਆਂ, ਤੇਰੀ ਪਿਆਰੀ ਯਾਦ, ਮੇਰਾ ਸਿਮਰਨ ਹੈ। ਹਰ ਵਕਤ ਮੇਰੇ ਅੰਗ ਸੰਗ ਹੈ ਵਾਹਿਗੁਰੂ ........... ਹੁਣ ਕਦ ਮਿਲੀਏ ਨੈਨਾ ਨੀਰ ਭਰ ਆਉਂਦਾ ਹੈ। ਮੇਰੀ ਸਿਹਤ down down ਹੈ। ਮੌਤ ਨੇੜੇ ਨੇੜੇ ਹੈ ........ ਬੱਚਿਆਂ ਨੂੰ ਪਿਆਰ ਦੇਣਾ..............ਕੋਈ ਸੇਵਾ

ਤੁਹਾਡਾ ਬੈ ਖਰੀਦ ਦਾਸਰਾ ਲਾਲਾ ਗੋਲਾ

ਦਾਸ–ਮਲ ਸਿੰਘ ਵਾਹਿਗੁਰੂ

To

Gurmukh Piare Sant Bhagat
Sardar Surat Singh Pooran Ji
18/1A Pitambar Ghat Lane
Calcutta - 27

## ਚਿੱਠੀ ਨੰ. 7

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ

Tarn Taran 10/1/78

ੴ ਅਕਾਲ ਜੀ ਸਹਾਇ॥

ਜੁਗ ਜੁਗ ਜੀਵਉ, 'ਹੁਣਿ ਕਦਿ ਮਿਲੀਐ' ਗੁਰਮੁਖ ਸਭ ਤੋਂ ਪਿਆਰੇ, ਮੇਰੀ ਓਟ ਆਸਰਾ, ਸਾਰੀ ਉਮਰ ਦੇ ਪਿਆਰੇ, ਵੀਰ ਸ. ਪੂਰਨ ਸਿੰਘ ਜੀ ਤੇ ਗੁਰਮੁਖ ਪੁਤਰੀ ਭੁਪਿੰਦਰ ਕੌਰ ਤੇ ਬੱਚੇ ਜੀਓ, ਆਪ ਜੀ ਦੇ ਹੁਕਮਨਾਮੇ ਪੁੱਜੇ ਹਨ, ਛੁਕਰੀਆ। ਆਪ ਜੀ ਦੀ ਪੰਜਾਬ ਬਦਲੀ ਹਿੱਤ ਦੋ ਵਰਾਂ ਦਰਬਾਰ ਸਾਹਿਬ ਤਰਨ ਤਾਰਨ ਦਿਲੋਂ ਪਿਆਰ ਨਾਲ ਅਰਦਾਸ ਕੀਤੀ ਹੈ।......... (ਉਰਦੂ ਵਿਚ) ਖੂਬ ਨਾਮ ਜਪੋ ਗੁਰੂ ਭਲਾ ਕਰੇਗਾ। "ਜਿਉ ਜਿਉ ਤੇਰਾ

ਹੁਕਮ ਤਿਵੈ ਤਿਉ ਹੋਵਣਾ॥ ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥" ਮੇਰੀ ਗੁਰਮੁਖ ਪੁੱਤਰੀ ਤੇ ਬੱਚਿਆਂ ਨੂੰ ਗਲੇ ਲਗਾ ਕੇ ਮੇਰਾ ਪਿਆਰ ਦੇਨਾ। ਮੇਰੀ ਸਿਹਤ down down ਤੇ ਮੌਤ ਨੇੜੇ ਹੈ।

ਕੋਈ ਸੇਵਾ

ਤੁਹਾਡਾ ਪਿਆਰਾ ਸੇਵਾਦਾਰ

ਵਾਹਿਗੁਰੂ ਦਾਸ ਮਲ ਸਿੰਘ

To

Gurmukh Piare Sant Bhagat
Sardar Surat Singh Pooran Ji
18/1A Pitambar Ghatak Lane
Checta Calcutta - 700027

## ਚਿੱਠੀ ਨੰ. 8

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ

Tarn Taran 16/4/78

ੴ ਅਕਾਲ ਜੀ ਸਹਾਇ॥

ਜੁਗ ਜੁਗ ਜੀਵਉ, ਮੇਰੀ ਖਲਹੁੰ ਮੌਜੜੇ ਗੁਰਸਿਖ ਹਢਾਂਦੇ॥ ਮਸਤਕ ਲਗੇ ਸਾਧ ਰੇਨ ਵਡਭਾਗ ਜਿਨਾਂ ਦੇ॥ ਮੇਰੇ ਸਭ ਤੋਂ ਪਿਆਰੇ, ਜਨਮ ਦੇ ਬੇਲੀ, ਮੇਰਾ ਮਾਨ ਤਾਨ, ਆਸਰਾ ਓਟ, ਗੁਰਮੁਖ ਪਿਆਰੇ, ਵੀਰ ਪੂਰਨ ਜੀਓ ਹੱਥ ਜੋੜ ਚਰਨ ਪਰਸ ਪਰਸ ਗੁਰੂ ਫਤਹ ਆਪ ਜੀ ਦੀ ਅਰਦਾਸ ਦਰਬਾਰ ਸਾਹਿਬ ਕੀਤੀ ਹੈ ਤੇ ਹੁੰਦੀ ਰਹੇਗੀ...............ਘਰ ਬਨ ਗਿਆ ਹੈ ਵਧਾਈ। ਮੇਰੀ ਪੁਤਰੀ ਭੂਪ ਜੀ ਰਬ ਹਨ, ਭੂਮ ਜੀ ਬੱਚਿਆਂ ਨੂੰ ਪਿਆਰ ਦੇਨਾ, ਮੇਰੀ ਅਰਦਾਸ ਜ਼ਰੂਰ ਕੀਤਿਆ ਕਰੋ, ਮੈਨੂੰ ਮੌਤ ਨੇੜੇ ਨੇੜੇ ਹੈ।

ਕੋਈ ਸੇਵਾ

ਤੇਰਾ ਪਿਆਰਾ

ਵਾਹਿਗੁਰੂ ਦਾਸ ਮਲ ਸਿੰਘ

To

Sant Gurmukh Piare Raj Jog
Sardar Surat Singh Ji Pooran
18/1A Pitambar Ghatak Lane
Chetla Calcutta - 27

# ਚਿੱਠੀ ਨੰ. 1





ਸ੍ਰੀ ਮਾਨ ਬਾਊ ਜੀ ਵੱਲੋਂ ਆਪਣੇ ਪਰਮ ਪਿਆਰੇ ਮਿੱਤਰ ਸ੍ਰੀ ਪੂਰਨ ਜੀ ਨੂੰ
ਮਿਤੀ 31-1-73 ਨੂੰ ਲਿਖੇ ਪੋਸਟ ਕਾਰਡ ਦੀ ਹੱਥ ਲਿਖਤ

# ਚਿੱਠੀ ਨੰ. 2




ਸ੍ਰੀ ਮਾਨ ਬਾਊ ਜੀ ਵੱਲੋਂ ਆਪਣੇ ਪਰਮ ਪਿਆਰੇ ਮਿੱਤਰ ਸ੍ਰੀ ਪੂਰਨ ਜੀ ਨੂੰ
ਮਿਤੀ 25-4-74 ਨੂੰ ਲਿਖੇ ਪੋਸਟ ਕਾਰਡ ਦੀ ਹੱਥ ਲਿਖਤ

# ਚਿੱਠੀ ਨੰ. 3





ਸ੍ਰੀ ਮਾਨ ਬਾਊ ਜੀ ਵੱਲੋਂ ਆਪਣੇ ਪਰਮ ਪਿਆਰੇ ਮਿੱਤਰ ਸ੍ਰੀ ਪੂਰਨ ਜੀ ਨੂੰ
ਮਿਤੀ 25–7–74 ਨੂੰ ਲਿਖੇ ਪੋਸਟ ਕਾਰਡ ਦੀ ਹੱਥ ਲਿਖਤ


## ਚਿੱਠੀ ਨੰ. 4



ਸ੍ਰੀ ਮਾਨ ਬਾਊ ਜੀ ਵੱਲੋਂ ਆਪਣੇ ਪਰਮ ਪਿਆਰੇ ਮਿੱਤਰ ਸ੍ਰੀ ਪੂਰਨ ਜੀ ਨੂੰ ਮਿਤੀ 18-8-74 ਨੂੰ ਲਿਖੇ ਪੋਸਟ ਕਾਰਡ ਦੀ ਹੱਥ ਲਿਖਤ

## ਚਿੱਠੀ ਨੰ. 5







ਸ੍ਰੀ ਮਾਨ ਬਾਊ ਜੀ ਵੱਲੋਂ ਆਪਣੇ ਪਰਮ ਪਿਆਰੇ ਮਿੱਤਰ ਸ੍ਰੀ ਪੂਰਨ ਜੀ ਨੂੰ
ਮਿਤੀ 28-3-77 ਨੂੰ ਲਿਖੇ ਪੋਸਟ ਕਾਰਡ ਦੀ ਹੱਥ ਲਿਖਤ

## ਚਿੱਠੀ ਨੰ. 6





ਸ੍ਰੀ ਮਾਨ ਬਾਊ ਜੀ ਵੱਲੋਂ ਆਪਣੇ ਪਰਮ ਪਿਆਰੇ ਮਿੱਤਰ ਸ੍ਰੀ ਪੂਰਨ ਜੀ ਨੂੰ
ਮਿਤੀ 5-5-77 ਨੂੰ ਲਿਖੇ ਪੋਸਟ ਕਾਰਡ ਦੀ ਹੱਥ ਲਿਖਤ

# ਚਿੱਠੀ ਨੰ. 7




ਸ੍ਰੀ ਮਾਨ ਬਾਊ ਜੀ ਵੱਲੋਂ ਆਪਣੇ ਪਰਮ ਪਿਆਰੇ ਮਿੱਤਰ ਸ੍ਰੀ ਪੂਰਨ ਜੀ ਨੂੰ
ਮਿਤੀ 10-1-78 ਨੂੰ ਲਿਖੇ ਪੋਸਟ ਕਾਰਡ ਦੀ ਹੱਥ ਲਿਖਤ

## ਚਿੱਠੀ ਨੰ. 8



ਸ੍ਰੀ ਮਾਨ ਬਾਊ ਜੀ ਵੱਲੋਂ ਆਪਣੇ ਪਰਮ ਪਿਆਰੇ ਮਿੱਤਰ ਸ੍ਰੀ ਪੂਰਨ ਜੀ ਨੂੰ
ਮਿਤੀ 16-4-78 ਨੂੰ ਲਿਖੇ ਪੋਸਟ ਕਾਰਡ ਦੀ ਹੱਥ ਲਿਖਤ

# ਪੂਰਬ ਜਨਮ ਕੇ ਮਿਲੇ ਸੰਜੋਗੀ



ਇਹ ਫੋਟੋ ਕਸ਼ਮੀਰ ਯਾਤਰਾ ਸਮੇਂ 1939-40 ਦੀ ਹੈ।

**ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਬਾਊ ਮਲ ਸਿੰਘ ਜੀ**

ਪਰਮ ਮਿੱਤਰਤਾ ਦਾ ਸਬੂਤ ਦੇ ਰਹੇ ਹਨ।